# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਪਹਿਲਾ ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

ਸਮੈਸਟਰ ਦੂਜਾ

ਮੀਡੀਅਮ : ਪੰਜਾਬੀ ਯੂਨਿਟ : 1

ਪਾਠ ਨੰ.


1.1 : ਭਾਰਤੀ ਕਾਵਿ-ਸ਼ਾਸਤਰ ਦੇ ਮੂਲ ਸੰਕਲਪ ਅਭਿਧਾ, ਲਕਸ਼ਣਾ, ਵਿਅੰਜਨਾ, ਰੂਪਕ, ਉਪਮਾ, ਔਚਿਤਯ, ਵਕ੍ਰੋਕਤੀ, ਸਾਧਾਰਨੀਕਰਨ, ਰਸ, ਅਲੰਕਾਰ

1.2 : ਛੰਦ ਦੀ ਪਰਿਭਾਸ਼ਾ ਅਤੇ ਕਿਸਮਾਂ

1.3 : 1900 ਈ. ਤੋਂ 1935 ਈ. ਤੱਕ ਦੀ ਪੰਜਾਬੀ ਕਵਿਤਾ

1.4 : 1935 ਈ. ਤੋਂ 1947 ਈ. ਤੱਕ ਦੀ ਪੰਜਾਬੀ ਕਵਿਤਾ

1.5 : 1947 ਈ. ਤੋਂ ਅਗਲੇਰੀ ਕਵਿਤਾ

1.6 : ਪੰਜਾਬੀ ਨਾਵਲ ਦਾ ਇਤਿਹਾਸ

1.7 : ਪੰਜਾਬੀ ਕਹਾਣੀ ਦਾ ਇਤਿਹਾਸ

1.8 : ਪੰਜਾਬੀ ਨਾਟਕ ਅਤੇ ਇਕਾਂਗੀ ਦਾ ਇਤਿਹਾਸ

1.9 : ਆਧੁਨਿਕ ਪੰਜਾਬੀ ਵਾਰਤਕ

1.10 : ਪੰਜਾਬੀ ਵਿਚ ਜੀਵਨੀ ਸਾਹਿਤ ਅਤੇ ਸਫ਼ਰਨਾਮਾ ਸਾਹਿਤ

1.11 : ਪੰਜਾਬੀ ਪੱਤਰਕਾਰੀ


**Department website : www.pbidde.org**

ਪਾਠ ਨੰਬਰ : 1.1

# ਭਾਰਤੀ ਕਾਵਿ-ਸ਼ਾਸਤਰ ਦੇ ਮੂਲ ਸੰਕਲਪ

**ਭੂਮਿਕਾ**

ਪਿਆਰੇ ਵਿਦਿਆਰਥੀ,

ਭਾਰਤੀ ਕਾਵਿ-ਸ਼ਾਸਤਰ ਨਾਲ ਸਬੰਧਿਤ ਸੰਕਲਪਾਂ ਰਾਹੀਂ ਤੁਹਾਨੂੰ ਭਾਰਤੀ ਪਰੰਪਰਾ ਰਾਹੀਂ ਸਾਹਿਤ ਨੂੰ ਸਮਝਣ ਦੀ ਵਿਧੀ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤੀ ਕਾਵਿ-ਸ਼ਾਸਤਰ ਦਾ ਬੁਨਿਆਦੀ ਅਰਥ ਭਾਰਤੀ ਸਾਹਿਤ-ਸਿਧਾਂਤ ਹੀ ਹੈ। ਕਿਉਂਕਿ ਪੁਰਾਤਨ ਸਮੇਂ ਵਿਚ 'ਕਾਵਿ' ਦਾ ਭਾਵ ਕੇਵਲ ਕਵਿਤਾ ਦੇ ਅਰਥਾਂ ਤਕ ਸੀਮਿਤ ਨਹੀਂ ਸੀ ਸਗੋਂ ਇਸ ਦੀ ਵਰਤੋਂ ਸਮੁੱਚੇ ਸਾਹਿਤ ਲਈ ਕੀਤੀ ਜਾਂਦੀ ਸੀ।

1. ਪ੍ਰਸ਼ਨ : ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਮੁੱਖ ਸਿਧਾਂਤ ਕਿਹੜੇ ਹਨ ?

ਉੱਤਰ : ਭਾਰਤੀ ਵਿਦਵਾਨਾਂ ਨੇ ਸਾਹਿਤ ਨੂੰ ਸਮਝਣ ਲਈ ਛੇ ਪ੍ਰਮੁੱਖ ਸਿਧਾਂਤ ਪੇਸ਼ ਕੀਤੇ ਹਨ ਜੋ ਇਸ ਪ੍ਰਕਾਰ ਹਨ :

1.1 ਰਸ ਸਿਧਾਂਤ
1.2 ਧੁਨੀ ਸਿਧਾਂਤ
1.3 ਅਲੰਕਾਰ ਸਿਧਾਂਤ
1.4 ਰੀਤੀ ਸਿਧਾਂਤ
1.5 ਵਕ੍ਰੋਕਤੀ ਸਿਧਾਂਤ
1.6 ਔਚਿਤਯ ਸਿਧਾਂਤ

ਇਨ੍ਹਾਂ ਸਾਰੇ ਸਿਧਾਂਤਾਂ ਵਿਚ ਇਹ ਤੱਥ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਕਾਵਿ ਜਾਂ ਸਾਹਿਤ ਕਿਸ ਨੂੰ ਕਿਹਾ ਜਾਂਦਾ ਹੈ। ਉਹ 'ਅਰਥ' ਕਿਸ ਤਰ੍ਹਾਂ ਪੇਸ਼ ਕਰਦਾ ਹੈ। ਉਸ ਦਾ ਸੁਹਜ ਆਧਾਰ ਕੀ ਹੈ। ਸਾਹਿਤ ਤੋਂ ਆਨੰਦ/ਰਸ ਕਿਸ ਤਰ੍ਹਾਂ ਉਪਜਦਾ ਹੈ। ਇਹ ਸਾਰੇ ਸਿਧਾਂਤ ਆਪਣੀ-ਆਪਣੀ ਥਾਂ ਤੇ ਆਪਣਾ-ਆਪਣਾ ਮਹੱਤਵ ਰਖਦੇ ਹਨ ਅਤੇ ਹਰ ਸਿਧਾਂਤਕਾਰ ਨੇ ਕਿਹਾ ਹੈ ਕਿ ਉਸ ਦਾ ਆਪਣਾ ਸਿਧਾਂਤ ਹੀ ਸਾਹਿਤ/ਕਾਵਿ ਨੂੰ ਸਮਝਣ ਲਈ ਉੱਤਮ ਹੈ ਭਾਵ ਕਾਵਿ ਦੀ ਆਤਮਾ ਹੈ।

2. ਪ੍ਰਸ਼ਨ : ਭਾਰਤੀ ਕਾਵਿ-ਸ਼ਾਸਤਰ ਦੇ ਮੂਲ ਸੰਕਲਪ ਕਿਹੜੇ ਹਨ ?

ਉਤਰ : ਭਾਰਤੀ ਕਾਵਿ-ਸ਼ਾਸਤਰ ਦੇ ਮੂਲ ਸੰਕਲਪਾਂ ਵਿਚੋਂ ਕੁਝ ਤੁਹਾਡੇ ਸਿਲੇਬਸ ਦਾ ਅੰਗ ਹਨ, ਜੋ ਇਸ ਪ੍ਰਕਾਰ ਹਨ :

2.1 ਅਭਿਧਾ
2.2 ਲਕਸ਼ਣਾ
2.3 ਵਿਅੰਜਨਾ
2.4 ਰੂਪਕ
2.5 ਉਪਮਾ
2.6 ਔਚਿਤਯ
2.7 ਵਕ੍ਰੋਕਤੀ
2.8 ਸਾਧਾਰਨੀਕਰਨ
2.9 ਰਸ
2.10 ਅਲੰਕਾਰ

ਇਨ੍ਹਾਂ ਸਾਰੇ ਸਿਧਾਂਤਾਂ ਸਬੰਧੀ ਸੰਖੇਪ ਰੂਪ ਵਿਚ ਚਰਚਾ ਕੀਤੀ ਗਈ ਹੈ। ਆਸ ਹੈ ਕਿ ਤੁਹਾਡੇ ਲਈ ਲਾਹੇਵੰਦ ਸਿੱਧ ਹੋਵੇਗੀ।

2.1. ਪ੍ਰਸ਼ਨ : ਅਭਿਧਾ ਤੋਂ ਕੀ ਭਾਵ ਹੈ ?

ਉਤਰ : ਭਾਰਤੀ ਕਾਵਿ-ਸ਼ਾਸਤਰ ਵਿਚ ਸ਼ਬਦ-ਸ਼ਕਤੀਆਂ ਦੀ ਗੱਲ ਕੀਤੀ ਜਾਂਦੀ ਹੈ। ਸ਼ਬਦ ਦੇ ਪਹਿਲੇ ਪ੍ਰਭਾਵ ਜਾਂ ਸ਼ਬਦ ਦੇ ਕੋਸ਼ਗਤ ਅਰਥਾਂ ਨੂੰ ਪੇਸ਼ ਕਰਨ ਵਾਲੇ ਵਰਤਾਰੇ ਨੂੰ ਅਭਿਧਾ ਕਿਹਾ ਜਾਂਦਾ ਹੈ। ਇਹ ਅਜਿਹੀ ਸ਼ਬਦ-ਸ਼ਕਤੀ ਹੈ ਜਿਸ ਰਾਹੀਂ ਅਰਥ ਦਾ ਸ਼ਬਦ ਵਿਚ ਅਤੇ ਸ਼ਬਦ ਦਾ ਅਰਥ ਵਿਚ ਸਹੀ ਸੰਬੰਧ ਪੇਸ਼ ਕੀਤਾ ਜਾਵੇ। ਅਭਿਧਾ ਵਿਚ ਸੰਕੇਤਿਕ ਅਰਥ ਦਿੱਤਾ ਜਾਂਦਾ ਹੈ ਸੰਕੇਤਿਕ ਅਰਥ ਦੇ ਭਾਵ ਨੂੰ ਸਮਝਣਾ ਜ਼ਰੂਰੀ ਹੈ ਇਸ ਦਾ ਅਰਥ ਜਿਸ ਵੱਲ ਸ਼ਬਦ ਸੰਕੇਤ ਕਰੇ। 'ਗੁਲਾਬ ਦਾ ਫੁੱਲ' ਇਸ ਸ਼ਬਦ ਦੇ ਲਿਖਣ ਨਾਲ ਸਾਡੇ ਮਨ ਵਿਚ ਕਿਆਰੀ ਵਿਚ ਪੌਦੇ ਤੇ ਲੱਗੇ ਇਕ ਰੰਗਦਾਰ ਖੂਬਸੂਰਤ ਫੁੱਲ ਵੱਲ ਇਸ਼ਾਰਾ ਹੈ। ਜੋ ਗੁਲਾਬ ਦਾ ਫੁੱਲ ਕਹਿਣ ਤੇ ਇਕ ਵਿਅਕਤੀ ਦੇ ਅਰਥ ਰੂਪ ਵਿਚ ਸਮਝ ਆਇਆ ਹੈ। ਇਸ ਕਾਰਣ ਹੀ ਸ਼ਬਦ ਅਤੇ ਅਰਥ ਦੇ ਅਜਿਹੇ ਵਿਲੱਖਣ ਸੰਬੰਧ ਨੂੰ ਪੇਸ਼ ਕਰਨ ਵਾਲੀ ਸ਼ਕਤੀ ਹੈ ਜੋ ਅਰਥ ਦਾ ਗਿਆਨ ਕਰਵਾਉਂਦੀ ਹੈ। ਇਸ ਨੂੰ ਸੰਕੇਤ ਵੀ ਕਹਿੰਦੇ ਹਨ ਜਿਸ ਤਰ੍ਹਾਂ ਫੁੱਲ ਦਾ ਨਾਂ ਲੈਣਾ ਇਕ ਵਿਸ਼ੇਸ਼ ਵਸਤੂ ਵੱਲ ਸੰਕੇਤ ਵੀ ਹੈ ਇਸੇ ਲਈ ਇਸ ਨੂੰ ਸੰਕੇਤ ਸ਼ਕਤੀ ਵੀ ਆਖਿਆ ਜਾਂਦਾ ਹੈ। ਪਰੰਤੂ ਇਹ ਸੰਕੇਤ ਅਜਿਹਾ ਹੁੰਦਾ ਹੈ ਜਿਸਨੂੰ ਸਾਰੇ ਵਿਅਕਤੀਆਂ ਨੇ ਮੰਨਿਆ ਹੁੰਦਾ ਹੈ ਕਿ 'ਗੁਲਾਬ ਦਾ ਫੁੱਲ' ਕਹਿਣ ਤੇ ਅਜਿਹੇ ਵਸਤੂ ਵੱਲ ਸੰਕੇਤ ਹੋਵੇਗਾ। ਅਭਿਧਾ ਸ਼ਕਤੀ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾਂਦਾ ਹੈ।

— ਰੂੜ੍ਹੀ
— ਯੋਗ
— ਯੋਗ ਰੂੜ੍ਹੀ
— ਰੂੜ੍ਹੀ ਸ਼ਬਦ ਉਹ ਹਨ ਜੋ ਸਮੁੱਚੇ ਰੂਪ ਵਿਚ ਅਰਥ ਪੇਸ਼ ਕਰਨ ਅਜਿਹੇ ਸ਼ਬਦਾਂ ਨੂੰ ਰੂੜ੍ਹੀ ਅਭਿਧਾ ਕਿਹਾ ਜਾਂਦਾ ਹੈ। ਜਿਵੇਂ ਅੱਖ, ਨੱਕ, ਕੰਨ, ਕੁੱਤਾ ਆਦਿ ਸ਼ਬਦਾਂ ਦਾ ਆਪੋ-ਆਪਣਾ ਅਰਥ ਹੈ। ਇਕੱਠੇ ਰੂਪ ਵਿਚ ਹੀ ਇਨ੍ਹਾਂ ਸ਼ਬਦਾਂ ਦਾ ਅਰਥ ਹੈ ਅਲੱਗ-ਅਲੱਗ ਕਰ ਕੇ ਇਹ ਅਰਥ ਵਹੀਣ ਹੋ ਜਾਂਦਾ ਹੈ। ਅੱ+ਖ ਸ਼ਬਦ ਵਿਚ ਇਕੱਲੇ 'ਅੱ' ਅਤੇ 'ਖ' ਦਾ ਕੋਈ ਅਰਥ ਨਹੀਂ। ਇਨ੍ਹਾਂ ਦਾ ਸਮੁੱਚੇ ਰੂਪ ਵਿਚ ਹੀ ਕੋਈ ਅਰਥ ਹੈ।
— ਯੋਗ ਤੋਂ ਭਾਵ ਅਜਿਹੇ ਸ਼ਬਦਾਂ ਦਾ ਅਰਥ ਹੈ ਜੋ ਅੰਗ ਵੰਡ ਕਰ ਕੇ ਵੀ ਅਰਥ ਪ੍ਰਾਪਤ ਹੋ ਜਾਂਦਾ ਹੈ ਜਿਵੇਂ ਹਲ+ਵਾਹ ਸ਼ਬਦ ਦਾ 'ਹਲਵਾਹ' ਦਾ ਨਿਖੇੜ ਹੈ। ਇਸ ਵਿਚ ਹਲ ਦੇ ਆਪਣੇ ਅਰਥ ਹਨ ਅਤੇ ਵਾਹ ਦੇ ਆਪਣੇ ਅਰਥ ਹਨ।
— ਯੋਗ ਰੂੜ੍ਹੀ ਤੋਂ ਭਾਵ ਜਿਥੇ ਇਕ ਅਰਥ ਪ੍ਰਾਪਤ ਕਰਨ ਲਈ ਯੋਗ-ਸ਼ਕਤੀ ਤੇ ਸਮੂਹ-ਸ਼ਕਤੀ ਦੀ ਜ਼ਰੂਰਤ ਹੋਵੇ। ਜਿਵੇਂ ਸ਼ਬਦ-ਪੰਕਜ ਦੀ ਮਿਸਾਲ ਦਿੱਤੀ ਜਾਂਦੀ ਹੈ ਪੰਕਜ ਦੇ ਕੋਮਲ ਦੇ ਅਰਥ ਵਿਚ ਪ੍ਰਚਲਿਤ ਹੋਣਾ ਇਕ ਰੂੜ੍ਹੀ ਹੈ ਅਤੇ ਇਸ ਨੂੰ ਕੋਮਲ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ।

ਅਭਿਧਾ ਅਜਿਹੀ ਸ਼ਕਤੀ ਹੈ ਕਿ ਕਿਸੇ ਵੀ ਗਿਆਨ ਵਿਗਿਆਨ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਆਰੰਭ ਅਭਿਧਾ ਸ਼ਕਤੀ ਤੋਂ ਹੀ ਕਰਨਾ ਪੈਂਦਾ ਹੈ ?

2.2. ਪ੍ਰਸ਼ਨ : ਲਕਸ਼ਣਾ ਤੋਂ ਕੀ ਭਾਵ ਹੈ ?

ਉਤਰ : ਅਭਿਧਾ ਸ਼ਬਦ ਸ਼ਕਤੀ ਤੋਂ ਅੱਗੇ ਦੂਸਰੀ ਸ਼ਬਦ ਸ਼ਕਤੀ ਨੂੰ ਲਕਸ਼ਣਾ-ਸ਼ਕਤੀ ਆਖਦੇ ਹਨ। ਲਕਸ਼ਣਾ ਤੋਂ ਭਾਵ ਸ਼ਬਦ ਦੀ ਉਸ ਸ਼ਕਤੀ ਤੋਂ ਹੈ ਜਿਸ ਰਾਹੀਂ 'ਕਿਸੇ ਹੋਰ ਅਰਥ ਦਾ ਗਿਆਨ' ਹੁੰਦਾ ਹੈ। ਜਿਵੇਂ ਕਿਸੇ ਨੂੰ ਦੂਸਰਾ ਵਿਅਕਤੀ 'ਸੂਰ' ਆਖਦਾ ਹੈ ਤਾਂ ਜੋ ਸੂਰ ਕਹੇ ਤੋਂ ਮਨ ਵਿਚੋਂ ਭਾਵ ਜਾਗਦੇ ਹਨ ਉਹ ਇਕ ਪਸ਼ੂ ਹੋਣ ਸਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ ਪਰੰਤੂ ਜਦੋਂ ਵਿਅਕਤੀ ਉਸ ਦੇ ਸਾਧਾਰਣ ਅਰਥਾਂ ਤੋਂ ਅੱਗੇ ਜਾ ਕੇ ਉਸ ਦੇ ਗੁਣਾਂ ਦੋਸ਼ਾਂ ਦਾ ਕਿਸੇ ਵਿਅਕਤੀ ਨਾਲ ਮੇਲ ਕਰਦਾ ਹੈ ਤਾਂ ਉਸ ਵਿਚ ਪਈ ਘ੍ਰਿਣਤ ਭਾਵਨਾ ਦੂਸਰੇ ਲਈ ਪੈਦਾ ਹੁੰਦੀ ਹੈ। ਅਜਿਹੀ ਕਿਸਮ ਵਿਚ ਸਾਧਾਰਣ ਅਰਥ ਤੋਂ ਅੱਗੇ ਪਏ ਅਰਥਾਂ ਨੂੰ ਸਮਝਣ ਦੀ ਸ਼ਕਤੀ ਨੂੰ ਹੀ ਲਕਸ਼ਣਾ ਸ਼ਬਦ ਸ਼ਕਤੀ ਆਖਿਆ ਜਾਂਦਾ ਹੈ। ਪ੍ਰਸਿੱਧ ਸੰਸਕ੍ਰਿਤ ਵਿਦਵਾਨ ਮੰਮਟ ਨੇ ਇਸ

ਨੂੰ ਪਰਿਭਾਸ਼ਤ ਕਰਦੇ ਹੋਏ ਕਿਹਾ ਹੈ, ਮੁੱਖ ਅਰਥ ਦੇ ਰੁਕਣ ਤੇ ਰੀਤ ਜਾਂ ਕਿਸੇ ਹੋਰ ਮਨੋਰਥ ਨੂੰ ਲੈ ਕੇ ਜਿਸ ਸ਼ਕਤੀ ਦੇ ਦੁਆਰਾ ਮੁੱਖ ਅਰਥ ਨਾਲ ਸੰਬੰਧ ਰੱਖਣ ਵਾਲਾ ਕੋਈ ਹੋਰ ਅਰਥ ਗਿਆਤ ਹੁੰਦਾ ਹੋਵੇ ਉੱਥੇ ਲੱਖਣਾ ਸ਼ਕਤੀ ਹੁੰਦੀ ਹੈ।

ਲਕਸ਼ਣਾ ਸ਼ਬਦ ਸ਼ਕਤੀ ਦੀ ਜ਼ਰੂਰਤ ਇਸ ਲਈ ਪੈਂਦੀ ਹੈ ਕਿ ਕਈ ਵਾਰ ਸਾਧਾਰਣ ਰੂਪ ਵਿਚ ਸ਼ਬਦ ਆਪਣੇ ਵਾਚਕ ਅਰਥਾਂ ਰਾਹੀਂ ਭਾਵ ਸਪੱਸ਼ਟ ਨਹੀਂ ਕਰ ਸਕਦਾ। ਉੱਥੇ ਸਾਧਾਰਣ ਤੋਂ ਅੱਗੇ ਜਾਣਾ ਪੈਂਦਾ ਹੈ। ਜਿਵੇਂ ਕਿਸੇ ਨੇਤਰਹੀਣ ਵਿਅਕਤੀ ਲਈ 'ਸੂਰਮਾ ਸਿੰਘ' ਸ਼ਬਦ ਵਰਤਿਆ ਜਾਂਦਾ ਹੈ। ਸਾਧਾਰਣ ਅਰਥਾਂ ਵਿਚ 'ਸੂਰਮਾ' ਬਹਾਦਰ ਵਿਅਕਤੀ ਨੂੰ ਆਖਦੇ ਹਨ ਪਰੰਤੂ ਜਦੋਂ ਅਸੀਂ ਸਾਧਾਰਣ ਅਰਥ ਤੋਂ ਅੱਗੇ ਜਾਂਦੇ ਹਾਂ ਤਾਂ ਇਸ ਸ਼ਬਦ ਦਾ ਪ੍ਰਯੋਗ ਨੇਤਰਹੀਣ ਵਿਅਕਤੀ ਲਈ ਕੀਤਾ ਜਾਂਦਾ ਹੈ ਸ਼ਬਦ ਦੀ ਅਜਿਹੀ ਅਰਥ ਵਿਧੀ ਦਾ ਬੋਧ ਕਰਾਉਣ ਵਾਲੀ ਸ਼ਕਤੀ ਨੂੰ ਹੀ ਲਕਸ਼ਣਾ ਸ਼ਬਦ ਸ਼ਕਤੀ ਆਖਿਆ ਜਾਂਦਾ ਹੈ। ਲਕਸ਼ਣਾ ਸ਼ਬਦ ਸ਼ਕਤੀ ਦੇ ਮੁੱਖ ਅਰਥ ਤੋਂ ਅੱਗੇ ਜਾਣ ਦੀ ਇਸ ਵਿਧੀ ਕਾਰਨ ਹੀ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਕਿਉਂਕਿ ਕਿਤੇ ਅਰਥ ਦਾ ਪੂਰਾ ਤਿਆਗ ਹੁੰਦਾ ਹੈ ਅਤੇ ਕਿਤੇ ਕਿਤੇ ਪੂਰਾ ਤਿਆਗ ਨਹੀਂ ਹੁੰਦਾ। ਇਸ ਦੇ ਪ੍ਰਮੁੱਖ ਗੁਣ ਇਸ ਤਰ੍ਹਾਂ ਹਨ।

1. ਸ਼ਬਦ ਦਾ ਮੁੱਖ ਅਰਥ ਤੋਂ ਹੱਟ ਕੇ ਦੂਜੇ ਅਰਥਾਂ ਵੱਲ ਜਾਣਾ।
2. ਮੁੱਖ ਅਰਥ ਦੀ ਲਖਣੀ ਅਰਥ ਨਾਲ ਸਮਾਨਤਾ ਦੇ ਸੰਬੰਧ ਸਥਾਪਤ ਕਰਨਾ।

**2.3.** ਪ੍ਰਸ਼ਨ : ਵਿਅੰਜਨਾ ਕਿਸਨੂੰ ਆਖਦੇ ਹਨ ?

ਉਤਰ : ਅਭਿਧਾ ਵਿਚ ਅਰਥ ਦਾ ਸਾਧਾਰਣ ਭਾਵ ਦਰਸਾਇਆ ਜਾਂਦਾ ਹੈ। ਲਖਣਾਂ ਵਿਚ ਸਾਧਾਰਣ ਭਾਵ ਤੋਂ ਅੱਗੇ ਜਾ ਕੇ ਕਿਸੇ ਹੋਰ ਸਮਾਨਾਂਤਰ ਅਰਥ ਸੰਚਾਰ ਦੀ ਗੁੰਜਾਇਸ਼ ਬਣਦੀ ਹੈ ਅਤੇ ਵਿਅੰਜਨਾ ਵਿਚ ਪਹਿਲੇ ਦੋਵਾਂ ਅਰਥਾਂ ਨੂੰ ਤਿਆਗ ਕੇ ਕਿਸੇ ਹੋਰ ਨਵੇਂ ਅਰਥ ਵੱਲ ਸੰਕੇਤ ਕੀਤਾ ਜਾਂਦਾ ਹੈ। ਜਿਵੇਂ ਹਰੀ ਮੰਦਰ ਤੋਂ ਸਾਧਾਰਣ ਭਾਵ 'ਹਰੀ' ਦਾ ਮੰਦਰ ਹੈ। ਦੂਸਰੇ ਸ਼ਬਦਾਂ ਵਿਚ ਉਸ ਦਾ ਖਾਸ ਸਥਾਨ ਭਾਵ ਅੰਮ੍ਰਿਤਸਰ ਨਾਲ ਮੇਚ ਕੇ ਅਰਥ ਕੱਢਿਆ ਜਾਂਦਾ ਹੈ ਅਤੇ ਤੀਸਰੇ ਵਿਅੰਜਨ ਅਰਥਾਂ ਵਿਚ ਉਸ ਦੇ ਨਾਲ ਜੁੜੀ ਸ਼ਰਧਾ ਅਤੇ ਮਨੁੱਖੀ ਮਨ ਵਿਚ ਪਏ ਹੋਏ ਉਸ ਸੰਬੰਧੀ ਪਵਿੱਤਰ ਭਾਵਾਂ ਦੀ ਗੱਲ ਕੀਤੀ ਜਾਂਦੀ ਹੈ। ਅਜਿਹੇ ਸੁਝਾਊ ਅਰਥਾਂ ਨੂੰ ਪ੍ਰਗਟ ਕਰਨ ਵਾਲੀ ਸ਼ਬਦ ਸ਼ਕਤੀ ਨੂੰ ਹੀ 'ਵਿਅੰਜਨਾ' ਸ਼ਬਦ ਸ਼ਕਤੀ ਆਖਿਆ ਜਾਂਦਾ ਹੈ। ਪ੍ਰਸਿੱਧ ਸੰਸਕ੍ਰਿਤ ਵਿਦਵਾਨ ਵਿਸ਼ਵਨਾਥ ਨੇ ਆਪਣੇ ਗ੍ਰੰਥ 'ਸਾਹਿਤਯ ਦਰਪਣ' ਵਿਚ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ, ਜਿਸ ਥਾਂ ਅਭਿਧਾ ਅਤੇ ਲੱਖਣਾ ਆਪੋ ਆਪਣਾ ਕੰਮ ਕਰ ਕੇ ਸ਼ਾਂਤ ਹੋ ਜਾਣ ਉਪਰੰਤ ਕਿਸੇ ਨਾ ਕਿਸੇ ਢੰਗ ਨਾਲ ਹੋਰ ਅਰਥ ਦੀ ਪ੍ਰਤੀਤੀ ਹੋਵੇ, ਉਥੇ ਵਿਅੰਜਨਾ ਸ਼ਕਤੀ ਹੀ ਹੁੰਦੀ ਹੈ।

ਵਿਅੰਜਨਾ ਸ਼ਬਦ ਸ਼ਕਤੀ ਲਈ ਇਹ ਮਾਪ ਜ਼ਰੂਰੀ ਨਹੀਂ ਕਿ ਪਹਿਲਾਂ ਅਭਿਧਾ ਫਿਰ ਲਕਸ਼ਣਾ ਅਤੇ ਸਭ ਤੋਂ ਆਖਰ ਵਿਚ ਵਿਅੰਜਨਾ ਆਪਣਾ ਕਾਰਜ ਕਰੇਗੀ। ਕਈ ਵਾਰ ਅਭਿਧਾ ਤੋਂ ਬਾਅਦ ਵੀ ਵਿਅੰਜਨਾ ਦਾ ਖੇਤਰ ਆ ਸਕਦਾ ਹੈ। ਅਭਿਧਾ ਸ਼ਕਤੀ ਦਾ ਸੰਪੂਰਨ, ਆਧਾਰ ਸ਼ਬਦ ਹੀ ਹਨ ਜਦੋਂ ਕਿ ਵਿਅੰਜਨਾ ਵਿਚ ਸ਼ਬਦ ਅਤੇ ਅਰਥ ਦੋਵੇਂ ਕਾਰਜਸ਼ੀਲ ਹੁੰਦੇ ਹਨ। ਜਿਵੇਂ :

ਤੀਲੀ ਲੌਂਗ ਦਾ ਮੁਕੱਦਮਾ, ਭਾਰੀ,
ਠਾਣੇਦਾਰਾ ਸੋਚ ਕੇ ਕਰੀਂ।

ਜਾਂ

ਘੁੰਡ ਕੱਢ ਲੈ ਪੱਤਣ ਤੇ ਖੜੀਏ,
ਪਾਣੀਆਂ ਨੂੰ ਅੱਗ ਲੱਗ ਜੂ।

ਵਿਅੰਜਨਾ ਸ਼ਬਦ ਸ਼ਕਤੀ ਵਿਚ ਸਾਧਾਰਣ ਅਰਥ ਬਹੁਤ ਪਿਛੇ ਰਹਿ ਜਾਂਦਾ ਹੈ। 'ਤੀਲੀ ਲੌਂਗ ਦੇ ਮੁਕੱਦਮੇ' ਪਿੱਛੇ ਕਿਹੜੇ ਸਭਿਆਚਾਰਕ ਮੁੱਲ ਕੰਮ ਕਰਦੇ ਹਨ ਜਾਂ ਖੂਬਸੂਰਤੀ ਦੀ 'ਪਾਣੀਆਂ ਨੂੰ ਅੱਗ' ਲਾਉਣ ਵਾਲੇ ਅਰਥਾਂ ਦਾ ਸੰਚਾਰ ਵਿਅੰਜਨਾ ਸ਼ਕਤੀ ਰਾਹੀਂ ਹੀ ਹੋ ਸਕਦਾ ਹੈ। ਵਿਅੰਜਨਾ ਸ਼ਕਤੀ ਤੋਂ ਪ੍ਰਾਪਤ ਅਰਥਾਂ ਨੂੰ ਸਮਝਣ ਅਤੇ ਪੇਸ਼ ਕਰਨ ਲਈ ਤੀਖਣ ਬੁੱਧੀ, ਕਲਪਨਾ ਅਤੇ ਰਸਿਕ ਹਿਰਦਾ ਹੋਣਾ ਜ਼ਰੂਰੀ ਹੈ ਨਹੀਂ ਤਾਂ ਵਿਅਕਤੀ ਦਿਸਦੇ ਅੱਖਰਾਂ ਦੇ ਸਪੱਸ਼ਟ ਤਾਣੇ-ਬਾਣੇ ਵਿਚ ਹੀ ਉਲਝ ਕੇ ਰਹਿ ਜਾਂਦਾ ਹੈ।

**2.4.** ਪ੍ਰਸ਼ਨ : ਰੂਪਕ ਤੋਂ ਕੀ ਭਾਵ ਹੈ ?

ਉੱਤਰ : ਰੂਪਕ ਦੇ ਸਾਧਾਰਣ ਅਰਥ ਹਨ ਕਿਸੇ ਹੋਰ ਜਿਹਾ 'ਰੂਪ' ਧਾਰਣ ਵਾਲਾ। ਰੂਪਕ ਇਕ ਅਲੰਕਾਰ ਹੈ। ਜਿਸ ਵਿਚ ਦੋ ਵਰਤਾਰਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ ਪਹਿਲਾ ਜਿਸ ਚੀਜ਼ ਦੀ ਤੁਲਨਾ ਕਰਨੀ ਹੋਵੇ ਦੂਸਰਾ ਜਿਸ ਵਰਤਾਰੇ ਨਾਲ ਤੁਲਨਾ ਕਰਨੀ ਹੋਵੇ। ਇਨ੍ਹਾਂ ਨੂੰ ਆਲੋਚਨਾ ਦੀ ਭਾਸ਼ਾ ਵਿਚ ਉਪਮਾਨ ਅਤੇ ਉਪਮੇਅ ਆਖਿਆ ਜਾਂਦਾ ਹੈ। ਇਸ ਨੂੰ ਪਰਿਭਾਸ਼ਤ ਕਰਦੇ ਹੋਏ ਪ੍ਰਸਿੱਧ ਵਿਦਵਾਨ ਮੰਮਟ ਇਸ ਪ੍ਰਕਾਰ ਲਿਖਦੇ ਹਨ, ''ਉਪਮੇਯ ਅਤੇ ਉਪਮਾਨ ਦੀ ਆਪੋ ਵਿਚਲੀ ਅਭੇਦਤਾ/ਇਕਮਿਕਤਾ ਨੂੰ ਰੂਪਕ ਅਲੰਕਾਰ ਆਖਿਆ ਜਾਂਦਾ ਹੈ।''

ਰੂਪਕ ਅਲੰਕਾਰ ਨੂੰ ਮੁੱਖ ਰੂਪ ਵਿਚ ਦੋ ਹਿੱਸਿਆਂ ਵਿਚ ਪੇਸ਼ ਹੋਇਆ ਦੇਖਿਆ ਜਾ ਸਕਦਾ ਹੈ :

1. ਤਦ-ਰੂਪ
2. ਅਭੇਦ-ਰੂਪ

ਤਦ ਰੂਪ ਤੋਂ ਭਾਵ ਜਿਸ ਵਿਚ ਤੁਲਨਾ ਕੀਤੀ ਜਾਣ ਵਾਲੀ ਵਸਤੂ ਅਤੇ ਤੁਲਨਾਈ ਜਾਣ ਵਾਲੀ ਵਸਤ ਵਿਚ ਕੋਈ ਅੰਤਰ ਨਾ ਹੋਵੇ ਪਰੰਤੂ ਫਿਰ ਵੀ ਵੱਖ ਵੱਖ ਜਾਹਰ ਹੋਣ। ਜਿਵੇਂ :

ਭਾਬੀ ਮੇਰੀ ਗੁੱਤ ਨਾ ਕਰੀਂ
ਮੈਨੂੰ ਡਰ ਸੱਪਣੀ ਦਾ ਆਵੇ।

ਇਸ ਵਿਚ 'ਗੁੱਤ' ਅਲੱਗ ਹੈ ਅਤੇ 'ਸਪੱਣੀ' ਅਲੱਗ ਹੈ ਪਰੰਤੂ ਰੂਪਕ ਤੌਰ ਤੇ ਦੋਵੇਂ ਇਕੋ ਕਾਰਜ ਕਰਦੀਆਂ ਹਨ। ਅਭੇਦ ਰੂਪ ਵਿਚ ਤੁਲਨਾ ਕੀਤੀ ਜਾਣ ਵਾਲੀ ਤੁਲਨਾਈ ਜਾਣ ਵਾਲੀ ਵਸਤ ਦਾ ਅੰਤਰ ਬਿਲਕੁਲ ਵੀ ਨਹੀਂ ਰਹਿੰਦਾ। ਇਕਮਿਕ ਹੋ ਜਾਂਦਾ ਹੈ ਅਲੱਗ ਨਹੀਂ ਕੀਤਾ ਜਾ ਸਕਦਾ ਦੋਵਾਂ ਦੀ ਅਭੇਦਤਾ ਹੋ ਜਾਂਦੀ ਹੈ।

ਜਿਵੇਂ,

ਜੇਕਰ ਮੁੱਖ ਗੁਲਾਬ 'ਚੋਂ
ਆਵੇ ਨਾ ਮਹਿਕਾਰ।
ਸੁਟੋ ਇਸ ਨੂੰ ਖੂਹ ਵਿਚ,
ਹੈ ਇਸ ਨੂੰ ਧਿਕਾਰ।

ਇਥੇ ਗੁਲਾਬ ਅਤੇ ਮੁੱਖ ਲਈ ਨਿਖੇੜਾ ਕਰਨ ਵਾਲਾ ਕੋਈ ਵਰਤਾਰਾ ਨਹੀਂ ਹੈ।

**2.5.** ਪ੍ਰਸ਼ਨ : ਉਪਮਾ ਦਾ ਸਾਹਿਤ ਵਿਚ ਕੀ ਸਥਾਨ ਹੈ ?

ਉੱਤਰ : ਉਪਮਾ ਅਰਥ ਅਲੰਕਾਰ ਹੈ। ਜਿਸ ਵਿਚ ਉਪਮਾਉਣ ਯੋਗ ਵਸਤੂ (ਉਪਮੇਯ) ਅਤੇ ਉਪਮਾਈ ਜਾਣ ਵਾਲੀ ਵਸਤੂ ਉਪਮਾਨ ਹੁੰਦੀ ਹੈ। ਉਪਮੇਯ ਅਤੇ ਉਪਮਾਨ ਦੀ ਕਿਸੇ ਖਾਸ ਕਾਰਨ ਸਮਾਨਤਾ ਦਰਸਾਈ ਜਾਂਦੀ ਹੈ। ਸ਼ਬਦ ਉਪਮਾ ਦਾ ਅਰਥ ਹੀ ਸਮਾਨਤਾ, ਤੁਲਨਾ ਜਾਂ ਸਮਤਾ ਆਖਿਆ ਜਾ ਸਕਦਾ ਹੈ। ਉਪਮਾ ਅਲੰਕਾਰ ਵਿਚ ਚਾਰ ਪ੍ਰਮੁੱਖ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

1. ਉਪਮੇਯ : ਜਿਸ ਵਸਤੂ ਦੀ ਉਪਮਾ ਕੀਤੀ ਜਾਵੇ।
2. ਉਪਮਾਨ : ਜਿਸ ਵਸਤੂ ਨਾਲ ਉਪਮਾ ਕੀਤੀ ਜਾਵੇ।
3. ਧਰਮ : ਦੋਹਾਂ ਵਸਤੂਆਂ ਦਾ ਕੋਈ ਸਾਂਝਾ ਗੁਣ ਜ਼ਰੂਰੀ ਹੋਵੇ।
4. ਵਾਚਕ : ਜਿਸ ਦੁਆਰਾ ਇਹ ਸਮਾਨਤਾ ਪ੍ਰਗਟਾਈ ਜਾਵੇ।

ਇਸ ਨੂੰ ਇਸ ਪ੍ਰਕਾਰ ਸਪੱਸ਼ਟ ਕੀਤਾ ਜਾ ਸਕਦਾ ਹੈ :

ਰਾਤ ਕੁੜੀ ਦੀ ਝੋਲੀ ਪਾਉ,
ਚਿੱਟਾ ਚੰਨ ਗਰੀ ਦਾ ਖੋਪਾ,
ਨਾਲ ਸਿਤਾਰੇ ਮੁੱਠ ਛੁਹਾਰੇ।

ਇਸ ਕਾਵਿ ਬੰਦ ਵਿਚ 'ਚੰਨ' ਉਪਮੇਯ ਹੈ, ਖੋਪਾ ਉਪਮਾਨ ਹੈ ਚਿੱਟਾ ਦੋਹਾਂ ਦਾ ਸਾਂਝਾ ਧਰਮ ਹੈ।

**2.6.** ਪ੍ਰਸ਼ਨ : ਔਚਿਤਯ ਤੋਂ ਕੀ ਭਾਵ ਹੈ ?

ਉੱਤਰ : ਔਚਿਤਯ ਦਾ ਅਰਥ ਹੈ ਕਿ ਕਿਸੇ ਵਸਤੂ ਨੂੰ ਸਥਿਤੀ, ਦ੍ਰਿਸ਼, ਵਿਚਾਰ ਜਾਂ ਭਾਵਾਂ ਦੇ ਆਧਾਰ ਤੇ ਉਚਿਤ ਸਰੂਪ ਪ੍ਰਦਾਨ ਕੀਤਾ ਜਾਵੇ। ਇਹ ਭਾਰਤੀ ਕਾਵਿ ਸ਼ਾਸਤਰ ਦੀ ਪ੍ਰਮੁੱਖ ਸੰਪ੍ਰਦਾ ਜਾਂ ਧਾਰਾ ਹੈ ਜਿਸ ਨੂੰ

ਆਚਾਰੀਆ/ਵਿਦਵਾਨ ਕਸ਼ੇਮੇਂਦ੍ਰ ਨੇ ਆਪਣੇ ਗ੍ਰੰਥ 'ਔਚਿਤਯ ਵਿਚਾਰ ਚਰਚਾ' ਰਾਹੀਂ ਸਵਿਸਤਾਰ ਪੇਸ਼ ਕੀਤਾ ਸੀ। ਔਚਿਤਯ ਵਿਚ ਦਰਸਾਇਆ ਗਿਆ ਹੈ ਕਿ ਕਿਸੇ ਖੁਸ਼ੀ ਦੇ ਰਾਗ ਵਿਚ ਗਮੀ ਦਾ ਪ੍ਰਵੇਸ਼, ਸੁੰਦਰ ਸ਼ਬਦ ਚੋਣ ਵਿਚ ਅਖੜਦਾ ਸ਼ਬਦ, ਜਾਂ ਕਿਸੇ ਵਿਚਾਰ ਵਿਚ ਵਿਰੋਧੀ ਖਿਆਲ ਦੀ ਪੇਸ਼ਕਾਰੀ ਨੂੰ ਅਣਉਚਿਤ ਕਰਾਰ ਦਿੱਤਾ ਜਾਂਦਾ ਹੈ। ਔਚਿਤਯ ਵਿਚ ਇਸ ਤੱਥ ਨੂੰ ਹੀ ਵਿਸਥਾਰ ਪੂਰਵਕ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮਹਾਨ ਸਾਹਿਤ ਦੀ ਸਿਰਜਣਾ ਕਰਨ ਸਮੇਂ ਸਾਹਿਤਕਾਰ ਲਈ ਔਚਿਤਯ/ਉਚਿਤਤਾ ਦਾ ਸੰਪੂਰਨ ਗਿਆਨ ਬਹੁਤ ਜ਼ਰੂਰੀ ਹੈ। ਕਿਉਂਕਿ ਜੇਕਰ ਕਾਵਿ ਦੀ ਸਿਰਜਣਾ ਕਰਨੀ ਹੈ ਤਾਂ ਜ਼ਰੂਰੀ ਹੈ ਕਿ ਕਾਵਿ ਦੇ ਸਾਰੇ ਤੱਤਾਂ ਦਾ ਖਿਆਲ ਰੱਖਿਆ ਜਾਵੇ। ਕਿਸੇ ਇਕ ਤੱਤ ਦੇ ਵਧਣ ਨਾਲ ਕਾਵਿ ਰੂਪੀ ਸੁੰਦਰੀ ਦੀ ਸੁੰਦਰਤਾ ਦਾ ਵਿਨਾਸ਼ ਹੋ ਜਾਂਦਾ ਹੈ। ਉਸ ਵਿਚ ਰਸ, ਲੈਅ, ਅਲੰਕਾਰ ਦਾ ਬਰਾਬਰ ਮਿਸ਼ਰਣ ਹੀ ਉਸ ਦੀ ਖੂਬਸੂਰਤੀ ਵਿਚ ਵਾਧਾ ਕਰਦਾ ਹੈ। ਜਿਵੇਂ ਇਕ ਸਜੀ ਹੋਈ ਸੁੰਦਰੀ ਦੇ ਹਰ ਪੱਖ ਨੂੰ ਦੇਖਿਆ ਜਾਂਦਾ ਹੈ। ਕਿਉਂਕਿ ਸੁੰਦਰਤਾ ਕਿਸੇ ਇਕ ਪੱਖ ਵਿਚ ਨਹੀਂ ਉਹ ਸਮੁੱਚੇ ਰੂਪ ਵਿਚ ਹੀ ਸੁੰਦਰ ਬਣ ਸਕਦੀ ਹੈ। ਇਸ ਤਰ੍ਹਾਂ ਹੀ ਨਾਟਕ ਵਿਚ ਔਚਿਤਯ ਨੂੰ ਵਿਸ਼ੇਸ਼ ਸਥਾਨ ਹੈ ਕਿਉਂਕਿ ਅਭਿਨੈ, ਪਹਿਰਾਵਾ, ਪਾਠ ਦੀ ਪਰਸਪਰ ਅਨੁਰੂਪਤਾ ਰਾਹੀਂ ਹੀ ਨਾਟਕ ਦਾ ਸਹੀ ਪ੍ਰਭਾਵ ਪੈਦਾ ਕੀਤਾ ਜਾ ਸਕਦਾ ਹੈ। ਇਸ ਲਈ ਰਚਨਾ ਦੀ ਮਹਾਨਤਾ ਲਈ ਉਸ ਵਿਚ ਪੇਸ਼ ਹੋਣ ਵਾਲੇ ਤੱਤਾਂ ਦੀ ਉਚਿਤ ਮਾਤਰਾ ਹੀ ਉਸ ਨੂੰ ਸਹੀ ਸਰੂਪ ਪ੍ਰਦਾਨ ਕਰ ਸਕਦੀ ਹੈ।

2.7. ਪ੍ਰਸ਼ਨ : ਵਕ੍ਰੋਕਤੀ ਕਿਸ ਨੂੰ ਆਖਦੇ ਹਨ ?

ਉਤਰ : ਵਕ੍ਰੋਕਤੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਜਿਸ ਵਿਚ ਵਕ੍ਰ+ਉਕਤੀ ਨੂੰ ਲਿਆ ਗਿਆ ਹੈ। ਵਕ੍ਰ ਦਾ ਅਰਥ ਹੈ ਟੇਢੀ ਅਤੇ ਉਕਤੀ ਦਾ ਅਰਥ ਹੈ ਕਥਨ। ਭਾਵ ਟੇਢੇ ਢੰਗ ਨਾਲ ਕੀਤੇ ਅਰਥ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ। ਸਾਹਿਤ ਵਿਚ ਜਿਸ ਤਰ੍ਹਾਂ ਸ਼ਬਦ ਸ਼ਕਤੀਆਂ ਤੋਂ ਵੀ ਸਪੱਸ਼ਟ ਹੈ ਕਿ ਅਰਥ ਸਾਧਾਰਨ ਪੱਧਰ ਤੋਂ ਅੱਗੇ ਚਲੇ ਜਾਂਦੇ ਹਨ। ਉਸ ਦੇ ਸਰਲ ਅਰਥੀ ਸੰਦੇਸ਼ ਪਿੱਛੇ ਰਹਿ ਜਾਂਦੇ ਹਨ ਅਤੇ ਜਦੋਂ ਕਥਨ ਅਜਿਹੇ ਲਹਿਜੇ ਵਿਚ ਪੇਸ਼ ਕੀਤੇ ਜਾਣ ਕਿ ਉਸ ਵਿਚੋਂ ਵਿਅੰਗ ਛੁੱਟੇ ਤਾਂ ਉਥੇ ਵਕ੍ਰੋਕਤੀ ਕਾਰਜਸ਼ੀਲ ਹੁੰਦੀ ਹੈ।

ਪ੍ਰਸਿੱਧ ਵਿਦਵਾਨ ਕੁੰਤਕ ਨੇ ਆਪਣੇ ਗ੍ਰੰਥ 'ਵਕ੍ਰੋਕਤੀ ਜੀਵਿਤਮ' ਨੂੰ ਪੇਸ਼ ਕਰਦੇ ਹੋਏ ਭਾਰਤੀ ਆਲੋਚਨਾ ਵਿਚ ਇਸ ਸਿਧਾਂਤ ਤੇ ਚਰਚਾ ਕੀਤੀ। ਬਾਣ ਭੱਟ ਨੇ ਆਪਣੇ ਗ੍ਰੰਥ 'ਕਾਦੰਬਰੀ' ਵਿਚ ਵਕ੍ਰੋਕਤੀ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਹੈ 'ਵਕ੍ਰੋਕਤੀ ਵਚਨ-ਵਿਲਾਸੀ (ਕਥਾਕਾਰ/ਸਾਹਿਤਕਾਰ) ਆਦਮੀ ਦਾ ਵਿਅੰਗ ਭਰਪੂਰ ਵਚਨ ਹੁੰਦਾ ਹੈ। ਇਕ ਹੋਰ ਸੰਸਕ੍ਰਿਤ ਵਿਦਵਾਨ ਭਾਮਹ ਨੇ ਆਪਣੇ ਗ੍ਰੰਥ ਕਾਵਯਲੰਕਾਰ ਵਿਚ ਕਿਹਾ ਕਿ 'ਕਵੀ ਨੂੰ ਚਾਹੀਦਾ ਹੈ ਕਿ ਉਹ ਵਕ੍ਰੋਕਤੀ ਦੀ ਸਿਰਜਣਾ ਕਰੇ'। ਵਕ੍ਰੋਕਤੀ ਦੇ ਮੂਲ ਸਿਧਾਂਤ ਨੂੰ ਕੁੰਤਕ ਨੇ ਇਸ ਪ੍ਰਕਾਰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ :

— ਵਕ੍ਰੋਕਤੀ ਵਿਸ਼ੇਸ਼ ਸ਼ੈਲੀ ਦਾ ਨਾਂ ਹੈ।
— ਵਕ੍ਰੋਕਤੀ ਦਾ ਜਨਮ, ਰਚਨਾ ਵਿਚ ਕਵੀ/ਸਾਹਿਤਕਾਰ ਦੀ ਪ੍ਰਤਿਭਾ ਅਨੁਸਾਰ ਹੁੰਦਾ ਹੈ।
— ਵਕ੍ਰੋਕਤੀ ਪਾਠਕ/ਸਰੋਤੇ ਨੂੰ ਪ੍ਰਭਾਵਿਤ ਅਤੇ ਅਨੰਦਿਤ ਕਰਦੀ ਹੈ।
— ਵਕ੍ਰੋਕਤੀ ਰਚਨਾਕਾਰ ਦੀ ਅਰਥ ਭਰਪੂਰ ਸ਼ੈਲੀ ਨੂੰ ਬਹੁ-ਅਰਥੀ ਰੂਪ ਵਿਚ ਪਾਠਕ/ਦਰਸ਼ਕ ਕੋਲ ਲੈ ਕੇ ਜਾਂਦੀ ਹੈ।

ਕਿਸੇ ਰਚਨਾ ਵਿਚ ਵਕ੍ਰਤਾ ਨੂੰ ਰਚਨਾਕਾਰ ਸ਼ਬਦਾਂ ਰਾਹੀਂ, ਅਰਥਾਂ ਰਾਹੀਂ, ਸ਼ਬਦਾਂ ਅਤੇ ਅਰਥਾਂ ਦੋਵਾਂ ਰਾਹੀਂ, ਵਾਕਾਂ ਰਾਹੀਂ ਜਾਂ ਰਚਨਾ ਦੇ ਪ੍ਰਗਟਾ ਅਤੇ ਪ੍ਰਬੰਧ ਰਾਹੀਂ ਪੈਦਾ ਕਰਦਾ ਹੈ ਜਿਸ ਤਰ੍ਹਾਂ ਕਵੀ ਦੁਆਰਾ ਕਹੀ ਕਵਿਤਾ ਦਾ ਨਮੂਨਾ ਪੇਸ਼ ਹੈ :

ਟੁਕੜੇ ਸ਼ੀਸ਼ੇ ਦੇ ਰੱਖ ਦਿਵਾਰ ਉੱਤੇ,
ਗੈਰਾਂ ਵਾਸਤੇ ਰੋਕ ਬਣਾਈ ਹੋਈ ਏ।
ਯਾ ਇਹ ਟੁੱਟੇ ਹੋਏ ਦਿਲਾਂ ਦੇ ਟੁਕੜੇ,
ਜ਼ਾਲਿਮ ਕਿਸੇ ਦੀਵਾਰ ਸਜਾਈ ਹੋਈ ਏ।

2.8. ਪ੍ਰਸ਼ਨ : ਸਧਾਰਨੀਕਰਣ ਦਾ ਸਾਹਿਤ ਵਿਚ ਕੀ ਮਹੱਤਵ ਹੈ ?

ਉਤਰ : ਸਧਾਰਨੀਕਰਣ ਦਾ ਅਰਥ ਹੈ ਕਿਸੇ ਵਰਤਾਰੇ ਨੂੰ ਪਹਿਚਾਣ ਲੈਣ ਜਾਂ ਸਮਝ ਸਕਣ ਲਈ ਆਪਣੇ ਆਪ ਨੂੰ ਸਾਧਾਰਣ ਬਣਾ ਲੈਣਾ। ਕਿਉਂਕਿ ਜੇਕਰ ਕੋਈ ਵਿਅਕਤੀ ਕਿਸੇ ਦ੍ਰਿਸ਼ ਨੂੰ ਦੇਖਣ ਸਮੇਂ ਰਚਨਾ ਨੂੰ ਪੜ੍ਹਣ ਸਮੇਂ ਅਤੇ ਕਵਿਤਾ ਨੂੰ ਸੁਣਨ ਸਮੇਂ ਆਪਣੇ ਮਨ ਦੀ ਅਵਸਥਾ ਸਾਧਾਰਣ ਪੱਧਰ ਤੇ ਲੈ ਕੇ ਨਹੀਂ ਆਉਂਦਾ ਤਾਂ ਉਹ ਉਸ ਦਾ ਆਨੰਦ ਮਾਣ ਸਕਣ ਤੋਂ ਅਸਮਰੱਥ ਰਹਿੰਦਾ ਹੈ। ਸਧਾਰਨੀਕਰਣ ਦੀ ਪ੍ਰਕਿਰਿਆ ਪਾਠਕ ਜਾਂ ਸਰੋਤੇ ਨੂੰ ਰਚਨਾ ਨਾਲ ਆਪਾ ਮੇਚਣ ਦੀ ਪ੍ਰਕਿਰਿਆ ਹੈ। ਜਿਸ ਵਿਚ ਰਚਨਾ ਤੇ ਸਰੋਤਾ ਅਭੇਦ ਹੋ ਜਾਂਦੇ ਹਨ ਦਵੈਤ ਮੁੱਕ ਜਾਂਦੀ ਹੈ।

ਹਰ ਰਚਨਾ ਰਸਿਕ ਵਿਅਕਤੀ ਦੇ ਮਨ ਵਿਚ ਕੁਝ ਹਲਚਲ ਪੈਦਾ ਕਰਦੀ ਹੈ ਜਿਸ ਰਾਹੀਂ ਉਹ ਵਿਅਕਤੀ ਅਨੰਦ ਦੀ ਪ੍ਰਾਪਤੀ ਕਰਦਾ ਹੈ। ਅਨੰਦ ਕਿਸੇ ਵਿਅਕਤੀ ਨੂੰ ਹਵਾ ਵਿਚੋਂ ਪ੍ਰਾਪਤ ਨਹੀਂ ਹੁੰਦਾ ਇਹ ਅਨੰਦ ਪ੍ਰਾਪਤ ਕਰਨ ਵਾਲੇ ਵਿਅਕਤੀ ਦੀ ਮਨੋਦਸ਼ਾ ਹੀ ਹੁੰਦੀ ਹੈ। ਇਸ ਨੂੰ ਹੀ ਸਧਾਰਨੀਕਰਣ ਦਾ ਮੂਲ ਸਵੀਕਾਰ ਕੀਤਾ ਜਾਂਦਾ ਹੈ। ਸਧਾਰਨੀਕਰਣ ਕਿਸ ਦਾ ਹੁੰਦਾ ਹੈ ਰਚਨਾ ਦਾ ਹੁੰਦਾ ਹੈ, ਰਚਨਾਕਾਰ ਦਾ ਜਾਂ ਰਚਨਾ ਨੂੰ ਦੇਖਣ/ਸੁਣਨ ਵਾਲੇ ਵਿਅਕਤੀ ਦਾ ਹੁੰਦਾ ਹੈ। ਇਸ ਪ੍ਰਤਿ ਭੱਟ ਨਾਯਕ ਦੀ ਧਾਰਣਾ ਹੈ ਕਿ ਸਧਾਰਨੀਕਰਣ ਨਾ ਤਾਂ ਨਾਟਕ ਵਿਚ ਕੰਮ ਕਰਨ ਵਾਲੇ ਐਕਟਰਾਂ ਦਾ ਹੁੰਦਾ ਹੈ, ਨਾ ਹੀ ਉਨ੍ਹਾਂ ਦੁਆਰਾ ਨਿਭਾਏ ਜਾਣ ਵਾਲੇ ਕਿਰਦਾਰ ਦਾ ਹੁੰਦਾ ਹੈ ਅਤੇ ਨਾ ਹੀ ਸਰੋਤੇ/ਦਰਸ਼ਕ ਦਾ ਹੁੰਦਾ ਹੈ। ਸਧਾਰਨੀਕਰਣ ਤਾਂ ਇਕ ਵਿਅਕਤੀ ਦੀ ਅਜਿਹੀ ਮਾਨਸਿਕ ਪ੍ਰਕਿਰਿਆ ਹੈ ਜਿਸ ਵਿਚ ਸਥਾਈ ਭਾਵ ਜਾਗਣ ਤੋਂ ਬਾਅਦ ਵਿਅਕਤੀ ਅਨੰਦਿਤ ਹੋ ਜਾਂਦਾ ਹੈ। ਦੂਸਰੇ ਵਿਦਵਾਨ ਅਭਿਨਵ ਗੁਪਤ ਦਾ ਕਹਿਣਾ ਹੈ ਕਿ ਸਧਾਰਨੀਕਰਣ ਵਿਅਕਤੀ ਦੇ ਮਨ ਵਿਚਲੇ ਭਾਵਾਂ ਦਾ ਹੁੰਦਾ ਹੈ ਉਹ ਆਪਣੇ ਅੰਦਰ ਪਏ ਸੰਸਕਾਰਾਂ ਦਾ ਹੀ ਸੁਆਦ ਮਾਣਦਾ ਹੈ। ਸਮੁੱਚੇ ਰੂਪ ਵਿਚ ਸਧਾਰਨੀਕਰਣ ਮਨੁੱਖ ਦੀ/ਸ੍ਰੋਤੇ ਦੀ ਚਿਤ ਨਾਲ ਸਬੰਧ ਰੱਖਣ ਵਾਲੀ ਪ੍ਰਕਿਰਿਆ ਹੈ। ਜਿਸ ਦੇ ਉਪਜਣ ਨਾਲ ਸਾਰਾ ਕੁਝ ਸਾਂਝਾ ਹੋ ਜਾਂਦਾ ਹੈ।

2.9. ਪ੍ਰਸ਼ਨ : ਰਸ ਦਾ ਸਾਹਿਤ ਵਿਚ ਕੀ ਸਥਾਨ ਹੈ ?

ਉਤਰ : ਭਾਰਤੀ ਆਲੋਚਨਾ ਵਿਚ ਰਸ ਸਿਧਾਂਤ ਨੂੰ ਪ੍ਰਮੁੱਖ ਸਥਾਨ ਹਾਸਲ ਹੈ। ਇਸ ਸਿਧਾਂਤ ਨੂੰ ਸਾਹਿਤ ਦੀ ਆਤਮਾ ਵੀ ਕਿਹਾ ਜਾਂਦਾ ਹੈ। ਰਸ ਨੂੰ ਸਾਧਾਰਣ ਅਰਥਾਂ ਵਿਚ ਕਿਸੇ ਪੀਣ ਯੋਗ ਤਰਲ ਪਦਾਰਥ ਨੂੰ ਕਿਹਾ ਜਾਂਦਾ ਹੈ। ਪਰੰਤੂ ਸਾਹਿਤ ਵਿਚ ਰਸ ਨੂੰ ਰਚਨਾ/ਕਵਿਤਾ ਤੋਂ ਪ੍ਰਾਪਤ ਹੋਏ ਅਨੰਦ ਦੇ ਅਰਥਾਂ ਵਿਚ ਸਵੀਕਾਰ ਕੀਤਾ ਜਾਂਦਾ ਹੈ। ਭਰਤ ਮੁਨੀ ਨੇ ਰਸ ਸਿਧਾਂਤ ਨੂੰ ਪਰਿਭਾਸ਼ਤ ਕੀਤਾ ਹੈ। ਭਰਤ ਮੁਨੀ ਅਨੁਸਾਰ, ''ਰਸ ਤੋਂ ਬਿਨਾਂ ਕੋਈ ਵੀ ਅਰਥ ਨਹੀਂ ਵਰਤਿਆ ਜਾਂਦਾ।'' ਵਿਦਵਾਨ ਵਿਆਸ ਅਨੁਸਾਰ ''ਸਾਹਿਤ ਵਿਚ ਉਕਤੀ ਦੇ ਪ੍ਰਧਾਨ ਹੁੰਦਿਆਂ ਵੀ ਰਸ ਹੀ ਕਾਵਿ (ਸਾਹਿਤ) ਦੀ ਆਤਮਾ ਹੈ।'' ਵਿਸ਼ਵਾਨਾਥ ਨੇ ਇਥੋਂ ਤਕ ਕਿਹਾ ਹੈ ਕਿ ਰਸਮਈ ਵਾਕ ਹੀ ਕਾਵਿ (ਸਾਹਿਤ) ਹਨ। ਇਸ ਲਈ ਰਸ ਸਾਹਿਤ ਦੇ ਅਰਥ ਸੰਚਾਰਿਤ ਕਰਨ ਵਾਲੀ ਮਹੱਤਵਪੂਰਣ ਇਕਾਈ ਸਵੀਕਾਰ ਕੀਤਾ ਜਾਂਦਾ ਹੈ। ਰਸ ਦਾ ਭਾਵ ਸਾਹਿਤ ਵਿਚ ਪੇਸ਼ ਹੋਏ ਉਨ੍ਹਾਂ ਬੁਨਿਆਦੀ ਵਰਤਾਰਿਆਂ ਤੋਂ ਹੈ ਜਿਸ ਰਾਹੀਂ ਕੋਈ ਵਿਅਕਤੀ ਸਾਹਿਤ ਵਿਚ ਪੇਸ਼ ਹੋਈ ਖੁਸ਼ੀ-ਗਮੀ, ਦੁੱਖ-ਦਰਦ ਅਤੇ ਦਯਾ-ਤਰਸ ਆਦਿ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰ ਸਕਦਾ ਹੈ ਅਤੇ ਸਮਝ ਸਕਦਾ ਹੈ।

ਭਾਰਤੀ ਵਿਦਵਾਨਾਂ ਨੇ ਰਸ ਨੂੰ ਨੌਂ ਪ੍ਰਮੁੱਖ ਹਿੱਸਿਆਂ ਵਿਚ ਵੰਡ ਕੇ ਪੇਸ਼ ਕੀਤਾ ਹੈ :

**2.9.1. ਸ਼ਿੰਗਾਰ ਰਸ**

ਸ਼ਿੰਗਾਰ ਰਸ ਦਾ ਬੁਨਿਆਦੀ ਆਧਾਰ ਪ੍ਰੇਮ ਹੈ। ਜਿਸ ਸਾਹਿਤ ਵਿਚ ਪ੍ਰੇਮ ਦੀਆਂ ਭਾਵਨਾਵਾਂ ਨੂੰ ਅਤਿ ਤੀਬਰ ਰੂਪ ਵਿਚ ਪੇਸ਼ ਕੀਤਾ ਜਾਵੇ ਅਤੇ ਉਹ ਸਾਹਿਤ ਰਤੀ ਜਾਂ ਸਨੇਹ ਨੂੰ ਪੈਦਾ ਕਰੇ ਅਜਿਹੀ ਰਚਨਾ ਨੂੰ ਸ਼ਿੰਗਾਰ ਰਸ ਵਾਲੀ ਰਚਨਾ ਕਿਹਾ ਜਾਂਦਾ ਹੈ। ਸਾਰੇ ਵਿਦਵਾਨਾਂ ਨੇ ਸ਼ਿੰਗਾਰ ਰਸ ਨੂੰ ਰਸ ਰਾਜ ਵੀ ਕਿਹਾ ਹੈ ਕਿਉਂਕਿ ਇਸ ਨੂੰ ਸਾਰੇ ਰਸਾਂ ਦੇ ਮੁਕਾਬਲਤਨ ਉੱਤਮ ਸਥਾਨ ਪ੍ਰਾਪਤ ਹੈ। ਵਿਦਵਾਨ ਭੋਜ ਰਾਜ ਨੇ ਮੰਨਿਆ ਹੈ ਕਿ ਜੇਕਰ ਕਵੀ ਸ਼ਿੰਗਾਰੀ ਹੋਵੇਗਾ ਤਾਂ ਸਾਰਾ ਜਹਾਨ ਰਸ-ਮਈ ਹੋਵੇਗਾ ਪਰ ਜੇਕਰ ਅ-ਸ਼ਿੰਗਾਰੀ ਹੋਵੇਗਾ ਤਾਂ ਸਭ ਕੁਝ ਨੀਰਸ ਹੋ ਜਾਵੇਗਾ। ਅੰਗਰੇਜ਼ੀ ਸਾਹਿਤ ਵਿਚ ਵੀ ਇਸ ਦੇ ਨਾਲ ਮਿਲਦੇ ਅਰਥਾਂ ਵਾਲੀ ਉਕਤੀ ਇਸ ਤਰ੍ਹਾਂ ਪੇਸ਼ ਕੀਤੀ ਜਾਂਦੀ ਹੈ : 'Love is God and God is Love' ਪੰਜਾਬੀ ਲੋਕ ਸਾਹਿਤ ਵਿਚ ਸ਼ਿੰਗਾਰ ਰਸ ਦੇ ਅਨੇਕ ਉੱਤਮ ਨਮੂਨੇ ਉਪਲਬੱਧ ਹਨ ਜਿਵੇਂ :

ਤੇਰੇ ਦੁੱਧ ਦੇ ਗਿਲਾਸ ਵਿਚ ਮੱਖਣਾ,

ਘੁਲ ਜਾਵਾਂ ਖੰਡ ਬਣਕੇ।

### 2.1.2. ਵੀਰ ਰਸ

ਵੀਰ ਰਸ ਦਾ ਬੁਨਿਆਦੀ ਆਧਾਰ ਵੀਰਤਾ ਜਾਂ ਉਤਸ਼ਾਹ ਨਾਲ ਜੁੜਿਆ ਹੋਇਆ ਹੈ। ਜੇ ਕਾਵਿ/ਸਾਹਿਤ ਨੂੰ ਸੁਣਕੇ/ਪੜ੍ਹਕੇ ਪਾਠਕ ਉਤਸ਼ਾਹਤ ਹੋਵੇ ਉਸ ਕਿਸਮ ਦੇ ਸਾਹਿਤ ਨੂੰ ਵੀਰ ਰਸੀ ਸਾਹਿਤ ਕਿਹਾ ਜਾਂਦਾ ਹੈ। ਵੀਰ ਰਸ ਵਿਚ ਯੁੱਧ, ਦਾਨ, ਧਰਮ ਆਦਿ ਨਾਲ ਸੰਬੰਧਤ ਭਾਵਾਂ ਦੀ ਪੇਸ਼ਕਾਰੀ ਹੋਈ ਹੁੰਦੀ ਹੈ ਇਸ ਨੂੰ ਪ੍ਰਮੁੱਖ ਰੂਪ ਵਿਚ ਚਾਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ :

(ੳ) ਯੁੱਧ ਵੀਰ
(ਅ) ਧਰਮ ਵੀਰ
(ੲ) ਦਾਨ ਵੀਰ
(ਸ) ਦਯਾ ਵੀਰ

ਪੰਜਾਬੀ ਸਾਹਿਤ ਵਿਚ 'ਚੰਡੀ ਦੀ ਵਾਰ' ਜਾਂ ਜੰਗਨਾਮਾ ਸਿੰਘਾਂ ਫਰੰਗੀਆਂ, ਇਸ ਦੇ ਉੱਤਮ ਨਮੂਨੇ ਹਨ :

ਸ਼ਾਹ ਮੁਹੰਮਦਾਂ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

### 2.9.3. ਰੌਦਰ ਰਸ

ਜਿਸ ਸਮੇਂ ਸਾਹਿਤ/ਕਾਵਿ ਵਿਚ ਕੁਝ ਅਜਿਹਾ ਪੇਸ਼ ਕੀਤਾ ਜਾਵੇ ਜਿਸ ਨਾਲ ਕਿਸੇ ਕੌਮ ਧਰਮ ਜਾਂ ਵਿਅਕਤੀ ਦੀ ਸ਼ਾਨ ਦਾ ਅਪਮਾਨ ਹੋਵੇ। ਉਸ ਸਮੇਂ ਪੈਦਾ ਹੋਏ ਰਸ ਨੂੰ ਰੌਦਰ ਰਸ ਆਖਿਆ ਜਾਂਦਾ ਹੈ। ਇਸ ਵਿਚ ਵਿਰੋਧੀਆਂ ਨਾਲ ਛੇੜਖਾਨੀ, ਬੇਇਜ਼ਤੀ, ਅਪਮਾਨ ਅਤੇ ਨਿੰਦਾ ਰਾਹੀਂ ਦੂਸਰੇ ਵਿਅਕਤੀ ਨੂੰ ਆਪਣਾ ਧਰਮ ਪਾਲਣ ਲਈ ਉਤੇਜਿਤ ਕੀਤਾ ਜਾਂਦਾ ਹੈ। ਜਿਵੇਂ ਹੀਰ ਵਾਰਿਸ ਵਿਚ ਪੇਸ਼ ਪੰਕਤੀਆਂ ਇਸ ਪ੍ਰਕਾਰ ਸਪੱਸ਼ਟ ਕਰਦੀਆਂ ਹਨ :

ਛੇੜ ਖੁੰਦਰਾਂ ਭੇੜ ਮਚਾਉਂਨਾ ਏਂ,
ਸੇਕਾਂ ਲਿੰਗ ਤੇਰੇ ਨਾਲ ਸੋਟਿਆਂ ਦੇ,
ਅਸੀਂ ਜੱਟੀਆਂ ਮੁਸ਼ਕ ਪਲੱਟੀਆਂ ਹਾਂ,
ਨੱਕ ਪਾੜ ਸੁੱਟੇ ਜਿਨ੍ਹਾਂ ਝੋਟਿਆਂ ਦੇ।

ਅੱਗੋਂ ਜੋਗੀ ਦਾ ਉੱਤਰ ਹੈ :

ਝਾਟਾ ਮੁੰਨ ਕੇ ਮੀਢੀਆਂ ਖੋਹ ਸੁਟੂੰ,
ਗੁੱਤੋਂ ਪਕੜ ਕੇ ਦੇਉਂ ਵਲਾਂਵੜਾ ਨੀਂ,
ਹੱਥ ਲੱਗੀ ਤਾਂ ਸਿਟੂੰਗਾ ਚੀਰ ਰੰਨੇ,
ਕੱਢ ਲਊਂਗਾ ਦਿਲੇ ਦਾ ਕਾਉੜਾ ਨੀਂ।

### 2.9.4. ਕਰੁਣਾ ਰਸ

ਇਸ ਰਸ ਵਿਚ ਗਮੀ, ਦੁੱਖ, ਦਰਦ ਅਤੇ ਸ਼ੋਕ ਨੂੰ ਪੇਸ਼ ਕੀਤਾ ਜਾਂਦਾ ਹੈ। ਜਿਸ ਵਿਚ ਅਜਿਹੇ ਭਾਵਾਂ ਨੂੰ ਪੇਸ਼ ਕੀਤਾ ਜਾਵੇ ਜੋ ਮਾਨਵਤਾ ਵਿਰੋਧੀ ਘਲੂ-ਘਾਰਿਆਂ ਤੇ ਵਿਰਲਾਪ ਕਰਨ ਅਤੇ ਮਨੁੱਖ ਦੇ ਮਨ ਵਿਚ ਕਰੁਣਾ ਅਥਵਾ ਗਮ ਦੇ ਭਾਵ ਪੈਦਾ ਕਰਨ। ਹੀਰੋਸ਼ੀਮਾ ਅਤੇ ਨਾਗਾਸਾਕੀ ਤੇ ਸੁੱਟੇ ਬੰਬਾਂ ਕਾਰਣ ਹੋਈ ਤਬਾਹੀ ਨੂੰ ਪੇਸ਼ ਕਰਨ ਵਾਲਾ ਸਾਹਿਤ, 1947 ਵਿਚ ਭਾਰਤ, ਪਾਕਿਸਤਾਨ ਦੀ ਵੰਡ ਸਮੇਂ ਉਪਜਿਆ ਹੋਇਆ ਸਾਹਿਤ ਇਸ ਚੋਟੀ ਵਿਚ ਰਖੇ ਜਾ ਸਕਦੇ ਹਨ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਇਸਦਾ ਉੱਤਮ ਨਮੂਨਾ ਹੈ। ਪੰਜਾਬੀ ਦਾ ਬਹੁਤ ਸਾਰਾ ਸਾਹਿਤ ਕਰੁਣਾ ਮਈ ਭਾਵਾਂ ਨੂੰ ਪੇਸ਼ ਕਰਨ ਵਾਲਾ ਹੈ। ਜਿਵੇਂ :

ਦੁੱਧੀਆਂ ਨਾਲ ਪਲਮਦੇ ਬੱਚੇ,
ਕੰਮੀ ਰੁਝੀਆਂ ਮਾਵਾਂ,
ਅੱਖਾਂ ਦੇ ਵਿਚ ਛਲਕਣ ਅੱਥਰੂ,
ਹਿੱਕਾਂ ਦੇ ਵਿਚ ਆਹਾਂ।

ਗਰੀਬ ਮਜ਼ਦੂਰ ਇਸਤਰੀਆਂ ਅਤੇ ਬੱਚਿਆਂ ਦਾ ਚਿੱਤਰ ਪੇਸ਼ ਕਰਕੇ ਇਹ ਕਵਿਤਾ ਕਰੁਣਾ ਮਈ ਭਾਵਾਂ

ਨੂੰ ਹੀ ਪੇਸ਼ ਕਰ ਰਹੀ ਹੈ।

**2.9.5. ਅਦਭੁੱਤ ਰਸ**

ਜਦੋਂ ਸਾਹਿਤ ਜਾਂ ਕਾਵਿ, ਪਾਠਕ ਜਾਂ ਸਰੋਤੇ ਦੇ ਮਨ ਵਿਚ ਕਿਸੇ ਅਜਿਹੀ ਘਟਨਾ ਦਾ ਬਿੰਬ ਪੇਸ਼ ਕਰੇ ਜਿਹੜਾ ਉਸ ਨੂੰ ਅਚੰਭਿਤ/ਭੈ-ਭੀਤ ਕਰ ਦੇਵੇ ਅਤੇ ਅਸਚਰਜਤਾ ਦੇ ਭਾਵ ਉਤਪੰਨ ਹੋਣ ਤਾਂ ਉਸ ਸਮੇਂ ਅਦਭੁੱਤ ਰਸ ਪੇਸ਼ ਹੋਇਆ ਹੁੰਦਾ ਹੈ। ਜਿਵੇਂ ਚੰਡੀ ਦੀ ਵਾਰ ਵਿਚ ਗੁਰੂ ਗੋਬਿੰਦ ਸਿੰਘ ਦੈਂਤਾਂ ਦੇ ਆਕਾਰ ਅਤੇ ਸਰੂਪ ਦੀ ਪੇਸ਼ਕਾਰੀ ਕਰਦੇ ਸਮੇਂ ਜੋ ਵਰਨਣ ਦਿੰਦੇ ਹਨ ਉਸ ਰਾਹੀਂ ਅਦਭੁੱਤ ਰਸ ਉਪਜਦਾ ਹੈ।

**2.9.6. ਵੀਭਤਸ ਰਸ**

ਇਹ ਰਸ ਉਸ ਸਮੇਂ ਉਪਜਦਾ ਹੈ ਜਦੋਂ ਕਿਸੇ ਵਿਅਕਤੀ ਦੇ ਮਨ ਵਿਚ ਘ੍ਰਿਣਾ ਵਾਲੇ ਭਾਵ ਪੈਦਾ ਹੋਣ। ਜਿਸ ਨੂੰ ਪੜ੍ਹ/ਸੁਣ ਕੇ ਮਨ ਵਿਚ ਗਿਲਾਨੀ ਉਪਜੇ ਅਜਿਹੇ ਵਰਨਣ ਵਿਚ ਵੀਭਤਸ ਰਸ ਉਪਜਦਾ ਹੈ। ਅੰਮ੍ਰਿਤਾ ਦੀ ਰਚਨਾ ਵਿਚ ਇਸ ਦੀ ਪੇਸ਼ਕਾਰੀ ਇਸ ਤਰ੍ਹਾਂ ਹੋਈ ਮਿਲਦੀ ਹੈ :

ਕੁਝ ਵੱਡੇ ਕੁਝ ਛੋਟੇ
ਕੁਝ ਕਾਲੇ ਮੂੰਹ ਵਾਲੇ, ਕੁਝ ਚਿੱਟੇ ਮੂੰਹ ਵਾਲੇ।
ਲਹੂ ਲਹੂ ਪੀਂਦੇ, ਮਾਸ ਨੂੰ ਧਰਦੇ
ਮਿੱਟੀ ਨੂੰ ਖਾਂਦੇ, ਮਿੱਟੀ 'ਚੋਂ ਸੂੰਦੇ।

**2.9.7. ਭਿਆਨਕ ਰਸ**

ਜਦੋਂ ਸਾਹਿਤ ਰਾਹੀ ਕਿਸੇ ਵਿਅਕਤੀ ਦੇ ਮਨ ਵਿਚ ਡਰ ਵਾਲੇ ਭਾਵ ਜਾਗਰਿਤ ਹੋਣ ਅਤੇ ਰਚਨਾ ਜਾਂ ਸਾਹਿਤ ਆਪਣੇ ਪਾਤਰਾਂ ਰਾਹੀਂ ਡਰਾਉਣੇ ਦ੍ਰਿਸ਼ ਪੇਸ਼ ਕਰੇ ਤਾਂ ਅਜਿਹੀ ਰਚਨਾ ਨੂੰ ਭਿਆਨਕ ਰਸ ਉਪਜਾਉਣ ਵਾਲੀ ਰਚਨਾ ਕਿਹਾ ਜਾਂਦਾ ਹੈ। ਅਜਿਹੇ ਭਾਵ ਪੰਜਾਬੀ ਕਵਿਤਾ ਵਿਚ ਬਹੁਤ ਖੂਬਸੂਰਤੀ ਨਾਲ ਪੇਸ਼ ਹੋਏ ਮਿਲਦੇ ਹਨ :

ਦੋਹੀਂ ਦਲੀਂ ਮੁਕਾਬਲਾ, ਰਣ ਸੂਰੇ ਗੜਕਣ
ਚੜ੍ਹ ਤੋਪਾਂ ਗੱਛੀ ਢੁੱਕੀਆਂ, ਲੱਖ ਸੰਗਲ ਖੜਕਣ
ਓਹ ਦਾਰੂ ਖਾਦੀਆਂ ਕੋਹਲੀਆਂ, ਮਣ ਗੋਲੇ ਰੜਕਣ
ਓਹ ਦਾਗ ਪਲੀ ਤੇ ਛੱਡਦੀਆਂ, ਵਾਂਗ ਬੱਦਲ ਕੜਕਣ।

**2.9.8. ਹਾਰ ਰਸ**

ਜਦੋਂ ਕੋਈ ਰਚਨਾ ਆਪਣੇ ਪ੍ਰਭਾਵ ਜਾਂ ਵਿਅੰਗ ਰਾਹੀਂ ਹਾਸਾ ਪੈਦਾ ਕਰੇ ਤਾਂ ਅਜਿਹੀ ਰਚਨਾ ਨੂੰ ਹਾਸ-ਰਸ ਦੇ ਭਾਵ ਪੈਦਾ ਕਰਨ ਵਾਲੀ ਰਚਨਾ ਕਿਹਾ ਜਾਂਦਾ ਹੈ। ਹਾਸ-ਰਸ ਨੂੰ ਚਾਰ ਵੰਨਗੀਆਂ ਵਿਚ ਵੰਡ ਕੇ ਪੇਸ਼ ਕੀਤਾ ਜਾਂਦਾ ਹੈ ਸਾਧਾਰਣ ਹਾਸਾ, ਹਾਜ਼ਰ ਜਵਾਬੀ, ਵਿਅੰਗ ਅਤੇ ਵਕ੍ਰੋਕਤੀ। ਸਾਹਿਤ ਵਿਚ ਹਾਸ ਰਸ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਹਾਸ-ਰਸ ਨੂੰ ਆਧਾਰ ਬਣਾ ਕੇ ਵੱਡੇ-ਵੱਡੇ ਕਵੀ ਦਰਬਾਰ ਵੀ ਆਯੋਜਿਤ ਕੀਤੇ ਜਾਂਦੇ ਹਨ। ਜਿਵੇਂ ਪੰਜਾਬੀ ਵਿਚ ਹੀਰ ਦੇ ਕਿੱਸੇ ਨੂੰ ਹਾਸ ਰਸੀ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ :

ਮੈਡਮ, ਕੀ ਆਖਾਂ ਤੈਨੂੰ ਕਿਵੇਂ ਆਖਾਂ ?
ਅੱਜ ਆਖਣ ਦੀ ਪੈ ਗਈ ਲੋੜ ਹੀਰੇ !
ਫ਼ਸਟ ਏਡ ਦੀ ਥਾਂ ਤੂੰ ਰੇਡ ਕੀਤਾ,
ਸਾਡਾ ਹਿੱਲਿਆ ਏ ਜੋੜ ਜੋੜ ਹੀਰੇ !
ਜੇ ਤੂੰ ਖੇੜਿਆ ਬਾਝ ਨਹੀਂ ਰਹਿ ਸਕਦੀ,
ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ !
ਮੇਰੇ ਟੀ ਏ ਤੇ ਡੀ ਏ ਦਾ ਕਰ ਲੇਖਾ,
ਮੈਂ ਨਾ ਮੰਗਦਾ ਲੱਖ ਕਰੋੜ ਹੀਰੇ।

**2.9.9. ਸ਼ਾਂਤ ਰਸ**

ਜਿਸ ਸਾਹਿਤ ਨੂੰ ਪੜ੍ਹ-ਸੁਣ ਕੇ ਮਨ ਨੂੰ ਸ਼ਾਂਤੀ ਆਵੇ ਅਜਿਹੇ ਭਾਵ ਪੈਦਾ ਕਰਨ ਵਾਲੇ ਸਾਹਿਤ ਨੂੰ ਸ਼ਾਂਤ-ਰਸੀ ਸਾਹਿਤ ਕਿਹਾ ਜਾਂਦਾ ਹੈ। ਸਾਰਾ ਅਧਿਆਤਮਵਾਦੀ ਸਾਹਿਤ ਸ਼ਾਂਤ ਰਸ ਉਪਜਾਉਂਦਾ ਹੈ। ਜਿਵੇਂ ਗੁਰਬਾਣੀ

ਦਾ ਨਮੂਨਾ ਪੇਸ਼ ਹੈ :

ਅੰਮ੍ਰਿਤ ਵੇਲਾ ਸਚੁ ਨਾਉਂ ਵਡਿਆਈ ਵੀਚਾਰੁ,
ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ।

ਇਸ ਪ੍ਰਕਾਰ ਰਸ ਸਿਧਾਂਤ ਜਾਂ ਰਸ ਦਾ ਸੰਕਲਪ ਮਨੁੱਖੀ ਮਨ ਵਿਚ ਪਈਆਂ ਵੱਖ-ਵੱਖ ਭਾਵਨਾਵਾਂ ਸਾਹਿਤ ਵਿਚ ਕਿਵੇਂ ਪੇਸ਼ ਹੁੰਦੀਆਂ ਹਨ ਅਤੇ ਪਾਠਕ/ਦਰਸ਼ਕ/ਸਰੋਤੇ ਤੇ ਕੀ ਅਸਰ ਕਰਦੀਆਂ ਹਨ ਇਸ ਨੂੰ ਪੇਸ਼ ਕਰਨ ਲਈ ਸਿਰਜਿਆ ਗਿਆ ਹੈ।

**2.9.10.ਅਲੰਕਾਰ ਤੋਂ ਕੀ ਭਾਵ ਹੈ ?**

ਅਲੰਕਾਰ ਨੂੰ ਸਾਧਾਰਣ ਅਰਥਾਂ ਵਿਚ ਗਹਿਣਾ ਜਾਂ ਭੂਸ਼ਣ ਮੰਨਿਆ ਜਾਂਦਾ ਹੈ। ਜਿਸ ਤਰ੍ਹਾਂ ਸੁੰਦਰ ਇਸਤਰੀ ਦੀ ਖੂਬਸੂਰਤੀ ਵਿਚ ਹੋਰ ਵਾਧਾ ਕਰਨ ਲਈ ਵੱਖ-ਵੱਖ ਗਹਿਣਿਆਂ ਦੀ ਜ਼ਰੂਰਤ ਪੈਂਦੀ ਹੈ ਇਸ ਪ੍ਰਕਾਰ ਦੀ ਸਾਹਿਤ ਅਤੇ ਕਵਿਤਾ ਦੀ ਖੂਬਸੂਰਤੀ ਵਿਚ ਹੋਰ ਵਾਧਾ ਕਰਨ ਲਈ ਅਲੰਕਾਰਾ ਦੀ ਜ਼ਰੂਰਤ ਪੈਂਦੀ ਹੈ। ਅਲੰਕਾਰ ਸਾਹਿਤ ਦੇ ਅਰਥ ਸਪੱਸ਼ਟ ਕਰਨ ਵਿਚ ਪ੍ਰਭਾਵ ਤੀਖਣ ਕਰਨ ਵਿਚ ਅਤੇ ਸਾਹਿੱਤ ਨੂੰ ਰਸਮਈ ਬਣਾਉਣ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਸਾਹਿਤ ਵਿਚ ਅਲੰਕਾਰ ਤਿੰਨ ਪ੍ਰਕਾਰ ਦੇ ਪੇਸ਼ ਹੁੰਦੇ ਹਨ :

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ

ਜਿਸ ਸਮੇਂ ਸਾਹਿਤ ਵਿਚ ਖੂਬਸੂਰਤੀ ਸ਼ਬਦਾਂ ਰਾਹੀਂ ਪੈਦਾ ਕੀਤੀ ਜਾਵੇ ਤਾਂ ਸ਼ਬਦ ਅਲੰਕਾਰ ਬਣਦਾ ਹੈ। ਜਿਵੇਂ :

ਦਰਸਨ ਪਰਸਨ ਸਰਸਨ ਹਰਸਨ
ਰੰਗ ਰੱਤੀ ਕਰਤਾਰੀ ਰੇ।

ਜਿਸ ਸਮੇਂ ਅਰਥ ਰਾਹੀਂ ਖੂਬਸੂਰਤੀ ਪੈਦਾ ਕੀਤੀ ਜਾਵੇ ਤਾਂ ਅਰਥ ਅਲੰਕਾਰ ਹੁੰਦਾ ਹੈ। ਜਿਵੇਂ :

ਚਿੱਟੇ ਦੰਦ ਹੱਸਣੋਂ ਨੀ ਰਹਿੰਦੇ,
ਲੋਕੀ ਭੈੜੇ ਸ਼ੱਕ ਕਰਦੇ।

ਕਈ ਵਾਰ ਸ਼ਬਦ ਅਤੇ ਅਰਥ ਦੋਵਾਂ ਰਾਹੀਂ ਹੀ ਅਲੰਕਾਰ ਪ੍ਰਭਾਵ ਪੇਸ਼ ਕੀਤਾ ਜਾਂਦਾ ਹੈ। ਜਿਵੇਂ :

ਰੋਣਗੇ ਪੱਥਰ ਤਾਂ ਦੇਖੇਗੀ ਦੁਨੀਆਂ,
ਦੇਖੇਗਾ ਕੌਣ ਜੇ ਰੋਏਗਾ ਪਾਣੀ।

ਜਾਂ

ਤੇਰੇ ਦੁੱਧ ਦੇ ਗਿਲਾਸ ਵਿਚ ਮੱਖਣਾ,
ਮੈਂ ਘੁੱਲ ਜਾਵਾਂ ਖੰਡ ਬਣ ਕੇ।

ਇਸ ਪ੍ਰਕਾਰ ਅਲੰਕਾਰ ਕਾਵਿ-ਰੂਪੀ ਸੁੰਦਰੀ ਦਾ ਗਹਿਣਾ ਬਣ ਕੇ ਉਸ ਦੀ ਖੂਬਸੂਰਤੀ ਵਿਚ ਵਾਧਾ ਕਰਦੇ ਹਨ।

**ਅਭਿਆਸ ਵਾਸਤੇ ਪ੍ਰਸ਼ਨ**

1. ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਮੁੱਖ ਸਿਧਾਂਤ ਕਿਹੜੇ ਹਨ ?
2. ਸ਼ਬਦ ਸ਼ਕਤੀਆਂ ਤੋਂ ਕੀ ਭਾਵ ਹੈ ?
3. ਰੂਪਕ ਅਤੇ ਉਪਮਾ ਵਿਚ ਕੀ ਅੰਤਰ ਹੈ ?
4. ਰਸ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
5. ਸਾਧਾਰਨੀਕਰਣ ਦਾ ਸਾਹਿਤ ਵਿਚ ਕੀ ਮਹੱਤਵ ਹੈ ?

## ਕਿਤਾਬਾਂ

1. ਭਾਰਤੀ ਕਾਵਿ ਸ਼ਾਸਤਰ – ਡਾ. ਪ੍ਰੇਮ ਪ੍ਰਕਾਸ਼ ਸਿੰਘ

ਪਾਠ ਨੰ: 1.2

## ਛੰਦ ਦੀ ਪਰਿਭਾਸ਼ਾ ਅਤੇ ਕਿਸਮਾਂ

ਇਸ ਪਾਠ ਦੀ ਰੂਪ-ਰੇਖਾ ਇਸ ਪ੍ਰਕਾਰ ਹੈ :

2.1 ਜਾਣ-ਪਛਾਣ
2.2 ਪਾਠ ਦਾ ਮੰਤਵ
2.3 ਛੰਦ ਕੀ ਹੈ
 2.3.1 ਮਾਤਰਾ
 2.3.2 ਵਰਣ
 2.3.3 ਵਿਸ਼ਰਾਮ
 2.3.4 ਚਰਨ
 2.3.5 ਤੁਕਾਂਤ
2.4 ਛੰਦ ਭੇਦ
 2.4.1 ਮਾਤ੍ਰਿਕ ਛੰਦ
 2.4.2 ਵਰਣਿਕ ਛੰਦ
 2.4.3 ਗਣਿਕ ਛੰਦ
2.5 ਛੰਦ ਦਾ ਮਹੱਤਵ
2.6 ਛੰਦਾਂ ਦੀਆਂ ਕਿਸਮਾਂ ਅਤੇ ਲੱਛਣ
2.7 ਪਾਠ ਦਾ ਸਾਰ
2.8 ਆਪਣੇ ਗਿਆਨ ਦੀ ਪਰਖ ਕਰੋ।
2.9 ਸਹਾਇਕ ਪੁਸਤਕ ਸੂਚੀ

### 2.1 ਜਾਣ-ਪਛਾਣ

ਇਸ ਯੂਨਿਟ ਵਿਚ ਅਸੀਂ ਤੁਹਾਨੂੰ ਛੰਦਾਂ ਅਤੇ ਅਲੰਕਾਰਾਂ ਬਾਰੇ ਜਾਣਕਾਰੀ ਦੇ ਰਹੇ ਹਾਂ। ਕੇਵਲ ਥੋੜ੍ਹੀ ਜਿਹੀ ਮਿਹਨਤ ਨਾਲ ਹੀ ਤੁਸੀਂ ਇਸ ਭਾਗ ਵਿਚੋਂ ਚੰਗੇ ਅੰਕ ਪ੍ਰਾਪਤ ਕਰ ਸਕਦੇ ਹੋ।

### 2.2 ਪਾਠ ਦਾ ਮੰਤਵ

ਇਸ ਪਾਠ ਦਾ ਮੰਤਵ ਕਵਿਤਾ ਦੇ ਜਰੂਰੀ ਤੱਤ ਛੰਦ ਨਾਲ ਜਾਣੂ ਕਰਵਾਉਣਾ ਹੈ। ਕਵਿਤਾ ਵਿੱਚ ਛੰਦ ਦੇ ਮਹੱਤਵ ਬਾਰੇ ਦੱਸਣਾ ਅਤੇ ਛੰਦ ਦੀਆਂ ਕਿਸਮਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦੇਣਾ ਹੈ।

### 2.3 ਛੰਦ ਕੀ ਹੈ

ਛੰਦ ਕਵਿਤਾ ਦਾ ਜ਼ਰੂਰੀ ਤੇ ਮੁੱਢਲਾ ਤੱਤ ਹੈ। ਪੁਰਾਣੇ ਸਾਹਿਤ ਵਿਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਭਾਵੇਂ ਨਵੀਨ ਯੁੱਗ ਵਿਚ, ਛੰਦ-ਮੁਕਤ ਰਚਨਾ ਨੂੰ ਕਵਿਤਾ ਮੰਨ ਲਿਆ ਜਾਂਦਾ ਹੈ। ਪਰੰਤੂ ਫਿਰ ਵੀ ਕਾਵਿ ਦੀ ਸਿਰਜਨਾ ਵਿਚ ਛੰਦ ਦੀ ਮਹੱਤਾ ਅਜੇ ਵੀ ਭਲੀ ਭਾਂਤ ਕਬੂਲ ਕੀਤੀ ਜਾਂਦੀ ਹੈ। ਇਸ ਲਈ ਛੰਦ ਕਵਿਤਾ ਦਾ ਮਹੱਤਵਪੂਰਨ ਅੰਗ ਹੈ।

ਸਾਹਿਤ ਵਿਚ ਛੰਦ ਬਾਰੇ ਮੁੱਢ ਤੋਂ ਵਿਚਾਰ ਹੁੰਦਾ ਆ ਰਿਹਾ ਹੈ। ਭਾਰਤੀ ਸਾਹਿਤ ਵਿਚ ਛੰਦ ਇਕ ਜ਼ਰੂਰੀ ਵਿਦਿਆ ਸੀ ਜਿਸ ਨੂੰ ਪਿੰਗਲ ਸ਼ਾਸਤਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਸੀ। ਛੰਦ ਵਿਦਿਆ ਸੰਬੰਧੀ ਭਾਰਤ ਵਿਚ ਸਭ ਤੋਂ ਪੁਰਾਣਾ ਗ੍ਰੰਥ 'ਛੰਦ ਸੂਤ੍ਰ' ਹੈ ਜਿਸ ਦਾ ਕਰਤਾ ਪਿੰਗਲ ਆਚਾਰਯ ਹੈ। ਫਾਰਸੀ, ਅਰਬੀ ਵਿਚ ਇਸੇ ਵਿਦਿਆ ਨੂੰ ਅਰੂਜ਼ ਕਿਹਾ ਗਿਆ ਹੈ।

ਅੰਗਰੇਜ਼ੀ ਵਿਚ ਛੰਦ ਨੂੰ 'ਮੀਟਰ' (Meter) ਅਤੇ ਛੰਦ ਸ਼ਾਸਤਰ ਨੂੰ ''ਪ੍ਰੋਸੋਡੀ'' (Prosody) ਆਖਿਆ ਜਾਂਦਾ ਹੈ। ਇਸ ਟਾਕਰੇ ਤੋਂ ਇਹ ਭਾਵ ਨਿਕਲਦਾ ਹੈ ਕਿ ਆਲੋਚਨਾ ਦੇ ਇਤਿਹਾਸ ਵਿਚ ਹਰ ਭਾਸ਼ਾ ਦੇ ਸਾਹਿਤ ਨੇ ਛੰਦ ਦੇ ਪੱਖ ਤੋਂ ਕਵਿਤਾ ਦੇ ਰੂਪ ਨੂੰ ਬੜੇ ਗਹੁ ਨਾਲ ਪੜਤਾਲਿਆ ਹੈ। ਇਨ੍ਹਾਂ ਅਰਥਾਂ ਵਿਚ ਕਾਵਿ ਦੀ ਪਰਖ ਵਿਚ ਛੰਦ ਦੀ ਇਕ ਵਿਸ਼ੇਸ਼ ਥਾਂ ਸਿੱਧ ਹੁੰਦੀ ਹੈ।

ਛੰਦ ਕੀ ਹੈ? ਇਸ ਬਾਰੇ ਕਈ ਤਰ੍ਹਾਂ ਦੇ ਖਿਆਲ ਮਿਲਦੇ ਹਨ। ਕਈ ਲੇਖਕਾਂ ਦੇ ਅਨੁਸਾਰ ਛੰਦ ਤੋਂ ਮੁਰਾਦ ਤੁਕਾਂਤ ਦਾ ਸਹੀ ਮੇਲ ਹੀ ਹੈ। ਕਈ ਵਰਣਾਂ ਜਾਂ ਅੱਖਰਾਂ ਦੀ ਖਾਸ ਗਿਣਤੀ ਉੱਤੇ ਹੀ ਜੋਰ ਦੇਂਦੇ ਹਨ। ਕਈ ਹੋਰ ਵਿਦਵਾਨ ਲੈਅ ਜਾਂ ਤੋਲ ਆਦਿ ਨੂੰ ਹੀ ਛੰਦ ਸਵੀਕਾਰ ਕਰਦੇ ਹਨ। ਪਰ ਜੇ ਜ਼ਰਾ ਹੋਰ ਡੂੰਘਾਈ ਨਾਲ ਵਿਚਾਰ ਕਰੀਏ ਤਾਂ ਛੰਦ ਤੋਂ ਭਾਵ ਇਨ੍ਹਾਂ ਸਾਰੀਆਂ ਛੰਦਕ ਵਿਸ਼ੇਸ਼ਤਾਵਾਂ ਦਾ ਇਕ ਸਮੁੱਚਾ ਰੂਪ ਹੀ ਹੈ। ਸਾਰਿਆਂ ਪੱਖਾਂ ਤੋਂ ਵਿਚਾਰਦੇ ਹੋਏ ਅਸੀਂ ਛੰਦ ਦੀ ਪਰਿਭਾਸ਼ਾ ਇਉਂ ਦੇ ਸਕਦੇ ਹਾਂ ਕਿ : "''ਕਵਿਤਾ'' ਵਿਚ ਮਾਤ੍ਰਾ (ਮਾਤ੍ਰਾਵਾਂ), ਵਰਣਾਂ ਨੂੰ ਖਾਸ ਵਿਉਂਤ ਨਾਲ ਜੜ ਕੇ ਵਜਨ, ਤੋਲ, ਪੈਦਾ ਕਰਨਾ ਹੀ ਛੰਦ ਹੈ।"

ਉਪਰੋਕਤ ਪਰਿਭਾਸ਼ਾ ਵਿਚ ਮਾਤ੍ਰਾ ਵਰਣ ਆਦਿ ਸ਼ਬਦ ਆਏ ਹਨ। ਇਨ੍ਹਾਂ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਪ੍ਰਾਪਤ ਕਰਨਾ ਜ਼ਰੂਰੀ ਹੈ ਇਸ ਲਈ ਅਸੀ ਪਹਿਲਾਂ ਇਨ੍ਹਾਂ ਦੀ ਸੰਖੇਪ ਰੂਪ ਵਿਚ ਆਵੱਸ਼ਕ ਵਿਆਖਿਆ ਕਰਾਂਗੇ :-

**2.3.1 ਮਾਤਰਾ**

ਕਿਸੇ ਵਰਣ ਦੇ ਉਚਾਰਣ ਵੇਲੇ ਜਿੰਨਾਂ ਸਮਾਂ ਜਾਂ ਕਾਲ ਲਗਦਾ ਹੈ, ਉਸ ਨੂੰ ਛੰਦਕ ਬੋਲੀ ਵਿਚ 'ਮਾਤ੍ਰਾ' ਆਖਿਆ ਜਾਂਦਾ ਹੈ। ਮਾਤ੍ਰਾ ਦੋ ਕਿਸਮ ਦੀ ਹੁੰਦੀ ਹੈ : (i) ਲਘੂ (ii) ਗੁਰੂ। ਲਘੂ ਦਾ ਭਾਵ ਛੋਟੀ ਹੈ। ਮੁਕਤਾ ਅੱਖਰ ਅਤੇ ਸਿਹਾਰੀ ਤੇ ਔਂਕੜ ਵਾਲੇ ਅੱਖਰ (ਭਾਵ ਵਰਣ) ਦੀ ਲਘੂ ਮਾਤਰਾ ਮੰਨੀ ਜਾਂਦੀ ਹੈ। ਮਿਸਾਲ ਵਜੋਂ 'ਸੁਹਿਰਦ' ਸ਼ਬਦ ਵਿਚ ਆਏ ਸੁ, ਹਿ, ਰ, ਦ, ਅਰਥਾਤ ਹਰੇਕ ਵਰਣ ਦੀ ਲਘੂ ਮਾਤਰਾ ਮੰਨੀ ਜਾਂਦੀ ਹੈ ਅਤੇ ਛੰਦ ਨਿਯਮਾਵਲੀ ਵਿਚ ਲਘੂ ਦੀ ਨਿਸ਼ਾਨੀ ਕੰਨੇ (ਾ) ਵਾਂਗ ਹੁੰਦੀ ਹੈ ਜਿਹੜੀ ਵਰਣਾਂ ਦੇ ਸਿਰਾਂ ਉੱਤੇ ਲਾਈ ਜਾਂਦੀ ਹੈ। ਦੂਜੇ ਪਾਸੇ 'ਗੁਰੂ' ਦਾ ਅਰਥ-ਵੱਡਾ ਹੈ। ਛੰਦ ਵਿਚ ਗੁਰੂ ਦਾ ਅਰਥ ਦੂਹਰੀ, ਦੁਗਣੀ ਜਾਂ ਡਬਲ ਮਾਤ੍ਰਾ ਹੈ। ਜਿਹੜੇ ਵਰਣ ਦੀਰਘ ਹੁੰਦੇ ਹਨ ਉਨ੍ਹਾਂ ਦੀ ਗੁਰੂ ਮਾਤ੍ਰਾ ਮੰਨੀ ਜਾਂਦੀ ਹੈ। ਕੰਨਾਂ, ਬਿਹਾਰੀ, ਦੁਲੈਂਕੜੇ, ਲਾਂ, ਦੁਲਾਂ, ਹੋੜਾ, ਕਨੌੜਾ ਤੇ ਟਿੱਪੀ ਵਾਲੇ ਵਰਣ ਗੁਰੂ ਹੁੰਦੇ ਹਨ। 'ਆਕਾਰ' ਸ਼ਬਦ ਵਿਚ 'ਅ' ਤੇ 'ਕ' ਗੁਰੂ ਹਨ ਪਰੰਤੂ 'ਰ' ਲਘੂ ਹੈ। ਗੁਰੂ ਦੀ ਨਿਸ਼ਾਨੀ 'S' ਹੈ ਜੋ ਅੰਗਰੇਜ਼ੀ ਅੱਖਰ (S) ਵਰਗੀ ਹੁੰਦੀ ਹੈ ਅਤੇ ਜਿਹੜੀ ਲਿਖਣ ਵੇਲੇ ਅੱਖਰਾਂ ਦੇ ਸਿਰਾਂ ਉੱਤੇ ਲਾ ਦਿੱਤੀ ਜਾਂਦੀ ਹੈ। ਇਉਂ ਲਘੂ ਦੀ ਇਕ ਮਾਤ੍ਰਾ ਅਤੇ ਗੁਰੂ ਦੀਆਂ ਦੋ ਮਾਤ੍ਰਾਵਾਂ ਹੁੰਦੀਆਂ ਹਨ। ਸੰਸਕ੍ਰਿਤ ਵਰਗੀਆਂ ਗੁਟਵੀਆਂ ਬੋਲੀਆਂ ਦੇ ਛੰਦਾਂ ਵਿਚ ਉਨ੍ਹਾਂ ਮੁਕਤੇ ਤੇ ਸਿਹਾਰੀ-ਔਂਕੜ ਵਾਲੇ ਵਰਣਾਂ ਨੂੰ ਵੀ ਗੁਰੂ ਮੰਨਿਆ ਜਾਂਦਾ ਹੈ ਜਿਨ੍ਹਾਂ ਤੋਂ ਇਕਦਮ ਬਾਦ ਸੰਜੁਗਤ ਅੱਖਰ ਹੁੰਦੇ ਹਨ। ਪਰੰਤੂ ਪੰਜਾਬੀ ਵਿਚ ਇਹ ਨਿਯਮ ਲਾਗੂ ਨਹੀਂ ਹੋ ਸਕਦਾ।

ਨੋਟ : (1) ਜੇ ਲਘੂ ਅੱਖਰ ਨਾਲ ਅੱਧਕ ( ੱ ) ਜਾਂ ਟਿੱਪੀ ( ੰ ) ਲਗੀ ਹੋਵੇ ਤਾਂ ਉਹ ਗੁਰੂ ਹੋ ਜਾਂਦੀ ਹੈ, ਜਿਵੇਂ ਅੱਖ, ਸਿੰਗ ਤੇ ਘੁੰਡ ਦੇ ਪਹਿਲੇ ਅੱਖਰ ਗੁਰੂ ਹਨ ਤੇ ਹਰੇਕ ਸ਼ਬਦ ਤਿੰਨਾਂ ਤਿੰਨਾਂ ਮਾਤ੍ਰਾਵਾਂ ਦਾ ਹੈ।

(2) ਦੁੱਤ ਅੱਖਰ ਭਾਵੇਂ ਦੋਹਾਂ ਅੱਖਰਾਂ ਤੋਂ ਮਿਲਕੇ ਬਣਿਆ ਹੁੰਦਾ ਹੈ ਪਰ ਗਿਣਤੀ ਕਰਨ ਵੇਲੇ ਇਕੱਲਾ ਅੱਖਰ ਹੀ ਸਮਝਿਆ ਜਾਂਦਾ ਹੈ, 'ਪ੍ਰੇਮ', 'ਦੈਂਤ' ਤੇ 'ਪੜ੍ਹ' ਸਾਰੇ ਦੁਅੱਖਰੇ ਸ਼ਬਦ ਹਨ, ਜਿਸ ਵਿਚੋਂ 'ਪੜ੍ਹ' ਦੋ ਮਾਤ੍ਰਾਵਾਂ ਦਾ ਅਤੇ, 'ਪ੍ਰੇਮ', 'ਦੈਂਤ' ਤਿੰਨਾਂ ਤਿੰਨਾਂ ਦੇ ਹਨ।

(3) ਸਿਹਾਰੀ, ਔਂਕੜ ਅਤੇ ਬਿੰਦੀ ਦੀ ਕੋਈ ਮਾਤ੍ਰਾ ਨਹੀ ਗਿਣੀ ਜਾਂਦੀ।

**2.3.2 ਵਰਣ**

ਛੰਦ ਦੀ ਬੋਲੀ ਵਿਚ ਕ, ਖ, ਗ, ਘ, ਆਦਿ ਅੱਖਰਾਂ ਨੂੰ ਹੀ ਵਰਣ ਕਿਹਾ ਜਾਂਦਾ ਹੈ। ਵਰਣਕ ਛੰਦਾਂ ਵਿਚ ਵਰਣ ਦੀ ਹੀ ਗਿਣਤੀ ਪ੍ਰਧਾਨ ਹੁੰਦੀ ਹੈ, ਮਾਤ੍ਰਾ ਦਾ ਖਿਆਲ ਨਹੀਂ ਰੱਖਿਆ ਜਾਂਦਾ। ਜਦੋਂ ਕ, ਖ ਆਦਿਕ ਧੁਨੀਆਂ ਬੋਲਣ ਵਿਚ ਆਉਂਦੀਆਂ ਹਨ, ਉਨ੍ਹਾਂ ਨੂੰ 'ਅੱਖਰ' ਕਿਹਾ ਜਾਂਦਾ ਹੈ, ਪਰ ਜਦੋਂ ਲਿਖਤੀ ਰੂਪ ਵਿਚ ਵਿਅਕਤ ਹੁੰਦੀਆਂ ਹਨ ਤਾਂ ਉਨ੍ਹਾਂ ਵਰਣ ਆਖਿਆ ਜਾਂਦਾ ਹੈ, ਵਰਣ ਦੋ ਤਰ੍ਹਾਂ ਦੇ ਹੁੰਦੇ ਹਨ : ਹ੍ਰਸਵ ਤੇ ਦੀਰਘ। ਛੰਦ ਸ਼ਾਸਤਰ ਵਿਚ ਉਨ੍ਹਾਂ ਲਈ ਤਰਤੀਬ-ਬਾਰ ਲਘੂ ਤੇ ਗੁਰੂ ਖਾਸ ਸ਼ਬਦ ਵਰਤੇ ਜਾਂਦੇ ਹਨ।

**2.3.3 ਵਿਸ਼ਰਾਮ**

ਛੰਦ ਵਿਚ ਸਤਰਾਂ ਦੇ ਵਿਚਾਲੇ ਅੰਤ ਉੱਤੇ ਜਿਹੜਾ ਠਹਿਰਾਉ ਹੁੰਦਾ ਹੈ ਉਸ 'ਵਿਸ਼ਰਾਮ' ਆਖਦੇ ਹਨ। ਵਿਸ਼ਰਾਮ 'ਵਿਰਾਮ' ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਦਾ ਨਾਂ 'Pause' ਹੈ। ਛੰਦ ਵਿਚ ਉਸ ਦੀ ਲੰਬਾਈ ਮੁਤਾਬਕ ਦੋ, ਚਾਰ ਜਾਂ ਇਸ ਤੋਂ

ਵੱਧ ਵਿਸ਼ਰਾਮ ਹੁੰਦੇ ਹਨ।

**2.3.4 ਚਰਨ**

ਕਵਿਤਾ ਨੂੰ ਪੜ੍ਹਨ ਸਮੇਂ ਸਤਰ ਦਾ ਜਿਹੜਾ ਭਾਗ ਇਕੋ ਸਾਹ ਨਾਲ ਲਗਾਤਾਰ ਪੜ੍ਹਿਆ ਜਾਂਦਾ ਹੈ ਉਹ ਚਰਨ ਹੈ। ਮਿਸਾਲ ਵਜੋਂ ""ਸਗਲ ਦੁਆਰ ਕਉ ਛਾਡਿ ਕੈ ਗਹਿਉ ਤੁਹਾਰੋ ਦੁਆਰ"" ਵਿਚ ਦੋ ਚਰਨ ਹਨ। ਪਹਿਲਾ ਚਰਨ "ਸਗਲ ਦੁਆਰ ਕੋ ਛਾਡਿ ਕੈ" ਤੱਕ ਅਤੇ ਦੂਜਾ ਚਰਨ ਸਤਰ ਦੇ ਅੰਤ ਤੱਕ। ਇਉਂ ਇਸ ਪੰਕਤੀ ਦੇ ਦੋ ਚਰਨ ਹਨ।

**2.3.5 ਤੁਕਾਂਤ**

ਤੁਕਾਂਤ ਨੂੰ ਅੰਤ-ਅਨੁਪ੍ਰਾਸ ਆਖਦੇ ਹਨ। ਛੰਦ ਵਿਚ ਜਦੋਂ ਦੋ ਤੁਕਾਂ ਅਰਥਾਤ ਦੋ ਸਤਰਾਂ ਦੇ ਅਖੀਰ ਤੇ ਇਕੋ ਜਿਹੇ ਵਰਨ ਜਾਂ ਤੁਕਾਂਤ ਮੇਲ ਖਾਂਦੇ ਹੋਣ, ਭਾਵ ਉਨ੍ਹਾਂ ਹੀ ਵਰਨਾਂ ਦੁਹਰਾਇਆ ਗਿਆ ਹੋਵੇ ਤਾਂ ਉਸ ਤੁਕਾਂਤ ਮੇਲ ਕਿਹਾ ਜਾਂਦਾ ਹੈ। ਤੁਕਾਂਤ ਨਾਲ ਇਕ ਤਰ੍ਹਾਂ ਦਾ ਲੈਅ ਸੰਗੀਤ ਉਤਪੰਨ ਹੋ ਜਾਂਦਾ ਹੈ ਅਤੇ ਇਕੋ ਜਿਹੀ ਧੁਨੀ ਪੈਦਾ ਹੁੰਦੀ ਹੈ। ਪੜ੍ਹਨ ਵੇਲੇ ਭਾਰੀ ਸੌਖ ਹੁੰਦੀ ਹੈ। ਚਲ ਰਹੇ ਖਿਆਲ ਦੀ ਸਮਾਪਤੀ ਵੀ ਏਥੇ ਸਹਿਜੇ ਹੋ ਜਾਂਦੀ ਹੇ। ਤੁਕਾਂਤ-ਮੇਲ ਦਾ ਅਸਲੀ ਮਨੋਰਥ ਸੰਗੀਤਕ ਲੈਅ ਉਜਾਗਰ ਕਰਨਾ ਹੈ।

**2.4 ਛੰਦ ਭੇਦ**

ਉਪਰੋਕਤ ਚਰਚਾ ਤੋਂ ਬਾਅਦ ਇਹ ਸਵਾਲ ਵੀ ਵਿਚਾਰਨ ਦੇ ਯੋਗ ਹੈ ਕਿ ਛੰਦ ਦੇ ਮੁੱਖ ਕਿੰਨੇ ਭੇਦ ਜਾਂ ਕਿਸਮਾਂ ਹਨ। ਛੰਦ ਦੇ ਮੁੱਖ ਤੌਰ ਤੇ ਤਿੰਨ ਭੇਦ ਜਾਂ ਕਿਸਮਾਂ ਹਨ :–

1. ਮਾਤ੍ਰਿਕ ਛੰਦ
2. ਵਰਨਿਕ ਛੰਦ
3. ਗਣਿਕ ਛੰਦ

**2.4.1 ਮਾਤ੍ਰਿਕ ਛੰਦ**

ਜਿਹੜੇ ਛੰਦਾਂ ਵਿਚ ਕੇਵਲ ਮਾਤ੍ਰਾਵਾਂ ਦੀ ਗਿਣਤੀ ਹੀ ਪ੍ਰਧਾਨ ਰਖੀ ਜਾਵੇ ਉਹ ਛੰਦ ਮਾਤ੍ਰਿਕ ਹੁੰਦੇ ਹਨ। ਇਹਨਾਂ ਮਾਤ੍ਰਿਕ ਛੰਦਾਂ ਵਿਚ ਵਰਣਾਂ ਦੀ ਗਿਣਤੀ ਅਸਮਾਨ ਹੋ ਸਕਦੀ ਹੈ, ਪਰੰਤੂ ਉਨ੍ਹਾਂ ਵਿਚ ਆਈਆਂ ਲਘੂ-ਗੁਰੂ ਮਾਤਰਾਵਾਂ ਨਿਯਮਾਂ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਇਹਨਾਂ ਛੰਦਾਂ ਦੀ ਚਾਲ ਬੜੀ ਖੁਲੀ ਤੇ ਮੁਕਤ ਹੁੰਦੀ ਹੈ। ਇਸ ਕਰਕੇ ਮਾਤ੍ਰਿਕ ਛੰਦਾਂ ਵਿਚ ਸੰਗੀਤ ਦੇ ਤੱਤ ਵਧੇਰੇ ਹਨ। ਚੌਪਾਈ ਤੇ ਸੋਰਠਾ ਆਦਿ ਅਜੇਹੇ ਹੀ ਛੰਦ ਹਨ।

**2.4.2 ਵਰਣਕ ਛੰਦ**

ਕੇਵਲ ਵਰਣਾਂ ਦੀ ਗਿਣਤੀ ਨੂੰ ਸਾਮ੍ਹਣੇ ਰੱਖ ਕੇ ਜਿਹੜੇ ਛੰਦ ਰਚੇ ਜਾਂਦੇ ਹਨ ਉਹਨਾਂ ਨੂੰ ਵਰਣਕ ਛੰਦ ਕਿਹਾ ਜਾਂਦਾ ਹੈ। ਇਨ੍ਹਾਂ ਛੰਦਾਂ ਵਿਚ ਗੁਰੂ ਲਘੂ ਦੀ ਤਰਤੀਬ ਕੋਈ ਨਿਸ਼ਚਿਤ ਨਹੀਂ ਹੁੰਦੀ ਸਿਰਫ ਵਰਣਾਂ ਦੀ ਗਿਣਤੀ ਹੁੰਦੀ ਹੈ। ਪੰਜਾਬੀ ਤੇ ਹਿੰਦੀ ਦਾ ਪ੍ਰਸਿੱਧ ਛੰਦ "ਕਬਿਤ" ਵਰਣਕ ਛੰਦ ਦਾ ਨਮੂਨਾ ਹੈ।

**2.4.3 ਗਣਿਕ ਛੰਦ**

ਇਸ ਛੰਦ ਦੀ ਰਚਨਾ ਗੁਣਾਂ ਦੇ ਸੁਮੇਲ ਰਾਹੀਂ ਹੁੰਦੀ ਹੈ। ਗੁਣ ਅੱਠ ਪ੍ਰਕਾਰ ਦੇ ਹਨ :- ਯਗਣ, ਮਗਣ, ਤਗਣ, ਰਗਣ, ਜਗਣ, ਭਗਣ, ਨਗਣ, ਸਗਣ।

**2.5 ਕਵਿਤਾ ਵਿਚ ਛੰਦ ਦਾ ਮਹੱਤਵ**

ਕਵਿਤਾ ਵਿਚ ਛੰਦ ਦਾ ਬੜਾ ਮਹੱਤਵ ਹੈ। ਇਹ ਮਹੱਤਵ ਕਈ ਪੱਖਾਂ ਤੋਂ ਵੇਖਿਆ ਜਾ ਸਕਦਾ ਹੈ। ਕਵਿਤਾ ਕਿਉਂਕਿ ਕੋਮਲ ਕਲਾ ਹੈ ਇਸ ਲਈ ਕਵਿਤਾ ਦੇ ਪ੍ਰਭਾਵ ਤੇ ਸੁੰਦਰਤਾ ਪੈਦਾ ਕਰਨ ਲਈ ਕੋਮਲ ਜੁਗਤੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਹਨਾਂ ਜੁਗਤੀਆਂ ਵਿਚ ਕਵਿਤਾ ਦੀ ਬੋਲੀ, ਅਲੰਕਾਰ, ਚਿੰਨ੍ਹ, ਬਿੰਬ ਆਦਿ ਗਿਣੇ ਜਾ ਸਕਦੇ ਹਨ, ਪਰੰਤੂ ਛੰਦ ਦੀ ਵਰਤੋਂ ਖਾਸ ਤੌਰ ਤੇ ਲਾਭਦਾਇਕ ਜੁਗਤੀ ਹੈ। ਕਵਿਤਾ ਵਿਚ ਛੰਦ ਦੇ ਕਈ ਲਾਭ ਅਤੇ ਕਈ ਮੰਤਵ ਹਨ ਜਿਨ੍ਹਾਂ ਮੋਟੇ ਤੌਰ ਤੇ ਅੱਗੇ ਲਿਖੇ ਅਨੁਸਾਰ ਵੰਡ ਸਕਦੇ ਹਾਂ :

1. ਛੰਦ ਕਵਿਤਾ ਦੇ ਭਾਵਾਂ ਤੇ ਖਿਆਲਾਂ ਨੂੰ ਵਧੇਰੇ ਸਪੱਸ਼ਟ ਤੇ ਤੀਬਰ ਕਰਦੇ ਹਨ।
2. ਭਾਵਾਂ ਤੇ ਵਿਚਾਰਾਂ ਨੂੰ ਇਕ ਲੜੀ ਵਿਚ ਪਰੋਂਦੇ ਹਨ।
3. ਕਵਿਤਾ ਨੂੰ ਤਾਜ਼ਗੀ ਬਖਸ਼ਦੇ ਹਨ।

4. ਕਵਿਤਾ ਵਿਚ ਸੋਹਜ ਸੌਂਦਰਯ ਉਤਪੰਨ ਕਰਦੇ ਹਨ।
5. ਕਵਿਤਾ ਦਾ ਪ੍ਰਭਾਵ ਵਧਾਉਂਦੇ ਹਨ।
6. ਕਵਿਤਾ ਦੇ ਰਸ 'ਚ ਵਾਧਾ ਕਰਦੇ ਹਨ।
7. ਕਵੀ ਤੇ ਸਰੋਤੇ ਜਾਂ ਪਾਠਕ ਵਿਚ ਇਕਸਾਰ ਸੁਖਾਵਾਂ ਸੰਬੰਧ ਸਥਾਪਤ ਕਰਦੇ ਹਨ।
8. ਕਵੀ ਦੀ ਸ਼ਖਸ਼ੀਅਤ ਚਮਕਾਉਂਦੇ ਹਨ।

1. ਜਿਥੋਂ ਤਕ ਭਾਵਾਂ ਦੀ ਸ਼ਪੱਸ਼ਟਤਾ ਦੀ ਗੱਲ ਹੈ, ਇਸ ਪੱਖ ਤੋਂ ਇਹ ਬੜੇ ਸਹਾਇਕ ਹੁੰਦੇ ਹਨ। ਪਰ ਕਵਿਤਾ ਦਾ ਆਪਣਾ ਇਕ ਕੇਂਦਰੀ ਭਾਵ ਹੁੰਦਾ ਹੈ। ਕਵੀ ਉਸ ਭਾਵ ਨੂੰ ਪਛਾਣਦਾ ਹੈ। ਉਹ ਇਸ ਭਾਵ ਦੇ ਅਨੁਸਾਰ ਛੰਦਾਂ ਦੀ ਵਰਤੋਂ ਕਰਦਾ ਹੈ। ਉੱਤਮ ਭਾਂਤ ਦਾ ਕਵੀ ਹੀ ਭਾਵਾਂ ਦੇ ਅਨੁਸਾਰ ਛੰਦ ਦੀ ਵਰਤੋਂ ਕਰਦਾ ਹੈ। ਕਵਿਤਾ ਦੇ ਭਾਵਾਂ ਦੇ ਅਨੁਸਾਰ ਵਰਤੇ ਹੋਏ ਛੰਦ ਕਵਿਤਾ ਵਿਚ ਸਮੋਏ ਖਿਆਲਾਂ ਦਾ ਬੜੇ ਸਪੱਸ਼ਟ ਤਰੀਕੇ ਨਾਲ ਪ੍ਰਗਟਾਉ ਕਰਦੇ ਹਨ। ਬਿਰਹੋਂ (ਵਿਛੋੜੇ) ਵਰਗੇ ਤਿੱਖੇ ਭਾਵਾਂ ਲਈ ਛੋਟੇ ਛੋਟੇ ਛੰਦ ਪਰ ਘਟਨਾਵਾਂ ਦੇ ਵਰਨਣ ਕਰਨ ਲਈ ਵੱਡੇ ਛੰਦ ਵਰਤਣੇ ਉਚਿਤ ਹਨ।

2. ਛੰਦ ਕਵਿਤਾ ਵਿਚ ਕਵੀ ਦੇ ਖਿਆਲਾਂ, ਵਿਚਾਰਾਂ ਤੇ ਮਨੋਭਾਵਾਂ ਵਿਚ ਇਕਸੁਰਤਾ ਜਾਂ ਇਕ ਲੜੀਵਾਰ ਤਰਤੀਬ ਪੈਦਾ ਕਰਦੇ ਹਨ। ਕਵੀ ਦੇ ਹਿਰਦੇ ਵਿਚ ਸੈਂਕੜੇ ਭਾਵ ਹੁੰਦੇ ਹਨ। ਉਹ ਸਾਰਿਆਂ ਭਾਵਾਂ ਨੂੰ ਇਕੋ ਵਾਰ ਉਜਾਗਰ ਨਹੀਂ ਕਰਦੇ। ਅਜੇਹਾ ਕਰਨ ਨਾਲ ਉਹ ਉਘੜੀ ਦੁਘੜੀ ਸ਼ਕਲ ਵਿਚ ਰੂਪਮਾਨ ਹੋਣਗੇ ਜਦ ਕਿ ਕਵੀ ਇਨ੍ਹਾਂ ਬਿਖਰੇ ਹੋਏ ਭਾਵਾਂ ਛੰਦ ਦੇ ਚੋਖਟੇ ਵਿਚ ਤਰਤੀਬ ਰਾਹੀ ਪੇਸ਼ ਕਰਦਾ ਹੈ।

3. ਆਮ ਛੰਦ-ਹੀਨ ਰਚਨਾ ਨਾਲੋਂ ਛੰਦ-ਬੱਧ ਰਚਨਾ ਵਧੇਰੇ ਪ੍ਰੇਰਨਾ ਦਾਇਕ ਹੁੰਦੀ ਹੈ। ਅਜਿਹੀ ਰਚਨਾ ਸਾਡੇ ਤੇ ਵਧੇਰੇ ਪ੍ਰਭਾਵ ਪਾਉਂਦੀ ਹੈ। ਜ਼ਿੰਦਗੀ ਵਿਚ ਚੇਤਨਾ ਜਿੰਨੀ ਛੰਦ-ਬੰਧ ਕਾਵਿ ਰਚਨਾ ਨਾਲ ਆ ਸਕਦੀ ਹੈ ਉਹ ਸ਼ਾਇਦ ਕਿਸੇ ਹੋਰ ਯਤਨ ਨਾਲ ਨਹੀ। ਇਸ ਲਈ ਛੰਦ ਕਵਿਤਾ ਵਿਚ ਤਾਜ਼ਗੀ ਭਰਦੇ ਹਨ।

4. ਕਵਿਤਾ ਵਿਚ ਨਿਰਮਲ ਸੁਹਜ ਤੇ ਨਿਰਾਲੀ ਸੁੰਦਰਤਾ ਹੁੰਦੀ ਹੈ। ਇਸ ਸੁਹਜ-ਸੁਆਦ ਤੇ ਸੁੰਦਰਤਾ ਦਾ ਸਿਹਰਾ ਵੀ ਛੰਦ ਨੂੰ ਹੀ ਜਾਂਦਾ ਹੈ। ਕਾਵਿ-ਰਚਨਾ ਵਿਚ ਇਕ ਲੈਅ ਹੁੰਦੀ ਹੈ ਜੋ ਛੰਦਾਂ ਰਾਹੀ ਆ ਸਕਦੀ ਹੈ। ਇਉਂ ਕਵਿਤਾ ਦੀ ਸੁਹਜ ਸੁੰਦਰਤਾ ਛੰਦ ਦਾ ਹੀ ਸਿੱਟਾ ਹੈ।

5. ਛੰਦ ਕਵਿਤਾ ਨੂੰ ਪ੍ਰਭਾਵਸ਼ਾਲੀ ਤੇ ਅਸਰਦਾਇਕ ਬਣਾਉਂਦੇ ਹਨ। ਕਲਾ ਪ੍ਰਗਟਾਉ ਦੇ ਪ੍ਰਭਾਵ ਦਾ ਸਿਹਰਾ ਛੰਦ ਨੂੰਹੀ ਜਾਂਦਾ ਹੈ। ਛੰਦਾਂ ਵਿਚ ਮਾਤਰਾਵਾਂ ਤੇ ਵਰਣਾਂ ਦਾ ਖਾਸ ਖਿਆਲ ਰਖਿਆ ਜਾਂਦਾ ਹੈ। ਵਰਣਾਂ ਤੇ ਮਾਤ੍ਰਾਵਾਂ ਦੇ ਨਿਯਮ ਹੀ ਖਾਸ ਪ੍ਰਭਾਵ ਪੈਦਾ ਕਰਨ ਵਿਚ ਸਮਰਥ ਹੁੰਦੇ ਹਨ। ਮਾਤ੍ਰਾਵਾਂ ਦੇ ਪ੍ਰਯੋਗ ਅਨੁਸਾਰ ਉਚਾਰਣ ਹੁੰਦਾ ਹੈ ਅਤੇ ਉਚਾਰਣ ਵਿਚੋਂ ਪ੍ਰਭਾਵ ਤੇ ਅਸਰ ਪੈਦਾ ਹੁੰਦਾ ਹੈ। ਇਸ ਤਰ੍ਹਾਂ ਛੰਦ ਕਵਿਤਾ ਤੇ ਪ੍ਰਭਾਵ ਵਧਾਉਂਦੇ ਹਨ।

6. ਕਵਿਤਾ ਦਾ ਆਪਣਾ ਸੁਹਜ ਸੁਆਦ ਹੁੰਦਾ ਹੈ। ਇਹੋ ਸੁਹਜ-ਸੁਆਦ ਕਾਵਿ ਦਾ ਰਸ ਹੁੰਦਾ ਹੈ। ਰਸ ਦੀ ਨੀਂਦ ਮਨੋਭਾਵ ਹੁੰਦੇ ਹਨ ਅਤੇ ਛੰਦ ਉਹਨਾਂ ਭਾਵਾਂ ਨੂੰ ਜਗਾਉਣ ਅਤੇ ਤਿਖੇਰੇ ਰੂਪ ਵਿਚ ਪ੍ਰਗਟ ਕਰਨ ਵਿਚ ਸਹਾਇਤਾ ਕਰਦੇ ਹਨ। ਭਾਵ ਜਦੋਂ ਤੀਬਰ ਹੋ ਕੇ ਕਵਿਤਾ ਦੇ ਵਾਯੂ-ਮੰਡਲ ਵਿਚ ਪਸਰਦੇ ਹਨ ਤਾਂ ਸੰਚਾਰ ਹੁੰਦਾ ਹੈ। ਇਹ ਕਵਿਤਾ ਦਾ ਰਸ ਜਾਂ ਸੁਹਜ-ਸੁਆਦ ਹੈ।

7. ਛੰਦ ਕਵੀ ਅਤੇ ਪਾਠਕ ਵਿਚਾਲੇ ਕੜੀਆਂ ਹਨ। ਛੰਦ ਕਵੀ ਦੇ ਦਿਲੀ ਭਾਵਾਂ ਤੇ ਅਹਿਸਾਸਾਂ ਨੂੰ ਸਾਕਾਰ ਕਰਦੇ ਹਨ। ਉਹ ਅੱਗੇ ਜਾ ਕੇ ਪਾਠਕਾਂ ਦੇ ਦਿਲਾਂ ਵਿਚ ਘਰ ਕਰ ਲੈਂਦੇ ਹਨ। ਕਵੀ ਦੇ ਮਨੋਰਥ ਨੂੰ ਤੇਜ਼ੀ ਨਾਲ ਪਾਠਕ ਦੇ ਮਨ ਵਿਚ ਉਤਾਰ ਦੇਣਾ ਛੰਦ ਦਾ ਹੀ ਚਮਤਕਾਰ ਹੈ। ਸੱਚਮੁਚ ਛੰਦ ਤੇ ਪਾਠਕਾਂ ਦਾ ਸੁਖਾਵਾਂ ਸੰਬੰਧ ਹੈ।

8. ਕਵਿਤਾ ਕਵੀ ਦੀ ਸ਼ਖਸੀਅਤ ਦਾ ਪ੍ਰਤੀਬਿੰਬ ਹੈ। ਕਵੀ ਦੀ ਸਖਸ਼ੀਅਤ ਦਾ ਅਕਸ਼ ਛੰਦਾਂ ਦੇ ਅਧਿਐਨ ਤੋਂ ਭਲੀ ਭਾਂਤ ਪਛਾਣਿਆ ਜਾਂਦਾ ਹੈ। ਕਵੀ ਆਪਣੇ ਸਖਸ਼ੀ ਗੁਣਾਂ ਦੇ ਅਨੁਕੂਲ ਛੰਦ ਚੁਣਦਾ ਹੈ। ਮਹਾਨ ਸ਼ਖ਼ਸ਼ੀਅਤ ਵਾਲਾ ਕਵੀ ਆਪਣੇ ਮਨੋਰਥਾਂ ਅਨੁਸਾਰ ਛੰਦਾਂ ਇਸ ਤਰ੍ਹਾਂ ਢਾਲ ਕੇ ਵਰਤਦਾ ਹੈ ਕਿ ਉਸ ਦੀ ਸ਼ਖਸ਼ੀਅਤ ਦੇ ਸਾਫ ਸਾਫ ਦਰਸ਼ਨ ਹੋ ਜਾਂਦੇ ਹਨ। ਇਸ ਤਰ੍ਹਾਂ ਸਾਹਿਤਕਾਰ ਦੀ ਸ਼ਖਸੀਅਤ ਅਤੇ ਛੰਦ ਦਾ ਆਪਸੀ ਸੰਬੰਧ ਹੁੰਦਾ ਹੈ।

## 2.6 ਛੰਦਾਂ ਦੀਆਂ ਕਿਸਮਾਂ ਅਤੇ ਲੱਛਣ

**ਅੜਿੱਲ** : ਚਾਰ ਚਰਣਾਂ ਵਾਲਾ ਇੱਕ ਮਾਤ੍ਰਿਕ ਛੰਦ ਹੈ ਜਿਸ ਦਾ ਹਰ ਚਰਣ ਸੋਲ੍ਹਾਂ ਮਾਤ੍ਰਾਵਾਂ ਦਾ ਹੁੰਦਾ ਹੈ ਅਤੇ ਹਰ ਚਰਣ ਦੇ ਅੰਤ ਵਿੱਚ ਸਦਾ ਭਗਵ (ਸ।) ਆਉਂਦਾ ਹੈ :-

ਸ।

ਡੋਲਤ ਜਹਿ ਤਹਿ ਪੁਰਖ ਅਪਾਵਨ।
ਲਾਗਤ ਕਤਹਿ ਧਰਮ ਕੋ ਦਾਵਨ।
ਅਰਥਹਿ ਛਾਡ ਅਨਰਥ ਬਤਾਵਤ।
ਧਰਮ ਕਰਮ ਚਿਤ ਏਕ ਨਾ ਲਾਵਤ। ("ਦਸਮ ਗ੍ਰੰਥ" ਕਾਲਕੀ ਅਵਤਾਰ)

ਅੜਿੱਲ ਦਾ ਦੂਜਾ ਰੂਪ ਉਹ ਹੈ ਜਿਸ ਵਿੱਚ ਸੋਲ੍ਹਾਂ ਮਾਤ੍ਰਾਂਵਾਂ ਹੀ ਹੁੰਦੀਆਂ ਹਨ। ਪ੍ਰੰਤੂ ਹਰ ਚਰਣ ਦੇ ਅੰਤ ਵਿੱਚ ਭਗਵ ਦੀ ਥਾਂ ਤੇ ਯਗਵ (।SS) ਹੁੰਦਾ ਹੈ।

ਗੁਰੂ ਨਾਨਕ ਸਿਕਸ਼ਾ ਮਨ ਧਾਰੋ।
ਗੁਰੁਜਨ ਕੀ ਰੀਤੀ ਨ ਵਿਸਾਰੋ।
ਕਹਿ ਹਰ ਵਾਕ ਕਦੀ ਨਹਿ ਹਾਰੋ।
ਸਤਯ ਧਰਮ ਜਰਾ ਮੇ ਪਰਿਚਾਰੋ।

**ਦੋਹਿਰਾ** : ਇਕ ਇਕ ਅਰਥ-ਸਮ ਮਾਤ੍ਰਿਕ ਛੰਦ ਹੈ। ਇਸ ਦੀ ਕਾਵਿ ਵਿੱਚ ਵਰਤੋਂ ਅਪਭ੍ਰੰਸ਼ ਸਾਹਿਤ ਤੋਂ ਸੁਰੂ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਅਧਿਕ ਸ਼ਲੋਕ ਇਸੇ ਤੋਲ ਦੇ ਹਨ।

**ਲੱਛਣ** : ਇਸ ਛੰਦ ਵਿੱਚ ਦੋ ਚਰਣ ਹੁੰਦੇ ਹਨ। ਹਰ ਚਰਣ ਵਿੱਚ ਦੋ ਪਦ, 24 ਮਾਤ੍ਰਾਵਾਂ ਅਤੇ 13, ।। ਉੱਤੇ ਬਿਸ਼ਰਾਮ, ਤੁਕ ਦੇ ਅੰਤ ਉੱਤੇ ਗੁਰੂ (S) ਲਘੂ (।) ਹੁੰਦਾ ਹੈ।

**ਉਦਾਹਰਣ** :

ਪੂਰਾ ਪ੍ਰਭੂ ਆਰਾਧਿਆ, ਪੂਰਾ ਜਾ ਕਾ ਨਾਉ।
ਨਾਨਕ ਪੂਰਾ ਪਾਇਆ, ਪੂਰੇ ਕੇ ਗੁਣ ਗਾਉ।

ਇੱਥੇ ਹਰ ਪਹਿਲੇ ਅਤੇ ਤੀਜੇ ਪਦ ਵਿੱਚ 13, 13 ਮਾਤ੍ਰਾਵਾਂ ਹਨ ਅਤੇ ਦੂਜੇ ਅਤੇ ਚੌਥੇ ਵਿੱਚ 11, 11 ਮਾਤ੍ਰਾਵਾਂ। ਦੋਹਾਂ ਤੁਕਾਂ ਦੇ ਅੰਤ ਵਿੱਚ ਗੁਰੂ ਅਤੇ ਲਘੂ ਆਏ ਹਨ।

**ਡਿਉਢ** : ਇਹ ਮਾਤ੍ਰਿਕ ਛੰਦ ਹੈ ਸ਼ਿਗਾਰ ਰਸ ਦੇ ਸੰਯੋਗ ਅਤੇ ਵਿਯੋਗ ਦੋਹਾਂ ਪੱਖਾਂ ਨੂੰ ਇਸ ਛੰਦ ਰਾਹੀਂ ਅਤੀ ਵਿਅਕਤ ਕੀਤਾ ਗਿਆ ਹੈ।

**ਲੱਛਣ** : ਇਸ ਛੰਦ ਵਿੱਚ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿੱਚ 36 ਮਾਤ੍ਰਾਵਾਂ, ਪਹਿਲਾ ਬਿਸ਼ਰਾਮ 16 ਉੱਪਰ, ਦੂਜਾ 12 ਉੱਪਰ ਅਤੇ ਤੀਜਾ 8 ਉੱਪਰ ਹੁੰਦਾ ਹੈ, ਅੰਤ ਉੱਤੇ ਲਘੂ ਗੁਰੂ ਮਾਤ੍ਰਾਵਾਂ ਦੇ ਵਾਧੇ ਘਾਟੇ ਨਾਲ ਇਸ ਦੇ ਕੁਝ ਹੋਰ ਨਾਂ ਵੀ ਹਨ ਜਿਵੇਂ "ਦੁਭੰਗੀ", "ਮਦਨਹਰ", "ਫਵੀਸ"।

**ਉਦਾਹਰਣ** :

ਕਾਮਲ ਸ਼ੋਕ ਮਾਹੀ ਦਾ ਮੈਨੂੰ,
ਰਹੇ ਜਿਗਰ ਵਿੱਚ ਵਸਦਾ,
ਲੂੰ ਲੂੰ ਰਸਦਾ।
ਰਾਝਣ ਬੇਪਰਵਾਹੀ ਕਰਦਾ
ਕਈ ਗੁਨਾਹ ਨਾ ਦਸਦਾ
ਉਠ ਉਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ,
ਵੇਖ ਤਤੀ ਵਲ ਹਸਦਾ,
ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ,
ਆਸ਼ਕ ਹੋਣ ਦਰਸ ਦਾ,
ਬਿਰਹੁੰ ਰਸ ਦਾ।

ਇੱਥੇ ਪਹਿਲਾ ਬਿਸ਼ਰਾਮ 16 ਉੱਪਰ, ਦੂਜਾ 12 ਉੱਪਰ ਅਤੇ ਤੀਜਾ ਅੱਠ ਉੱਪਰ ਹੈ ਅਤੇ ਹਰ ਬਿਸ਼ਰਾਮ ਉੱਤੇ ਲਗਭਗ

ਲਘੂ ਗੁਰੂ ਦੀ ਵਿਵਸਥਾ ਰਹੀ ਹੈ।

**ਸਹਾਇਕ ਪੁਸਤਕ ਸੂਚੀ**


1. ਗੁਰਸ਼ਬਦ ਰਤਨਾਕਰ ਮਹਾਨ ਕੋਸ਼ : ਦਿਤ ਭਾਈ ਕਾਹਨ ਸਿੰਘ ਨਾਭਾ
2. ਗੁਰੂ ਛੰਦ ਦਿਵਾਕਰ : ਦਿਤ ਭਾਈ ਕਾਹਨ ਸਿੰਘ ਨਾਭਾ
3. ਛੰਦ ਤੇ ਅਲੰਕਾਰ : ਦਿਤ ਪ੍ਰੋ. ਸਾਹਿਬ ਸਿੰਘ
4. ਪਿੰਗਲ ਤੇ ਅਰੂਜ਼ : ਦਿਤ ਪ੍ਰੋ. ਜੋਗਿੰਦਰ ਸਿੰਘ ਪਟਿਆਲਾ


**ਬੈਂਤ**

ਬੈਂਤ ਉਹ ਛੰਦ ਹੈ ਜਿਸ ਵਿਚ ਦੋ ਤੁਕਾਂ ਹੁੰਦੀਆਂ ਹਨ। ਬੈਂਤ ਅਸਲ ਵਿਚ ਅਰਬੀ ਫਾਰਸੀ ਤੋਂ ਆਇਆ ਹੈ। ਪੰਜਾਬੀ ਵਿਚ ਸਭ ਤੋਂ ਪੁਰਾਣਾ ਬੈਂਤ ਨਸੀਹਤ-ਨਾਮੇ ਵਿਚ ਮਿਲਦਾ ਹੈ ਜਿਸ ਦੀ ਹਰ ਤੁਕ ਵਿਚ 19 ਮਾਤ੍ਰਾਵਾਂ ਹਨ। 10 ਅਤੇ 9 ਮਾਤ੍ਰਾ ਤੇ ਬਿਸਰਾਮ ਹੈ ਅਤੇ ਅੰਤ ਗੁਰੂ ਲਘੂ ਹੈ।

(ਦੋ ਤੁਕਾਂ : 10+9=19 ਮਾਤ੍ਰਾਵਾਂ-ਅੰਤ ਗੁਰੂ ਲਘੂ)

ਉਦਾਹਰਣ : ਕੀਜੇ ਤਵਜਿਆ; ਨਾ ਕੀਤੋ ਗੁਮਾਨ।
ਨ ਰਹਿਸੀ ਇਹ ਦੁਨੀਆਂ, ਨ ਰਹਿਸੀ ਦਿਵਾਨ। (10+9)

ਇਸ ਤੋਂ ਪਿਛੋਂ ਮੁਕਬਲ ਤੇ ਵਾਰਸ ਨੇ ਨਵੀਨ ਬੈਂਤ ਰਚਿਆ ਜਿਸ ਨੂੰ ਪੰਜਾਬੀਆਂ ਨੇ ਬਹੁਤ ਪਸੰਦ ਕੀਤਾ। ਇਸ ਵਿਚ ਮਾਤ੍ਰਾਵਾਂ ਦੀ ਗਿਣਤੀ 20+20=40 ਹੁੰਦੀ ਹੈ, ਤੇ ਇਕ ਅੱਧ ਮਾਤ੍ਰਾ ਘੱਟ ਵੱਧ ਕਰ ਲੈਣ ਨੂੰ ਕੋਈ ਦੋਸ਼ ਨਹੀਂ ਸਮਝਿਆ ਜਾਂਦਾ ਸੀ। ਅਜ ਕਲ ਇਹੋ ਬੈਂਤ ਪ੍ਰਚਲਤ ਹੈ ਜਿਵੇਂ :–

(ੳ) ਰਾਂਝਾ ਆਖਦਾ ਛੜਾ ਛੜਾਕ ਹਾਂ ਮੈਂ,
ਨਹੀਂ ਜੀਉਂਦਾ ਮਾਉ ਤੇ ਬਾਪ ਮੇਰਾ। (20+20)
(ਵਾਰਸ ਸ਼ਾਹ)

(ਅ) ਤੇਰੀ ਖੋਜ ਵਿਚ ਅਕਲ ਦੇ ਖੰਭ ਝੜ ਗਏ। (22+22)
ਤੇਰੀ ਭਾਲ ਵਿਚ ਥੋਥਾ ਖਿਆਲ ਹੋਇਆ।
ਲੱਖਾਂ ਉਂਗਲਾਂ ਗੁੰਝਲਾਂ ਖੋਲ ਥਕੀਆਂ।
ਤੇਰੀ ਜੁਲਫ ਦਾ ਸਿੱਧਾ ਨਾ ਵਾਲ ਹੋਇਆ। (22+22)
(ਸਾਵੇ ਪੱਤਰ : ਮੋਹਨ ਸਿੰਘ)

**ਸਿਰਖੰਡੀ**

ਇਹ ਮਾਤ੍ਰਿਕ ਛੰਦ ਦਾ ਨਾਂ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸਿਰਖੰਡੀ ਦਾ ਨਿਕਾਸ 'ਸ੍ਰੀ ਖੰਡ' ਤੋਂ ਹੋਇਆ ਹੈ। ਇਸ ਦੀਆਂ ਚਾਰ ਜਾਂ ਵੱਧ ਤੁਕਾਂ ਹੁੰਦੀਆਂ ਹਨ। ਇਸ ਦੇ ਚਾਰ ਰੂਪ ਹਨ। ਹਰ ਤੁਕ ਵਿਚ 20, 21 ਜਾਂ 23 ਮਾਤ੍ਰਾਵਾਂ ਹੁੰਦੀਆਂ ਹਨ। ਅੱਡ ਅੱਡ ਬਿਸਰਾਮ ਹੁੰਦੇ ਹਨ। 11+9 ਤੋਂ 11+10 ਤੇ 14+9 ਤੇ ਬਿਸਰਾਮ ਹੁੰਦਾ ਹੈ। ਤੁਕਾਂ ਦੇ ਮੱਧ ਵਿਚ ਅਨੁਪ੍ਰਾਸ ਹੁੰਦਾ ਹੈ। ਪਰ ਹਰ ਰੂਪ ਵਿਚ ਮੱਧ ਅਨੁਪ੍ਰਾਸੀ ਵੀ ਨਹੀਂ ਮਿਲਦਾ। ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਨੇ ਆਪਣੇ ਮਹਾਂਕਾਵਿ 'ਰਾਣਾ ਸੂਰਤ ਸਿੰਘ' ਵਿਚ ਇਸ ਦੀ ਵਰਤੋਂ ਕੀਤੀ ਹੈ। ਉਦਾਹਰਣ ਵੇਖੋ :

ਪੌਣ ਫਰਾਟੇ ਮਾਰ, ਵਗਦੀ ਜ਼ੋਰ ਦੀ,
ਇਕ ਦਮ ਹੋਈ ਚੁਪ ਮਾਨੋ ਹੈ ਡਰੀ, (11+9)
(ਰਾਣਾ ਸੂਰਤ ਸਿੰਘ) (129+9)

ਇਕ ਦਿਹਾੜੇ ਨਾਵਣ ਆਈ ਦੁਰਗਸ਼ਾਹ
ਇੰਦਰ ਬਿਰਥਾ ਸੁਣਾਈ, ਆਪਣੇ ਹਾਲ ਦੀ

ਛੀਨ ਲਈ ਠੁਕਰਾਈ, ਸਾਤੇ ਦਾਨਵੀ (ਚੰਡੀ ਦੀ ਵਾਰ) (12+9)

**ਕਬਿੱਤ**

ਕਬਿੱਤ ਇਕ ਵਰਣਿਕ ਛੰਦ ਹੈ ਜਿਸ ਦੀਆਂ ਚਾਰ ਤੁਕਾਂ ਹੁੰਦੀਆਂ ਹਨ। ਹਰੇਕ ਤੁਕ ਵਿਚ 31 ਜਾਂ 32 ਅੱਖਰ ਹੁੰਦੇ ਹਨ। ਪਹਿਲੇ ਤਿੰਨ ਬਿਸ਼ਰਾਮ ਅਠ-ਅਠ ਅੱਖਰਾਂ ਉੱਤੇ ਅਤੇ ਅਖੀਰਲਾ ਚੌਥਾ ਬਿਸ਼ਰਾਮ ਸੱਤ ਜਾਂ 8 ਅੱਖਰਾਂ ਉੱਤੇ ਅਰਥਾਤ ਤੁਕ ਦੇ ਅਖੀਰ ਉੱਤੇ ਹੁੰਦਾ ਹੈ।

4 ਤੁਕਾਂ ਹਰੇਕ ਤੁਕ 8+8+8+7=31 ਅੱਖਰ

ਜਾਂ

8+8+8+8=32 ਅੱਖਰ

**ਉਦਾਹਰਣ**

ਛਾਲੇ-ਛਾਲੇ ਹੁੰਦਾ ਦਿਲ ਛਾਲੇ ਤੇਰੇ ਵੇਖ ਵੇਖ
ਖਾਂਵਦਾ ਉਛਾਲੇ ਨਾਲੇ, ਹੁੰਦੀਆਂ ਹੈਰਾਨੀਆਂ।
ਜਾਨ ਜਾਨ ਜਾਣਦਾ ਤੂੰ ਜਾਨ ਕਰੀ ਜਾਏ ਜਾਨੀ
ਦਿਲਾਂ ਦੀਆਂ ਜਾਨੀਆਂ ਮੈਂ ਰਮਜ਼ਾ ਨਾ ਜਾਣੀਆਂ।

**ਕੋਰੜਾ**

ਇਹ ਇਕ ਵਰਣਿਕ ਛੰਦ ਹੈ ਜਿਸ ਦੀਆਂ ਚਾਰ ਜਾਂ ਵਧੀਕ ਤੁਕਾਂ ਹੁੰਦੀਆਂ ਹਨ। ਹਰੇਕ ਤੁਕ ਵਿਚ 13 ਜਾਂ 14 ਅੱਖਰ ਇਸ ਤਰ੍ਹਾਂ ਬੀੜੇ ਹੁੰਦੇ ਹਨ ਕਿ ਪਹਿਲਾਂ ਵਿਸ਼ਰਾਮ ਛਿਆਂ ਜਾਂ ਸੱਤਾਂ ਅੱਖਰਾਂ ਉੱਤੇ ਅਤੇ ਦੂਜਾ ਅਗਲੇ ਸਤਾਂ ਅੱਖਰਾਂ ਉੱਤੇ ਅਰਥਾਤ ਤੁਕ ਦੇ ਅੰਤ ਵਿਚ ਹੁੰਦਾ ਹੈ।

**ਉਦਾਹਰਣ**

ਕਦੇ ਵੀ ਨਾ ਵਸ, ਪੈਣਾ ਸ਼ਾਹੂਕਾਰ ਦੇ।
ਲਡੂ ਪੇੜੇ ਖਾਣੇ, ਮੂਲ ਨਾ ਹੁਦਾਰ ਦੇ।
ਵਾਦੀ ਨਾ ਹੁਦਾਰ, ਵਾਲੀ ਤੁਸਾਂ ਧਾਰਨੀ।
ਲੱਖ ਦੀ ਜੇ ਗਲ, ਕਦੇ ਨਾ ਵਿਸਾਰਨੀ।

ਪਾਠ ਨੰਬਰ : 1.3 ਪੰਜਾਬੀ ਕਵਿਤਾ 1900 ਈ. ਤੋਂ 1935 ਤੱਕ

## ਆਧੁਨਿਕ ਕਾਲ ਦੀ ਪੰਜਾਬੀ ਕਵਿਤਾ (1900 ਈ. ਤੋਂ 1935 ਈ. ਤੱਕ)

### 1. ਉਦੇਸ਼

ਇਸ ਪਾਠ ਦੇ ਉਦੇਸ਼ ਸੰਨ 1900 ਤੋਂ 1935 ਤੱਕ ਰਚੀ ਗਈ ਪੰਜਾਬੀ ਕਵਿਤਾ ਨਾਲ ਜਾਣ ਪਛਾਣ ਕਰਾਉਣਾ ਹੈ ਤੇ ਇਸ ਪਾਠ ਦੇ ਅਧਿਐਨ ਰਾਹੀਂ ਵਿਦਿਆਰਥੀਆਂ ਨੂੰ ਇਸ ਕਾਲ ਦੀ ਕਵਿਤਾ ਦੀਆਂ ਪ੍ਰਮੁੱਖ ਧਾਰਾਵਾਂ ਤੇ ਜਾਣੂ ਕਰਾਉਣਾ ਹੈ।

### 2. ਰੂਪ-ਰੇਖਾ

ਭੂਮਿਕਾ-ਇਸ ਕਾਲ ਦੀ ਕਵਿਤਾ ਦੇ ਪ੍ਰਮੁੱਖ ਉਦੇਸ਼ ਕਾਵਿ ਵਿਵਧਤਾ, ਪ੍ਰਮੁੱਖ ਕਵੀ, ਸਮੁੱਚੀ ਪ੍ਰਾਪਤੀ, ਭਾਈ ਵੀਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦੇ ਉਸਰਈਏ, ਰਾਣਾ ਸੂਰਤ ਸਿੰਘ, ਮਹਾਂ ਕਾਵਿ, ਰਹੱਸਵਾਦੀ ਨਿੱਕੀਆਂ ਕਵਿਤਾਵਾਂ, ਪ੍ਰਕ੍ਰਿਤੀ ਪਿਆਰ, ਮਨੁੱਖਵਾਦੀ ਆਪਾ, ਪੰਜਾਬੀ ਬੋਲੀ ਤੇ ਸ਼ੈਲੀ ਨੂੰ ਦੇਣ, ਲਾਲਾ ਕ੍ਰਿਪਾ ਸਾਗਰ, ਮਹਾਂ-ਕਾਵਿ ਲਖਸ਼ਮੀ ਦੇਵੀ : ਲਖਸ਼ਮੀ ਦੇਵੀ ਦੀ ਸੰਖੇਪ ਕਹਾਣੀ, ਰਣਜੀਤ ਸਿੰਘ ਦੀ ਵਡਿਆਈ, ਫੁਟਕਲ ਰਚਨਾ, ਲਾਲਾ ਧਨੀ ਰਾਮ ਚਾਤ੍ਰਿਕ, ਪੰਜਾਬੀ ਦੀ ਆਤਮਾ, ਕਾਵਿ ਸ਼ੈਲੀ-ਪ੍ਰੋ. ਪੂਰਨ ਸਿੰਘ, ਵਿਰੋਧਾਂ ਦੇ ਸੁਮੇਲ ਵਾਲੀ ਸ਼ਖ਼ਸੀਅਤ, ਮੌਲਿਕ ਪ੍ਰਤਿਭਾ, ਖੁਲ੍ਹ ਦੇ ਕਵੀ, ਰੋਮਾਂਟਿਕ ਕਵਿਤਾ ਦੇ ਮੋਢੀ, ਯੁੱਗ ਚਿਤਰ।

### 3. ਭੂਮਿਕਾ

'ਆਧੁਨਿਕ' ਸ਼ਬਦ ਪੰਜਾਬੀ ਅਲੋਚਨਾ ਵਿਚ ਅੰਗਰੇਜ਼ੀ ਸ਼ਬਦ 'ਮਾਡਰਨ' ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਪਰੰਤੂ ਅਜੇ ਤੱਕ ਇਸ ਸ਼ਬਦ ਦੇ ਠੀਕ ਅਰਥ ਨਿਸ਼ਚਿਤ ਨਹੀਂ ਹੋ ਸਕੇ। ਸਿੱਟਾ ਇਹ ਕੱਢਿਆ ਹੋਇਆ ਹੈ ਕਿ ਇਸ ਦਾ ਸੰਕਲਪ ਪੂਰੀ ਤਰ੍ਹਾਂ ਸਪਸ਼ਟ ਨਾ ਹੋਣ ਕਰਕੇ ਇਸ ਸ਼ਬਦ ਦਾ ਪ੍ਰਯੋਗ ਕੰਮ ਚਲਾਊ ਅਰਥਾਂ ਵਿਚ ਹੀ ਹੋ ਰਿਹਾ ਹੈ। ਮੋਟੇ ਅਰਥਾਂ ਵਿਚ ਉਦਯੋਗਿਕ ਕਾਲ ਨੂੰ ਹੀ ਆਧੁਨਿਕ ਕਾਲ ਆਖਿਆ ਜਾਂਦਾ ਹੈ ਅਤੇ ਸਨਅਤੀ ਯੁੱਗ ਦੇ ਆਰੰਭ ਨੂੰ ਪੁਰਾਤਨ ਅਤੇ ਮੱਧ ਕਾਲ ਦਾ ਖ਼ਾਤਮਾ ਸਮਝਿਆ ਜਾਂਦਾ ਹੈ। ਪੰਜਾਬ ਵਿਚ ਉਦਯੋਗ ਦਾ ਆਗਮਨ ਅੰਗਰੇਜ਼ਾਂ ਦੇ ਆਉਣ ਨਾਲ ਹੀ ਹੋਇਆ ਤੇ ਇਸੇ ਲਈ 1860 ਈ. ਤੋਂ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਤੱਕ ਦੇ ਸਮੇਂ ਨੂੰ ਪੰਜਾਬੀ ਸਮਾਜ ਦਾ ਆਧੁਨਿਕ ਕਾਲ ਮੰਨ ਲਿਆ ਜਾਂਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਆਧੁਨਿਕ ਕਾਲ ਵਿਚ ਵੀ ਪੁਰਾਤਨ ਤੇ ਮੱਧ ਕਾਲ ਦੇ ਰਸਮੋਂ ਰਿਵਾਜ਼, ਰਹਿਣ-ਸਹਿਣ, ਮਨੁੱਖੀ ਰਿਸ਼ਤੇ ਤੇ ਪੰਜਾਬ ਦੇ ਸਮੁੱਚੇ ਸਭਿਆਚਾਰਕ ਵਿਰਸੇ ਦੇ ਬਹੁਤ ਸਾਰੇ ਅੰਸ਼ ਕਾਇਮ ਰਹੇ ਹਨ ਅਤੇ ਪੰਜਾਬੀ ਬੋਲੀ ਦੇ ਸਾਹਿਤ ਦੀਆਂ ਪੁਰਾਤਨ ਰੂੜ੍ਹੀਆਂ ਆਧੁਨਿਕ ਕਾਲ ਦੇ ਸਾਹਿਤ ਵਿਚ ਵੀ ਮਿਲ ਰਹੀਆਂ ਹਨ।

ਇਸ ਪਾਠ ਦਾ ਸੰਬੰਧ 1900 ਤੋਂ 1935 ਈ. ਤੱਕ ਦੀ ਆਧੁਨਿਕ ਕਾਲੀਨ ਪੰਜਾਬੀ ਕਵਿਤਾ ਨਾਲ ਹੈ। ਇਨ੍ਹਾਂ 35 ਵਰ੍ਹਿਆਂ ਦੀ ਕਵਿਤਾ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਵਿਚ ਪੰਜਾਬੀ ਕਵੀ ਪਰੰਪਰਾਗਤ, ਧਾਰਮਿਕ ਦ੍ਰਿਸ਼ਟੀਕੋਣ, ਨਵੀਨ ਵਿਗਿਆਨ ਪ੍ਰਤੀ ਸ਼ੰਕਾ-ਚੇਤਨਾ ਦੀ ਵੰਗਾਰ ਦਾ ਸਾਹਮਣਾ ਕਰਦਾ ਰਿਹਾ ਹੈ। ਇਸ ਦੇ ਨਾਲ ਹੀ ਉਸ ਦੀ ਰਾਸ਼ਟਰੀ ਚੇਤਨਾ ਤੇ ਪੰਜਾਬ ਪਿਆਰ, ਪੱਛਮੀ ਵਿੱਦਿਆ ਦੇ ਸਭਿਆਚਾਰਕ ਹਮਲੇ ਦਾ ਜਵਾਬ ਸਿਰਜਣ ਤੇ ਸਿਰਤੋੜ ਯਤਨ ਕਰਦਾ ਰਿਹਾ ਹੈ। ਕੁਝ ਨਵਿਆਂ ਨੂੰ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਤਿੱਖਾ ਅਹਿਸਾਸ ਹੈ ਤੇ ਉਹ ਆਪਣੀ ਕਵਿਤਾ ਨੂੰ ਰਾਜਨੀਤਿਕ ਜਾਗ੍ਰਿਤੀ ਪੈਦਾ ਕਰਨ ਲਈ ਇਕ ਚੇਤਨਾ ਦੇ ਰੂਪ ਵਿਚ ਸਿਰਜਦੇ ਰਹੇ ਹਨ।

### 4. ਇਸ ਕਾਲ ਦੀ ਕਵਿਤਾ ਦੇ ਪ੍ਰਮੁੱਖ ਉਦੇਸ਼ ਕਿਹੜੇ ਕਿਹੜੇ ਹਨ ?

ਉਤਰ : ਸਿੱਖ ਧਰਮ ਦੀ ਪੁਨਰ-ਸੁਰਜੀਤੀ, ਰਾਸ਼ਟਰੀ ਚੇਤਨਾ ਦਾ ਵਿਕਾਸ ਤੇ ਰਾਜਨੀਤਿਕ ਸੰਘਰਸ਼ ਲਈ ਜਾਗ੍ਰਿਤੀ ਇਸ ਸਮੇਂ ਦੀ ਕਵਿਤਾ ਦੇ ਪ੍ਰਮੁੱਖ ਉਦੇਸ਼ ਰਹੇ ਹਨ। ਭਾਈ ਵੀਰ ਸਿੰਘ ਤੇ

ਡਾ. ਮੋਹਨ ਸਿੰਘ ਦੀਵਾਨਾ ਦੀ ਕਵਿਤਾ ਦੀ ਪ੍ਰਧਾਨ ਸੁਰ ਸਿੱਖ ਧਰਮ ਦੀ ਪੁਨਰ-ਸੁਰਜੀਤੀ ਦੀ ਹੈ, ਲਾਲਾ ਧਨੀ ਰਾਮ ਚਾਤ੍ਰਿਕ, ਲਾਲਾ ਕ੍ਰਿਪਾ ਸਾਗਰ ਤੇ ਬਾਬੂ ਫਿਰੋਜ਼ ਦੀਨ ਸ਼ਰਫ ਨੂੰ ਇਸ ਸਮੇਂ ਦੇ ਰਾਸ਼ਟਰਵਾਦੀ ਕਵੀ ਕਿਹਾ ਜਾ ਸਕਦਾ ਹੈ ਅਤੇ ਹੀਰਾ ਸਿੰਘ ਦਰਦ, ਮੁਨਸ਼ਾ ਸਿੰਘ ਦੁੱਖੀ, ਲਾਲਾ ਬਾਂਕੇ ਦਿਆਲ ਤੇ ਹਰਨਾਮ ਸਿੰਘ ਟੁੰਡੀਲਾਟ ਜਿਹੇ ਕਵੀਆਂ ਦਾ ਮਨੋਰਥ ਲੋਕਾਂ ਨੂੰ ਰਾਜਨੀਤਕ ਘੋਲ ਲਈ ਉਭਾਰਨ ਦਾ ਰਿਹਾ ਹੈ।

ਇਨਾਂ 35 ਵਰ੍ਹਿਆਂ ਵਿਚ ਸਟੇਜੀ ਕਵਿਤਾ ਵੀ ਲਿਖੀ ਜਾਂਦੀ ਰਹੀ ਹੈ ਤੇ ਸਾਹਿਤਕ ਵੀ। ਇਹ ਜਨਤਕ ਕਵਿਤਾ ਦਾ ਯੁੱਗ ਵੀ ਹੈ ਤੇ ਵਿਅਕਤੀਵਾਦੀ ਕਵਿਤਾ ਦਾ ਵੀ। ਇਸ ਸਮੇਂ ਵਿਚ ਲੰਮੇ ਲੰਮੇ ਮਹਾਂ-ਕਾਵਿ ਤੇ ਕਿੱਸੇ ਵੀ ਲਿਖੇ ਗਏ ਅਤੇ ਨਿੱਕੀਆਂ ਨਿੱਕੀਆਂ ਕਵਿਤਾਵਾਂ ਵੀ। ਕਿਤਾਬੀ ਤੇ ਕਵੀ ਦਰਬਾਰੀ ਕਵਿਤਾ ਦੇ ਇਸ ਜ਼ਮਾਨੇ ਵਿਚ ਗੰਭੀਰ ਕਵਿਤਾ ਭਾਵੇਂ ਪ੍ਰਧਾਨ ਰਹੀ ਹੈ, ਪਰ ਹਾਸ-ਰਸੀ ਕਵਿ-ਸਿਰਜਣਾ ਵੀ ਨਾਲੋਂ ਨਾਲ ਚਲਦੀ ਰਹੀ ਹੈ। ਛੰਦ-ਬੱਧ ਕਵਿਤਾ ਦੀਆਂ ਰੂੜ੍ਹੀਆਂ ਨੂੰ ਮੁੜ-ਪ੍ਰਚਲਿਤ ਕਰਨ ਦੇ ਰਿਵਾਜ ਦੇ ਨਾਲ ਨਾਲ ਛੰਦ-ਰਹਿਤ ਕਾਵਿ-ਰਚਨਾ ਦੇ ਪ੍ਰਯੋਗ ਵੀ ਇਸੇ ਯੁੱਗ ਵਿਚ ਹੋਏ। ਪੰਜਾਬ ਦੀ ਧਾਰਮਿਕ, ਰਾਜਨੀਤਿਕ ਤੇ ਸਭਿਆਚਾਰਕ ਵੰਨ ਸੁਵੰਨਤਾ ਇਸ ਸਮੇਂ ਦੀ ਪੰਜਾਬੀ ਕਵਿਤਾ ਵਿਚ ਕਲਾਤਮਕ ਅਭਿਵਿਅੰਜਨ ਪ੍ਰਾਪਤ ਹੋਇਆ ਹੈ। ਇਸੇ ਲਈ ਕਵਿਤਾ ਵਿਸ਼ੇ ਵਸਤੂ, ਰੂਪ, ਮਨੋਰਥ ਤੇ ਕਵਿਆਂ ਦੇ ਦ੍ਰਿਸ਼ਟੀਕੋਣ, ਹਰ ਪੱਖ ਤੋਂ ਹੀ ਵੰਨ ਸੁਵੰਨੀ ਹੈ। ਇਸ ਦੌਰ ਦੇ ਕਿਸੇ ਇਕ ਕਵੀ ਦੀਆਂ ਕਵਿਤਾਵਾਂ ਵਿਚੋਂ ਹੀ ਅਨੇਕਾਂ ਰੰਗਾਂ ਦੇ ਦਰਸ਼ਨ ਕੀਤੇ ਜਾ ਸਕਦੇ।

ਪੰਡਤ ਮਾਨ ਸਿੰਘ, ਕਾਲੀਦਾਸ ਗੁੱਜਰਾਂਵਾਲੀਆਂ, ਲਾਲਾ ਧਨੀ ਰਾਮ ਚਾਤ੍ਰਿਕ, ਕਰਤਾਰ ਸਿੰਘ ਕਲਾਸਵਾਲੀਆ, ਦੌਲਤ ਰਾਮ, ਸਾਧੂ ਦਯਾ ਸਿੰਘ ਆਰਫ ਤੇ ਬਾਬੂ ਫਿਰੋਜ਼ ਸ਼ਰਫ਼ ਨੇ ਕਿੱਸਾ ਕਵਿਤਾ ਤੇ ਸਟੇਜੀ ਕਵਿਤਾ ਦੀਆਂ ਪਰੰਪਰਾਵਾਂ ਨੂੰ ਪੱਕਾ ਕੀਤਾ। ਭਾਈ ਵੀਰ ਸਿੰਘ ਤੇ ਕਿਰਪਾ ਸਾਗਰ ਨੇ ਮਹਾਂ-ਕਾਵਿ ਲਿਖੇ। ਚਰਨ ਸਿੰਘ ਸ਼ਹੀਦ ਨੇ ਹਾਸ-ਰਸ ਦੀ ਕਵਿਤਾ ਲਿਖੀ ਤੇ ਪ੍ਰੋ. ਪੂਰਨ ਸਿੰਘ ਨੇ ਸੈਲਾਨੀ ਛੰਦ ਦਾ ਨਾ ਕੇਵਲ ਪ੍ਰਯੋਗ ਹੀ ਕੀਤਾ, ਸਗੋਂ ਇਸਨੂੰ ਪਰੰਪਰਾ ਵੀ ਬਣਾ ਦਿਤਾ।

**5. ਇਸ ਦੌਰ ਦੇ ਪ੍ਰਮੁੱਖ ਕਵੀ ਕਿਹੜੇ ਹਨ ?**

ਉੱਤਰ : ਇਸ ਸਾਰੀ ਕਵਿਤਾ ਦਾ ਸਰਵੇਖਣ, ਵਿਸ਼ਲੇਸ਼ਣ ਤੇ ਵਿਵੇਚਨ ਇਸ ਸੀਮਤ ਜਿਹੇ ਲੇਖ ਵਿਚ ਸੰਭਵ ਨਹੀਂ, ਇਸ ਲਈ ਸਾਹਿਤਿਕ ਪੱਧਰ ਨੂੰ ਮੁੱਖ ਰੱਖਦਿਆਂ ਇਸ ਸਮੇਂ ਦੇ ਕੇਵਲ ਚਾਰ ਚੋਣਵੇਂ ਕਵੀਆਂ ਬਾਰੇ ਹੀ ਚਰਚਾ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ। ਉਹ ਚਾਰ ਕਵੀ ਹੇਠ ਲਿਖੇ ਹਨ।

(1) ਭਾਈ ਵੀਰ ਸਿੰਘ (1872ਈ. ਤੋਂ 1975ਈ.)

(2) ਲਾਲਾ ਕਿਰਪਾ ਸਾਗਰ (1875ਈ. ਤੋਂ 1939ਈ.)

(3) ਲਾਲਾ ਧਨੀ ਰਾਮ ਚਾਤ੍ਰਿਕ (1876ਈ. ਤੋਂ 1954ਈ.)

(4) ਪ੍ਰੋ. ਪੂਰਨ ਸਿੰਘ (1881ਈ. ਤੋਂ 1931ਈ.)

ਇਨਾਂ ਚਹੁੰਆਂ ਕਵੀਆਂ ਦੀ ਸਮੁੱਚੀ ਪ੍ਰਾਪਤੀ ਬਾਰੇ ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੇ ਪ੍ਰੋ. ਪਰਮਿੰਦਰ ਸਿੰਘ ਰਚਿਤ 'ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ' ਦੇ ਪੰਨਾ 392 (ਦੂਜਾ ਸੰਸਕਰਣ) ਉੱਤੇ ਲਿਖਿਆ ਗਿਆ ਹੈ, ''ਕਵਿਤਾ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ, ਆਦਿ ਕਵੀਆਂ ਨੇ ਆਧੁਨਿਕ ਲੀਹਾਂ ਨੂੰ ਸਵੀਕਾਰ ਕੀਤਾ ਅਤੇ ਇਸ ਸੰਬੰਧ ਵਿਚ ਕੁਝ ਨਵੀਆਂ ਪ੍ਰਾਪਤੀਆਂ ਵੀ ਕੀਤੀਆਂ। ਮਹਾਂ-ਕਾਵਿ ਦੇ ਲਿਖਣ ਦਾ ਰਿਵਾਜ ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਤੇ ਕਿਰਪਾ ਸਾਗਰ ਨੇ ਹੀ ਪਾਇਆ। ਮੁਕਤ ਛੰਦ ਜਿਸ ਨੂੰ ਪ੍ਰੋ. ਪੂਰਨ ਸਿੰਘ ਸੈਲਾਨੀ ਛੰਦ ਵੀ ਕਹਿੰਦਾ ਹੈ, ਪਹਿਲੀ ਵਾਰ ਵਰਤੋਂ ਵਿਚ ਲਿਆਂਦਾ ਗਿਆ। ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਤੇ ਕੁਦਰਤ ਦੇ ਵਰਣਨ ਨੂੰ ਕਵਿਤਾਵਾਂ ਵਿਚ ਲਿਆਉਣ ਦਾ ਰਿਵਾਜ ਪਾਇਆ ਅਤੇ ਪ੍ਰੋ. ਪੂਰਨ ਸਿੰਘ, ਕਿਰਪਾ ਸਾਗਰ ਤੇ ਧਨੀ ਰਾਮ ਚਾਤ੍ਰਿਕ ਨੇ ਇਸ ਪਰੰਪਰਾ ਨੂੰ ਅੱਗੇ ਤੋਰਿਆ। ਪ੍ਰੋ. ਪੂਰਨ ਸਿੰਘ ਤੇ ਚਾਤ੍ਰਿਕ ਪੰਜਾਬੀ ਸਭਿਆਚਾਰਕ ਤੇ ਸੰਸਕ੍ਰਿਤੀ ਦੇ ਕੌਮੀ ਅੰਸ਼ਾਂ ਨੂੰ ਬਿਆਨਦੇ ਹਨ।''

### 5.1 ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਦਾ ਜਨਮ ਡਾਕਟਰ ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਚ 5 ਦਸੰਬਰ, 1897 ਨੂੰ ਹੋਇਆ। ਉਨ੍ਹਾਂ ਦੇ ਪਿਤਾ (ਡਾ. ਚਰਨ ਸਿੰਘ) ਤੇ ਨਾਨਾ (ਸਰਦਾਰ ਹਜ਼ਾਰਾ ਸਿੰਘ) ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ। ਨਾਨਕਿਆਂ ਅਤੇ ਦਾਦਕਿਆਂ ਵੱਲੋਂ ਅਜਿਹਾ ਧਾਰਮਿਕ ਤੇ ਸਾਹਿਤਕ ਵਾਤਾਵਰਣ ਪ੍ਰਾਪਤ ਹੋਇਆ ਜਿਸ ਵਿਚ ਉਨ੍ਹਾਂ ਦੀ ਸ਼ਖਸੀਅਤ ਅਤੇ ਨਵੀਨ ਪੰਜਾਬੀ ਕਵਿਤਾ ਨੂੰ ਉਗਣ ਅਤੇ ਵਿਗਸਣ ਦਾ ਸ਼ੁੱਭ ਅਵਸਰ ਪ੍ਰਾਪਤ ਹੋਇਆ। ਸਿੰਘ ਸਭਾ ਲਹਿਰ ਤੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਮੌਲਣ ਦੇ ਸਿਖੀ ਆਦਰਸ਼ਾਂ ਨੂੰ ਪ੍ਰਚਾਰਨ ਤੇ ਪ੍ਰਥਾ ਲਈ ਭਾਈ ਵੀਰ ਸਿੰਘ ਨੂੰ ਆਪਣੇ ਪੂਰਬਕਾਲੀ ਸਿੱਖ ਵਿਦਵਾਨਾਂ ਦੀ ਬ੍ਰਿਜ-ਭਾਸ਼ੀ ਪ੍ਰਥਾ ਨੂੰ ਤਿਆਗ ਕੇ ਠੇਠ ਪੰਜਾਬੀ ਨੂੰ ਗੰਭੀਰ ਚਿੰਤਨ ਤੇ ਉੱਚ ਪੱਧਰ ਦੀ ਸਾਹਿਤ ਸਿਰਜਣਾ ਦਾ ਮਾਧਿਅਮ ਬਣਾਉਣਾ ਪਿਆ। ਪੰਜਾਬ ਵਿਚ ਸਿੱਖ ਧਰਮ ਦੀ ਸੁਰੱਖਿਆ ਅਤੇ ਪੰਜਾਬੀ ਸਭਿਆਚਾਰ ਨੂੰ ਇਸਾਈਅਤ, ਇਸਲਾਮ ਤੇ ਆਰੀਆ ਸਮਾਜੀ ਹਮਲਿਆਂ ਤੋਂ ਬਚਾਉਣ ਲਈ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨੂੰ ਸਾਹਿਤਕ ਵਿਸ਼ੇਸ਼ਤਾ ਪ੍ਰਦਾਨ ਕਰਨੀ ਉਸ ਸਮੇਂ ਹੋਰ ਵੀ ਮਹੱਤਵਪੂਰਣ ਗੱਲ ਸੀ। ਭਾਈ ਵੀਰ ਸਿੰਘ ਨੇ ਆਪਣੀ ਮਾਂ ਬੋਲੀ ਵਿਚ ਨਾ ਕੇਵਲ ਖ਼ਾਲਸਾ ਟ੍ਰੈਕਟ ਸੁਸਾਇਟੀ ਲਈ ਸੈਂਕੜੇ ਟ੍ਰੈਕਟ ਲਿਖੇ ਸਗੋਂ ਇਕ ਧਰਮ ਦਾ ਢੋਆ ਘਰ ਘਰ ਪਹੁੰਚਾਇਆ। ਸਿੱਖੀ ਸ਼ਰਧਾ, ਅਧਿਆਤਮਕ ਉੱਚਤਾ, ਇਤਿਹਾਸਕ ਪਿਛੋਕੜ ਤੇ ਪ੍ਰਕ੍ਰਿਤੀ ਪਿਆਰ ਵਿਚ ਸਿਰਜੀਆਂ ਅਨੇਕਾਂ ਰਚਨਾਵਾਂ ਦਾ ਸਦਕਾ ਆਪ ਨੂੰ ਪੰਜਾਬ ਯੂਨੀਵਰਸਿਟੀ ਵਲੋਂ ਡੀ. ਓ. ਐਲ. (ਡਾਕਟਰ ਆਫ ਓਰੀਐਂਟਲ ਲਰਨਿੰਗ) ਦੀ ਡਿਗਰੀ ਦਿੱਤੀ ਗਈ। ਪੰਜਾਬ ਸਰਕਾਰ ਨੇ ਵਿਧਾਨ ਪਰੀਸ਼ਦ ਦੀ ਮੈਂਬਰੀ ਲਈ ਆਪ ਨੂੰ ਨਾਮਜ਼ਦ ਕੀਤਾ ਅਤੇ ਭਾਰਤ ਸਰਕਾਰ ਦੀ ਕੇਂਦਰੀ ਸਾਹਿਤ ਅਕਾਦਮੀ ਵਲੋਂ ਆਪ ਦੀ ਕਾਵਿ ਰਚਨਾ 'ਮੇਰੇ ਸਾਈਆਂ ਜੀਓ' ਨੂੰ 1956 ਦੀ ਉੱਤਮ ਪੰਜਾਬੀ ਰਚਨਾ ਸਵੀਕਾਰ ਕਰਦਿਆਂ ਪੰਜ ਹਜ਼ਾਰੀ ਇਨਾਮ ਦਿੱਤਾ ਗਿਆ।

#### 5.1.1 ਆਧੁਨਿਕ ਪੰਜਾਬੀ ਸਾਹਿਤ ਦੇ ਉਸਰੱਈਏ

ਭਾਈ ਵੀਰ ਸਿੰਘ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਉਸੱਰਈਆਂ ਵਿਚੋਂ ਗਿਣੇ ਜਾਂਦੇ ਹਨ। ਉਹ ਮੌਲਿਕ ਪੰਜਾਬੀ ਨਾਵਲ, ਮਹਾਂ ਕਾਵਿ ਤੇ ਨਾਟਕ ਦੇ ਮੋਢੀ ਹਨ ਅਤੇ ਉਨ੍ਹਾਂ ਨੇ ਪੁਰਾਣੇ ਸਾਹਿਤ, ਇਤਿਹਾਸ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਦੀ ਖੋਜ ਵਿਆਖਿਆ ਅਤੇ ਸੰਪਾਦਨਾ ਦੇ ਖੇਤਰ ਵਿਚ ਜੋ ਵੱਡਮੁੱਲਾ ਕੰਮ ਕੀਤਾ ਹੈ, ਉਸ ਦੀ ਮਿਸਾਲ ਉਹ ਆਪ ਹੀ ਹਨ। ਪਰ ਇਸ ਲੇਖ ਵਿਚ ਅਸੀਂ ਉਨ੍ਹਾਂ ਦੀ 1935 ਈਸਵੀਂ ਤੱਕ ਦੀ ਕਵਿਤਾ ਦਾ ਹੀ ਅਧਿਐਨ ਪੇਸ਼ ਕਰਾਂਗੇ।

#### 5.1.2 ਭਾਈ ਵੀਰ ਸਿੰਘ ਦੀ ਕਾਵਿ-ਰਚਨਾ

ਕਵਿਤਾ ਦੇ ਖੇਤਰ ਵਿਚ ਭਾਈ ਵੀਰ ਸਿੰਘ ਨੇ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਗੁਣਾਤਮਕ ਤਬਦੀਲੀ ਲਿਆਂਦੀ ਹੈ। ਭਗਤੀ ਭਾਵ, ਰਹੱਸਵਾਦ ਤੇ ਕੁਦਰਤ ਪਿਆਰ ਉਨ੍ਹਾਂ ਦੀਆਂ ਕਵਿਤਾਵਾਂ ਦੇ ਪ੍ਰਮੁੱਖ ਵਿਸ਼ੇ ਹਨ। ਮਹਾਂ-ਕਾਵਿ, ਗੀਤ ਅਤੇ ਰੁਬਾਈ ਜਿਹੇ ਕਾਵਿ ਰੂਪਾਂ ਦੀ ਰਚਨਾ ਉਨ੍ਹਾਂ ਨੇ ਬੜੀ ਯੋਗਤਾ ਨਾਲ ਕੀਤੀ ਹੈ। ਡਾ. ਗੁਰਚਰਨ ਸਿੰਘ ਮਹਿਤਾ ਦੀ ਖੋਜ ਅਨੁਸਾਰ ਭਾਈ ਸਾਹਿਬ ਨੇ ਰਾਣਾ ਸੂਰਤ ਸਿੰਘ ਦੀ ਸਿਰਜਣਾ ਤੋਂ ਪਹਿਲੇ ਕੀ ਕੁਝ ਨਿੱਕੀਆਂ ਵੱਡੀਆਂ ਕਾਵਿ-ਕਿਰਤਾਂ ਉੱਤੇ ਆਪਣਾ ਹੱਥ ਅਜ਼ਮਾਇਆ ਸੀ। ਪਰ ਉਨ੍ਹਾਂ ਸਭ ਤੋਂ ਪਹਿਲੀ ਵਰਣਨ ਯੋਗ ਰਚਨਾ ਮਹਾਂ ਕਾਵਿ 'ਰਾਣਾ ਸੂਰਤ ਸਿੰਘ' ਹੀ ਹੈ। ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ ਦੀ ਸੰਪਾਦਨਾ ਕਰਦੇ ਹੋਏ ਡਾ. ਹਰਿਭਜਨ ਸਿੰਘ ਲਿਖਦੇ ਹਨ, ''ਉਂਝ ਤਾਂ ਭਾਈ ਸਾਹਿਬ ਜੀਵਨ ਭਰ ਕਾਵਿ ਰਚਨਾ ਨਾਲ ਸੰਬੰਧਤ ਰਹੇ, ਪਰ 1900 ਤੋਂ 1935 ਤੱਕ ਦਾ ਸਮਾਂ ਤਾਂ ਉਨ੍ਹਾਂ ਦੇ ਲਈ ਨਿਰੰਤਰ ਕਾਵਿ ਸਾਧਨਾ ਦਾ ਸਮਾਂ ਸੀ, 'ਨਿਨਾਣ-ਭਰਜਾਈ', 'ਰਾਣਾ ਸੂਰਤ ਸਿੰਘ', 'ਮਟਕ ਹੁਲਾਰੇ', 'ਪ੍ਰੀਤ ਵੀਣਾ' ਇਸ ਸਮੇਂ ਦੀਆਂ ਰਚਨਾਵਾਂ ਹਨ। ਭਾਈ ਵੀਰ ਸਿੰਘ ਦੀ ਕਾਵਿ-ਪਰੰਪਰਾ ਦਾ ਪਹਿਲਾ ਸਪਸ਼ਟ ਸੰਕੇਤ 'ਰਾਣਾ ਸੂਰਤ ਸਿੰਘ' ਦੇ ਪ੍ਰਕਾਸ਼ਿਤ ਹੋਣ ਤੋਂ ਮਿਲਿਆ। ਆਪਣੇ ਕਾਵਿ ਜੀਵਨ ਦੇ ਮੁਢਲੇ ਪੜਾਅ ਉਪਰ ਹੀ ਮਹਾ-ਕਾਵਿ ਦੇ ਅਕਾਰ ਵਾਲੇ ਗ੍ਰੰਥ ਦੀ ਰਚਨਾ ਨਾਲ ਭਾਈ ਸਾਹਿਬ ਮਹਾਂ ਕਵੀ ਦੇ ਰੂਪ ਵਿਚ ਸਥਾਪਤ ਹੋ ਗਏ।''

#### 5.1.3 ਪੰਜਾਬੀ ਬੋਲੀ, ਸ਼ੈਲੀ ਨੂੰ ਦੇਣ

ਭਾਈ ਵੀਰ ਸਿੰਘ ਦੀ ਪੰਜਾਬੀ ਬੋਲੀ ਅਤੇ ਸ਼ੈਲੀ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਨੇ

ਆਪਣੇ ਤੋਂ ਪਹਿਲਾਂ ਵਰਤੀ ਜਾਂਦੀ ਬੋਲੀ ਦੀ ਸਾਹਿਤਕ ਪੱਧਰ ਨੂੰ ਉਚਿਆਇਆ ਤੇ ਉਸ ਦਾ ਪ੍ਰਤੀਕਾਤਮਕ ਪ੍ਰਯੋਗ ਕੀਤਾ। ਜਦੋਂ ਅਸੀਂ ਕਹਿੰਦੇ ਹਾਂ ਕਿ ਭਾਈ ਸਾਹਿਬ ਨੇ ਪੰਜਾਬੀ ਕਵਿਤਾ ਨੂੰ ਕਿੱਸਾਕਾਰੀ ਵਿਚੋਂ ਕਢਿਆ ਤਾਂ ਇਸ ਦਾ ਇਹੋ ਅਰਥ ਹੈ ਕਿ ਉਨ੍ਹਾਂ ਨੇ ਪੰਜਾਬੀ ਬੋਲੀ ਦੀ ਲਿਖਾਇਕ ਅਤੇ ਵਿਅੰਜਨ ਸ਼ਕਤੀ ਨੂੰ ਪਛਾਣਿਆ ਤੇ ਉਸ ਦਾ ਪ੍ਰਯੋਗ ਕੀਤਾ। ਇਸੇ ਲਈ ਉਨ੍ਹਾਂ ਦੀ ਕਵਿਤਾ ਬਹੁ-ਅਰਥਕ ਹੈ ਤੇ ਇਕੱਲਿਆਂ ਪੜ੍ਹ ਕੇ ਮਾਣਨ ਦੀ ਵਸਤੂ ਹੈ ਸਮੂਹ ਵਿਚ ਖੜ੍ਹ ਕੇ ਗਾਉਣ ਦੀ ਨਹੀਂ।

### 5.2 ਲਾਲਾ ਕਿਰਪਾ ਸਾਗਰ

ਵੀਹਵੀਂ ਸਦੀ ਦੇ ਆਰੰਭਿਕ ਪੈਂਤੀ ਵਰ੍ਹਿਆਂ ਵਿਚ ਭਾਈ ਵੀਰ ਸਿੰਘ ਤੋਂ ਪਿੱਛੋਂ ਦੂਜਾ ਪ੍ਰਸਿੱਧ ਕਵੀ ਹੈ, ਲਾਲਾ ਕਿਰਪਾ ਸਾਗਰ।

''ਕਿਰਪਾ ਸਾਗਰ ਪੰਜਾਬੀ ਸਾਹਿਤ ਅਤੇ ਆਪਣੇ ਮਹਾਂ-ਕਾਵਿ 'ਲਕ਼ਸ਼ਮੀ ਦੇਵੀ' ਲਈ ਪ੍ਰਸਿੱਧ ਹੈ। ਇਹ ਮਹਾਂ ਕਾਵਿ, ਕਿਰਪਾ ਸਾਗਰ ਨੇ 10 ਦਸੰਬਰ, 1925 ਨੂੰ ਮੁਕਾਇਆ। ਕਵੀ ਨੇ ਉਨੀਵੀਂ ਸਦੀ ਦੇ ਅੰਗਰੇਜ਼ ਕਵੀ ਸਰ ਵਾਲਟਰ ਸਕਾਟ ਦੀ ਇਸ ਰਚਨਾ ਨੂੰ ਆਪਣੀ ਰਚਨਾ ਦੀ ਆਧਾਰਸ਼ਿਲਾ ਬਣਾਇਆ ਹੈ ਪਰ ਇਸ ਨੇ ਆਪਣੀ ਰਚਨਾ ਨੂੰ ਇੰਨਾ ਯਥਾਰਥਵਾਦੀ ਪੰਜਾਬੀ ਵਾਯੂਮੰਡਲ ਪ੍ਰਦਾਨ ਕੀਤਾ ਹੈ ਕਿ ਇਸ ਦੀ ਰਚਨਾ ਆਪਣੀ ਕਿਸੇ ਸਮਕਾਲੀ ਇਤਿਹਾਸਕ ਕਿਰਤ ਤੋਂ ਕਿਸੇ ਹਾਲਤ ਵਿਚ ਘੱਟ ਮੌਲਿਕ ਨਹੀਂ ਆਖੀ ਜਾ ਸਕਦੀ।'' ਉਨ੍ਹਾਂ ਵਿਚ ਇਕ ਪ੍ਰਸਿੱਧ ਰਚਨਾ ਹੈ – 'ਮੇਰਾ ਪੰਜਾਬ ਦੇਸ਼'। ਇਸ ਦੇ ਅਰੰਭ ਵਿਚ ਕਵੀ ਲਿਖਦਾ ਹੈ :

''ਮੇਰੇ ਪੰਜਾਬ ਦੇਸ਼ ਤੂੰ ਏਂ ਸਭ ਦੇਸ਼ਾਂ ਤੋਂ ਕਿਆ ਸੋਹਣਾ
ਮੇਰੇ ਦਿਲਬਰ ਤੇਰਾ ਰਾਂਗਲਾ ਵਿਸਤਾਰ ਮਨਮੋਹਣਾ।''

ਇਸ ਕਵਿਤਾ ਵਿਚ ਪੰਜਾਬ ਦੀ ਪ੍ਰਕ੍ਰਿਤੀ, ਸਭਿਆਚਾਰ ਤੇ ਨਿੱਤ ਦੇ ਜੀਵਨ ਨੂੰ ਬਹੁਤ ਵਡਿਆ ਕੇ ਪੇਸ਼ ਕੀਤਾ ਗਿਆ ਹੈ। ਜ਼ਿਲ੍ਹਾ ਗੁੱਜਰਾਂਵਾਲਾ ਦੇ ਪਿੰਡ ਪਿਪਨਾਖੇ ਦਾ ਜੰਮਪਲ ਹੋਣ ਕਾਰਨ ਕਿਰਪਾ ਸਾਗਰ ਦੀ ਬੋਲੀ ਹੇਠ ਪੰਜਾਬ ਦੀ ਪ੍ਰਤੀਨਿਧ ਭਾਸ਼ਾ ਹੈ।

### 5.3 ਲਾਲਾ ਧਨੀ ਰਾਮ ਚਾਤ੍ਰਿਕ

ਕਿਰਪਾ ਸਾਗਰ ਦਾ ਸਮਕਾਲੀਂ, ਲਾਲਾ ਧਨੀ ਰਾਮ ਚਾਤ੍ਰਿਕ ਵੀ ਪੇਂਡੂ ਹਿੰਦੂ ਘਰਾਣੇ ਦਾ ਜੰਮਪਲ ਸੀ ਅਤੇ ਉਸ ਦੇ ਵਾਂਗ ਪੰਜਾਬ ਦੀ ਕੌਮੀ ਸਾਂਝ ਦਾ ਕਵੀ ਸੀ। ਧਰਮ-ਨਿਰਪੇਖ (Secular) ਰਹਿਣਾ ਇਸ ਕਵੀ ਦੀ ਵੱਡੀ ਵਿਸ਼ੇਸ਼ਤਾ ਸੀ। ਕਾਰਣ ਇਹ ਹੈ ਕਿ ''ਉਹ ਆਪਣੇ ਸਮਕਾਲੀ ਪੰਜਾਬ ਵਿਚ ਪੈਦਾ ਹੋ ਚੁੱਕੀ ਧਾਰਮਿਕ ਖਿੱਚੋਤਾਣ ਦੀ ਸਮੱਸਿਆ ਵੱਲ ਵਧੇਰੇ ਧਿਆਨ ਦਿੰਦੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਵਿਚ 1947 ਦੀ ਹੋਣੀ ਦੇ ਝਲਕਾਰੇ ਸਪਸ਼ਟ ਝਲਕਦੇ ਹਨ।''

ਹਿੰਦੂ ਮੁਸਲਿਮਾਂ ਨੂੰ ਜਿਹੜੀ ਵੱਗ ਗਈ ਹੈ,
ਜਾਣੇ ਰਬ ਕੀ ਜ਼ੁਲਮ ਹੈ ਆਉਣ ਵਾਲਾ।
ਖ਼ਬਰੇ ਆਪਣੀ ਨਿਗਾਹ ਅਸਮਾਨ ਚੜ੍ਹ ਗਈ,
ਯਾ ਕੋਈ ਹੋਰ ਬੈਠਾ ਤੁਣਕੇ ਲਾਉਣ ਵਾਲਾ।
ਯਾਰੋ ਮਰਨ ਮਿੱਟੀ ਕਾਹਦੀ ਚੜ੍ਹ ਗਈ ਜੇ
ਤੁਹਾਨੂੰ ਕੋਈ ਨਹੀਂ ਰਿਹਾ ਸਮਝਾਉਣ ਵਾਲਾ ?
ਕੋਈ ਅੱਗ ਨੂੰ ਨਹੀਂ ਬੁਝਾਉਣ ਜੋਗਾ,
ਜਿਹੜਾ ਉਠਦਾ ਹੈ, ਤੇਲ ਪਾਉਣ ਵਾਲਾ।

ਚਾਤ੍ਰਿਕ ਦਾ ਜਨਮ 1876 ਈਸਵੀ ਵਿਚ ਲਾਲਾ ਪੋਹੂ ਮੱਲ ਦੇ ਘਰ, ਪੰਜਾਬੀ ਦੇ ਮਸ਼ਹੂਰ ਕਿੱਸਾਕਾਰ ਅਮਾਮ ਬਖ਼ਸ਼ ਦੇ ਪਿੰਡ, ਪੱਸੀਆਂ ਵਾਲਾ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ ਸੀ। ਉਨ੍ਹਾਂ ਦੀ ਸਕੂਲ ਵਿੱਦਿਆ ਬਹੁਤ ਥੋੜ੍ਹੀ ਸੀ, ਕੇਵਲ ਪੰਜ ਜਮਾਤਾਂ-ਪਰੰਤੂ ਜਦੋਂ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਉਦੋਂ ਉਸ ਨੂੰ 40-45 ਸਾਲ ਦਾ ਲੰਮਾ ਤਜ਼ਰਬਾ ਹਾਸਲ ਹੋ ਚੁੱਕਿਆ ਸੀ। ਹਿੰਦੂ ਘਰਾਣੇ ਦਾ ਵਿਰਸਾ, ਪੇਂਡੂ ਜੀਵਨ ਦਾ ਅਨੁਭਵ, ਵਿੱਦਿਆ ਦੀ ਥੁੜ੍ਹ, ਭਾਈ ਵੀਰ ਸਿੰਘ ਦੇ ਪ੍ਰੈਸ ਵਿਚ ਗੁਜ਼ਾਰੇ ਸਾਲ ਅਤੇ ਸਮਕਾਲੀ ਪੰਜਾਬ ਵਿਚ ਵੱਧ ਰਹੀ ਜਾਗ੍ਰਿਤੀ ਤੇ ਪਰਸਪਰ ਫੁੱਟ ਕੁਝ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੇ ਚਾਤ੍ਰਿਕ ਨੂੰ ਪੰਜਾਬੀ ਵਿਚ ਲਿਖਣ ਲਈ ਮਜ਼ਬੂਰ ਕੀਤਾ ਹੈ। 1935 ਈਸਵੀ

ਤੱਕ ਉਸ ਨੇ ਪਰੰਪਰਾਗਤ ਕਿੱਸਾਕਾਰੀ ਉੱਤੇ ਹੱਥ ਰਵਾਂ ਕਰਕੇ ਨਵੇਂ ਅਨੁਭਵ ਦੇ ਪ੍ਰਗਟਾਵੇ ਲਈ ਨਵੇਂ ਪ੍ਰਯੋਗ ਕਰਨੇ ਆਰੰਭ ਦਿੱਤੇ ਹਨ। ਉਸ ਸਮੇਂ ਤੱਕ ਉਸ ਨੇ ਪੰਜਾਬੀ ਸਾਹਿਤ ਨੂੰ ਨਿਮਨ ਰਚਨਾਵਾਂ ਪ੍ਰਦਾਨ ਕੀਤੀਆਂ :

1. ਭਰਥਰੀ ਹਰੀ
2. ਨਲ ਦਮਯੰਤੀ
3. ਧਰਮ ਬੀਰ
4. ਚੰਦਨ ਵਾੜੀ

'ਕੇਸਰ ਕਿਆਰੀ' ਭਾਵੇਂ 1940 ਵਿਚ ਛਪੀ, ਪਰ ਉਸ ਦੀਆਂ ਕੁਝ ਕੁ ਕਵਿਤਾਵਾਂ 1932 ਦੇ ਨੇੜੇ ਤੇੜੇ ਹੀ ਲਿਖੀਆਂ ਜਾ ਚੁੱਕੀਆਂ ਸਨ। ਚਾਤ੍ਰਿਕ ਆਪ ਲਿਖਦਾ ਹੈ : ''ਸੰਨ 1931 ਦੇ ਅਖ਼ੀਰ ਵਿਚ ਮੈਂ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਿਹ ਛਪਵਾਇਆ ਅਤੇ ਉਸ ਦਾ ਨਾਮ ਸ੍ਰੀ ਭਾਈ ਸਾਹਿਬ ਭਾਈ ਵੀਰ ਸਿੰਘ ਦੀ ਸਲਾਹ ਨਾਲ 'ਚੰਦਨ ਵਾੜੀ' ਰੱਖਿਆ। ਇਸ ਦਾ ਮੁੱਖ ਬੰਦ ਵੀ ਆਪ ਨੇ ਲਿਖ ਕੇ ਦਿੱਤਾ ਅਤੇ ਸ. ਬਹਾਦਰ ਸਿੰਘ ਕਾਹਨ ਸਿੰਘ ਸਾਹਿਬ ਨੇ ਵੀ ਦੋ ਸਫ਼ਿਆਂ ਵਿਚ ਇਸ ਦੀ ਪ੍ਰਸ਼ੰਸਾ ਲਿਖੀ। 'ਚੰਦਨ ਵਾੜੀ' ਦੇ ਬਾਅਦ 1932 ਈ. ਤੋਂ 1940 ਈ. ਤੱਕ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਿਹ 'ਕੇਸਰ ਕਿਆਰੀ' 1940 ਵਿਚ ਛਪਿਆ।

ਇਨ੍ਹਾਂ ਪਹਿਲੀਆਂ ਦੋ ਪੁਸਤਕਾਂ ਨਾਲ ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਵਿਚ ਚਾਤ੍ਰਿਕ ਨੂੰ ਮਾਣਯੋਗ ਸਥਾਨ ਪ੍ਰਾਪਤ ਹੋ ਚੁਕਿਆ ਸੀ। ਉਸ ਦੇ ਅਨੁਭਵ ਦੀ ਮੌਲਿਕਤਾ, ਉਸ ਦੀ ਕਾਵਿ ਸ਼ੈਲੀ ਅਤੇ ਉਸ ਦੇ ਛੰਦ-ਵਿਧਾਨ ਤੇ ਸ਼ਬਦਾਵਲੀ ਦੀ ਨੁਹਾਰ ਇਸੇ ਕਾਲ ਵਿਚ ਉਜਾਗਰ ਹੋ ਗਈ ਸੀ। ਧਨੀ ਰਾਮ ਚਾਤ੍ਰਿਕ ਨੇ ਬੈਂਤ ਕੋਰੜਾ, ਕਬਿੱਤ, ਦੋਹੜਾ, ਦੋਹਿਰਾ, ਸੱਦ ਤੇ ਦਵੱਈਆ ਛੰਦ ਰਵਾਇਤੀ ਪੰਜਾਬੀ ਕਵਿਤਾ ਦੇ ਅਸਰ ਹੇਠ ਹੀ ਅਪਣਾਏ ਹਨ। ਉਰਦੂ ਕਵਿਤਾ ਦੇ ਪ੍ਰਭਾਵ ਨਾਲ ਉਸ ਦੀ ਕਵਿਤਾ ਵਿਚ ਗ਼ਜ਼ਲ ਤੇ ਰੁਬਾਈ ਵਰਗੇ ਕਾਵਿ ਰੂਪ ਵੀ ਵੇਖਣ ਨੂੰ ਮਿਲਦੇ ਹਨ। ਚਾਤ੍ਰਿਕ ਮਾਝੇ ਦਾ ਜੰਮਪਲ ਸੀ ਅਤੇ ਪੰਜਾਬੀ ਬੋਲੀ ਨਾਲ ਉਸ ਨੂੰ ਵਿਸ਼ੇਸ਼ ਪਿਆਰ ਸੀ। ਉਸ ਦੀ ਸ਼ਬਦਾਵਲੀ ਵਿਚ ਪ੍ਰਧਾਨ ਰੰਗ ਮਾਝੀ ਪੰਜਾਬੀ ਦਾ ਹੈ। ਪਰ ਉਸ ਨੇ ਰਵਾਇਤੀ ਤੇ ਬ੍ਰਿਤਾਂਤਕ ਸ਼ੈਲੀ ਦੀ ਪ੍ਰਥਾ ਅਨੁਸਾਰ 'ਸ਼ਬਦ' ਨੂੰ ਵਧੇਰੇ ਕਰਕੇ ਅਭਿਧਾ ਅਰਥ (dictionary meaning) ਵਿਚ ਹੀ ਵਰਤਿਆ ਹੈ। ਉਸ ਦੀ ਕਵਿਤਾ ਵਿਚ ਸ਼ਬਦਾਂ ਦੀ ਪ੍ਰਤਾਕਾਤਮਕ ਵਰਤੋਂ ਬਹੁਤ ਘੱਟ ਮਿਲੇਗੀ।

## 5.4 ਪ੍ਰੋ. ਪੂਰਨ ਸਿੰਘ

ਇਸ ਦੌਰ ਦਾ ਚੌਥਾ ਪ੍ਰਸਿੱਧ ਕਵੀ ਹੈ - ਪ੍ਰੋ. ਪੂਰਨ ਸਿੰਘ। ''ਪੂਰਨ ਸਿੰਘ ਦੇ ਬਜ਼ੁਰਗ ਰਾਵਲਪਿੰਡੀ ਦੇ ਇਕ ਛੋਟੇ ਜਿਹੇ ਪਰ ਅਤਿ ਰਮਣੀਕ ਪਿੰਡ ਖ਼ਾਲਸੇ ਦੇ ਵਾਸੀ ਸਨ, ਜਿੱਥੇ ਸਾਰੀ ਵਸੋਂ ਸਿੱਖਾਂ ਦੀ ਹੀ ਸੀ। ਉਸ ਦੇ ਪਿਤਾ ਸਰਦਾਰ ਕਰਤਾਰ ਸਿੰਘ, ਨੌਕਰੀ ਦੇ ਸੰਬੰਧ ਵਿਚ ਐਬਟਾਬਾਦ ਦੇ ਲਾਗੇ ਇਕ ਪਿੰਡ ਸਲਹੱਡ ਵਿਚ ਲੱਗੇ ਹੋਏ ਸਨ, ਜਿੱਥੇ ਪੂਰਨ ਸਿੰਘ ਦਾ 27 ਫਰਵਰੀ, 1881 ਈ. ਵਿਚ ਜਨਮ ਹੋਇਆ। ਉਸ ਨੇ ਆਪਣੀ ਮੁੱਢਲੀ ਵਿਦਿਆ ਗੁਰਦੁਆਰੇ ਵਿਖੇ ਪ੍ਰਾਪਤ ਕੀਤੀ। ਉਸ ਦੀ ਪੜ੍ਹਾਈ ਲਈ ਉਸ ਦੇ ਮਾਤਾ ਪਿਤਾ ਸਾਰਿਆਂ ਬੱਚਿਆਂ ਸਣੇ, ਰਾਵਲਪਿੰਡੀ ਆ ਟਿਕੇ, ਜਿਥੇ 1897 ਵਿਚ ਪੂਰਨ ਸਿੰਘ ਨੇ ਮੈਟਰਿਕ ਪਾਸ ਕੀਤੀ ਤੇ ਫਿਰ ਲਾਹੌਰ ਦੇ ਡੀ. ਏ. ਵੀ. ਕਾਲਜ ਤੋਂ ਐਫ. ਏ. ਪਾਸ ਕਰਕੇ ਉੱਥੇ ਹੀ ਬੀ. ਏ. ਵਿਚ ਦਾਖ਼ਲ ਹੋ ਗਿਆ। ਪਰ ਛੇਤੀ ਹੀ ਆਪਣੀ ਬਰਾਦਰੀ ਵਲੋਂ ਵਜੀਫਾ ਮਿਲਣ ਤੇ ਆਪਣੇ ਭਾਈਚਾਰੇ ਦੇ ਇਕ ਹੋਰ ਨੌਜਵਾਨ ਨਾਲ ਜਪਾਨ ਚਲਾ ਗਿਆ।

### 5.4.1 ਵਿਰੋਧਾਂ ਦੇ ਸੁਮੇਲ ਵਾਲੀ ਸ਼ਖ਼ਸੀਅਤ

ਉਪਰਲੇ ਕਥਨ ਤੋਂ ਸਾਫ ਪਤਾ ਲੱਗਦਾ ਹੈ ਕਿ ਛੋਟੀ ਜਿਹੀ ਆਯੂ ਵਿਚ ਹੀ ਐਪਲਾਈਡ ਕੈਮਿਸਟਰੀ ਦੀ ਪੜ੍ਹਾਈ ਲਈ ਜਪਾਨ ਜਾਣ ਵਾਲਾ ਪੂਰਨ ਸਿੰਘ ਇਕ ਤੀਖਣ ਬੁੱਧੀ ਵਿਅਕਤੀ ਸਾਇੰਸ ਦਾ ਵਿਦਿਆਰਥੀ, ਸਿੱਖ ਘਰਾਣੇ ਦਾ ਜੰਮਪਲ ਤੇ ਜਪਾਨ ਵਰਗੇ ਸਨਅਤੀ ਸਮਾਜ ਦਾ ਅਨੁਭਵ ਪੁਰਸ਼ ਸੀ। ਉਸ ਦੀ ਸ਼ਖ਼ਸੀਅਤ ਵਿਚ ਅਨੇਕ ਵਿਰੋਧਾਂ ਦਾ ਸੁਮੇਲ ਹੈ। ਸਿੱਖੀ ਤੇ ਸੰਨਿਆਸ, ਭਾਈ ਵੀਰ ਸਿੰਘ ਤੇ ਸੁਆਮੀ ਤੀਰਥ, ਵਿਗਿਆਨ ਤੇ ਧਰਮ, ਬੁੱਧੀ ਤੇ ਭਾਵੁਕਤਾ, ਪੰਜਾਬ ਤੇ ਜਪਾਨ, ਵਹਿਸ਼ੀ ਚਾਅ ਤੇ ਬੁੱਧ-ਦਰਸ਼ਨ, ਆਦਿ ਵਿਰੋਧ ਇਕੋ ਸਮੇਂ ਉਨ੍ਹਾਂ ਦੇ ਵਿਅਕਤਿੱਤਵ ਵਿਚ ਉਜਾਗਰ ਹੋਏ ਸਨ। ਉਹ ਪੂਰਬੀ ਕਥਾ ਦੀ ਆਤਮਾ (The Spirits of Oriental Poetry) ਨਾਲ ਇਕ ਸੁਰ ਸੀ ਤੇ ਦੂਜੇ ਪਾਸੇ ਇੰਗਲੈਂਡ ਦੀ ਸ਼ੈਲੀ ਤੇ ਅਮਰੀਕਾ ਦੇ ਵਾਲਟ ਵਿਟੈਮਨ ਨਾਲ ਵੀ ਸਾਂਝ ਸੀ। ਉਹ ਆਪਣੇ ਆਪਾਰ ਵਿਅਕਤਿੱਤਵ ਨੂੰ ਕਿਸੇ ਚਰਿੱਤਰ ਦੇ ਕਿਨਾਰਿਆਂ ਵਿਚ ਸੀਮਤ ਕਰਨ ਤੋਂ ਆਕੀ ਹੈ :

''ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,
ਧਰਮ ਕਰਮਾਂ ਥੀਂ ਨੱਸਣਾ,
ਅਨੇਮੀ ਰਹਿਣਾ, ਸੋਚ ਸਾਰੀ ਡੋਬਣਾ,
ਹੱਸਣਾ ਤੇ ਰੋਣਾ, ਚੀਖਣਾ,
ਤੇ ਦਰਿਆਵਾ ਕਿਨਾਰੇ ਦੌੜਦੇ ਫਿਰਨਾ,
ਪਾਗਲ ਜਿਹਾ, ਵਹਿਸ਼ੀ ਇਹ ਚਾਅ ਮੇਰਾ,
ਆਖੇ ਨਹੀਂ ਲਗਦਾ ਨੇਮ ਵਿਚ ਨਾ ਬੱਝਦਾ।

1. **ਸਮਝੌਤਾਵਾਦੀ ਪ੍ਰਤੀਕਰਮ**
ਇਸ ਸਭਿਅਤਾ ਨਾਲ ਸਮਝੌਤਾ ਕਰਕੇ ਤੇ ਪੈਸੇ ਦੀ ਸਰਦਾਰੀ ਨੂੰ ਸਵੀਕਾਰੀ ਕਰਕੇ, ਅਜੋਕੇ ਬਹੁਤ ਸਾਰੇ ਮੱਧ-ਵਰਗੀ ਸਾਹਿਤਕਾਰਾਂ ਵਾਂਗ ਉਹ ਵੀ ਇਸ ਨੂੰ ਕਬੂਲ ਲੈਂਦਾ ਤੇ ਸਬਰ ਦਾ ਘੁੱਟ ਭਰਦਾ

2. **ਯਥਾਰਥਵਾਦੀ ਪ੍ਰਤੀਕਰਮ**
ਉਹ ਇਸ ਸਭਿਅਤਾ ਦੇ ਪਛਾਣੇ ਜਾ ਚੁੱਕੇ ਰੋਗ (ਹਉਮੈ, ਵਿਅਕਤੀਵਾਦ) ਨੂੰ ਦੂਰ ਕਰਨ ਲਈ ਇਕ ਰੋਗ ਦੀ ਜੜ੍ਹ (ਪੂੰਜੀ, ਨਿੱਜੀ ਜਾਇਦਾਦ) ਦਾ ਵਧੇਰੀ ਡੂੰਘਾਈ ਵਿਚ ਵਿਸ਼ਲੇਸ਼ਣ ਚਿਤਰਣ ਕਰਕੇ ਤੇ ਇਸ ਨੂੰ ਜੜ੍ਹ ਨੂੰ ਕੱਟ ਕੇ ਅਗਲੇਰੇ ਅਰੋਗ ਸਮਾਜ ਦੀ ਸਿਰਜਣਾ ਦੀ ਪ੍ਰੇਰਣਾ ਦਿੰਦਾ

3. **ਰੁਮਾਂਸਵਾਦੀ ਪ੍ਰਤੀਕਰਮ**
ਇਹ ਹਉਂ ਪ੍ਰਧਾਨ, ਦਰਦ ਵਿਹੂਣੀ, ਮਾਇਆ ਤੋਂ, ਸਾਰੀ ਸਭਿਅਤਾ ਤੋਂ ਭੱਜ ਕੇ ਉਹ ਪੁਰਾਣੇ ਪੇਂਡੂ ਸਮਾਜ, ਆਦਿਮ ਸਮਾਜ ਜਾਂ ਕੇਵਲ ਜੰਗਲ ਵਿਚ ਰਹਿਣ ਦੀ ਪ੍ਰੇਰਣਾ ਦਿੰਦਾ

ਪੂਰਨ ਸਿੰਘ ਦਾ ਪ੍ਰਤੀਕਰਮ ਰੁਮਾਂਸਵਾਦੀ ਹੈ। ਉਹ ਸਮਝੌਤਾਵਾਦੀ ਵੀ ਨਹੀਂ। ਆਪਣੇ ਤੋਂ ਪਹਿਲੇ ਤਿੰਨ ਕਵੀਆਂ ਵਾਂਗ ਸੁਧਾਰਵਾਦੀ ਵੀ ਨਹੀਂ, ਵਿਦਰੋਹੀ ਹੈ ਪਰ ਉਸ ਦਾ ਵਿਦਰੋਹ ਪਾਠਕ ਨੂੰ ਆਪਣੇ ਅਤੀਤ ਵੱਲ ਮੁੜਨ ਦੀ ਸਿਫਾਰਸ਼ ਕਰਦਾ ਹੈ ਜਦ ਕਿ ਅਤੀਤ ਤੋਂ ਸਿਖਿਆ ਤਾਂ ਲਈ ਜਾ ਸਕਦੀ ਹੈ, ਪਰ ਮੁੜ ਆਦਿਮ-ਸਭਿਅਤਾ ਦੀ ਉਸਾਰੀ ਅਸੰਭਵ ਹੈ।

ਪੂਰਨ ਸਿੰਘ ਦਾ ਵਿਦਰੋਹ-ਵਾਲਟ ਵਿਟਮੈਨ, ਸ਼ੈਲੇ, ਕੀਟਸ, ਬਾਇਰਨ ਤੇ ਵਰਡਜ਼ਵਰਥ ਵਰਗਾ ਹੈ। ਇਹ ਕ੍ਰਾਂਤੀ ਤਾਂ ਹੈ, ਪਰ ਯਥਾਰਥ ਵੱਲ ਆਣ ਦੀ ਥਾਂ ਯਥਾਰਥ ਦੇ ਪਰਛਾਂਵੇ ਵੱਲ ਜਾਣ ਦੀ ਕ੍ਰਾਂਤੀ ਹੈ। ਅਜਿਹੇ ਰੁਮਾਂਸਕਾਂ ਨੂੰ ਕਿਸਟੋਫਰ ਕਾਡਵੈਲ 'ਦਰਪਨੀ ਕ੍ਰਾਂਤੀਕਾਰ ਕਹਿੰਦਾ ਹੈ'। ਉਹ ਅੰਗ੍ਰੇਜ਼ੀ ਰੁਮਾਂਸਕਾਂ ਬਾਰੇ ਆਪਣੀ ਪੁਸਤਕ 'ਇਲੂਯਨ ਐਂਡ ਰਿਐਲਟੀ' (Illusion and reality) ਵਿਚ ਲਿਖਦਾ ਹੈ :

ਉਹ (ਰੁਮਾਂਟਿਕ ਕਵੀ) ਦਰਪਨੀ ਕ੍ਰਾਂਤੀਕਾਰ ਹੈ। ਉਹ ਅਸਲੀ ਵਸਤੂ ਤੋਂ ਦੂਰ ਜਾਂਦੇ ਹਨ ਅਤੇ ਉਸ ਦੇ ਸ਼ੀਸ਼ੇ ਵਿਚ ਪੈਂਦੇ ਅਕਸ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਨ।[1]

ਆਪਣੀ ਰੁਮਾਂਟਿਕ ਬਿਰਤੀ ਕਾਰਨ ਹੀ ਪੂਰਨ ਸਿੰਘ ਦਾ ਅਨੁਭਵ, ਉਸ ਦੀ ਸ਼ੈਲੀ ਤੇ ਸ਼ਬਦਾਵਲੀ ਭਾਈ ਵੀਰ ਸਿੰਘ, ਕ੍ਰਿਪਾ ਸਾਗਰ ਤੇ ਚਾਤ੍ਰਿਕ ਨਾਲੋਂ ਅੱਡਰੀ ਹੈ। ਪੂਰਨ ਸਿੰਘ ਕਾਵਿ, ਆਪਣੇ ਆਪ ਵਿਚ ਲੀਨ, ਆਧੁਨਿਕ ਪੰਜਾਬੀ-ਕਾਵਿ ਦੀ ਇਕ ਵਿਲੱਖਣ (Unique) ਪਰੰਪਰਾ ਹੈ ਜਿਸ ਨੂੰ ਅੱਗੇ ਤੋਰਨ ਵਾਲਾ ਕਵੀ ਪੰਜਾਬੀ ਵਿਚ ਪੈਦਾ ਨਹੀਂ ਹੋਇਆ। ਪੂਰਨ ਸਿੰਘ ਕਾਵਿ ਵਿਚ ਰੁਮਾਂਸ ਤੋਂ ਯਥਾਰਥ, ਅਕਸ ਤੋਂ ਵਸਤੂ ਵੱਲ ਮੁੜਨ ਦੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਇਨ੍ਹਾਂ ਸੰਭਾਵਨਾਵਾਂ ਨੂੰ ਕੋਈ ਪੂਰਨ ਕਵੀ ਹੀ ਉਜਾਗਰ ਕਰ ਸਕਦਾ ਹੈ।

---

1. They are mirror revolutionaries, They attempt to reach an object in a mirror only to move further away from the real object.
(Caudwell, *Illusion and Reality;* PPH, New Delhi, 1966, P. 86)

ਪਾਠ ਨੰਬਰ : 1.4

## 1935 ਈ. ਤੋਂ 1947 ਈ. ਤਕ ਦੀ ਪੰਜਾਬੀ ਕਵਿਤਾ

**ਪਾਠ ਦਾ ਮੰਤਵ** : ਪਿਛਲੇ ਪਾਠ ਵਿਚ ਤੁਸੀਂ 1900 ਈ. ਤੋਂ 1935 ਈ. ਤਕ ਦੀ ਪੰਜਾਬੀ ਕਵਿਤਾ ਬਾਰੇ ਪੜ੍ਹ ਚੁੱਕੇ ਹੋ। ਸੰਨ 1935 ਈ. ਦਾ ਵਰ੍ਹਾ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਪਰਿਵਰਤਨ ਦਾ ਵਰ੍ਹਾ ਹੈ। ਇਸ ਵਰ੍ਹੇ ਤੋਂ ਪੰਜਾਬੀ ਕਵਿਤਾ ਦਾ ਇਕ ਨਵਾਂ ਦੌਰ ਆਰੰਭ ਹੁੰਦਾ ਹੈ। ਜੋ 1947 ਈ. ਤੱਕ ਕਵੀਆਂ ਦਾ ਧਿਆਨ ਆਪਣੇ ਵੱਲ ਖਿੱਚੀ ਰੱਖਦਾ ਹੈ। ਇਸ ਪਾਠ ਵਿਚ ਇਸ ਕਾਲ ਦੀ ਕਾਵਿ-ਰਚਨਾ ਬਾਰੇ ਵਿਚਾਰ ਕੀਤੀ ਜਾਏਗੀ। ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਦਾ ਮੂੰਹ-ਮੁਹਾਂਦਰਾ ਲਿਸ਼ਕਦਾ ਹੈ ਤੇ ਪੰਜਾਬੀ ਕਵਿਤਾ ਨੂੰ ਇਕ ਨਵੀਂ ਸੇਧ ਮਿਲਦੀ ਹੈ।

**ਪਾਠ ਦੀ ਰੂਪ ਰੇਖਾ** : ਸਾਹਿਤਕ, ਸਭਿਆਚਾਰਕ ਤੇ ਰਾਜਨੀਤਕ ਪਿਛੋਕੜ-ਸੰਸਾਰ ਵਿਚ ਸਮਾਜਵਾਦੀ ਨਿਜ਼ਾਮ ਦਾ ਅਰੰਭ ਵਿਗਿਆਨਕ ਪ੍ਰਗਤੀ ਦਾ ਪ੍ਰਭਾਵ-ਆਧੁਨਿਕ ਕਾਵਿ ਦਾ ਪਹਿਲਾ ਪੜਾਅ-ਵਿਸ਼ੇਸ਼ ਕਵੀ-ਰਹੱਸਵਾਦੀ ਝੁਕਾ-ਛਾਇਆਵਾਦ-ਰੋਮਾਂਟਿਕ ਕਵਿਤਾ-ਸਮਾਜਵਾਦ ਤੇ ਸਮਾਵਾਦ-ਪ੍ਰਮੁੱਖ ਕਵੀਆਂ ਬਾਰੇ ਵਿਚਾਰ।

**ਭੂਮਿਕਾ** : ਸੂਫ਼ੀ-ਕਾਵਿ, ਕਿੱਸਾ-ਕਾਵਿ, ਭਗਤੀ-ਕਾਵਿ ਅਤੇ ਬੀਰ-ਕਾਵਿ ਦੀਆਂ ਪਰੰਪਰਾਵਾਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਨੀਵੀਂ ਸਦੀ ਦੇ ਅੰਤ ਤੱਕ ਆਪਣੀ ਜਵਾਨੀ ਹੰਢਾ ਚੁੱਕੀਆਂ ਸਨ ਪਰ ਇਨ੍ਹਾਂ ਪਰੰਪਰਾਵਾਂ ਦਾ ਕੋਈ ਨਾ ਕੋਈ ਰੂਪ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਛੰਦ-ਵਿਧਾਨ, ਬਿੰਬ-ਵਿਧਾਨ, ਵਿਚਾਰਧਾਰਾ ਤੇ ਭਾਵ ਉਜਾਗਰ ਉੱਤੇ ਵੀ ਪ੍ਰਤੱਖ ਹੈ। 1935 ਈ. ਤੋਂ ਪਹਿਲਾਂ ਭਾਵੇਂ ਰਾਜਨੀਤਿਕ ਅੰਦੋਲਨਾਂ ਤੋਂ ਪ੍ਰਭਾਵਿਤ ਹੋ ਕੇ ਲਾਲਾ ਬਾਂਕੇ ਦਿਆਲ, ਮੁਨਸ਼ਾ ਸਿੰਘ ਦੁਖੀ, ਹਰਨਾਮ ਸਿੰਘ ਟੁੰਡੀਲਾਟ, ਹੀਰਾ ਸਿੰਘ ਦਰਦ ਆਦਿ ਨੇ ਵੀ ਇਕ ਨਵੀਂ ਰਾਜਨੀਤਿਕ, ਚੇਤੰਨਤਾ ਨੂੰ ਜਾਗ੍ਰਿਤ ਕਰਨ ਵਾਲੀ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ ਪਰ ਪੰਜਾਬੀ ਕਵਿਤਾ ਦੀ ਸਮੁੱਚੀ ਗਤੀ-ਵਿਧੀ ਦਾ ਨਿਰਣਾ ਕਰਨ ਵੇਲੇ ਇਹ ਕਵੀ ਕਿਸੇ ਗਿਣਤੀ ਵਿਚ ਨਹੀਂ ਆਉਂਦੇ। ਕਵਿਤਾ ਦੇ ਖੇਤਰ ਵਿਚ ਉਸ ਸਮੇਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਡਾ. ਮੋਹਨ ਸਿੰਘ ਦੀਵਾਨਾ, ਲਾਲਾ ਕ੍ਰਿਪਾ ਸਾਗਰ ਆਦਿਕ ਦੇ ਨਾਂ ਪ੍ਰਮੁੱਖ ਰਹੇ ਹਨ। 1935 ਈ. ਤੱਕ ਇਨ੍ਹਾਂ ਕਵੀਆਂ ਨੇ ਨਵੇਂ ਰੂਪ ਰਾਹੀਂ ਪਰਿਚਿਤ ਕਰਾਇਆ। ਪਰ 1935 ਦਾ ਸਾਲ ਪੰਜਾਬੀ ਸਾਹਿਤ ਹੀ ਨਹੀਂ, ਸਗੋਂ ਸਮੁੱਚੇ ਭਾਰਤੀ ਸਾਹਿਤ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਹੈ। ਬਹੁਤ ਸਾਰੇ ਕਾਰਨਾਂ ਕਰਕੇ ਪੰਜਾਬੀ ਸਾਹਿਤ ਦਾ ਆਧੁਨਿਕ ਰੂਪ ਇਸ ਵਰ੍ਹੇ ਦੇ ਨੇੜੇ ਤੇੜੇ ਹੀ ਪਛਾਣਨ ਯੋਗ ਹੋ ਸਕਿਆ।

1. **ਪ੍ਰਸ਼ਨ : ਪੰਜਾਬੀ ਕਵਿਤਾ ਵਿਚ ਆਧੁਨਿਕਤਾ ਕਦੋਂ ਸ਼ੁਰੂ ਹੁੰਦੀ ਹੈ ?**

**ਉਤਰ** : ਅੰਗਰੇਜਾਂ ਦੇ ਪੰਜਾਬ ਪ੍ਰਵੇਸ਼ ਨੂੰ ਹੀ ਆਧੁਨਿਕ ਕਾਲ ਦਾ ਆਰੰਭ ਮੰਨ ਲਿਆ ਜਾਂਦਾ ਹੈ ਪਰ ਆਧੁਨਿਕਤਾ ਦੇ ਲੱਛਣ ਉਦੋਂ ਹੀ ਉਘੜੇ ਹਨ ਜਦੋਂ ਸਾਰੇ ਸਾਹਿਤਕਾਰਾਂ ਨੇ ਪੁਰਾਣੇ ਅਧਿਆਤਮਵਾਦੀ ਆਦਰਸ਼ਵਾਦ ਅਰਥਾਤ ਧਾਰਮਿਕ ਵਿਸ਼ਵ-ਦਰਸ਼ਨ ਨੂੰ ਤਿਆਗ ਕੇ ਵਿਗਿਆਨਕ ਭੌਤਿਕਵਾਦ ਜਾਂ ਆਧੁਨਿਕਵਾਦ ਵਿਸ਼ਵ ਦਰਸ਼ਨ ਨੂੰ ਅਪਨਾਉਣਾ ਸ਼ੁਰੂ ਕੀਤਾ ਹੈ।

1935 ਈ. ਤੱਕ ਜਪਾਨ, ਇੰਗਲੈਂਡ, ਅਮਰੀਕਾ, ਫਰਾਂਸ, ਇਟਲੀ ਤੇ ਜਰਮਨੀ ਵਿਚ ਸਰਮਾਏਦਾਰੀ ਨਿਜ਼ਾਮ ਆਪਣੀ ਸਿਖਰ ਨੂੰ ਪਹੁੰਚ ਕੇ ਆਪਣੇ ਪਤਨ ਵੱਲ ਜਾ ਰਿਹਾ ਹੈ। 1917 ਵਿਚ ਦੁਨੀਆ ਦੀ ਧਰਤੀ ਦੇ ਛੇਵੇਂ ਹਿੱਸੇ ਅਰਥਾਤ ਰੂਸ ਵਿਚ ਸਮਾਜਵਾਦੀ ਨਿਜ਼ਾਮ ਕਾਇਮ ਹੋ ਚੁੱਕਾ ਸੀ ਅਤੇ ਚੀਨੀ ਇਨਕਲਾਬ ਆਪ ਸੰਘਰਸ਼ਮਈ ਪੜਾਅ ਵਿਚੋਂ ਲੰਘ ਰਿਹਾ ਸੀ। ਭਾਰਤੀ ਰਾਜਨੀਤਿਕਾਂ, ਸਾਹਿਤਕਾਰਾਂ ਤੇ ਫ਼ੌਜੀ ਸਿਪਾਹੀਆਂ ਨੂੰ ਵੀਹਵੀਂ ਸਦੀ ਦੇ ਆਰੰਭਕ ਤਿੰਨ ਦਹਾਕਿਆਂ ਵਿਚ ਭਾਰਤ ਤੋਂ ਬਾਹਰ ਜਾਣ ਦਾ, ਉੱਥੋਂ ਦੇ ਲੋਕਾਂ ਤੇ

ਰਾਜਨੀਤਿਕਾਂ ਨੂੰ ਮਿਲਣ ਦਾ ਅਤੇ ਵਿਗਿਆਨ ਦੀ ਉੱਨਤੀ ਨੂੰ ਆਪਣੇ ਅੱਖੀਂ ਵੇਖਣ ਦਾ ਅਵਸਰ ਪ੍ਰਾਪਤ ਹੋ ਚੁੱਕਿਆ ਸੀ। ਪਹਿਲੇ ਸੰਸਾਰ ਯੁੱਧ ਦੇ ਸਿਪਾਹੀਆਂ ਤੋਂ ਇਲਾਵਾ ਮਹਾਤਮਾ ਗਾਂਧੀ, ਰਤਨ ਸਿੰਘ, ਐਮ. ਐਨ. ਰਾਇ, ਸੰਤੋਖ ਸਿੰਘ, ਲਾਲਾ ਹਰਦਿਆਲ, ਪੰਡਤ ਜਵਾਹਰ ਲਾਲ ਨਹਿਰੂ, ਪ੍ਰੋ. ਪੂਰਨ ਸਿੰਘ, ਮੁਲਕ ਰਾਜ ਅਨੰਦ ਅਤੇ ਸਜਾਦ-ਜਹਰ ਵਰਗੀਆਂ ਉੱਘੀਆਂ ਹਸਤੀਆਂ ਜਪਾਨ, ਇੰਗਲੈਂਡ, ਅਮਰੀਕਾ, ਰੂਸ ਤੇ ਫਰਾਂਸ ਘੁੰਮ ਆਈਆਂ ਸਨ। 1935 ਈ. ਵਿਚ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਦੁਨੀਆ ਭਰ ਦੇ ਪ੍ਰਗਤੀਵਾਦੀ ਲੇਖਕਾਂ ਦੀ ਕਾਨਫਰੰਸ ਵਿਚ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਸਾਹਿਤਕਾਰ ਦੀ ਰਾਜਨੀਤਕ ਮਹੱਤਤਾ ਨੂੰ ਜਤਾਉਣ ਲਈ ਸਕੀਮਾਂ ਸੋਚੀਆਂ ਜਾ ਚੁੱਕੀਆਂ ਸਨ। ਜਰਮਨੀ ਤੇ ਇਟਲੀ ਵਿਚ ਦੂਜੇ ਸੰਸਾਰ ਯੁੱਧ ਲਈ ਨਾਜ਼ੀ ਤੇ ਫਾਸਿਸਟ ਸ਼ਕਤੀਆਂ ਤਿਆਰ ਹੋ ਰਹੀਆਂ ਸਨ। ਅਜਿਹੇ ਅੰਤਰ-ਰਾਸ਼ਟਰੀ ਵਾਤਾਵਰਣ ਵਿਚ ਪੰਜਾਬੀ ਸਾਹਿਤਕਾਰਾਂ ਨੇ ਵੀ ਪੁਰਾਣੀਆਂ ਪਰੰਪਰਾਵਾਂ ਛੱਡ ਕੇ ਆਪਣੇ ਰਾਸ਼ਟਰੀ ਸੁਤੰਤਰਤਾ ਸੰਗਰਾਮ ਅਤੇ ਕਿਸੇ ਨਵੇਂ ਜਹਾਨ ਦੀ ਉਸਾਰੀ ਲਈ ਜੂਝ ਰਹੇ ਇਨਸਾਨ ਨੂੰ ਪ੍ਰੇਰਣਾ ਦੇਣ ਲਈ, ਵਿਗਿਆਨਕ ਦ੍ਰਿਸ਼ਟੀਕੋਣ, ਅਰਥਾਤ ਆਧੁਨਿਕਤਾ ਦਾ ਪੱਲਾ ਫੜਿਆ। 1935 ਤੋਂ 1947 ਤੱਕ ਦੀ ਪੰਜਾਬੀ ਕਵਿਤਾ ਨੂੰ ਸਹੀ ਅਰਥਾਂ ਵਿਚ, ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਪੜਾਅ ਕਿਹਾ ਜਾ ਸਕਦਾ ਹੈ।

ਇਨ੍ਹਾਂ ਬਾਰ੍ਹਾਂ-ਤੇਰਾਂ ਵਰ੍ਹਿਆਂ ਵਿਚ ਹੇਠ ਲਿਖੇ ਕਵੀਆਂ ਦੀਆਂ ਪ੍ਰਾਪਤੀਆਂ ਵਰਣਨਯੋਗ ਹਨ :

1. ਲਾਲਾ ਧਨੀ ਰਾਮ ਚਾਤ੍ਰਿਕ (ਕੇਸਰ ਕਿਆਰੀ ਤੇ ਨਵਾਂ ਜਹਾਨ)
2. ਡਾਕਟਰ ਦੀਵਾਨ ਸਿੰਘ ਕਾਲੇਪਾਣੀ (ਵਗਦੇ ਪਾਣੀ)
3. ਅੰਮ੍ਰਿਤਾ ਪ੍ਰੀਤਮ (ਅੰਮ੍ਰਿਤਾ ਲਹਿਰਾਂ, ਓ ਗੀਤਾਂ ਵਾਲਿਆਂ, ਜਿਉਂਦਾ ਜੀਵਨ, ਬੱਦਲਾਂ ਦੇ ਪੱਲੇ ਵਿਚ, ਪੱਥਰ ਗੀਟੇ ਆਦਿ।
4. ਪ੍ਰੋ. ਮੋਹਨ ਸਿੰਘ (ਸਾਵੇ ਪੱਤਰ, ਕਸੁੰਭੜਾ ਆਦਿ)
5. ਬਾਵਾ ਬਲਵੰਤ (ਮਹਾਂ ਨਾਚ, ਅਮਰ ਗੀਤ, ਜਵਾਲਾ ਮੁਖੀ)
6. ਪ੍ਰੀਤਮ ਸਿੰਘ ਸਫ਼ੀਰ (ਕੱਤਕ ਕੂੰਜਾਂ, ਰਕਤ ਬੂੰਦਾਂ, ਰਾਜ ਰਿਸ਼ਮਾਂ)
7. ਦੇਵਿੰਦਰ ਸਤਿਆਰਥੀ (ਧਰਤੀ ਦੀਆਂ ਵਾਜਾਂ)
8. ਪਿਆਰਾ ਸਿੰਘ ਸਹਿਰਾਈ (ਸਹਿਰਾਈ ਪੰਛੀ, ਤਾਰਿਆਂ ਦੀ ਲੋਅ)
9. ਸੰਤੋਖ ਸਿੰਘ ਧੀਰ (ਗੁੱਡੀਆਂ ਪਟੋਲੇ, ਪਹੁ ਫੁਟਾਲਾ)
10. ਚੰਨਣ ਸਿੰਘ ਜੇਠੂਵਾਲੀਆ (ਮਨ-ਆਈਆਂ)
11. ਅਜਾਇਬ ਚਿੱਤਰਕਾਰ (ਦੁਮੇਲ)
12. ਪ੍ਰੋ. ਹਰਦਿਆਲ ਸਿੰਘ ਸੀਕਰੀ (ਫੁਟਦੇ ਸੋਮੇ)
13. ਅਵਤਾਰ ਸਿੰਘ ਅਜ਼ਾਦ (ਵਿਸ਼ਵ ਵੇਦਨਾ)
14. ਜਰਨੈਲ ਸਿੰਘ ਅਰਸ਼ੀ (ਲਲਕਾਰਾ)
15. ਹੀਰਾ ਸਿੰਘ ਦਰਦ
16. ਗੁਰਮੁਖ ਸਿੰਘ ਮੁਸਾਫਰ

ਜਿਵੇਂ ਅਸੀਂ ਆਰੰਭ ਵਿਚ ਵੀ ਕਿਹਾ ਹੈ, ਪੰਜਾਬੀ ਕਵਿਤਾ ਦਾ ਇਹ ਦੌਰ ਵਿਗਿਆਨ ਦੇ ਪ੍ਰਭਾਵ ਅਤੇ ਪ੍ਰਗਤੀਵਾਦੀ ਲਹਿਰ ਦੇ ਆਰੰਭ ਦਾ ਦੌਰ ਹੈ ਪਰ ਤਾਂ ਵੀ ਉਪਰੋਕਤ ਕਵੀਆਂ ਵਿਚੋਂ ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ ਵਿਚ ਪ੍ਰਭੂਸੱਤਾ ਪ੍ਰਤੀ ਇਕ ਆਸਤਕ ਭਾਵ ਕਾਇਮ ਹੈ। ਅਜਿਹੀ ਕਵਿਤਾ ਨੂੰ ਅਸੀਂ ਰਹੱਸਵਾਦੀ ਕਵਿਤਾ ਦੀ ਰਹਿੰਦ ਖੂੰਹਦ ਜਾਂ ਹਿੰਦੀ ਦੀ ਛਾਇਆਵਾਦੀ ਕਵਿਤਾ ਦੇ ਪ੍ਰਭਾਵ ਹੇਠ ਉਤਪੰਨ ਹੋਈ ਕਵਿਤਾ ਕਹਿ ਸਕਦੇ ਹਾਂ। ਚਾਤ੍ਰਿਕ, ਕਾਲੇ ਪਾਣੀ, ਸਫ਼ੀਰ, ਮੋਹਨ ਸਿੰਘ ਦੀਆਂ ਕੁਝ ਕਵਿਤਾਵਾਂ, ਮੁਸਾਫ਼ਰ ਦੀ ਕਵਿਤਾ, ਅੰਮ੍ਰਿਤਾ ਦੀਆਂ ਕੁਝ ਕਵਿਤਾਵਾਂ ਤੇ ਬਾਵਾ ਬਲਵੰਤ ਦੀਆਂ ਕੁਝ ਕਵਿਤਾਵਾਂ ਅਜਿਹੇ ਰਹੱਸਵਾਦੀ ਛਾਇਆਵਾਦੀ ਝੁਕਾਅ ਦੀਆਂ ਹੀ ਕਵਿਤਾਵਾਂ ਹਨ। ਇਸ ਝੁਕਾਅ ਨੂੰ ਪੂਰੀ ਤਰ੍ਹਾਂ ਰਹੱਸਵਾਦੀ ਕਹਿਣ ਤੋਂ ਅਸੀਂ ਇਸ ਲਈ ਸੰਕੋਚ ਕਰਦੇ ਹਾਂ ਕਿਉਂਕਿ ਇਸ ਤੋਂ ਪਿੱਛੋਂ ਪ੍ਰਭੂਸਤਾ ਦੀ ਹੋਂਦ ਦੀ ਸਵੀਕ੍ਰਿਤੀ ਤਾਂ ਹੈ, ਪਰ ਉਸ ਹੋਂਦ ਪ੍ਰਤੀ ਉਹ ਸ਼ਰਧਾ ਅਤੇ ਭਗਤੀ ਭਾਵ ਨਹੀ ਜੋ ਗੁਰਬਾਣੀ ਅਤੇ ਸੂਫ਼ੀ ਕਾਵਿ ਦੇ

ਜਾਂ ਭਾਈ ਵੀਰ ਸਿੰਘ ਕਾਵਿ ਦੇ ਅਨੁਭਵ ਵਿਚ ਲੱਭਦਾ ਹੈ। ਚਾਤ੍ਰਿਕ ਦੀਆਂ ਕਵਿਤਾਵਾਂ ਵਿਚ ਧਾਰਮਿਕ ਭਾਵਾਂ ਦਾ ਪ੍ਰਗਟਾਵਾ, ਸਾਧਾਰਣ ਮਨੁੱਖ ਦੀ ਪੱਧਰ ਉੱਤੇ ਹੋਇਆ ਹੈ। ਕਿਤੇ ਕਿਤੇ ਰੱਬ ਨੂੰ 'ਕੋਰਾ ਕਾਦਰ' ਕਹਿ ਕੇ ਮਿੱਠੇ ਮਿੱਠੇ ਉਲਾਂਭਿਆਂ ਦੁਆਰਾ ਉਸ ਦੀ ਹੋਂਦ ਪ੍ਰਤੀ ਸ਼ੱਕ ਪ੍ਰਗਟ ਕੀਤਾ ਗਿਆ ਹੈ। ਇਸੇ ਤਰ੍ਹਾਂ ਪ੍ਰੀਤਮ ਸਿੰਘ ਸਫ਼ੀਰ ਦੀ ਸਥਿਤੀ ਵੀ ਸ਼ੱਕੀ ਮਨੁੱਖ ਵਰਗੀ ਹੀ ਹੈ। 1947 ਤੋਂ ਪਿੱਛੋਂ ਭਾਵੇਂ ਸਫ਼ੀਰ ਦਾ ਕਾਵਿ ਅਨੁਭਵ ਭਾਈ ਵੀਰ ਸਿੰਘ ਦੇ ਰਹੱਸਵਾਦੀ ਝੁਕਾਅ ਦੇ ਕਾਫ਼ੀ ਨੇੜੇ ਪਹੁੰਚ ਗਿਆ ਹੈ ਪਰ 'ਕੱਤਕ ਕੂੰਜਾਂ' ਵਿਚ ਉਸ ਦਾ ਅਨੁਭਵ ਇਸ ਤਰ੍ਹਾਂ ਦਾ ਸੀ :

''ਮੈਂ ਨਹੀਂ ਮੰਨਦਾ ਕਿ ਇਹ ਤਾਰੇ
ਇਹ ਨੇ ਖੰਡ ਪੁਰਾਣੇ
ਲੱਖਾਂ ਰੱਬ ਬਰਬਾਦ ਹੋ ਗਏ
ਕੌਣ ਉਨ੍ਹਾਂ ਨੂੰ ਜਾਣੇ।''

ਸਫ਼ੀਰ ਤੋਂ ਪਹਿਲਾ ਮੋਹਨ ਸਿੰਘ ਨੇ 'ਰੱਬ' ਨਾਂ ਦੀ ਕਵਿਤਾ ਵਿਚ ਰੱਬ ਦੀ ਹੋਂਦ ਪ੍ਰਤੀ ਨਵੀਂ ਵਿਗਿਆਨਕ ਖੋਜ ਬਿਰਤੀ ਨੂੰ ਅਪਣਾਉਣ ਦੀ ਸਿਫ਼ਾਰਸ਼ ਇਨ੍ਹਾਂ ਸ਼ਬਦਾਂ ਵਿਚ ਕੀਤੀ ਸੀ।

''ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖਧੰਦਾ।
ਖੋਲ੍ਹਣ ਲਗਿਆਂ ਪੇਚ ਇਸ ਦੇ
ਕਾਫ਼ਰ ਹੋ ਜਾਏ ਬੰਦੇ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋਂ ਮੂਲ ਦਾ ਖੁੰਝੀ।
ਲਾਈ ਲਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।''

ਇਨ੍ਹਾ ਸਤਰਾਂ ਵਿਚ ਰੱਬ ਤੋਂ ਇਨਕਾਰ ਨਹੀਂ ਪਰ ਉਸ ਦੀ ਸ਼ਰਧਾ ਭਾਵ ਵੀ ਕੋਈ ਨਹੀਂ। 'ਮਹਾਂ-ਨਾਚ' ਦੇ ਕਵੀ ਬਾਵਾ ਬਲਵੰਤ ਨੇ ਵੀ 'ਪਰਮ ਜੋਤ', 'ਅਰਸ਼ਾਂ' ਤੇ 'ਦੂਸਰੇ ਕਿਨਾਰੇ' ਦੇ ਸੰਕੇਤਾਂ ਨਾਲ ਪ੍ਰਭੂਸਤਾ ਵਿਚ ਵਿਸ਼ਵਾਸ ਪ੍ਰਗਟਾਇਆ ਹੈ, ਪਰ ਕਿਧਰੇ ਵੀ ਉਸ ਸੱਤਾ ਨੂੰ ਦਿਸਦੀ ਪ੍ਰਕ੍ਰਿਤੀ ਤੋਂ ਪਰ੍ਹਾਂ ਨਹੀਂ ਮੰਨਿਆ। ਇਨ੍ਹਾਂ ਸਾਰੇ ਕਾਰਨਾਂ ਕਰਕੇ ਇਸ ਝੁਕਾਅ ਨੂੰ ਛਾਇਆਵਾਦੀ ਕਹਿਣਾ ਵਧੇਰੇ ਚੰਗਾ ਹੈ।

**ਪ੍ਰਸ਼ਨ : ਪੰਜਾਬੀ ਕਵਿਤਾ ਵਿਚ ਛਾਇਆਵਾਦ ਦਾ ਕਿਹੋ ਜਿਹਾ ਪ੍ਰਗਟਾਵਾ ਪ੍ਰਾਪਤ ਹੁੰਦਾ ਹੈ ?**

**ਉੱਤਰ** : 1935 ਤੋਂ ਪਹਿਲਾਂ ਛਾਇਆਵਾਦੀ ਝੁਕਾਅ ਹਿੰਦੀ ਕਵਿਤਾ ਵਿਚ ਆਪਣੇ ਪ੍ਰਬਲ ਰੂਪ ਵਿਚ ਪ੍ਰਗਟ ਹੋ ਚੁਕਿਆ ਸੀ। ਜੈ ਸ਼ੰਕਰ ਪ੍ਰਸਾਦ, ਮਹਾਂ ਦੇਵੀ ਵਰਮਾ, ਨਿਰਾਲਾ ਅਤੇ ਪੰਤ ਵਰਗੇ ਕਵੀਆਂ ਨੇ ਇਸ ਝੁਕਾਅ ਦੀ ਸੀਮਾ ਅਤੇ ਸਮਰੱਥਾ ਨੂੰ ਨਿਰਧਾਰਤ ਕਰ ਦਿੱਤਾ : ਮਹਾਂ ਦੇਵੀ ਵਰਮਾਂ ਨੇ ਭਾਵੇਂ ਰਹੱਸਵਾਦ ਨੂੰ ਛਾਇਆਵਾਦੀ ਅਨੁਭਵ ਦੀ ਅਧਾਰਸ਼ਿਲਾ ਮੰਨਿਆ ਹੈ, ਪਰ ਇਹ ਇਕ ਅਜਿਹੀ ਕਾਵਿਕ ਪ੍ਰਵਿਤੀ ਹੈ ਜਿਹੜੀ ਰਹੱਸਵਾਦ ਦੇ ਵਿਚਕਾਰ ਵਿਚਰਦੀ ਹੈ। ਛਾਇਆਵਾਦੀ ਕਵੀ ਵੀ ਪੁਰਾਣੀਆਂ ਰੂੜ੍ਹੀਆਂ ਨੂੰ ਤਿਆਗ ਕੇ ਰਮਾਂਟਿਕ ਕਵੀਆਂ ਵਾਂਗ ਆਪਣੇ ਨਿੱਜੀ ਅਨੁਭਵ, ਪਿਆਰ ਦੇ ਮੇਲ-ਵਿਛੋੜੇ ਅਤੇ ਸਥਾਪਤ ਸਦਾਚਾਰ ਤੋਂ ਵਿਅਕਤੀਗਤ ਵਿਦਰੋਹ ਦਾ ਪ੍ਰਗਟਾਵਾ ਕਰਦਾ ਹੈ, ਉਸ ਦੀ ਕਵਿਤਾ ਵਿਚ ਸ਼ਿੰਗਾਰ-ਰਸ ਅਤੇ ਸਰੋਦੀ ਤੱਤ ਪ੍ਰਧਾਨ ਹੁੰਦਾ ਹੈ, ਪਰ ਉਸ ਦਾ ਪ੍ਰਗਟਾਵਾ ਨਵੀਨ ਬਿੰਬਾਂ ਤੇ ਛਾਇਆ-ਚਿਤਰਾਂ ਕਾਰਨ ਰਹੱਸਵਾਦੀਆਂ ਵਾਂਗ ਧੁੰਦਲਾ ਹੋ ਜਾਂਦਾ ਹੈ। ਪ੍ਰੋ. ਸੰਤ ਸਿੰਘ ਸੇਖੋਂ ਨੇ ਪੰਜਾਬੀ ਦੀ ਇਸ ਛਾਇਆਵਾਦੀ ਕਵਿਤਾ ਨੂੰ ਬੌਧਿਕ ਰਹੱਸ ਅਤੇ ਭਾਵਾਂ ਦੇ ਰਹੱਸ ਵਾਲੀ ਕਵਿਤਾ ਆਖਿਆ ਹੈ, ਪਰ ਸਾਡਾ ਵਿਚਾਰ ਹੈ ਕਿ ਇਸ ਕਵਿਤਾ ਦਾ ਮੁਹਾਂਦਰਾ ਹਿੰਦੀ ਛਾਇਆਵਾਦੀ ਕਵਿਤਾ ਤੋਂ ਵੱਖਰਾ ਨਹੀਂ ਹੈ। ਪ੍ਰਸਿੱਧ ਹਿੰਦੀ ਆਲੋਚਕ ਡਾ. ਨਗੇਂਦ੍ਰ ਦੇ ਵਿਚਾਰ ਅਨੁਸਾਰ ਛਾਇਆਵਾਦ ਉਦੋਂ ਉਤਪੰਨ ਹੁੰਦਾ ਹੈ ਜਦੋਂ ਬਾਹਰਲੇ ਸਦਾਚਾਰਕ ਜਾਂ ਰਾਜਨੀਤਕ ਦਬਾਓ ਕਾਰਨ ਕਵੀ ਦੇ ਨਿੱਜੀ ਭਾਵ ਕੁੰਠਿਤ ਹੋ ਕੇ ਕੋਈ ਅਸਿੱਧਾ ਪ੍ਰਗਟਾਵਾ

ਭਾਲਦੇ ਹਨ। ਕੁਦਰਤੀ ਗੱਲ ਹੈ ਕਿ ਛਾਇਆਵਾਦੀ ਕਵੀ ਨਾ ਤਾਂ ਰਹੱਸਵਾਦੀਆਂ ਵਾਂਗ ਕਿਸੇ ਅਸਗਾਹ, ਅਗੰਮ ਜਾਂ ਅਰੂਪ ਸੱਚ ਨੂੰ ਰੂਪਮਾਨ ਕਰਨ ਦੀ ਮਜਬੂਰੀ ਅਧੀਨ ਅਜਿਹਾ ਰਵੱਈਆ ਅਪਣਾਉਂਦਾ ਹੈ ਤੇ ਨਾ ਹੀ ਉਹ ਆਪਣੇ ਦੁਨਿਆਵੀ ਅਨੁਭਵ ਨੂੰ ਸਿੱਧੇ ਤੌਰ ਤੇ ਪ੍ਰਗਟਾ ਕੇ ਆਪਣੇ ਤੋਂ ਪਹਿਲੀ ਭਾਵ-ਪ੍ਰਣਾਲੀ ਨੂੰ ਤੋੜਨ ਦਾ ਯਤਨ ਕਰਦਾ ਹੈ। ਇਸ ਲਈ ਨਾ ਹੀ ਉਹ ਰਹੱਸਵਾਦੀ ਰਹਿੰਦਾ ਹੈ ਤੇ ਨਾ ਹੀ ਰੋਮਾਂਟਿਕ ਬਣਦਾ ਹੈ। ਉਹ ਤਾਂ ਆਪਣੇ ਕੁੰਠਿਤ ਭਾਵਾਂ ਨੂੰ ਪ੍ਰਗਟਾਵਾ ਦੇ ਕੇ ਆਪਣੇ ਆਪ ਦੇ ਬੋਝ ਤੋਂ ਛੁਟਕਾਰਾ ਹਾਸਲ ਕਰਦਾ ਹੈ। ਇਸ ਲਈ ਉਸ ਦਾ ਨਿੱਜੀ ਅਨੁਭਵ ਧਾਰਮਿਕ ਸ਼ਬਦਾਵਲੀ, ਮਿਥਿਹਾਸਕ ਸੰਕੇਤਾਂ ਜਾਂ ਪ੍ਰਕ੍ਰਿਤੀ ਦੇ ਬਿੰਬਾ ਦੁਆਰਾ ਪ੍ਰਗਟ ਹੁੰਦਾ ਹੈ। ਪੰਜਾਬੀ ਦੇ ਇਸ ਕਾਲ ਦੇ ਚਾਰ ਪ੍ਰਮੁੱਖ ਕਵੀਆਂ (ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ ਤੇ ਅੰਮ੍ਰਿਤਾ ਪ੍ਰੀਤਮ) ਦੀਆਂ ਮੁੱਢਲੀਆਂ ਰਚਨਾਵਾਂ ਵਿਚ ਇਹ ਛਾਇਆਵਾਦੀ ਪ੍ਰਵ੍ਰਿਤੀ ਹੀ ਪ੍ਰਧਾਨ ਹੈ। ਸਾਵੇ ਪੱਤਰ, ਕਸੁੰਭੜਾ ਅਤੇ ਅਧਵਾਟੇ ਵਿਚ ਅਜਿਹੀਆਂ ਬਹੁਤ ਸਾਰੀਆਂ ਕਵਿਤਾਵਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿਚ ਆਧੁਨਿਕ ਯੁੱਗ ਦੇ ਪ੍ਰੇਮੀ ਜਾਂ ਪ੍ਰੇਮਿਕਾ ਦੀ ਨਿੱਜੀ ਪਿਆਰ ਅਤੇ ਆਪਣੀਆਂ ਸਰੀਰਕ ਭੁੱਖਾਂ ਨੂੰ ਤ੍ਰਿਪਤ ਕਰਨ ਦੀ ਲੋਚਾ ਤਾਂ ਹੈ ਪਰ ਉਸ ਪ੍ਰੇਮੀ ਜਾਂ ਪ੍ਰੇਮਿਕਾ ਦਾ ਕੋਈ ਠੋਸ ਸਰੀਰਕ ਰੂਪ ਸਾਕਾਰ ਨਹੀਂ ਹੋਇਆ। 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' 'ਦੇਹ ਹਵਾ ਦਾ ਜੀਵਨ ਸਾਨੂੰ', 'ਕੁੜੀ ਪੋਠੋਹਾਰ ਦੀ', 'ਲਿਧਰੀ ਨੂੰ' ਅਤੇ 'ਅਧਵਾਟੇ' ਵਰਗੀਆਂ ਕਵਿਤਾਵਾਂ ਉਦਾਹਰਣ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। 'ਅਧਵਾਟੇ' ਪੁਸਤਕ ਦੀ ਇਕ ਛੋਟੀ ਜਿਹੀ ਕਵਿਤਾ 'ਨਿੱਕੀ ਜਿਹੀ ਮੈਂ ਕਲੀ' ਵਿਚ ਵੀ ਮੋਹਨ ਸਿੰਘ ਨੇ 'ਕਲੀ', 'ਅਰਸ਼', 'ਸਵੇਰ', 'ਦੁਪਹਿਰ', 'ਸੁਗੰਧ', ਤੇ 'ਉਹ', ਵਰਗੇ ਪ੍ਰਤੀਕਾਂ ਦੁਆਰਾ ਆਪਣੀ ਕਾਵਿ-ਨਾਇਕਾ ਦੀਆਂ ਸਰੀਰਕ ਭੁੱਖਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਸ ਦੇ ਦੈਵੀ ਤੇ ਦੁਨਿਆਵੀ ਦੋਹਾਂ ਤਰ੍ਹਾਂ ਦੇ ਅਰਥ ਲਏ ਜਾ ਸਕਦੇ ਹਨ। ਪੂਰੀ ਕਵਿਤਾ ਇਸ ਪ੍ਰਕਾਰ ਹੈ :

ਨਿੱਕੀ ਜਿਹੀ ਮੈਂ ਕਲੀ
ਅਰਸ਼ਾਂ ਵੰਨੀ ਮੂੰਹ ਭੁਆਈ
ਚਿਰਾਂ ਚਿਰਾਂ ਤੋਂ ਖਲੀ
ਤਾਰਿਆਂ ਜੜੀ ਸਵੇਰ ਬੀਤ ਗਈ
ਬੀਤ ਦੁਪਹਿਰ ਚਲੀ।
ਸ਼ਾਮਾਂ ਦੇ ਪੈ ਗਏ ਝਾਂਵਲੇ
ਦੁਖਮਈ ਧੌਣ ਅਲੀ।
ਸੁਕ ਗਏ ਅਥਰੂ ਮੁਕ ਗਏ ਹਾਸੇ
ਗਈ ਸੁਗੰਧ ਛਲੀ।
ਕੀ ਸਖੀਓ ਉਹ ਮੂਲ ਨਾ ਮਿਲਸੀ
ਮੈਂ ਜਿਸ ਦੀ ਆਸ ਖਲੀ
ਨਿੱਕੀ ਜਿਹੀ ਮੈਂ ਕਲੀ।

ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਨਾਲੋਂ ਵੀ ਵਧੇਰੇ ਪ੍ਰਤੱਖ ਰੂਪ ਵਿਚ ਛਾਇਆਵਾਦੀ ਕਾਵਿ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ। 'ਰਕਤ ਬੂੰਦਾਂ' ਪੁਸਤਕ ਦੀ ਬੜੀ ਪ੍ਰਸਿੱਧ ਕਵਿਤਾ 'ਬਰਸਾਤ ਹੈ' ਦਾ ਪਹਿਲਾ ਬੰਦ ਹੀ ਇਸ ਪੱਖੋਂ ਧਿਆਨ ਯੋਗ ਹੈ :

ਅੱਜ ਗਯਾ ਬਿਰਛ ਦੇ ਨੇੜ੍ਹੇ ਵਿਚ
ਪੱਥਰ ਹੋਈਆਂ ਅੱਖੀਆਂ ਸਾਹਵੇਂ
ਜਗਮਗ ਜਯੋਤੀ ਕੋਈ ਪ੍ਰਗਟੀ ਏ।
ਤੂੰ ਜੀਵਨ-ਰਾਹ ਤੇ ਚਮਕੀ ਏ।
ਨਿਰਵਾਨ ਪਛਾਣੀ ਹੈ ਰੂਪ ਨੇ।
ਕੁਝ ਰੰਗ ਵਟਾਂਦੀ ਪਈ ਆਪਣਾ

ਹਿਜਰਾਂ ਦੀ ਲੰਮੀ ਰਾਤ ਹੈ ਨਾ।

ਪ੍ਰੇਮੀ-ਨਾਇਕ ਦਾ ਆਪਣੀ ਨਾਇਕਾ ਨੂੰ ਪਛਾਣਨ ਦਾ ਇਹ ਪਲ ਸਫ਼ੀਰ ਨੂੰ ਬੁੱਧ ਦੀ ਨਿਰਵਾਣ ਪ੍ਰਾਪਤੀ ਵਰਗਾ ਜਾਪਦਾ ਹੈ। ਇਸ ਨੂੰ ਅਤਿਕਥਨੀ ਅਲੰਕਾਰ ਕਹਿ ਕੇ ਕਾਵਿਕ ਤਕਨੀਕ ਵੀ ਸਮਝਿਆ ਜਾ ਸਕਦਾ ਹੈ ਪਰ ਯਾਦ ਰਹੇ ਕਿ ਕਾਵਿਕ ਤਕਨੀਕ ਦੇ ਪਿੱਛੇ ਵੀ ਕਵੀ ਦਾ ਦ੍ਰਿਸ਼ਟੀਕੋਣ ਅਤੇ ਉਸ ਦੇ ਅਨੁਭਵ ਦੀ ਸੀਮਾ ਦਾ ਹੱਥ ਹੁੰਦਾ ਹੈ। ਪੁਰਾਣੀਆਂ ਜਗੀਰਦਾਰੀ ਰਹੁ-ਰੀਤਾਂ ਅਤੇ ਪੁਰਾਤਨ ਵਿਆਹ ਪ੍ਰਬੰਧ ਦੇ ਪ੍ਰਸੰਗ ਵਿਚ ਨਵੇਂ ਪੂੰਜੀਵਾਦੀ ਲਈ ਇਕ ਧਾਰਮਿਕ ਬਿੰਬ ਦਾ ਸਹਾਰਾ ਲੈਣਾ ਪਿਆ। ਸਫੀਰ ਨੇ ਸਮਾਜ ਦੀ ਆਰਥਿਕ ਕਾਣੀ-ਵੰਡ ਅਤੇ ਮੰਨੂ ਦੇ ਪੈਰੋਕਾਰਾਂ ਦੀਆਂ ਬਣਾਈਆਂ ਰੀਤਾਂ ਦੇ ਉਨ੍ਹਾਂ ਬੰਧਨਾਂ ਨੂੰ ਵੀ ਅਨੁਭਵ ਕਰ ਲਿਆ ਸੀ ਜਿਹੜੇ 'ਸੁਪਰ ਈਗੋ' (Super ego) ਦੇ ਰੂਪ ਵਿਚ ਉਸ ਦੇ ਨਾਇਕ ਦੀ ਚੇਤਨਾ ਨੂੰ ਮੱਲੀ ਬੈਠੇ ਹਨ ਅਤੇ ਉਸ ਦੀਆਂ ਇੱਛਾਵਾਂ ਦਾ ਮਨ ਕਰਦੇ ਹਨ। ਸਫ਼ੀਰ ਲਿਖਦਾ ਹੈ :

''ਇਹ ਧਰਮਾਂ ਵਾਲੇ
ਆਪਣੇ ਧੀਆਂ ਪੁੱਤਰਾਂ ਦੀ
ਸਰਪਰਸਤੀ ਕਰਦੇ ਨੇ ਆਤਮਾ ਦੇ ਮਾਮਲੇ ਵਿਚ ਵੀ
ਖ਼ੂਬ ਨੇ ਇਹ ਰੱਬ ਦੇ ਉਪਾਸ਼ਕ
ਜੋ ਬੇਸਮਝ ਬੁੱਤਾਂ ਉੱਤੇ
ਛਿੜਕ ਕੇ ਸਮਾਜ ਦੀਆਂ ਰਸਮਾਂ ਦਾ ਕੇਸਰ
ਆਪਣੇ ਵੱਲੋਂ ਇਸ਼ਕ ਲਭਾ ਦੇਂਦੇ ਨੇ।''

ਇਨ੍ਹਾਂ ਧਰਮਾਂ ਵਾਲਿਆਂ ਦੇ ਜਕੜਬੰਦਾਂ ਤੋਂ ਮੁਕਤੀ ਹਾਸਲ ਕਰਨ ਦਾ ਰਸਤਾ ਵੀ ਸਫ਼ੀਰ ਨੂੰ ਪਤਾ ਸੀ ਤੇ ਉਸ ਨੇ ਲਿਖਿਆ ਵੀ ਸੀ :

''ਟੁੱਟ ਜਾਵਣ ਕੈਦਾਂ ਹੱਦਬੰਦੀਆਂ।
ਵੰਡ ਰਹੇ ਨਾ ਕਾਣੀ।''

ਪਰ ਉਸ ਦਾ ਭਾਵ-ਧਾਰਾ ਕੈਦਾਂ ਹੱਦਬੰਦੀਆਂ ਤੋੜਨ ਵਾਲੇ ਪ੍ਰਗਤੀਵਾਦੀ, ਜਾਂ ਘੱਟੋ ਘੱਟ ਰੁਮਾਂਸਵਾਦੀ ਕਾਵਿਕ ਝੁਕਾਅ ਵੱਲ ਵਿਕਾਸ ਕਰਨ ਦੀ ਥਾਂ ਛਾਇਆਵਾਦ ਵੱਲ ਮੁੜਦੀ ਹੈ।

ਮਹਾਂਨਾਚ ਵਿਚ ਬਾਵਾ ਬਲਵੰਤ ਵਿਸ਼ਵ ਦੀ ਸਮੁੱਚੀ ਕਲਾ ਦੇ ਪਿੱਛੇ ਵਿਚਰਦੇ ਸੱਚ ਅਰਥਾਤ ਅਸਲੇ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ :

''ਹੇ ਅਸਲੇ ਵਿਸ਼ਵ ਕਲਾ ਦੇ,
ਤੱਤਾਂ ਦੀ ਅਲਖ ਮੁਕਾ ਦੇ,
ਮੈਨੂੰ ਨਾਚ ਬਣਾ ਦੇ,
ਜਾਂ ਮੈਂ ਸ਼ਿਵ ਜੀ ਹੋ ਜਾਂ,
ਨਾਚਾਂ ਵਿਚ ਉਮਰ ਬਿਤਾਵਾਂ।''

ਸੰਘਰਸ਼ਸ਼ੀਲ ਜੀਵਨ ਬਤੀਤ ਕਰਨ ਦੀ ਲੋਚਾ ਬਾਵੇ ਦੀ ਕਵਿਤਾ ਦੇ ਪ੍ਰਗਤੀਵਾਦੀ ਕਾਵਿ-ਧਾਰਾ ਵੱਲ ਮੁੜ ਜਾਣ ਦੀ ਸੂਚਕ ਤਾਂ ਹੈ ਪਰ ਅਜੇ ਇਸ ਲੋਚਾ ਦਾ ਕੋਈ ਠੋਸ ਸਮਾਜਕ ਰੂਪ ਕਵੀ ਦੇ ਸਾਹਮਣੇ ਨਹੀਂ ਹੈ। ਉਸ ਪੜਾਅ ਦੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਵੀ ਪਿਆਰ ਅਨੁਭਵ ਦਾ ਜੋ ਸੰਘਰਸ਼ਮਈ ਜਾਂ ਵੇਦਨਾਮਈ ਰੂਪ ਮਿਲਦਾ ਹੈ, ਉਸ ਦਾ ਪ੍ਰਗਟਾਵਾ ਵੀ ਛਾਇਆ ਚਿੱਤਰਾਂ ਦੁਆਰਾ ਹੀ ਹੋਇਆ ਹੈ। ਅਜਿਹੇ ਇਕ ਚਿਤਰ ਦੀ ਉਦਾਹਰਣ ਹੇਠਲੀਆਂ ਸਤਰਾਂ ਵਿਚੋਂ ਮਿਲਦੀ ਹੈ।

''ਤੂੰ ਵੀ ਕੀਤਾ ਸੀ ਪਿਆਰ ਪਰਵਾਨੇ
ਤੇ ਮੈਂ ਵੀ ਕਰਨੀ ਆਂ ਪਿਆਰ,
ਫਰਕ ਤੇ ਏਨਾ ਤੂੰ ਭੰਬਟ ਬਣ ਕੇ
ਇਕੋ ਵਾਰੀ ਬਲ ਉਠਿਓਂ।
ਬਲਿਓਂ ਤੇ ਬੁਝ ਗਿਓਂ

ਦੂਜੇ ਪਾਸੇ ਮੈਂ ਸ਼ਮ੍ਹਾਂ ਵਿਚਾਰੀ
ਥੋੜ੍ਹਾ ਥੋੜ੍ਹਾ ਬਲਨੀ ਆਂ
ਤੇ ਬਲਨੀ ਆਂ ਦਿਨ ਰਾਤ।

### 3. ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਝੁਕਾਅ

ਅੰਮ੍ਰਿਤਾ-ਪ੍ਰੀਤਮ, ਮੋਹਨ ਸਿੰਘ ਅਤੇ ਬਾਵਾ ਬਲਵੰਤ ਛੇਤੀ ਹੀ ਛਾਇਆਵਾਦੀ ਪ੍ਰਵਿਰਤੀ ਨੂੰ ਤਿਆਗ ਕੇ ਨਵੇਂ ਪ੍ਰਗਤੀਵਾਦੀ ਝੁਕਾਅ ਨਾਲ ਜੁੜ ਗਏ। ਉਂਞ ਤਾਂ ਹਰ ਵਧੀਆ ਕਵੀ ਹੀ ਜੀਵਨ ਤੇ ਸਾਹਿਤ ਦੀ ਪ੍ਰਗਤੀ ਲਈ ਨਵੇਂ ਰਾਹ ਢੂੰਡਦਾ ਹੈ ਉਨ੍ਹਾਂ ਨੂੰ ਆਪਣੀ ਸਮਰੱਥਾ ਅਨੁਸਾਰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਪਰ ਇੱਥੇ ਪ੍ਰਗਤੀਵਾਦੀ ਝੁਕਾਅ ਉਹ ਸਾਹਿਤ ਹੈ ਜਿਸ ਦੇ ਅਧਾਰ ਵਜੋਂ ਇਨ੍ਹਾਂ ਕਵੀਆਂ ਨੇ ਸਮਾਜਵਾਦੀ ਯਥਾਰਥਵਾਦ ਭਾਵ ਮਾਰਕਸਵਾਦ ਨੂੰ ਅਪਣਾਇਆ। ਅਸੀਂ ਆਰੰਭ ਵਿਚ ਹੀ ਕਹਿ ਆਏ ਹਾਂ ਕਿ ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਨੇ ਆਪਣੀ ਸਾਂਝ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਪਾਈ ਤੇ ਇਸ ਵਿਗਿਆਨਕ ਦ੍ਰਿਸ਼ਟੀਕੋਣ ਦਾ ਇਕ ਅਧਾਰ ਮਾਰਕਸਵਾਦ ਸੀ। ਇਸ ਤੋਂ ਇਲਾਵਾ ਫਰਾਇਡ ਦਾ ਮਨੋਵਿਗਿਆਨਕ ਤੇ ਆਇਨਸਟਾਇਨ ਦਾ ਭੌਤਿਕਵਾਦ ਵੀ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਨਿਸ਼ਚਿਤ ਕਰਨ ਵਿਚ ਸਹਾਇਕ ਹੋਏ। ਬਾਵਾ ਬਲਵੰਤ ਨੇ 1941 ਵਿਚ ਛਪੀ ਆਪਣੀ ਪਹਿਲੀ ਪੁਸਤਕ ਵਿਚ ਹੀ ਮਾਰਕਸ, ਲੈਨਿਨ ਵਾਲਾ ਦ੍ਰਿਸ਼ਟੀਕੋਣ ਹੋਣ ਦਾ ਐਲਾਨ ਕਰ ਦਿੱਤਾ ਸੀ :

''ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ।
ਮੈਂ ਹਾਂ ਮਾਰਕਸ ਦੀ ਖੁਦਾਈ ਦੀ ਦੌਲਤ''

ਪ੍ਰਗਤੀਵਾਦੀ ਝੁਕਾਅ ਦੀ ਪੰਜਾਬੀ ਕਵਿਤਾ ਦਾ ਪਹਿਲਾ ਲੱਛਣ ਹੈ, ਧਰਮ ਦਾ ਵਿਰੋਧ, ਇਨ੍ਹਾਂ ਤਿੰਨਾਂ ਕਵੀਆਂ ਨੇ ਆਪਣੇ ਆਪਣੇ ਢੰਗ ਨਾਲ ਆਸਤਕਤਾ ਦਾ ਵਿਰੋਧ ਕੀਤਾ ਜਿਸ ਦੇ ਪਰਦੇ ਹੇਠ ਪੂੰਜੀਪਤੀ ਤੇ ਜਾਗੀਰਦਾਰ ਵਰਗ ਮਜ਼ਦੂਰ ਕਿਸਾਨ ਵਰਗ ਦੀ ਲੁੱਟ ਜਾਰੀ ਰੱਖਦਾ ਹੈ। ਇਨ੍ਹਾਂ ਤਿੰਨਾਂ ਦੀਆਂ ਕਵਿਤਾਵਾਂ ਵਿਚੋਂ ਅਜਿਹੇ ਧਾਰਮਿਕ ਵਿਰੋਧ ਦੀਆਂ ਕੁਝ ਕੁ ਉਦਾਹਰਣਾਂ ਹੇਠ ਲਿਖੀਆਂ ਹਨ :

1. ''ਕਿਸ ਕੰਮ ਆਖਰ ਇਹ ਸਾਧਾਂ ਦੇ ਮੰਨੂੰਏ ?
ਕਿਸ ਕੰਮ ਲਿਵਾਂ ਤੇ ਤਾਰਾਂ ?
ਭਿੱਜਣ ਨਾ ਵੇਖ ਗਰੀਬਾਂ ਦੇ ਹੰਝੂ ?
ਟੁੱਟਣ ਨਾ ਸੁਣ ਕੇ ਪੁਕਾਰ।''

(ਮੋਹਨ ਸਿੰਘ ਕਸੁੰਭੜਾ)

2. ''ਸੁਣ ਨਾ ਧਰਮਾਂ ਦੇ ਕਿੱਸੇ,
ਕੀਤੇ ਜੋਸ਼ ਨਾਲ ਮਿੱਸੇ,
ਰਲਿਆ ਗੈਰ ਨਾਲ ਦਿਸੇ,
ਮੈਨੂੰ ਭਾਈ ਤੇ ਮੁਲਾਣਾ।

(ਮੋਹਨ ਸਿੰਘ ਕਸੁੰਭੜਾ)

3. ਵੇ ਮੈਂ ਕੀ ਆਖਾਂ ਤੇਰੇ ਦੇਸ਼ ਨੂੰ
ਜਿਥੇ ਵਰਜਤ ਨਵੀਂ ਵਿਚਾਰ
ਜਿਥੇ ਵਹਿਮ ਪੜ੍ਹਾਂਦੇ ਇਲਮ ਨੂੰ
ਰੱਬ ਵੇਚਣ ਠੇਕੇਦਾਰ
ਜਿਥੇ ਮਿਹਨਤ ਸੌਂਦੀ ਭੁੱਖਿਆਂ
ਤੇ ਵਿਹਲ ਸੌਨੇ ਵਿਚਕਾਰ।

(ਅੰਮ੍ਰਿਤਾ ਪ੍ਰੀਤਮ)

4. ਇਹ ਈਸ਼ਵਰ ਪਖੰਡ ਤੇ ਕੁਰਬਾਨੀਆਂ ਪਖੰਡ
ਹੈ ਆਦਮੀ ਦਾ ਅਸਲ 'ਚ ਦਾਰੂ ਹੀ ਆਦਮੀ।
ਸਭ ਦੇਵਤੇ ਫਰੇਬ ਨੇ ਇਕ ਅਮਲ ਤੋਂ ਬਿਨਾਂ।

(ਬਾਵਾ ਬਲਵੰਤ-ਜਵਾਲਪੁਰੀ)

ਜਿਸ ਕਰਕੇ ਧਰਮ ਤੇ ਪਖੰਡ ਦਾ ਵਿਰੋਧ ਕਰਨਾ ਪਿਆ ਉਹ ਸੀ ਸਮਾਜ ਦੀ ਸ਼੍ਰੇਣੀ ਵੰਡ ਇਨ੍ਹਾਂ ਕਵੀਆਂ ਨੂੰ ਗਿਆਨ ਹੋ ਚੁੱਕਿਆ ਸੀ ਕਿ ਜਾਗੀਰਦਾਰੀ ਤੇ ਪੂੰਜੀਵਾਦੀ ਸਮਾਜ ਪੈਸੇ ਅਤੇ ਨਿੱਜੀ ਜਾਇਦਾਦ ਦੀ ਸਰਦਾਰੀ ਦਾ ਸਮਾਜ ਸੀ ਪਰ ਉਸ ਸਮਾਜ ਨੂੰ ਨਵੇਂ ਸਮਾਜਵਾਦੀ ਨਿਜ਼ਾਮ ਵਿਚ ਬਦਲਣ ਲਈ ਪੂੰਜੀਪਤੀ ਤੇ ਜਾਗੀਰਦਾਰ ਵਰਗ ਦੇ ਵਿਰੁੱਧ ਮਜ਼ਦੂਰ ਕਿਸਾਨ ਵਰਗ ਸੰਗਠਿਤ ਹੋ ਰਿਹਾ ਸੀ ਤੇ ਇਸ ਸ਼੍ਰੇਣੀ ਸੰਘਰਸ਼ ਵਿਚ ਵਰਗ ਵੰਡ ਤੇ ਵਰਗ ਘੋਲ ਦੇ ਚਿਤਰ ਇਨ੍ਹਾਂ ਕਵੀਆਂ ਦੀ ਨਵੀਂ ਸਮਾਜਕ ਚੇਤੰਨਤਾ ਦਾ ਸਬੂਤ ਹਨ। ਉਦਾਹਰਣ ਲਈ :

1. ਸਭ ਧਰਤੀ ਹੋ ਗਈ ਲਾਲ ਨੀ
ਬੰਦੇ ਦੇ ਲਹੂ ਨਾਲ ਨੀ
ਖੜਦੈਂਤ ਵੱਡੇ ਸਰਮਾਏ ਦੇ
ਨਚਣ ਪਏ ਤਾਲ ਬੇਤਾਲ ਨੀ।

(ਮੋਹਨ ਸਿੰਘ-ਅਧਵਾਟੇ)

2. ਭੁੱਖੇ ਲੂਸਣ ਰੱਜ ਦੇ ਹਾਲੀ
ਕਿਰਤੀ ਕਾਮੇ ਢਿਲੋਂ ਖਾਲੀ,
ਦੂਜੇ ਨੂੰ ਜੋ ਦੇਣ ਖੁਸ਼ਹਾਲੀ,
ਪੇਸ਼ ਉਨ੍ਹਾਂ ਦੇ ਪਈ ਕੰਗਾਲੀ।

(ਅੰਮ੍ਰਿਤਾ ਪ੍ਰੀਤਮ)

3. ਸਮੇਂ ਦੀ ਮਿਟਾ ਦੇ ਨਵੀਂ ਹੋਸ਼ਿਆਰੀ।
ਤੇ ਤਹਿ ਤੇਗ ਕਰਦੇ ਇਹ ਸਰਮਾਇਆਦਾਰੀ।
ਕਿਸਾਨਾਂ ਦੀਆਂ ਝੁੱਗੀਆਂ ਤਖ਼ਤ ਕਰਦੇ।
ਤੂੰ ਅਰਸ਼ਾਂ ਦੀ ਬਿਜਲੀ ਹਥੌੜੇ 'ਚ ਭਰ ਦੇ।

(ਬਾਵਾ ਬਲਵੰਤ-ਮਹਾਂਨਾਚ)

ਇਸ ਵਰਗ ਸੰਘਰਸ਼ ਵਿਚ ਸਪਸ਼ਟ ਭਾਂਤ ਇਨ੍ਹਾਂ ਕਵੀਆਂ ਦੀ ਹਮਦਰਦੀ ਮਜ਼ਦੂਰ ਵਰਗ ਨਾਲ ਹੈ। ਇਹ ਇਸ ਕਵਿਤਾ ਦਾ ਤੀਜਾ ਲੱਛਣ ਹੈ। ਕੇਵਲ ਹਮਦਰਦੀ ਹੀ ਨਹੀਂ ਸਗੋਂ ਜਾਗ ਰਹੇ ਮਜ਼ਦੂਰ ਦੇ ਚਿਤਰ ਵੀ ਇਸ ਕਵਿਤਾ ਵਿਚ ਮਿਲ ਜਾਂਦੇ ਹਨ। ਮਜ਼ਦੂਰ ਹਿਤੈਸ਼ੀ ਸਤਰਾਂ ਦੇ ਨਮੂਨੇ ਇਸ ਪ੍ਰਕਾਰ ਹਨ :

1. ਏਦਾਂ ਮਜ਼ਦੂਰਾਂ ਦੀ ਝਾਕੀ
ਜਦ ਮੈਨੂੰ ਦਿਸ ਆਈ।
ਨਾਲ ਪੀੜ ਦੇ ਕਲਵਲ ਹੋ ਕੇ।
ਰੂਹ ਮੇਰੀ ਕੁਰਲਾਈ।

(ਮੋਹਨ ਸਿੰਘ-ਕਸੁੰਭੜਾ)

2. ਫੇਰ ਕਦੇ ਕੋਈ ਲੈਨਿਨ ਜੰਮੇ
ਤੇ ਸਰਮਾਏਦਾਰ ਦੀ ਚੱਕੀ ਪੀਠਾ
ਮਜ਼ਦੂਰ ਵੀ ਅੱਖਾਂ ਖੋਹਲੇ

(ਅੰਮ੍ਰਿਤਾ ਪ੍ਰੀਤਮ)

ਸਰਮਾਏਦਾਰ ਦੀ ਲੁੱਟ ਦੇ ਵਿਰੁੱਧ ਸਾਰੀ ਦੁਨੀਆਂ ਦੇ ਮਿਹਨਤਕਸ਼ਾਂ ਨੂੰ ਇਕੱਠੇ ਹੋਣ ਦੀ ਪ੍ਰੇਰਣਾ ਦਿੰਦਾ ਹੋਇਆ ਬਾਵਾ ਬਲਵੰਤ ਲਿਖਦਾ ਹੈ :

''ਅਸੀਂ ਤੁਸੀਂ ਹਾਂ ਇਕ ਮੰਜ਼ਲ ਦੇ ਰਾਹੀਂ
ਸਾਡੇ ਖੇਤ ਨੇ ਸਾਂਝੇ ਦੁੱਖ ਦੇ ਮਾਰੇ।
ਇਕੋ ਬੱਦਲ ਹੇਠ ਨੇ ਸਾਡੇ ਤਾਰੇ।
ਸਾਡੀ ਮਰਜ਼ ਦੀ ਇਕੋ ਪਿਆਰ-ਦਵਾਈ।''

(ਬਾਵਾ ਬਲਵੰਤ–ਅਮਰ ਗੀਤ)

ਬਾਵਾ ਦੀਆਂ ਇਹ ਸਤਰਾਂ ਕਾਰਲ ਮਾਰਕਸ ਦੇ ਪ੍ਰਸਿੱਧ ਨਾਅਰੇ ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ, ਦੀ ਹੀ ਕਾਵਿਕ ਪੇਸ਼ਕਾਰੀ ਜਾਪਦੀਆਂ ਹਨ। ਦੁਨੀਆ ਭਰ ਦੇ ਮਜ਼ਦੂਰਾਂ ਨੂੰ ਇਕ ਹੋਣ ਲਈ ਕੋਈ ਅੰਤਰਰਾਸ਼ਟਰੀ ਮਨੁੱਖ ਹੀ ਅਪੀਲ ਕਰ ਸਕਦਾ ਹੈ ਅਤੇ ਪ੍ਰਗਤੀਵਾਦੀ ਝੁਕਾਅ ਦੇ ਕਵੀ ਅੰਤਰਰਾਸ਼ਟਰੀਵਾਦੀ ਹਨ। ਇਨ੍ਹਾਂ ਤੋਂ ਜ਼ਰਾ ਵਡੇਰੀ ਉਮਰ ਦੇ ਕਵੀ (ਲਾਲਾ ਧਨੀ ਰਾਮ ਚਾਤ੍ਰਿਕ, ਗੁਰਮੁਖ ਸਿੰਘ ਮੁਸਾਫਰ ਤੇ ਹੀਰਾ ਸਿੰਘ ਦਰਦ) ਕਿਸੇ ਇਨਸਾਨ-ਸੰਤਾਨ ਦੇ ਚਾਹਵਾਨ ਹੁੰਦੇ ਹੋਏ ਵੀ ਅਤੇ ਨਵੇਂ ਜਹਾਨ ਦੇ ਸੁਪਨਿਆਂ ਦੀ ਸਿਰਜਣਾ ਕਰਦੇ ਹੋਏ ਵੀ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਤੋਂ ਅੱਗੇ ਨਹੀਂ ਸਨ ਲੰਘੇ। ਇਨ੍ਹਾ ਕਵੀਆਂ ਦੇ ਸਾਹਮਣੇ ਦੇਸ਼ ਨੂੰ ਅੰਗਰੇਜ਼ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਦਾ ਨਿਸ਼ਾਨਾ ਅੰਤਿਮ ਮੰਜ਼ਲ ਦੇ ਰੂਪ ਵਿਚ ਮੌਜੂਦ ਸੀ। ਜਿਸ ਲਈ ਇਨ੍ਹਾਂ ਦੀ ਸਮੁੱਚੀ ਪ੍ਰੇਰਣਾ ਦੇਸ਼ ਭਗਤੀ ਤੋਂ ਅਗਾਂਹ ਨਹੀਂ ਸੀ ਲੰਘੀ। ਪਰ ਬਲਵੰਤ ਵਰਗੇ ਕਵੀ ਦੂਜੀ ਵੱਡੀ ਜੰਗ ਦੇ ਰੂਪ ਵਿਚ ਜਰਮਨੀ ਦੇ ਰਾਸ਼ਟਰਵਾਦ ਦੇ ਜਨੂੰਨ ਹੱਥੋਂ ਹੋ ਰਹੀ ਤਬਾਹੀ ਦਾ ਅਨੁਭਵ ਕਰ ਚੁੱਕੇ ਸਨ ਅਤੇ ਉਨ੍ਹਾਂ ਨੂੰ ਇਹ ਵੀ ਸੋਝੀ ਸੀ ਕਿ ਨੰਗੇ ਮਜ਼ਬੂਤ ਤੇ ਭੁੱਖੇ ਹਾਲੀ ਕੋਈ ਦੇਸ਼ ਨਹੀਂ ਹੁੰਦਾ। ਦੁਨੀਆਂ ਦੇ ਸਭ ਕਾਮੇ ਜਿੰਨ੍ਹਾਂ ਚਿਰ ਅੰਤਰ ਰਾਸ਼ਟਰੀ ਸਾਂਝ ਵਿਚ ਪਰੋਤੇ ਨਹੀਂ ਜਾਂਦੇ ਉਨ੍ਹਾਂ ਚਿਰ ਕਿਸੇ ਇਕ ਇਕੱਲੇ ਦੇਸ਼ ਦੀ ਰਾਜਨੀਤਿਕ ਆਜ਼ਾਦੀ ਨਾਲ ਉਨ੍ਹਾਂ ਦਾ ਕਲਿਆਣ ਨਹੀਂ ਹੋ ਸਕਦਾ। ਇਸੇ ਲਈ ਬਾਵਾ ਬਲਵੰਤ ਨੇ ਦੇਸ਼ ਦੀ ਸੇਵਾ ਨੂੰ ਇਕ ਪੌੜੀ ਮੰਨਦੇ ਹੋਏ ਨਿਰੀ ਦੇਸ਼-ਭਗਤੀ ਦਾ ਵਿਰੋਧ ਕੀਤਾ ਹੈ :

1. ''ਦੇਸ਼ ਦੀ ਸੇਵਾ ਸਿਰਫ਼ ਪੌੜੀ ਸੀ ਮੰਜ਼ਲ ਤਾਂ ਨਹੀਂ,
ਇਹ ਮਨੁੱਖਤਾ ਦੀ ਕੋਈ ਆਖਰੀ ਮਹਿਫਲ ਤਾਂ ਨਹੀਂ।
ਦੇਸ਼ ਭਗਤੀ ਦਾ ਹੀ ਦੁਨੀਆਂ ਵਿਚ ਨਸ਼ਾ ਜਦ ਤੱਕ,
ਖੂਬ ਹੋਏਗੀ ਗਰੀਬਾਂ ਦੀ ਤਬਾਹੀ ਤੱਕ ਤੱਕ।''

2. ''ਹੈ ਦੇਸ਼ ਭਗਤੀ ਤਬਾਹੀ ਮਨੁੱਖਤਾਈ ਦੀ,
ਐਲਾਨ ਜੰਗ ਹੈ ਕੋਮਲ ਸ਼ਬਦ ਵਤਨ ਮੇਰਾ।''

(ਬਾਵਾ ਬਲਵੰਤ–ਮਹਾਂਨਾਚ)

ਜੰਗ ਦਾ ਵਿਰੋਧ ਤੇ ਅਮਨ ਦੀ ਸਥਾਪਨਾ ਇਨ੍ਹਾਂ ਕਵੀਆਂ ਨੂੰ ਨਵੇਂ ਸਮਾਜਵਾਦੀ ਸਮਾਜ ਦੀ ਸਿਰਜਣਾ ਲਈ ਜ਼ਰੂਰੀ ਵੀ ਜਾਪਦੀ ਹੈ ਅਤੇ ਇਹ ਇਸ ਗੱਲੋਂ ਵੀ ਚੇਤੰਨ ਹਨ ਕਿ ਅਮਨ ਪੂਰੀ ਤਰ੍ਹਾਂ ਸਮਾਜਵਾਦੀ ਸਮਾਜਿਕ ਢਾਂਚੇ ਵਿਚ ਹੀ ਸਥਾਪਤ ਹੋ ਸਕਦਾ ਹੈ। ਇਸ ਲਈ ਪ੍ਰਗਤੀਵਾਦੀ ਕਵਿਤਾ ਵਿਚ ਨਵੇਂ ਯੁੱਗ ਦੀ ਕਲਪਨਾ ਜਾਂ ਸਮਾਜਵਾਦੀ ਢਾਂਚੇ ਦਾ ਚਿੱਤਰਣ ਇਸ ਕਵਿਤਾ ਦਾ ਪੰਜਵਾਂ ਪ੍ਰਮੁੱਖ ਲੱਛਣ ਹੈ। ਇਸ ਕਰਕੇ ਇਸ ਨੂੰ ਸਮਾਜਵਾਦੀ, ਯਥਾਰਥਵਾਦੀ ਕਵਿਤਾ ਵੀ ਕਿਹਾ ਜਾਂਦਾ ਹੈ। 1937 ਤੋਂ ਪਹਿਲਾਂ ਹੀ ਉਪਰੋਕਤ ਤਿੰਨ ਕਵੀਆਂ ਦੇ ਨਾਲ ਪਿਆਰਾ ਸਿੰਘ ਸਹਿਰਾਈ, ਜਰਨੈਲ ਸਿੰਘ ਅਰਸ਼ੀ ਅਤੇ ਸੰਤੋਖ ਸਿੰਘ ਧੀਰ ਵਰਗਗੇ ਨਵੀਂ ਪੀੜ੍ਹੀ ਦੇ ਕਵੀ ਵੀ ਸ਼ਾਮਲ ਹੋ ਗਏ ਹਨ। ਇਨ੍ਹਾਂ ਸਭ ਕਵੀਆਂ ਨੇ ਨਵੇਂ ਯੁੱਗ ਦੀ ਉਸਾਰੀ ਲਈ ਪ੍ਰੇਰਣਾ ਦਿੱਤੀ ਅਤੇ ਉਸ ਦੀ ਆਸ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਿਆ ਹੈ। ਕੁਝ ਉਦਾਹਰਣਾਂ ਹੇਠ ਲਿਖੀਆਂ ਹਨ :

1. ਸਹਿਨਸ਼ਾਹੀਅਤ ਖ਼ਤਮ ਹੋ ਰਹੀ, ਯੁਗ ਨਵਾਂ ਹੈ ਆ ਰਿਹਾ।
ਦੁਨੀਆਂ ਦੇ ਨੇਰ੍ਹੇ ਕੋਨਿਆਂ ਤੇ, ਨੂਰ ਹੈ ਹੁਣ ਤਾਂ ਰਿਹਾ।
ਆਪਣੇ ਡੋਲ੍ਹੇ ਖੂਨ ਵਿਚ ਹੁਣ ਡੁਬਣਾ ਜਲਾਦ ਨੇ।
ਆਪਣੇ ਬਣਾਏ ਕਫ਼ਸ ਵਿਚ ਹੁਣ ਫੱਸਣਾ ਸੱਯਾਦ ਨੇ।
ਮਜ਼ਦੂਰ ਤੇ ਕ੍ਰਿਸਾਣ ਆਪਣੇ ਹੱਕ ਹੁਣ ਲੈ ਲੈਣਗੇ।
ਤਖਤਾਂ ਨੂੰ ਝੂਟੇ ਆ ਰਹੇ ਨੇ, ਤਾਜ ਸਭ ਡਿਗ ਪੈਣਗੇ।
ਨਾ ਦਿਲ ਕਿਸੇ ਦੇ ਹੁਣ ਕਦੀ ਅਰਮਾਨ ਕੁਚਲੇ ਜਾਣਗੇ।
ਪੂੰਜੀ ਦੇ ਪੈਰਾਂ ਹੇਠ ਨਾ ਇਨਸਾਨ ਕੁਚਲੇ ਜਾਣਗੇ।

(ਜਰਨੈਲ ਸਿੰਘ ਅਰਸ਼ੀ, ਲਲਕਾਰ ਕਵਿਤਾ : ਨਵਯੁੱਗ)

1. ਇਹ ਚਾਹਣ ਨਵਾਂ ਯੁਗ ਰਖਣਾ।
ਤਲਵਾਰਾਂ ਨਾਲ ਪਲਚਣਾ ਹੁਣ।
ਚੜ੍ਹ ਸੂਲੀਆਂ ਉਤੇ ਨਚਣਾ ਹੁਣ।
ਮੇਰੇ ਮਰਨੌਂ ਨਾ ਘਬਰਾਉਣ ਗੀਤ।

(ਮੋਹਨ ਸਿੰਘ-ਕਸੁੰਭੜਾ)

**4. ਇਸ ਦੌਰ ਦੀ ਕਵਿਤਾ ਦਾ ਰੂਪ ਪੱਖ**

ਰੂਪ ਪੱਖ ਤੋਂ ਬਾਵਾ ਬਲਵੰਤ ਤੇ ਪ੍ਰੀਤਮ ਸਿੰਘ ਸਫ਼ੀਰ ਇਸ ਦੌਰ ਦੇ ਸਾਰੇ ਕਵੀਆਂ ਨਾਲੋਂ ਅੱਡਰੇ ਹਨ। ਦੋਹਾਂ ਦੀ ਬੋਲੀ ਸਾਧਾਰਣ ਪੇਂਡੂ ਪੰਜਾਬੀ ਹੈ। ਦੋਹਾਂ ਦੇ ਪ੍ਰਤੀਕ-ਵਿਧਾਨ ਵਿਚ ਮਿਥਿਹਾਸਕ ਹਵਾਲੇ ਦੂਜੇ ਕਵੀਆਂ ਨਾਲੋਂ ਵਧੇਰੇ ਮਾਤਰਾ ਵਿਚ ਹਨ ਅਤੇ ਦੋਹਾਂ ਦੀ ਬਿੰਬਾਵਲੀ ਵੀ ਧੁੰਦਲੀ ਹੈ। ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਇਹ ਦੋਵੇਂ ਕਵੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੰਜਾਬੀ ਕਵਿਤਾ ਵਿਚ ਕੁਝ ਨਵੇਂ ਪ੍ਰਯੋਗ ਕਰ ਰਹੇ ਸਨ। ਬਾਕੀ ਸਾਰੇ ਕਵੀ, ਕਿਉਂਕਿ ਸਾਧਾਰਣ ਪੰਜਾਬੀ ਪਾਠਕ ਵਰਗ ਨਾਲ ਸੰਬੰਧਤ ਸਨ, ਇਸ ਲਈ ਉਨ੍ਹਾਂ ਦੇ ਛੰਦ ਜਾਂ ਪੁਰਾਣੇ ਕਿੱਸਾ-ਕਾਵਿ ਤੇ ਸੂਫ਼ੀ ਕਾਵਿ ਤੋਂ ਪ੍ਰਭਾਵਿਤ ਹਨ ਅਤੇ ਜਾਂ ਪੰਜਾਬੀ ਲੋਕ ਗੀਤਾਂ ਤੋਂ ਉਨ੍ਹਾਂ ਦੀ ਬੋਲੀ ਦੀ ਨੁਹਾਰ ਪੇਂਡੂ ਹੈ ਅਤੇ ਉਨ੍ਹਾਂ ਨੇ ਇਤਿਹਾਸ ਮਿਥਿਹਾਸ ਵਿਚੋਂ ਲਏ ਹਵਾਲਿਆਂ ਨੂੰ ਹੀ ਪ੍ਰਤੀਕ ਰੂਪ ਵਿਚ ਵਰਤਿਆ ਹੈ। ਇਹ ਹਵਾਲੇ ਲੋਕਾਂ ਦੇ ਆਮ ਜੀਵਨ ਵਿਚ, ਉਨ੍ਹਾਂ ਦੇ ਸਾਂਝੇ ਗਿਆਨ-ਅਨੁਭਵ ਦਾ ਅੰਗ ਬਣ ਚੁੱਕੇ ਸਨ। 1947 ਤੋਂ 1960 ਤੱਕ ਦੀ ਪੰਜਾਬੀ ਕਵਿਤਾ ਵਿਚ ਵੀ ਉਪਰੋਕਤ ਪ੍ਰਵਿਰਤੀਆਂ ਹੀ ਪ੍ਰਮੁੱਖ ਰਹੀਆਂ ਹਨ ਤੇ ਉਨ੍ਹਾਂ ਸੰਬੰਧੀ ਅਸੀਂ ਅਗਲੇ ਪਾਠ ਵਿਚ ਚਰਚਾ ਕਰਾਂਗੇ।

ਪਾਠ ਨੰਬਰ : 1.5

## 1947 ਈ. ਤੋਂ ਬਾਅਦ ਦੀ ਪੰਜਾਬੀ ਕਵਿਤਾ

**ਪਾਠ ਦਾ ਮੰਤਵ** : 1947 ਈ. ਵਿਚ ਪੰਜਾਬ ਦੇ ਲੋਕਾਂ ਦੇ ਜੀਵਨ ਵਿਚ ਵਿਸ਼ੇਸ਼ ਪਰਿਵਰਤਨ ਆਇਆ। ਪੰਜਾਬੀ ਕਵਿਤਾ ਵੀ ਇਸ ਸਮੇਂ ਨਵੇਂ ਦੌਰ ਵਿਚ ਦਾਖ਼ਲ ਹੋਈ। ਇਸ ਪਾਠ ਵਿਚ ਇਸ ਨਵੇਂ ਦੌਰ ਦੀ ਲਗਭਗ 14 ਸਾਲ ਵਿਚ ਰਚੀ ਗਈ ਕਵਿਤਾ ਨਾਲ ਤੁਹਾਡੀ ਜਾਣ-ਪਛਾਣ ਕਰਾਉਣ ਦਾ ਯਤਨ ਕੀਤਾ ਗਿਆ ਹੈ।

**ਪਾਠ ਦੀ ਰੂਪ-ਰੇਖਾ** : ਭੂਮਿਕਾ-ਪ੍ਰਮੁੱਖ ਕਵੀ ਤੇ ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ-ਘੱਟ ਪ੍ਰਸਿੱਧ ਕਵੀ-ਪੰਜਾਬੀ ਕਵਿਤਾ ਉਤੇ ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ ਦਾ ਪ੍ਰਭਾਵ-ਪ੍ਰਮੁੱਖ ਕਵੀਆਂ ਦੀਆਂ ਕਵਿਤਾਵਾਂ ਨੂੰ ਮੁੱਖ ਰੱਖ ਕੇ ਇਸ ਕਾਲ ਦੀਆਂ ਕਾਵਿਕ ਪ੍ਰਵਿਰਤੀਆਂ (ਝੁਕਾਵਾਂ) ਦਾ ਉਲੇਖ, ਰਹੱਸਵਾਦ, ਰੁਮਾਂਸਵਾਦ, ਰਾਸ਼ਟਰਵਾਦ, ਪ੍ਰਗਤੀਵਾਦ, ਸੁਹਜਵਾਦ।

**ਭੂਮਿਕਾ** : 1947 ਤੋਂ 1960 ਈ. ਤੱਕ ਦਾ ਸਮਾਂ ਪੰਜਾਬੀ ਕਵਿਤਾ ਦੇ ਪਿਛਲੇ ਸੱਤਰ ਕੁ ਵਰ੍ਹਿਆਂ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਪੜਾਅ ਹੈ। ਇਸ ਪੜਾਅ ਉਤੇ ਰਹੱਸਵਾਦੀ ਤੇ ਰਾਸ਼ਟਰਵਾਦੀ ਪੰਜਾਬੀ ਕਵਿਤਾ ਆਪਣਾ ਅੰਤਿਮ ਸਮਾਂ ਹੰਢਾ ਰਹੀ ਸੀ, ਰੁਮਾਂਸਵਾਦੀ ਅਤੇ ਪ੍ਰਗਤੀਵਾਦੀ ਜਾਂ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਆਪਣੇ ਸਿਖਰ ਉਤੇ ਸੀ। ਪ੍ਰਗਤੀਵਾਦੀ ਝੁਕਾਅ ਦਾ ਇਹ ਹੀ ਇਕ ਅੰਤਰਮੁਖੀ ਰੂਪ ਮੁੜ ਛਾਇਆਵਾਦੀ ਪ੍ਰਵਿਰਤੀ ਵੱਲ ਜਾ ਰਿਹਾ ਸੀ, ਜਿਸ ਨੂੰ ਸੇਖੋਂ ਨੇ ਸੁਹਜਵਾਦ ਦਾ ਨਾਂ ਦਿੱਤਾ ਸੀ ਅਤੇ ਇਕ ਗੈਰਰੁਮਾਂਟਿਕ (anti romantic) ਜਾਂ ਪ੍ਰਯੋਗਵਾਦੀ ਝੁਕਾਅ ਦੇ ਪ੍ਰਭਾਵ ਦੀਆਂ ਕਨਸੋਆਂ ਸੁਣਾਈ ਦੇਣ ਲੱਗ ਪਈਆਂ ਸਨ। ਇਸ ਬਹੁ-ਭਾਂਤੀ ਕਾਵਿ ਸਿਰਜਣ ਦਾ ਅਧਿਐਨ ਹੀ ਸਾਡੇ ਇਸ ਪਾਠ ਦਾ ਵਿਸ਼ਾ ਹੈ।

1947 ਤੋਂ 1960 ਈ. ਤੱਕ ਦੇ ਪ੍ਰਮੁੱਖ ਕਵੀ ਤੇ ਇਸ ਸਮੇਂ ਵਿਚ ਛਪੀਆਂ ਪੁਸਤਕਾਂ :

1. ਭਾਈ ਵੀਰ ਸਿੰਘ-ਮੇਰੇ ਸਾਈਆਂ ਜੀਓ
2. ਲਾਲਾ ਧਨੀ ਰਾਮ ਚਾਤ੍ਰਿਕ-ਸੂਫ਼ੀ ਖਾਨਾ
3. ਪ੍ਰੀਤਮ ਸਿੰਘ ਸਫ਼ੀਰ-ਆਦਿ-ਜੁਗਾਦਿ
4. ਮੋਹਨ ਸਿੰਘ-ਕੱਚ-ਸੱਚ, ਆਵਾਜ਼ਾਂ, ਵੱਡਾ ਵੇਲਾ
5. ਅੰਮ੍ਰਿਤਾ ਪ੍ਰੀਤਮ-ਲੰਮੀਆਂ ਵਾਟਾਂ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ
6. ਬਾਵਾ ਬਲਵੰਤ-ਬੰਦਰਗਾਹ, ਸੁਗੰਧ-ਸੁਮੀਰ
7. ਦੇਵਿੰਦਰ ਸਤਿਆਰਥੀ-ਕਣਕ ਤੇ ਮੁੜ੍ਹਕਾ, ਲੱਕ ਟੁਣੂ ਟੁਣੂ
8. ਪਿਆਰਾ ਸਿੰਘ ਸਹਿਰਾਈ-ਸਮੇਂ ਦੀ ਵਾਗ
9. ਸੰਤੋਖ ਸਿੰਘ ਧੀਰ-ਧਰਤੀ ਮੰਗਦੀ ਮੀਂਹ ਵੇ, ਪਤਝੜੇ ਪੁਰਾਣੇ
10. ਪ੍ਰਭਜੋਤ ਕੌਰ-ਸੁਪਨੇ ਸੱਧਰਾਂ, ਪੰਖੇਰੂ, ਵਣ ਕਪਾਸੀ
11. ਅਵਤਾਰ ਸਿੰਘ ਆਜ਼ਾਦ-ਮਰਦ ਅਗੰਮੜਾ, ਵਿਸ਼ਵ ਨੂਰ

**ਨਵੇਂ ਕਵੀ** :

1. ਹਰਭਜਨ ਸਿੰਘ-ਲਾਸਾਂ, ਤਾਰ ਤੁਪਕਾ
2. ਗੁਰਚਰਨ ਰਾਮਪੁਰੀ-ਕਣਕਾਂ ਦੀ ਖੁਸ਼ਬੋ, ਕੋਲ ਕਰਾਰ
3. ਸੁਰਜੀਤ ਰਾਮਪੁਰੀ-ਗੀਤਾਂ ਭਰੀ ਸਵੇਰ, ਠਰੀ ਚਾਨਣੀ
4. ਸੁਖਬੀਰ-ਪੈੜਾਂ

5. ਤਾਰਾ ਸਿੰਘ-ਸਿੰਮਦੇ ਪੱਥਰ
6. ਹਜ਼ਾਰਾ ਸਿੰਘ ਗੁਰਦਾਸਪੁਰੀ-ਮਿੱਟੀ ਰੋਈ
7. ਅਜਾਇਬ ਚਿਤ੍ਰਕਾਰ-ਸੂਰਜਮੁਖੀਆ
8. ਈਸ਼ਵਰ ਚਿਤ੍ਰਕਾਰ-ਸੂਲ ਸੁਰਾਹੀ, ਭੁੱਖ ਦੀਆਂ ਲਾਟਾਂ
9. ਜਸਵੰਤ ਸਿੰਘ ਨੇਕੀ-ਅਸਲੇ ਦੇ ਓਹਲੇ
10. ਸੁਖਪਾਲਵੀਰ ਸਿੰਘ ਹਸਰਤ-ਪਤਝੜਾਂ, ਹਯਾਤੀ ਦੇ ਸੋਮੇ
11. ਤਖਤ ਸਿੰਘ-ਵੰਗਾਰ, ਕਾਵਿ ਹਿਲੂਣੇ
12. ਜਗਤਾਰ-ਤਲਖੀਆਂ ਰੰਗੀਨੀਆਂ
13. ਰਣਧੀਰ ਸਿੰਘ-ਰਾਹਾਂ ਦੀ ਧੂੜ
14. ਹੀਰਾ ਸਿੰਘ ਦਰਦ-ਹੋਰ ਅਗੇਰੇ

**1. ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ ਦਾ ਪੰਜਾਬੀ ਕਵਿਤਾ ਵਿਚ ਪ੍ਰਗਟਾਵਾ**

ਦੂਜੇ ਸੰਸਾਰ ਯੁੱਧ ਤੋਂ ਪਿੱਛੋਂ ਯੂ.ਐਨ.ਓ. ਦੀ ਸਥਾਪਨਾ ਕੌਮਾਂਤਰੀ ਅਮਨ ਲਹਿਰ, ਭਾਰਤ ਦੀ ਸੁਤੰਤਰਤਾ ਤੇ ਪੰਜਾਬ ਦੀ ਵੰਡ, ਆਦਿ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਦਾ ਇਸ ਸਮੇਂ ਦੀ ਪੰਜਾਬੀ ਕਵਿਤਾ ਉਤੇ ਬੜਾ ਡੂੰਘਾ ਪ੍ਰਭਾਵ ਹੈ।

ਉਸ ਸਮੇਂ ਦੇ ਇਕ ਨਵੇਂ ਉਠ ਰਹੇ ਕਵੀ, ਰਣਧੀਰ ਸਿੰਘ ਦੇ ਸ਼ਬਦਾਂ ਵਿਚ 'ਇਹ ਤਿੰਨ ਸਾਲ' (1947, 48, 49 ਈ.) ਸਾਡੇ ਦੇਸ਼ ਤੇ ਸਾਡੇ ਲੋਕਾਂ ਲਈ ਬਹੁਤ ਹੋਣੀਆਂ ਭਰੇ ਸਾਲ ਸਨ, ਜਦੋਂ ਆਜ਼ਾਦੀ ਦੀ ਲਹਿਰ ਸਾਮਰਾਜ ਨਾਲ ਸਮਝੌਤੇ ਦੀਆਂ ਦਲਦਲਾਂ 'ਚ ਗੁਆਚ ਗਈ ਤੇ ਉਸ ਤੋਂ ਬਾਅਦ ਬੱਸ ਫ਼ਿਰਕੂ ਫ਼ਸਾਦ ਸਨ, ਪੰਜਾਬ ਤੇ ਬੰਗਾਲ ਦੀਆਂ ਵੰਡੀਆਂ ਤੇ ਹੋਰ ਫ਼ਸਾਦ। ਰੱਤ-ਨੁਚੜਦੇ ਦਿਨ ਸਨ ਤੇ ਪੀੜਾਂ ਰਿਸਦੀਆਂ ਰਾਤਾਂ ਤੇ ਇਕ ਆਜ਼ਾਦੀ, ਜੋ ਪਤਝੜਾਂ ਦੇ ਪਹਿਲੇ ਸਾਲ 'ਚ ਹੀ ਝੜ ਗਈ, ਪਰ ਨਾਲ ਹੀ ਇਨ੍ਹਾਂ ਸਾਲਾਂ ਨੇ ਇਕ ਰਾਂਗਲੇ ਤੇ ਆਸ਼ਾ-ਭਰਪੂਰ ਭਵਿੱਖ ਵੱਲ ਜਾਂਦੀਆਂ ਰਾਹਾਂ ਵੀ ਨਿਖਾਰੀਆਂ ਹਨ, ਲੋੜ ਹੈ ਵੇਖਣ ਦੀ ਤੇ ਅੱਗੇ ਵਾਸਤੇ ਹੌਸਲੇ ਦੀ। ('ਰਾਹਾਂ ਦੀ ਧੂੜ' ਦੀ ਭੂਮਿਕਾ, ਜਨਵਰੀ 1950, ਪੰਨਾ 7)

ਆਰਥਿਕ ਖੁਸ਼ਹਾਲੀ ਤੋਂ ਸੱਖਣੀ ਰਾਜਨੀਤਿਕ ਆਜ਼ਾਦੀ, ਪੰਜਾਬ ਦੀ ਬਰਬਾਦੀ ਤੇ ਫ਼ਿਰਕੂ ਫ਼ਸਾਦਾਂ ਨੂੰ ਮੁੱਖ ਰੱਖਦਿਆਂ ਉਰਦੂ ਦੇ ਪ੍ਰਸਿੱਧ ਸ਼ਾਇਰਾਂ (ਫੈਜ਼ ਅਹਿਮਦ ਫੈਜ਼, ਜੋਸ਼ ਮਲੀਹਾਵਾਦੀ ਤੇ ਕੈਫ਼ੀ ਆਜ਼ਮੀ) ਨੇ ਵੀ ਕੁਝ ਇਸ ਭਾਵ ਦੀਆਂ ਕਵਿਤਾਵਾਂ ਲਿਖੀਆਂ ਸਨ :

1. ਯੇ ਦਾਗ਼-ਦਾਗ ਉਜਾਲਾ, ਯੇ ਸ਼ਬ ਗਜ਼ੀਦਾ ਸਹਰ,
ਵੋ ਇੰਤਜ਼ਾਰ ਥਾ ਜਿਸਕਾ, ਯੇ ਵੋ ਸਹਰ ਤੋਂ ਨਹੀਂ
ਯੇ ਵੋ ਸਹਰ ਤੋਂ ਨਹੀਂ ਜਿਸਕੀ ਆਰਜ਼ੂ ਲੇਕਰ
ਚਲੇ ਥੇ ਯਾਰ ਕਿ ਮਿਲ ਜਾਏਗੀ ਕਹੀਂ ਨਾ ਕਹੀਂ।
..... ..... ..... .....
ਨਜ਼ਾਤੇ ਦੀਦਾ-ਓ-ਦਿਲ ਦੀ ਘੜੀ ਨਹੀਂ ਆਈ।
ਚਲੇ ਚਲੋ ਕਿ ਵੋ ਮੰਜ਼ਿਲ ਅਭੀ ਨਹੀਂ ਆਈ।

(ਫੈਜ਼)

2. ਹਮ ਨੇ ਸੋਚਾ ਥਾ ਯੇ ਇਨਕਲਾਬ ਆਤੇ ਹੀ
ਨਜਾਮੇ ਕੁਹਨਾ ਚਮਨ ਕਾ ਬਦਲ ਜਾਏਗਾ
ਯੇ ਖ਼ਬਰ ਕਿਸ ਕੋ ਥੀ ਆਤਸ਼ੇ-ਗੁਲ ਸੇ ਹੀ
ਤਿਨਕਾ ਤਿਨਕਾ ਨਸ਼ੇਮਨ ਕਾ ਜਲ ਜਾਏਗਾ।

(ਜੋਸ਼)

3. ਮਸਾਲਹਤ ਕੇ ਸਕੂਤ ਮੈਂ 'ਹੁਮਹੁਮੇਂ ਬਗਾਵਤ ਕੇ ਢਲ ਚੁਕੇ ਹੈਂ।
ਬਦਲਨੇ ਉਠੇ ਥੇ ਜੋ ਮੁਕੱਦਰ ਵੁਹ ਰਾਹਨੁਮਾ ਬਦਲ ਚੁਕੇ ਹੈਂ।

ਕਹਾਂ ਮਫ਼ਦਾਤੇ-ਹੁਕਮਰਾਣੀ, ਕਹਾਂ ਤਕਾਜ਼ਾਏ-ਰਾਹਨੁਮਾਈ।
ਬੜ੍ਹੇਂਗੇ ਠੁਕਰਾ ਕੇ ਰਾਹਬਰੋਂ ਕੋ, ਵੁਹ ਕਾਫ਼ਲੇ ਜੋ, ਚਲ ਚੁਕੇ ਹੈਂ।

(ਕੈਫ਼ੀ ਆਜ਼ਮੀ)

ਪੰਜਾਬੀ ਬੋਲੀ ਵਿਚ ਲਿਖਣ ਵਾਲੇ ਕਵੀਆਂ ਨੇ ਵੀ ਉਪਰੋਕਤ ਦਰਸਾਈ ਅਧੂਰੀ ਆਜ਼ਾਦੀ ਤੇ ਵੰਡ ਦੀ ਬਰਬਾਦੀ ਨੂੰ ਬੜੇ ਜੋਸ਼ ਨਾਲ ਭੰਡਿਆ। ਅੰਗਰੇਜ਼ੀ ਸਾਮਰਾਜ ਦੀ ਚਾਲ, ਭਾਰਤੀ ਬੁਰਜੂਆਜ਼ੀ ਦਾ ਅੰਗਰੇਜ਼ ਹਕੂਮਤ ਨਾਲ ਸਮਝੌਤਾ, ਮਜ਼੍ਹਬੀ ਫਿਰਕਾਪ੍ਰਸਤੀ ਤੇ ਅਯੋਗ-ਆਗੂ, ਪੰਜਾਬ ਦੀ ਵੰਡ ਅਤੇ ਲਗਭਗ ਪੰਜ ਲੱਖ ਜਾਨਾਂ ਦੇ ਘਾਤ ਦੇ ਜ਼ਿੰਮੇਵਾਰ ਠਹਿਰਾਏ ਗਏ, ਪਰ ਸਮੁੱਚੇ ਤੌਰ ਤੇ ਪੰਜਾਬੀ ਕਵੀਆਂ ਨੇ ਇਸ ਹੋਣੀ ਨੂੰ ਉਪਭਾਵਕ ਜਿਹੇ ਦ੍ਰਿਸ਼ਟੀਕੋਣ ਤੋਂ ਹੀ ਚਿਤਰਿਆ ਹੈ। ਲਾਲਾ ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਤੇ ਹਰਭਜਨ ਸਿੰਘ ਦੀਆਂ ਕਵਿਤਾਵਾਂ ਵਿਚੋਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

1. ਨੀ ਆਜ਼ਾਦੀ ਦੀ ਪਰੀ
ਕਿਸ ਦੇ ਕੋਠੇ ਜਾ ਚੜ੍ਹੀ
ਕਿਹੜੇ ਡਾਕੂ ਨੇ ਫੜੀ
ਦਿਤੀ ਮਹੁਰੇ ਦੀ ਪੁੜੀ
ਨੀ ਬਲੈਕ ਦੀ ਕੁੜੀ।

(ਚਾਤ੍ਰਿਕ)

2. ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ ਉਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

(ਅੰਮ੍ਰਿਤਾ ਪ੍ਰੀਤਮ)

3. ਆਈ ਮਜ਼੍ਹਬਾਂ ਦੀ ਕਾਂਗ,
ਕੱਚੇ ਘੜਿਆਂ ਦੇ ਵਾਂਗ,
ਟੁੱਟਾ ਸੋਹਣੀ ਦਾ ਦੇਸ਼,
ਅੱਖਾਂ ਪਈਆਂ ਨੇ ਰੋ।

(ਅੰਮ੍ਰਿਤਾ ਪ੍ਰੀਤਮ)

4. ਹੋ ਕਣਕਾਂ ਗੋਡੀਆਂ
ਕਹਿੰਦੇ ਲੰਘ ਗਈ ਏ ਰਾਤ
ਕਹਿੰਦੇ ਆਈ ਏ ਪ੍ਰਭਾਤ
ਮੇਰੇ ਅਰਸ਼ਾਂ ਤੇ ਸਿਆਹੀਆਂ
ਅਜੇ ਓਡੀਆਂ ਹੀ ਓਡੀਆਂ।

(ਅੰਮ੍ਰਿਤਾ ਪ੍ਰੀਤਮ)

5. ਜੁਗਾਂ ਦੀ ਸਾਂਝੀ ਸਭਿਅਤਾ ਪੈਰੀਂ ਲਿਤੜ ਗਈ।
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।
ਕੁਝ ਐਸਾ ਕੁਫਰ ਤੋਲਿਆ ਈਮਾਨ ਵਾਲਿਆਂ।
ਕਿ ਕੁਫਰ ਤੋਂ ਵੀ ਹੌਲਾ ਹੈ ਇਮਾਨ ਹੋ ਗਿਆ।
ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ।
ਬੁਰਕੇ, ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ।

(ਮੋਹਨ ਸਿੰਘ)

6. ਵੇ ਪੱਸਰੀ ਜਹਾਨ ਉਤੇ ਮੌਤ ਦੀ ਹਵਾੜ।
ਵੇ ਖਿੰਡ ਗਈਆਂ ਮਹਿਫ਼ਲਾਂ ਤੇ ਛਾ ਗਈ ਉਜਾੜ।
ਵੇ ਜ਼ਿੰਦਗੀ ਬੇਹੋਸ਼ ਤੇ ਖਾਮੋਸ਼ ਕਾਇਨਾਤ।
ਸੌਂ ਨਾ ਮੇਰੇ ਮਾਲਕਾ ਵੀਰਾਨ ਹੋਈ ਰਾਤ।
ਵੇ ਸੌਂ ਜਾ ਇੰਞ ਅੱਖੀਆਂ 'ਚੋਂ ਅੱਥਰੂ ਨਾ ਕੇਰ।
ਸਿਤਾਰਿਆਂ ਦੀ ਸਦਾ ਨਹੀਂ ਡੁਬਣੀ ਸਵੇਰ।
ਹਮੇਸ਼ਾਂ ਨ ਵੀਰਾਨ ਹੋਣੀ ਅੱਜ ਵਾਂਗ ਰਾਤ।
ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।

(ਹਰਭਜਨ ਸਿੰਘ)

ਸਪਸ਼ਟ ਹੈ ਕਿ ਪੰਜਾਬ ਦੇ ਕਵੀ ਭਾਰਤ ਦੀ ਅਜਿਹੀ ਸੁਤੰਤਰਤਾ ਨਾਲ ਸੰਤੁਸ਼ਟ ਨਹੀਂ ਸਨ ਜਿਸ ਦੇ ਆਉਂਦਿਆਂ ਹੀ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਆਜ਼ਾਦੀ ਦੀ ਖੁਸ਼ੀ ਮੌਤ ਦੀ ਹਵਾੜ ਵਿਚ ਗੁਆਚ ਗਈ। ਅਸੰਤੁਸ਼ਟੀ ਦਾ ਦੂਜਾ ਕਾਰਣ ਇਹ ਸੀ ਕਿ ਭਾਰਤ ਵਿਚ ਵੰਡ ਪਿੱਛੋਂ ਛੇਤੀ ਹੀ ਬਲੈਕ, ਭ੍ਰਿਸ਼ਟਾਚਾਰ, ਸਮਗਲਿੰਗ ਆਦਿ ਬੁਰਾਈਆਂ ਵਿਚ ਵਾਧਾ ਹੋਇਆ। ਇਸੇ ਹੋਣੀ ਤੋਂ ਛੁਟਕਾਰਾ ਹਾਸਲ ਕਰਨ ਲਈ ਅੰਮ੍ਰਿਤਾ ਨੇ ਮਨੁੱਖਤਾ ਦੇ ਆਸ਼ਕ ਕਵੀ, ਵਾਰਿਸ ਨੂੰ ਵੰਗਾਰਿਆ, ਅਰਥਾਤ ਆਪਣੇ ਅੰਦਰ ਬੈਠੇ ਕਵੀ ਨੂੰ ਵੰਗਾਰ ਪਾਈ। ਮੋਹਨ ਸਿੰਘ ਦੀ ਕਵਿਤਾ 'ਗੁਰੂ ਨਾਨਕ ਨੂੰ' ਇਕ ਤਰ੍ਹਾਂ ਸਾਡੇ ਉਸ ਧਾਰਮਿਕ ਵਿਰਸੇ ਉਤੇ ਵਿਅੰਗ ਵੀ ਹੈ ਜਿਸ ਨੂੰ ਅਸੀਂ ਸਾਂਝਾ ਧਰਮ ਕਹਿੰਦੇ ਹਾਂ ਪਰ ਵਾਸਤਵ ਵਿਚ ਉਸ ਦੇ ਅਸਰ ਹੇਠ ਵੀ ਅਸੀਂ ਫਿਰਕਾਪ੍ਰਸਤੀ ਤੋਂ ਉਤੇ ਨਹੀਂ ਉਠ ਸਕੇ। ਸਾਡੀ ਅਖੌਤੀ ਆਸਤਿਕਤਾ, ਨਾਸਤਿਕਤਾ, ਨਾਲੋਂ ਵੀ ਨਾਕਿਸ਼ ਸਾਬਤ ਹੋਈ। ਹਰਭਜਨ ਸਿੰਘ 1947 ਦੇ ਫਸਾਦਾਂ ਨੂੰ ਇਕ ਪਾਗਲਪਨ (ਜਨੂੰਨ) ਦੀ ਖੇਡ ਸਮਝਦਾ ਹੈ ਤੇ ਉਸ ਦਾ ਵਿਸ਼ਵਾਸ ਹੈ ਕਿ ਅਜਿਹਾ ਪਾਗਲਪਨ ਮਨੁੱਖ ਨੂੰ ਬਹੁਤਾ ਚਿਰ ਨਹੀਂ ਚੜ੍ਹਿਆ ਰਹਿੰਦਾ। ਇਕ ਵਕ੍ਤੀ ਉਬਾਲ ਤੋਂ ਪਿੱਛੋਂ ਮਨੁੱਖ ਜ਼ਰੂਰ ਅਸਲੀਅਤ ਨੂੰ ਸਮਝੇਗਾ। ਆਪਣੀਆਂ ਘਾਤਕ ਰੁਚੀਆਂ ਨੂੰ ਤਿਆਗ ਦੇਵੇਗਾ। ਪੰਜਾਬ ਦੀ ਵੰਡ ਉਤੇ ਛਪੀਆਂ ਕਵਿਤਾਵਾਂ ਵਿਚੋਂ ਇਹ ਵਧੇਰੇ ਆਸ਼ਾਵਾਦੀ ਕਵਿਤਾ ਹੈ।

**2. ਇਸ ਦੌਰ ਦੀ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਝੁਕਾਅ**

ਪ੍ਰਗਤੀਵਾਦੀ ਜਾਂ ਸਮਾਜਵਾਦੀ ਯਥਾਰਥਵਾਦ ਦੇ ਪ੍ਰਭਾਵ ਹੇਠ 1947 ਤੋਂ ਪਹਿਲਾਂ ਹੀ ਪੰਜਾਬੀ ਵਿਚ ਕਾਵਿ ਸਿਰਜਣਾ ਹੋ ਰਹੀ ਸੀ, ਪਰ ਪੰਜਾਬ ਦੀ ਵੰਡ ਨੇ ਧਾਰਮਿਕ ਕੱਟੜਤਾ ਦੇ ਸਮਾਜ-ਵਿਰੋਧੀ ਰੋਲ ਨੂੰ ਸਾਮਰਾਜੀ ਤਾਕਤਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਉਜੜੇ-ਪੁਜੜੇ ਲੋਕਾਂ ਦੇ ਮੁੜ ਵੱਸਣ ਦੀ ਸਮੱਸਿਆ ਨੂੰ ਨਿੱਤ ਦੇ ਜੀਵਨ ਦੀਆਂ ਲੋੜਾਂ ਨੂੰ ਅਤੇ ਉਨ੍ਹਾਂ ਔਕੜਾਂ ਨੂੰ ਜੋ ਆਮ ਮਨੁੱਖ ਲਈ ਸਹਿਣ ਕਰਨੀਆਂ ਵੀ ਬਹੁਤ ਮੁਸ਼ਕਲ ਸਨ। ਇੰਨਾ ਉਭਾਰ ਕੇ ਤੇ ਇੰਨਾ ਸਪਸ਼ਟ ਰੂਪ ਵਿਚ ਸਾਹਿਤਕਾਰਾਂ ਦੇ ਸਾਹਮਣੇ ਲੈ ਆਂਦਾ ਕਿ ਪੰਜਾਬੀ ਕਵੀ ਰਾਸ਼ਟਰਵਾਦ ਤੋਂ ਅਤਿ ਰਾਸ਼ਟਰਵਾਦ ਅਤੇ ਨਿਰੀ ਰਾਜਨੀਤਿਕ ਆਜ਼ਾਦੀ ਤੋਂ ਆਰਥਿਕ ਆਜ਼ਾਦੀ ਦੀ ਚੇਤੰਨਤਾ ਵੱਲ ਵਧੇ। ਪੱਛਮੀ ਪੰਜਾਬ ਵਿਚੋਂ ਉਜੜ ਕੇ ਆਏ ਕੁਝ ਕਵੀਆਂ ਨੂੰ ਗ਼ਰੀਬੀ ਅਤੇ ਕਰੜੀ ਮੁਸ਼ੱਕਤ ਦਾ ਨਿੱਜੀ ਅਨੁਭਵ ਹੋਇਆ। ਅਜਿਹੀ ਸਥਿਤੀ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਸਮਾਜਵਾਦੀ ਸਮਾਜਕ-ਪ੍ਰਬੰਧ ਦੀ ਉਸਾਰੀ ਹੀ ਨਜ਼ਰ ਆਉਂਦਾ ਸੀ। ਹਰਿਭਜਨ ਸਿੰਘ ਅਮੂਰਤ ਆਸ਼ਾਵਾਦ ਦੀ ਥਾਂ ਪਿਆਰਾ ਸਿੰਘ ਸਹਿਰਾਈ ਦੀ ਹੇਠ ਲਿਖੀ ਕਵਿਤਾ ਵਿਚ ਚੰਗੇਰੇ ਸਮਾਜ ਦਾ ਚਿਤਰ ਆਪਦੇ ਸਾਕਾਰ ਰੂਪ ਵਿਚ ਮੌਜੂਦ ਹੈ :

ਸੁੱਤੀ ਸੁੱਤੀ ਭਰਾਵਾਂ ਦੇ ਭੁੱਖ ਜਾਗੂ
ਧੂਹ ਪਾਣਗੇ ਭੁੱਲੇ ਪਿਆਰ ਭਾਈ।
ਕੰਨੀ ਪਊ ਮਾਂ-ਧਰਤ ਦੀ ਵਿਲਕਣੀ ਜਦ,
ਮਿਲੂ ਫੇਰ ਨਾ ਚੈਨ, ਕਰਾਰ ਭਾਈ।
ਬਾਹਵਾਂ ਖੁਲਸਨ ਛਾਤੀਆਂ ਧੜਕ ਉਠਸਣ,
ਖੜੂ ਕੌਣ ਫਿਰ ਰਾਹ ਵਿਚਕਾਰ ਭਾਈ।

ਢੇਰ ਹੋਣਗੀਆਂ ਕੰਧਾਂ ਰੇਤ ਦੀਆਂ,
ਗਿਆ ਜਿਨ੍ਹਾਂ ਨੂੰ ਗੈਰ ਉਸਾਰ ਭਾਈ।

ਪਰ ਗ਼ੈਰ ਦੀਆਂ ਉਸਾਰੀਆਂ ਰੇਤ ਕੰਧਾਂ ਨੇ ਆਪਣੇ ਆਪ ਢਹਿ ਢੇਰੀ ਨਹੀਂ ਹੋਣਾ, ਇਸ ਸੱਚਾਈ ਤੋਂ ਮੋਹਣ ਸਿੰਘ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਅੰਮ੍ਰਿਤਾ ਪ੍ਰੀਤਮ, ਗੁਰਚਰਨ ਰਾਮਪੁਰੀ ਆਦਿ ਅਨੇਕਾਂ ਹੀ ਕਵੀ ਭਲੀ ਭਾਂਤ ਜਾਣੂ ਸਨ।

ਧਾਰਮਿਕ ਫ਼ਿਰਕਾਪ੍ਰਸਤੀ ਅਤੇ ਰਾਸ਼ਟਰਵਾਦ ਦੀ ਜਿੱਲ੍ਹਣ ਵਿਚੋਂ ਨਿਕਲ ਕੇ ਹੀ ਇਸ ਕੰਧ ਨੂੰ ਢਾਹਿਆ ਜਾ ਸਕਦਾ ਸੀ। ਇਸ ਲਈ ਧਾਰਮਿਕ ਕੱਟੜਤਾ ਦੇ ਨਿਰੋਲ ਰਾਸ਼ਟਰਵਾਦ ਦਾ ਵਿਰੋਧ ਉਸ ਸਮੇਂ ਦੀ ਪ੍ਰਗਤੀਵਾਦੀ ਕਵਿਤਾ ਦੇ ਉਘੇ ਲੱਛਣ ਹਨ। ਉਦਾਹਰਣ ਲਈ :

1. ਦੌਲਤ ਹੀ ਦੇ ਕਬਜ਼ੇ ਨੇ ਤਕਦੀਰ ਬਣਾਈ ਏ
ਇਕ ਚੀਜ਼ ਹੀ ਕਲਪਤ ਹੈ ਬੇਨਾਮ ਨਿਸ਼ਾਨੀ ਏ।
ਜੋ ਜਨਮਾਂ ਤੇ ਕਰਮਾਂ ਦੇ ਚੱਕਰ 'ਚ ਫਸਾ ਰਖੇ।
ਉਹ ਗਲਤ ਹੈ ਚਾਹੇ ਉਹ ਅਕਾਸ਼ ਦੀ ਬਾਣੀ ਏਂ।

(ਬਾਵਾ ਬਲਵੰਤ)

2. ਖੁਸ਼ਬੂ ਦਾ ਵਧੇ ਜ਼ੋਰ ਤਾਂ ਮਹਿਕੇਗਾ ਜ਼ਮਾਨਾ,
ਢਹਿ ਜਾਏਗੀ ਇਹ ਰੰਗ ਦੀ ਦੀਵਾਰ ਕਿਸੇ ਦਿਨ।

'ਏਸ਼ੀਆ', 'ਚੀਨ', 'ਹਿੰਦ-ਚੀਨ', 'ਮਿਸਰ' ਤੇ 'ਰੋਜ਼ਨਬਰਗ' ਬਾਰੇ ਲਿਖੀਆਂ ਬਹੁਤ ਸਾਰੀਆਂ ਕਵਿਤਾਵਾਂ ਅੰਤਰ-ਰਾਸ਼ਟਰੀ ਝੁਕਾਅ ਦੀਆਂ ਹੀ ਸੂਚਕ ਹਨ।

ਹੁਣ ਪ੍ਰਗਤੀਵਾਦੀ ਕੇਵਲ ਇਕ ਝੁਕਾਅ ਨਹੀਂ ਸੀ ਰਿਹਾ, ਸਗੋਂ ਇਹ ਇਕ ਲਹਿਰ ਦਾ ਰੂਪ ਧਾਰਣ ਕਰ ਗਿਆ ਸੀ। ਇਸ ਲਹਿਰ ਦੇ ਕਵੀਆਂ ਦੀ ਕਵਿਤਾ ਦਾ ਤੀਜਾ ਵੱਡਾ ਲੱਛਣ ਸੀ ਸ਼੍ਰੇਣੀ ਵੰਡ ਦੀ ਸਮਝ ਅਤੇ ਜਨ-ਸੋਸ਼ਣ ਨੂੰ (Exploitation) ਦਾ ਵਿਰੋਧ ਕਰਕੇ ਵਰਗ-ਸੰਘਰਸ਼ ਵਿਚ ਕੁੱਦ ਪੇਣ ਦੀ ਪ੍ਰਵਿਰਤੀ।

''ਚੁਣ ਚੁਣ ਅੰਨ ਜਟੇਟੀਆਂ ਮੋਈਆਂ,
ਮੁਕਣ ਨਾ ਉਹ ਤੇ ਵੰਡ ਓ ਯਾਰ।
ਹੱਥ ਤਰਖਾਣਾਂ ਰੱਟਣ ਪੈ ਗਏ,
ਮੁੱਕੇ ਨਾ ਕਾਣੀ ਵੰਡ ਓ ਯਾਰ।
ਜਾਗ ਕਿਰਤੀਆ ਜਾਗ ਕਿਸਾਨਾ
ਸਿਰ ਤੋਂ ਆਲਸ ਛੱਡ ਓ ਯਾਰ।
ਦਾਤੀਆਂ, ਕਲਮਾਂ ਅਤੇ ਹਥੌੜੇ,
ਕੱਠੇ ਕਰ ਲਉ ਸੰਦ ਓ ਯਾਰ।
ਤਗੜੀ ਇਕ ਤ੍ਰਿਸ਼ੂਲ ਬਣਾਉ,
ਯੁੱਧ ਕਰੋ ਪ੍ਰਚੰਡ ਓ ਯਾਰ।

ਇਸ ਪ੍ਰਚੰਡ ਯੁੱਧ ਤੋਂ ਪਾਰ ਨਵੀਨ ਭਵਿੱਖ ਵਿਚ ਵਿਸ਼ਵਾਸ ਅਤੇ ਨਵੇਂ ਮਨੁੱਖ ਦਾ ਰੱਬ ਵਰਗਾ ਸਤਿਕਾਰ ਕਰਨ ਦੀ ਪ੍ਰੇਰਣਾ ਦੇਣ ਵਾਲੀਆਂ ਸਾਰੀਆਂ ਕਵਿਤਾਵਾਂ ਵੀ ਇਨ੍ਹਾਂ ਵਰ੍ਹਿਆਂ ਵਿਚ ਲਿਖੀਆਂ ਗਈਆਂ। ਮਿਸਾਲ ਵਜੋਂ ਕੁਝ ਸਤਰਾਂ :

1. ਏਸ਼ੀਆ ਦੀ ਧਰਤ ਤੇ ਵੀ ਸਵੇਰਾ ਹੋ ਰਿਹਾ।
ਰੱਤੀਆਂ ਕਿਰਨਾਂ ਤੋਂ ਰੋਸ਼ਨ ਹੈ ਚੁਫੇਰਾ ਹੋ ਰਿਹਾ।

(ਅਜਾਇਬ ਚਿੱਤ੍ਰਕਾਰ)

2. ਨਾ ਫ਼ਰਸ਼ ਦੀਵਾ, ਨਾ ਅਰਸ਼ ਤਾਰਾ,
ਮਨੁੱਖ ਦੇ ਚਮਕਣ ਦਾ ਕਾਲ ਆਇਆ।

ਨਵਾਂ ਸਵੇਰਾ ਤਾਂ ਆ ਰਿਹਾ ਹੈ,
ਨਵਾਂ ਮਨੁੱਖ ਵੀ ਕੀ ਨਾਲ ਆਇਆ।

(ਹਰਿਭਜਨ ਸਿੰਘ)

3. ਮੈਂ ਤਾਂ ਬੰਦੇ ਨੂੰ ਸਮਝਦਾ ਹਾਂ ਖੁਦਾ।
ਕਿਥੇ ਬੰਦਾ ਹੈ ਨਮਸਕਾਰ ਕਰਾਂ।

(ਹਰਿਭਜਨ ਸਿੰਘ)

ਇਹ ਨਵਾਂ ਸਵੇਰਾ 'ਸਮਾਜਵਾਦ' ਦੀ ਉਸਾਰੀ ਦੇ ਆਰੰਭ ਦਾ ਪ੍ਰਤੀਕ ਸੀ। ਅਜਿਹੀ ਸੁਝਾਊ, ਪ੍ਰਤੀਕਾਤਮਕ ਸ਼ਬਦਾਵਲੀ ਦੇ ਨਾਲ ਸਮਾਜਵਾਦ ਦੀ ਵਡਿਆਈ ਵਿਚ ਸਿੱਧੀਆਂ ਕਵਿਤਾਵਾ ਵੀ ਲਿਖੀਆਂ ਗਈਆਂ ਜਿਨ੍ਹਾਂ ਦੀ ਬਣਤਰ ਵਾਰਤਕ ਵਰਗੀ ਅਤੇ ਸ਼ੈਲੀ ਭਾਸ਼ਣ-ਕਲਾਂ (Rhetoric) ਵਰਗੀ ਹੈ। ਬਾਵਾ ਬਲਵੰਤ ਦੀ ਕਵਿਤਾ 'ਸਮਾਜਵਾਦ' ਅਤੇ ਪਿਆਰਾ ਸਿੰਘ ਸਹਿਰਾਈ ਦੀਆਂ ਸੋਵੀਅਤ ਰੂਸ ਦੀ ਵਡਿਆਈ ਵਿਚ ਲਿਖੀਆਂ ਕਵਿਤਾਵਾਂ ਇਸੇ ਪੱਧਰ ਦੀਆਂ ਹਨ। 'ਸਮੇਂ ਦੀ ਵਾਗ' ਪੁਸਤਕ ਵਿਚ ਸਹਿਰਾਈ ਲਿਖਦਾ ਹੈ :

ਸੋਵੀਅਤ ਰੂਸ ਤੂੰ ਆਸ ਅਮਨ ਦੀ
ਲੋਕ-ਅਮਨ ਦੀ ਧਰਤੀ
ਤੇਰਾ ਸਦਕਾ ਹੀ ਜੱਗ ਅੰਦਰ
ਚਾਨਣ ਤੇ ਠੰਢ ਵਰਤੀ

### 3. ਇਸ ਦੌਰ ਦੀ ਪੰਜਾਬੀ ਕਵਿਤਾ ਉਪਰ ਅਮਨ ਲਹਿਰ ਦਾ ਪ੍ਰਭਾਵ

ਉਂਝ ਤਾਂ ਪ੍ਰਗਤੀਵਾਦੀ ਕਵੀਆਂ ਨੇ ਸ਼ੁਰੂ ਤੋਂ ਜੰਗ ਦਾ ਵਿਰੋਧ ਕਰਕੇ ਅਮਨ ਦਾ ਪੱਖ ਪੂਰਿਆ ਹੈ, ਪਰ 1948 ਵਿਚ ਸੰਸਾਰ ਅਮਨ ਲਹਿਰ ਦਾ ਮੁੱਢ ਬੱਝਾ ਤੇ ਇਸ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਗਈਆਂ। ਪਹਿਲੇ ਅਤੇ ਦੂਜੇ ਸੰਸਾਰ ਯੁੱਧ ਤੋਂ ਇਹ ਗੱਲ ਪ੍ਰਤੱਖ ਹੋ ਚੁੱਕੀ ਸੀ ਕਿ ਜੰਗਾਂ ਛੇੜਨ ਦੀ ਪਹਿਲ ਸਾਮਰਾਜੀ ਦੇਸ਼ਾਂ ਵੱਲੋਂ ਹੁੰਦੀ ਹੈ ਤੇ ਸਰਮਾਏਦਾਰਾਂ ਨੇ ਸੰਸਾਰ ਨੂੰ ਤਬਾਹੀ ਦੇ ਮੂੰਹ ਅੱਗੇ ਲਿਆ ਖੜਾ ਕੀਤਾ। ਇਸ ਲਈ ਇਨ੍ਹਾਂ ਕਵਿਤਾਵਾਂ ਵਿਚ ਵੀ ਸਾਮਰਾਜੀ ਤੇ ਪੂੰਜੀਵਾਦੀ ਸ਼ਕਤੀਆਂ ਦੀ ਨਿੰਦਿਆ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਇਨ੍ਹਾਂ ਦੇ ਵਿਰੁੱਧ ਡਟ ਜਾਣ ਦੀ ਅਪੀਲ ਕੀਤੀ ਗਈ ਹੈ :

ਝਟ ਅਮਨ ਦੇ ਝੰਡੇ ਹੇਠ ਜੁੜੋ
ਨਹੀਂ ਬਚਣਾ ਇਹ ਸੰਸਾਰ ਨਹੀਂ,
ਕਦ ਦਰ ਦੋਜ਼ਖ ਦੇ ਖੋਹਲ ਦੇਣ
ਜੰਗਬਾਜ਼ਾਂ ਦਾ ਇਤਬਾਰ ਨਹੀਂ।
ਸਭ ਅੰਨ ਅਨਾਜ ਗਰੀਬਾਂ ਦਾ
ਗੋਦਾਮ ਦੇ ਵਿਚ ਦਫਨ ਪਿਆ,
ਸਭ ਦੁਨੀਆਂ ਦਾ ਲਾਹਾ ਕੋਇਲਾ
ਹਥਿਆਰਾਂ ਦੇ ਵਿਚ ਬਦਲ ਗਿਆ।
ਲੱਖ ਰੱਤੇ ਚੂੜੇ ਕੜਕ ਗਏ
ਲੱਖ ਵਹੁਟੀਆਂ ਦੇ ਸ਼ਿੰਗਾਰ ਲੁੱਟੇ,
ਫੁੱਲ ਹਸਦੇ ਬਾਲਾਂ ਬੱਚਿਆਂ ਦੇ
ਦੋਹਾਂ ਜੰਗਾਂ ਨੇ ਸਾੜ ਸੁੱਟੇ।
ਮੁੜ ਤੀਜੇ ਜੰਗ ਦੀ ਭੱਠੀ ਵਿਚ
ਅਸਾਂ ਲੂਹਣਾ ਇਹ ਗੁਲਜ਼ਾਰ ਨਹੀਂ।
ਸੌਂਹ ਕਲਾ, ਸੰਗੀਤ ਤੇ ਕਵਿਤਾ ਦੀ

ਸੌਹ ਇਸ਼ਕ, ਹੁਸਨ ਦੇ ਖੇੜਿਆਂ ਦੀ।
ਸੌਹ ਖੁਰਲੀ ਬੱਧੇ ਡੰਗਰਾਂ ਦੀ
ਸੌਹ ਵਸਦੇ ਰਸਦੇ ਵੇਹੜਿਆਂ ਦੀ।
ਅਸਾਂ ਬਣਨਾ ਧੋਖੇ ਵਿਚ ਆ ਕੇ
ਜੰਗਬਾਜ਼ਾਂ ਦਾ ਹਥਿਆਰ ਨਹੀਂ।

(ਪ੍ਰੋ. ਮੋਹਨ ਸਿੰਘ)

ਅੰਮ੍ਰਿਤਾ, ਪ੍ਰੀਤਮ, ਪ੍ਰਭਜੋਤ ਕੌਰ, ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਪਿਆਰਾ ਸਿੰਘ ਸਹਿਰਾਈ ਤੇ ਹਰਿਭਜਨ ਸਿੰਘ ਨੇ ਵੀ ਇਸੇ ਭਾਵ ਦੀਆਂ ਅਨੇਕਾਂ ਕਵਿਤਾਵਾਂ ਲਿਖੀਆਂ। ਹਰਿਭਜਨ ਸਿੰਘ ਦਾ ਕਾਵਿ-ਨਾਟਕ 'ਤਾਰ-ਤੁਪਕਾ' ਤੇ ਅੰਮ੍ਰਿਤਾ ਦੀ ਕਵਿਤਾ 'ਮੈਂ ਗੀਤ ਲਿਖਦੀ ਹਾਂ' ਇਸ ਸੰਦਰਭ ਵਿਚ ਵਰਣਨਯੋਗ ਰਚਨਾਵਾਂ ਹਨ।

**4. ਰਾਸ਼ਟਰੀ ਭਾਵਾਂ ਦੀ ਕਵਿਤਾ**

ਜਿਵੇਂ ਉਪਰੋਕਤ ਸਰਵੇਖਣ ਤੋਂ ਸਿੱਧ ਹੈ, ਇਸ ਕਾਲ ਦੀ ਪੰਜਾਬੀ ਕਵਿਤਾ ਦਾ ਵਡੇਰਾ ਭਾਗ ਅੰਤਰ-ਰਾਸ਼ਟਰੀ ਵਿਸ਼ਿਆਂ ਨਾਲ ਸੰਬੰਧਿਤ ਹੈ ਪਰ ਜਿਉਂ ਜਿਉਂ ਪੰਜਾਬ ਦੀ ਵੰਡ ਦਾ ਜ਼ਖ਼ਮ ਭਰਦਾ ਗਿਆ ਤੇ ਨਵੀਆਂ ਪੰਜ ਸਾਲਾਂ ਸਕੀਮਾਂ ਅਨੁਸਾਰ ਦੇਸ਼ ਦੀ ਉਸਾਰੀ ਦਾ ਉਦੇਸ਼ ਸਾਹਮਣੇ ਆਇਆ ਤਿਉਂ ਤਿਉਂ ਪੁਰਾਣੀ ਰਾਸ਼ਟਰੀ ਭਾਸ਼ਾ ਵੀ ਪੰਜਾਬੀ ਕਵਿਤਾ ਵਿਚ ਪ੍ਰਗਟ ਹੁੰਦੀ ਹੈ। ਪ੍ਰੋ. ਮੋਹਨ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਨੇਕੀ, ਸੁਖਪਾਲਵੀਰ ਸਿੰਘ ਹਸਰਤ, ਦੇਵਿੰਦਰ ਸਤਿਆਰਥੀ, ਪ੍ਰੀਤਮ ਸਿੰਘ ਸਫ਼ੀਰ ਤੇ ਸੰਤੋਖ ਸਿੰਘ ਧੀਰ ਨੇ ਰਾਸ਼ਟਰੀ ਵਿਸ਼ਿਆਂ ਉਤੇ ਰਚਨਾਵਾਂ ਰਚੀਆਂ। ਉਦਾਹਰਣ ਲਈ ਪ੍ਰੋ. ਮੋਹਨ ਸਿੰਘ ਦੀਆਂ 'ਗਾਂਧੀ ਨੂੰ' ਤੇ 'ਕਾਲੀਦਾਸ', ਚਾਤ੍ਰਿਕ ਦੀ 'ਪੰਜਾਬ', ਅੰਮ੍ਰਿਤਾ ਪ੍ਰੀਤਮ ਦੀਆਂ 'ਮੈਂ ਤਵਰੀਖ ਹਾਂ ਹਿੰਦ ਦੀ', 'ਮੇਘ ਦੂਤ', 'ਕੰਨਿਆ ਕੁਮਾਰੀ' ਅਤੇ ਸੰਤੋਖ ਸਿੰਘ ਧੀਰ ਦੀਆਂ 'ਗੋਆ' ਤੇ 'ਕਰਨੈਲ ਸਿੰਘ' ਆਦਿ ਕਵਿਤਾਵਾਂ ਇਸੇ ਦ੍ਰਿਸ਼ਟੀ ਤੋਂ ਪੜ੍ਹਣ ਯੋਗ ਹਨ।

**5. ਰਹੱਸਵਾਦੀ ਜਾਂ ਨਵ-ਰਹੱਸਵਾਦੀ ਝੁਕਾਅ**

ਗੁਰਬਾਣੀ ਤੇ ਸੂਫ਼ੀ-ਕਾਵਿ ਦੀ ਪਰੰਪਰਾ ਦੇ ਅਧੀਨ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਵੀ ਰਹੱਸਵਾਦੀ ਝੁਕਾਅ ਕਾਫ਼ੀ ਪ੍ਰਬਲ ਰਿਹਾ ਹੈ। ਭਾਈ ਵੀਰ ਸਿੰਘ ਨੇ ਪ੍ਰਮਾਤਮਾ ਨੂੰ ਨਿਰੇ ਨੂਰ ਅਣਡਿੱਠੇ ਰੱਬ 'ਮੇਰੇ ਸਾਈਆ ਜੀਉ' ਦੇ ਰੂਪ ਵਿਚ ਕਲਪਿਆ। 1947 ਤੋਂ ਪਿੱਛੋਂ ਵੀ ਉਨ੍ਹਾਂ ਦੀ ਪੰਜ-ਹਜ਼ਾਰੀ ਪੁਸਤਕ 'ਮੇਰੇ ਸਾਈਆਂ ਜੀਉ' ਵਿਚ ਉਨ੍ਹਾਂ ਦੇ ਰਹੱਸਵਾਦੀ ਅਨੁਭਵ ਦਾ ਪ੍ਰਗਟਾਵਾ ਹੋਇਆ ਹੈ। ਭਾਵੇਂ ਉਸ ਸਮੇਂ ਤੱਕ ਇਹ ਪ੍ਰਵਿਰਤੀ ਇਕ ਨਵ-ਰਹੱਸਵਾਦੀਂ ਜਿਹੀ (ਅਰਥਾਤ ਪੁਰਾਣਾ ਰਹੱਸਵਾਦ ਤੋਂ ਵੱਖਰਾ) ਰੰਗ ਪਕੜ ਚੁੱਕੀ ਸੀ, ਪਰ ਫੇਰ ਵੀ ਪ੍ਰੀਤਮ ਸਿੰਘ ਸਫ਼ੀਰ, ਲਾਲਾ ਧਨੀ ਰਾਮ ਚਾਤ੍ਰਿਕ, ਜਸਵੰਤ ਸਿੰਘ ਨੇਕੀ ਤੇ ਜਗਜੀਤ ਸਿੰਘ ਗੁਲੇਰੀਆ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਦੇ ਅਨੁਭਵ ਦੀਆਂ ਗੂੰਜਾਂ ਸੁਣਾਈ ਦਿੰਦੀਆਂ ਹਨ।

ਨਵੇਂ ਵਿਗਿਆਨਕ ਵਾਤਾਵਰਣ ਵਿਚ ਅੰਮ੍ਰਿਤ ਸੱਚ ਨੂੰ ਵਿਆਪਕ ਚੇਤਨਾ ਪਰਿਵਰਤਨ ਤੇ ਨੂਰ ਦੇ ਸਰੂਪ ਵਿਚ ਕਲਾ ਦੇ ਰਹੱਸਵਾਦੀ ਅਨੁਭਵ ਨੂੰ ਆਪਣੇ ਯੁੱਗ ਦੇ ਅਨੁਕੂਲ ਗ੍ਰਹਿਣ ਕਰਨ ਦੀ ਪ੍ਰਵਿਰਤੀ ਸਫ਼ੀਰ ਦੀਆਂ ਕਵਿਤਾਵਾਂ ਵਿਚ ਪ੍ਰਤੱਖ ਹੈ। 'ਆਦਿ ਜੁਗਾਦਿ' ਪੁਸਤਕ ਵਿਚੋਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

1. ਪ੍ਰੀਵਰਤਨ ਹੈ ਇਉਂ ਜੀਣ ਅੰਦਰ
ਜਿਉਂ ਸ਼ਕਤੀ ਹਰ ਥਾਂ ਹੁੰਦੀ ਵੀ
ਨਾ ਰੂਪ, ਨਾ ਰੇਖ, ਨਾ ਰੰਗ ਬਣ,
ਨਾ ਰੰਗ ਆਏ, ਨਾ ਰੰਗ ਗਾਏ।

2. ਅਗਨੀ ਹੈ ਕਿਣਕੇ ਕਿਣਕੇ ਵਿਚ
ਅਗਨੀ ਚਹੁੰ ਜੁਗਾਂ ਦੀ ਮਾਤਾ
ਅਗਨੀ ਹੈ ਰੂਪ ਤੇ ਰੰਗ ਅੰਦਰ

ਇਸ਼ਕਾਂ ਦੇ ਜ਼ਹਿਰੀ ਡੰਗ ਅੰਦਰ,
ਉਹ ਮਾਲਕ ਮੇਰੀ ਹਸਤੀ ਦਾ
ਇਸ ਨੂਰ ਤੋਂ ਖਾਲੀ ਕਰ ਗਿਆ ਹੈ।

3. ਰੌਸ਼ਨ
ਦਿਖਾ ਮੇਰੇ ਨੂਰ,
ਅੱਜ
ਬੜਾ ਹਨੇਰਾ ਹੈ
ਇਹਨਾਂ ਆਸਮਾਨਾਂ 'ਚੋਂ
ਫਿਰ ਨਜ਼ਰ ਆ ਮੇਰੇ ਨੂਰ।

**6. ਕੁਝ ਨਵੇਂ ਝੁਕਾਅ**

1960 ਈ. ਤੋਂ ਪਹਿਲਾਂ ਹੀ ਪੰਜਾਬੀ ਕਵਿਤਾ ਵਿਚ ਕੁਝ ਨਵੇਂ ਪ੍ਰਯੋਗ ਆਰੰਭ ਹੋ ਗਏ ਸਨ। ਇਨ੍ਹਾਂ ਨਵੇਂ ਪ੍ਰਯੋਗਾਂ ਨੂੰ ਪ੍ਰੋ. ਸੰਤ ਸਿੰਘ ਸੇਖੋਂ ਨੇ 'ਸੁਹਜਵਾਦ' ਤੇ 'ਸਿਆਣਪਵਾਦ' ਦਾ ਨਾਂ ਦਿੱਤਾ ਸੀ, ਪਰ ਸਾਡੀ ਜਾਚੇ ਇਹ ਇਕ ਤਰ੍ਹਾਂ ਦੇ ਨਵੇਂ-ਛਾਇਆਵਾਦੀ ਜਿਹੇ ਝੁਕਾਅ ਹੀ ਹਨ। ਇਨ੍ਹਾਂ ਅਧੀਨ ਡਾ. ਹਰਿਭਜਨ ਸਿੰਘ, ਐਸ.ਐਸ. ਮੀਸ਼ਾ, ਈਸ਼ਵਰ ਚਿਤ੍ਰਕਾਰ, ਤਖਤ ਸਿੰਘ ਤੇ ਸੁਖਬੀਰ ਆਦਿ ਕਵੀਆਂ ਨੇ ਅਜਿਹੀਆਂ ਕਵਿਤਾਵਾਂ ਲਿਖੀਆਂ ਜਿਨ੍ਹਾਂ ਵਿਚ ਸਾਡੇ ਸਮਾਜ ਦੇ ਮੱਧ-ਵਰਗ ਦਾ ਵਿਸ਼ਾਦ, ਕੁੰਠਾ, ਵਿਹਲ, ਆਵਾਰਾਗਰਦੀ, ਸ਼ੰਕੇ, ਇਕੱਲੇਪਣ ਦਾ ਅਹਿਸਾਸ ਤੇ ਮਾਨਸਿਕ ਖ਼ਲਾਅ ਦਾ ਪ੍ਰਗਟਾਵਾ ਹੋਇਆ ਹੈ। ਛਾਇਆਵਾਦੀ ਕਵੀਆਂ ਵਾਂਗ, ਇਹ ਕਵੀ ਆਪਣੇ ਅਨੁਭਵ ਨੂੰ ਨਵੇਂ ਨਵੇਂ ਪ੍ਰਤੀਕਾਂ ਰਾਹੀਂ ਅਤੇ ਸੂਹਲ ਚਿਤਰਾਂ ਦੁਆਰਾ ਪ੍ਰਗਟਾਉਂਦੇ ਰਹੇ ਹਨ। ਐਂਟੀ-ਰੋਮਾਂਟਿਕ ਹੋ ਕੇ ਵੀ ਇਹ ਕਵੀ ਵਿਅਕਤੀਵਾਦੀ ਹਨ, ਇਸ ਲਈ ਇਨ੍ਹਾਂ ਦੀ ਕਵਿਤਾ ਦਾ ਅਨੁਭਵ ਤੇ ਪ੍ਰਗਟਾਵੇ ਦੀ ਅਸਪਸ਼ਟਤਾ, ਸਰੋਦੀ ਤੱਤ ਤੇ ਅੰਤਰਮੁਖੀ ਪ੍ਰਵਿਰਤੀ ਇਨ੍ਹਾਂ ਕਵੀਆਂ ਨੂੰ ਮੁੜ ਇਕ ਭਾਂਤ ਦੇ ਰੋਮਾਂਸ ਵੱਲ ਮੋੜਦੀ ਹੈ। ਨਵੇਂ ਝੁਕਾਵਾਂ ਦੀ ਕਵਿਤਾ ਦੇ ਕੁਝ ਨਮੂਨੇ ਹੇਠ ਲਿਖੇ ਹਨ :

1. ਕੁਛ ਇਸ ਤਰ੍ਹਾਂ ਨਜ਼ਰ ਦੇ ਆਪਣੇ ਹੀ ਭੇਤ ਖੁਲ੍ਹੇ
ਜਿਉਂ ਮੋਰ ਦੇ ਪਰਾਂ ਤੇ ਸੂਰਜ ਤੇ ਚੰਨ ਤਾਰੇ
ਨਾਚਾਂ 'ਚੋਂ ਉਸ ਦੇ ਲੈਂਦੇ ਲਿਸ਼ਕੋਰ ਮਧ ਹੁਲਾਰੇ,
ਜੀਵਨ ਵਿਕਾਸ ਮੰਦਰ ਦੇ ਦਰ ਅਚੇਤ ਖੁਲ੍ਹੇ।

(ਈਸ਼ਵਰ ਚਿਤ੍ਰਕਾਰ, ਮੂਲ ਰਾਹੀਂ)

2. ਕਾਲਖ-ਵਿਰਲਾਂ ਥਾਣੀਂ ਉਮ੍ਹਲੇ
ਟਿਮਕ ਟਿਮਕ ਇਕ ਸੂਹੀ ਛਾਇਆ।
ਉਡ ਉਡ ਮੇਲੇ ਨੀਲਾਂਗਣ ਵਿਚ
ਇਕ ਮਿੱਠੀ ਚਾਹਤ ਦਾ ਸਾਇਆ।

(ਤਖਤ ਸਿੰਘ)

3. ਇਹ ਆਲ੍ਹਣੇ ਗਗਨ-ਉਡਾਰੀ, ਮਦ-ਮਾਤੀ ਸੁੱਤੀ ਅਣਭੋਲ।
ਗਗਨ-ਉਡਾਰੀ, ਸੰਸਕਾਰ, ਉਠ ਸੁਹਾਗਣ ਕੇਸਰ ਘੋਲ।
ਯਾਦ ਗਗਨ ਦੀ ਪੌਣਾਂ ਦੇ ਸੰਗ ਕਰਦੀ ਏ ਪਈ ਕੇਲ-ਕਲੋਲ
ਗੂੰਜ ਗੀਤ ਦੀ ਇਹ ਆਖੇ, ਉਡ ਉਡ ਮੁੜ ਗਗਨਾਂ ਨੂੰ ਟੋਲ।

(ਦੇਵਿੰਦਰ ਸਤਿਆਰਥੀ)

4. ਦੁੱਧ ਦਾ ਪੋਚਾ ਧਰਤ ਦੇ ਖਰ੍ਹਵੇਂ ਅੰਗਾਂ ਉਤੇ
ਹਰ ਸ਼ੈ ਦੇ ਨਕਸ਼ਾਂ ਤੇ ਕੂਲੀ ਕੂਲੀ ਨੀਂਦਰ
ਸੁਬਕ ਮਲੂਕ ਮੁਹਾਂਦਰੇ, ਪਿਆਰ ਦੀ ਸ੍ਰਿਸ਼ਟੀ ਜੀਕਰ

ਸੁੱਤੇ ਹੋਏ ਘਰ, ਆਲ੍ਹਣੇ, ਪੰਛੀ, ਅਧ-ਮੀਟੇ ਫੁੱਲ
ਜਿੰਦ ਆਖੇ ਅੱਜ ਆਈਆਂ ਮੈਨੂੰ ਰਾਤਾਂ ਫੇਰ ਪਛਾਣੀਆਂ।

(ਸੁਖਬੀਰ)

1960 ਈ. ਤੋਂ ਪਿਛੋਂ ਦੇ ਪੰਜਾਬੀ ਸਾਹਿਤ ਵਿਚ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਪਹਿਲਾਂ ਦੇ ਪੰਜਾਬੀ ਸਾਹਿਤ ਨਾਲੋਂ ਕੁਝ ਪਛਾਣਨ ਯੋਗ ਅੰਤਰ ਆਏ ਹਨ। ਅਨੇਕਾਂ ਹੀ ਨਵੇਂ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਅਧੀਨ ਨਵੇਂ ਸਾਹਿਤਕ ਪ੍ਰਯੋਗਾਂ ਅਤੇ ਰੂਪ-ਵਿਧੀਆਂ ਨੇ ਇਸ ਸਮੇਂ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ ਹੈ। ਇਸ ਦੌਰ ਦੇ ਲਗਭਗ ਸਾਰੇ ਦੇ ਸਾਰੇ ਸਾਹਿਤਕਾਰਾਂ ਨੇ ਦੌਰ ਤੋਂ ਪ੍ਰਚੱਲਿਤ ਅਧਿਆਤਮਵਾਦੀ ਆਦਰਸ਼ਵਾਦ ਨੂੰ ਹੀ ਤਿਆਗਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਪ੍ਰਗਤੀਵਾਦੀ ਰੁਮਾਂਸਵਾਦ ਤੋਂ ਮੁਕਤੀ ਹਾਸਲ ਕਰਨ ਦਾ ਵੀ ਯਤਨ ਕੀਤਾ ਹੈ। ਭਾਵੇਂ 1960 ਈ. ਤੋਂ ਪਹਿਲਾਂ ਰੁਮਾਂਟਿਕ ਰੁਝੀਆਂ ਵੀ ਨਾਲ ਨਾਲ ਪ੍ਰਚੱਲਿਤ ਰਹੀਆਂ ਹਨ, ਪਰ ਇਸ ਕਾਲ ਦੇ ਪ੍ਰਮੁੱਖ ਝੁਕਾਅ ਅਜਿਹੇ ਹਨ ਜਿਨ੍ਹਾਂ ਵਿਚ ਰੁਮਾਂਚਿਕਤਾ ਦਾ ਵਿਰੋਧ ਵੀ ਕੁਝ ਹੱਦ ਤੱਕ ਕੀਤਾ ਗਿਆ ਹੈ।

ਉਹ ਝੁਕਾਅ ਹਨ :

1. ਪ੍ਰਯੋਗਵਾਦ (ਹੋਂਦਵਾਲ, ਊਲ ਜਲੂਲਵਾਦ, ਆਧੁਨਿਕਤਾਵਾਦ ਆਦਿ)
2. ਜੁਝਾਰਵਾਦ।

ਇਨ੍ਹਾਂ ਦੋ ਝੁਕਾਵਾਂ ਤੋਂ ਛੁੱਟ ਧੀਮੀ ਸੁਰ ਵਿਚ (ਵਿਸ਼ੇਸ਼ ਕਰਕੇ ਕਵਿਤਾ ਦੇ ਖੇਤਰ ਵਿਚ), ਸੁਹਜਵਾਦ, ਸਿਆਣਪਵਾਦ, ਰਾਸ਼ਟਰਵਾਦ ਤੇ ਸ਼ਕਤੀਵਾਦ ਵੀ ਪ੍ਰਚੱਲਿਤ ਰਹੇ ਹਨ। ਪ੍ਰਯੋਗਵਾਦ ਦੀ ਮੂਲ ਪ੍ਰੇਰਣਾ ਵਿਲੀਅਮ ਜੇਮਜ਼ ਅਤੇ ਜੋਹਨ ਡੇਵੀ ਦਾ ਪਰੈਗਮੈਟਿਜ਼ਮ ਹੈ। ਜਿਸ ਅਨੁਸਾਰ ਮਨੁੱਖ ਦਾ ਹਰ ਕਰਮ ਦੇ ਬ੍ਰਹਿਮੰਡ ਦੀ ਹਰ ਪ੍ਰਕਿਰਿਆ ਆਪਣੇ ਆਪ ਵਿਚ ਇਕ ਵੱਖਰਾ ਪ੍ਰਯੋਗ ਹੈ। ਕਿਸੇ ਵਸਤੂ ਦੀ ਕੋਈ ਪਰੰਪਰਾ ਨਹੀਂ, ਇਸ ਲਈ ਸਾਹਿਤ ਵਿਚ ਵੀ ਹਰ ਪ੍ਰਕਾਰ ਦੀ ਪਰੰਪਰਾ ਤੋਂ ਚੇਤੰਨ ਹੋ ਕੇ ਅਤੇ ਉਸ ਤੋਂ ਮੁਕਤ ਹੋ ਕੇ ਕੋਈ ਨਵੀਂ ਰਚਨਾ ਕਰਨ ਦਾ ਉਪਰਾਲਾ ਪ੍ਰਯੋਗਵਾਦ ਅਖਵਾਇਆ। ਪਰੈਗਮੈਟਿਜ਼ਮ ਤੋਂ ਬਾਅਦ ਇਸ ਵਿਚਾਰਧਾਰਾ ਨੇ ਹੋਂਦਵਾਦ ਨੂੰ ਆਪਣੇ ਵੱਲੋਂ ਪੱਕੀਆਂ ਨੀਹਾਂ ਪ੍ਰਦਾਨ ਕੀਤੀਆਂ ਹਨ ਕਿਉਂਕਿ ਹੋਂਦਵਾਦ ਅਨੁਸਾਰ ਹੀ ਹਰ ਇਕ ਵਿਅਕਤੀ ਦੀ ਆਪਣੇ ਆਪ ਵਿਚ ਇਕ ਵੱਖਰੀ ਹੋਂਦ ਹੈ ਤੇ ਉਸ ਦਾ ਆਪਣੇ ਤੋਂ ਪਹਿਲਾਂ ਤੇ ਆਪਣੇ ਤੋਂ ਪਿਛਲੀ ਕਿਸੇ ਹੋਂਦ ਨਾਲ ਕੋਈ ਸੰਬੰਧ ਨਹੀਂ ਹੁੰਦਾ। ਹਰ ਜੀਵ ਇਕੱਲਾ ਹੈ। ਇਸੇ ਤਰ੍ਹਾਂ ਮਨੁੱਖੀ ਅਨੁਭਵ ਦਾ ਹਰ ਪਲ ਦੂਜੇ ਪਲਾਂ ਨਾਲੋਂ ਵੱਖਰਾ ਹੈ ਤੇ ਉਸ ਪਲ ਨੂੰ ਪਰੰਪਰਾਗਤ ਕਲਾ ਵਿਧੀਆਂ ਰਾਹੀਂ ਵਿਅਕਤ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਹਾਂ ਫ਼ਿਲਾਸਫ਼ੀਆਂ ਦਾ ਸਿੱਟਾ ਹੈ ਅਲਬੇਅਰ ਕਾਮੂ ਅਤੇ ਸੈਮੂਅਲ ਬੈਕਟ ਵਰਗੇ ਲੇਖਕਾਂ ਦਾ ਊਲ ਜਲੂਲਵਾਦ (Absurdism) ਗੱਲ ਵੀ ਠੀਕ ਹੈ ਕਿ ਇਕ ਛਿਣ ਦਾ ਦੂਜੇ ਛਿਣ ਨਾਲ, ਇਕ ਵਿਅਕਤੀ ਦਾ ਦੂਜੇ ਵਿਅਕਤੀ ਨਾਲ, ਇਕ ਘਟਨਾ ਦਾ ਦੂਜੀ ਘਟਨਾ ਨਾਲ, ਅਰਥਾਤ ਕਾਰਣ ਦਾ ਕਾਰਜ ਨਾਲ ਕੋਈ ਨਿਸ਼ਚਿਤ ਸੰਬੰਧ ਹੀ ਨਹੀਂ ਤਾਂ ਫਿਰ ਸਭ ਕੁਝ ਊਲ ਜਲੂਲ ਜਾਂ ਫ਼ਜ਼ੂਲ ਹੀ ਹੋਇਆ। ਇਸ ਵਿਚਾਰ ਅਧੀਨ ਪ੍ਰਯੋਗਵਾਦੀਆਂ ਨੇ ਰੂਪ ਪ੍ਰਯੋਗਾਂ ਤੋਂ ਇਲਾਵਾ ਵਿਸ਼ੇ-ਮੂਲਕ ਪ੍ਰਯੋਗ ਵੀ ਆਰੰਭ ਕੀਤੇ, ਅਰਥਾਤ ਉਨ੍ਹਾਂ ਨੇ ਜ਼ਿੰਦਗੀ ਦੇ ਅਜਿਹੇ ਪੱਖਾ ਨੂੰ ਸਾਹਿਤ ਦਾ ਵਿਸ਼ਾ ਬਣਾਇਆ ਜਿਹੜੇ ਪੱਖ ਇਸ ਤੋਂ ਪਹਿਲਾਂ ਮਹੱਤਵਪੂਰਣ ਨਹੀਂ ਸਨ ਸਮਝੇ ਜਾਂਦੇ। ਅੰਤ ਵਿਚ ਸਾਰੇ ਵਾਦ ਆਧੁਨਿਕਤਾਵਾਦ ਦੇ ਨਾਂ ਹੇਠ ਵਿਚਾਰੇ ਜਾਣ ਲੱਗੇ। ਆਧੁਨਿਕਤਾਵਾਦ ਵੀ ਇਸ ਸਨਅਤੀ ਯੁੱਗ ਦੇ ਹੁਣ ਦੇ ਅਨੁਭਵ ਨੂੰ ਪਰੰਪਰਕ ਅਨੁਭਵ ਨਾਲੋਂ ਅਲੱਗ ਕਰਕੇ ਅਤੇ ਭਵਿੱਖ ਦੀ ਕਲਪਨਾ ਤੋਂ ਤੋੜ ਕੇ ਪ੍ਰਗਟਾਉਣ ਦਾ ਨਾਂ ਹੈ।

ਜੁਝਾਰਵਾਦੀ ਸਾਹਿਤ ਕਿਰਤਾਂ ਇਸ ਪ੍ਰਯੋਗਵਾਦੀ ਲਹਿਰ ਦੇ ਪ੍ਰਤੀਕਰਮ ਵਜੋਂ ਹੀ ਹੋਂਦ ਵਿਚ ਆਈਆਂ ਸਨ। ਉਨ੍ਹਾਂ ਦੇ ਹੋਂਦ ਵਿਚ ਆਉਣ ਦੇ ਸਮਾਜਕ, ਰਾਜਨੀਤਿਕ ਕਾਰਣਾਂ ਨੂੰ ਭਾਵੇਂ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ, ਪਰ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪ੍ਰਸੰਗ ਵਿਚ ਵਿਚਾਰਦਿਆਂ ਇਹੋ ਨਿਰਣਾ ਦਿੱਤਾ ਜਾ ਸਕਦਾ ਹੈ ਕਿ ਪ੍ਰਯੋਗਵਾਦੀਆਂ ਨੇ ਇਕ ਸੰਬੋਧਨ-ਮੁਕਤ ਅਤੇ ਪ੍ਰੇਰਣਾ ਰਹਿਤ ਸ਼ੈਲੀ ਤੇ ਨਿਰਾਥਕ ਵਿਸ਼ਿਆਂ ਦੁਆਰਾ ਪੰਜਾਬੀ ਸਾਹਿਤਕਾਰ ਦੀ ਨਿਪੁੰਸਕਤਾ ਨੂੰ ਜਿੰਨੀ ਨਿਰਲੇਪਤਾ ਨਾਲ ਪ੍ਰਗਟਾਇਆ, ਉਨੀ ਹੀ ਸ਼ਿੱਦਤ ਨਾਲ ਚੰਗੇਰੇ ਭਵਿੱਖ ਦੀ ਉਸਾਰੀ ਲਈ ਪ੍ਰੇਰਣਾ ਭਰਪੂਰ ਰਚਨਾਵਾਂ ਰਾਹੀਂ ਇਕ ਬਲਵਾਨ ਨਾਇਕ ਦਾ ਬਿੰਬ

ਪੇਸ਼ ਕਰਦਿਆਂ ਜੁਝਾਰਵਾਦੀਆਂ ਨੇ ਪ੍ਰਯੋਗਵਾਦੀਆਂ ਦੇ ਪੈਦਾ ਕੀਤੇ ਠਹਿਰਾਉ ਨੂੰ ਤੋੜਨ ਦਾ ਯਤਨ ਕੀਤਾ ਅਤੇ ਲੇਖਕ ਤੇ ਪਾਠਕ ਵਿਚਕਾਰ ਪੈਦਾ ਹੋ ਰਹੇ ਓਪਰੇਪਣ ਨੂੰ ਖ਼ਤਮ ਕਰਕੇ ਸਾਹਿਤ ਨੂੰ ਮੁੜ ਕੇ ਸਾਹਿਤਕਾਰ ਦੇ ਭਾਵਾਂ, ਵਿਚਾਰਾਂ ਦਾ ਸੰਚਾਰ-ਸਾਧਨ ਬਣਾਇਆ।

1962 ਈ. ਦੀ ਹਿੰਦ-ਚੀਨ ਲੜਾਈ ਅਤੇ 1965 ਈ. ਦੇ ਹਿੰਦ-ਪਾਕਿ ਯੁੱਧ ਤੋਂ ਪ੍ਰਭਾਵਿਤ ਹੋ ਕੇ ਕੁਝ ਰਾਸ਼ਟਰਵਾਦੀ ਸਾਹਿਤ ਕਿਰਤਾਂ ਵੀ ਲਿਖੀਆਂ ਗਈਆਂ।

ਪ੍ਰਯੋਗਵਾਦੀਆਂ ਦੀ ਪੈਦਾ ਕੀਤੀ ਅਸਪਸ਼ਟਤਾ ਅਤੇ ਰਾਸ਼ਟਰਵਾਦੀ ਵਾਤਾਵਰਣ ਵਿਚ ਸ੍ਰੀ ਸੁਖਪਾਲਵੀਰ ਸਿੰਘ ਹਸਰਤ ਨੇ ਸ਼ਕਤੀਵਾਦ ਦਾ ਨਾਅਰਾ ਲਾਇਆ। ਅਸਲ ਵਿਚ ਸ਼ਕਤੀਵਾਦ ਵੀ ਇਕ ਤਰ੍ਹਾਂ ਦਾ ਰਾਸ਼ਟਰਵਾਦ ਹੀ ਸੀ, ਪਰ ਇਸ ਤੋਂ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਜਿਹੜੇ ਲੇਖਕ ਆਪਣੇ ਪਾਠਕ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਸੁਚੇਤ ਸਨ ਉਹ ਸ਼ੁਰੂ ਸ਼ੁਰੂ ਵਿਚ ਪ੍ਰਯੋਗਵਾਦੀਆਂ ਨਾਲ ਹੁੰਦੇ ਹੋਏ ਵੀ ਪਿੱਛੋਂ ਜਾ ਕੇ ਇਨ੍ਹਾਂ ਨਾਲੋਂ ਨਿਖੜ ਗਏ।

ਅਜਿਹੇ ਵਾਤਾਵਰਣ ਵਿਚ ਸ਼ਿਵ ਕੁਮਾਰ ਵਰਗੇ ਰੁਮਾਂਟਿਕ ਕਵੀ ਦਾ ਹੋਣਾ ਤੇ ਫਿਰ ਪ੍ਰਸਿੱਧੀ ਦੀ ਸਿਖਰ ਉਤੇ ਪਹੁੰਚ ਜਾਣਾ ਪ੍ਰਯੋਗਵਾਦ ਦੀ ਅਪ੍ਰਵਾਨਗੀ ਦਾ ਹੀ ਸੂਚਕ ਹੈ, ਪਰ ਸ਼ਿਵ ਕੁਮਾਰ ਦੀ ਕਵਿਤਾ ਦਾ ਰੁਮਾਂਟਿਕ ਬਿੰਬ ਆਪਣੇ ਮਾਹੌਲ ਨਾਲ ਜੂਝ ਰਹੇ ਬਲਵਾਨ ਵਿਅਕਤਿੱਤਵ ਦਾ ਚਿਤਰ ਪ੍ਰਸਤੁਤ ਨਹੀਂ ਕਰਦਾ। ਇਸ ਦਾ ਇਕ ਕਾਰਨ ਸ਼ਿਵ ਕੁਮਾਰ ਦਾ ਮੱਧ ਸ਼੍ਰੇਣਿਕ ਸਮਾਜਕ-ਆਰਥਿਕ ਪਿਛੋਕੜ ਵਿਚੋਂ ਲੱਭਿਆ ਜਾ ਸਕਦਾ ਹੈ ਤੇ ਦੂਜਾ ਉਸ ਦੀ ਦਾਰਸ਼ਨਿਕ ਪਹੁੰਚ ਵਿਚ। ਅਜਿਹੇ ਸਮੇਂ ਜੁਝਾਰਵਾਦੀ ਜਾਂ ਦੂਜੇ ਸ਼ਬਦਾਂ ਵਿਚ ਨਵ-ਪ੍ਰਗਤੀਵਾਦੀ ਕਵੀ ਤੇ ਲੇਖਕ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਮਜ਼ਦੂਰ ਵਰਗ ਨਾਲ ਸਿੱਧੇ ਸੰਬੰਧਿਤ ਜਾਂ ਮੱਧ ਵਰਗ ਵਿਚੋਂ ਨਿਰਲੇਪ ਹੋ ਚੁੱਕੇ ਅਜਿਹੇ ਕਵੀ ਸਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਮਾਰਕਸਵਾਦੀ ਜੀਵਨ ਦਰਸ਼ਨ ਨਾਲ ਚੰਗੀ ਤਰ੍ਹਾਂ ਜੂਝਣ ਦਾ ਅਵਸਰ ਪ੍ਰਾਪਤ ਹੋਇਆ ਸੀ। ਖ਼ਾਸ ਤੌਰ 'ਤੇ ਉਸ ਸਮੇਂ ਬਾਰੇ ਭਾਰਤ ਵਿਚ ਖੱਬੇ-ਪੱਖੀ ਇਨਕਲਾਬ ਲਿਆਉਣਾ ਸੀ। ਸਾਡੇ ਇਹ ਲੇਖਕ ਅਜਿਹੀਆਂ ਲਹਿਰਾਂ ਨਾਲ ਅਮਲੀ ਰੂਪ ਵਿਚ ਜੁੜੇ ਅਤੇ ਸਮੁੱਚੀ ਲਹਿਰ ਦੀਆਂ ਕਚਿਆਈਆਂ ਕਾਰਣ, ਉਨ੍ਹਾਂ ਨੇ ਬਹੁਤ ਸਾਰੀਆਂ ਕਠਿਨਾਈਆਂ ਦਾ ਵੀ ਸਾਹਮਣਾ ਕੀਤਾ ਤੇ ਜਿਸ ਸਮੇਂ ਉਨ੍ਹਾਂ ਨੇ ਆਪਣੇ ਇਸ ਅਨੁਭਵ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ ਤਾਂ ਉਹ ਇਕ ਜੁਝਾਰੂ ਸਾਹਿਤ ਦੇ ਰੂਪ ਵਿਚ ਸਾਡੇ ਸਾਹਮਣੇ ਆਇਆ।

ਉਪਰੋਕਤ ਸਾਰੇ ਝੁਕਾਅ ਪੰਜਾਬੀ ਕਵਿਤਾ, ਪੰਜਾਬੀ ਨਾਟਕ, ਨਾਵਲ, ਕਹਾਣੀ ਅਤੇ ਵਾਰਤਕ ਵਿਚ ਗਿਣਨਯੋਗ ਮਾਤਰਾ ਵਿਚ ਮਿਲ ਜਾਂਦੇ ਹਨ। ਅਗਲੇ ਸਫ਼ਿਆਂ ਵਿਚ ਅਸੀਂ ਵੇਖਣ ਦਾ ਯਤਨ ਕਰਾਂਗੇ ਕਿ ਇਨ੍ਹਾਂ ਕੁਝ ਕੁ ਸਾਲਾਂ ਵਿਚ ਇਨ੍ਹਾਂ ਪ੍ਰਮੁੱਖ ਝੁਕਾਵਾਂ ਅਧੀਨ ਪੰਜਾਬੀ ਸਾਹਿਤ ਦੀਆਂ ਕੀ ਵਿਸ਼ੇਸ਼ ਪ੍ਰਾਪਤੀਆਂ ਹਨ।

**ਸੰਨ 1960 ਤੋਂ ਬਾਅਦ ਦੀ ਪੰਜਾਬੀ ਕਵਿਤਾ ਵਿਚਲੇ ਝੁਕਾਅ**

1960 ਈ. ਤੋਂ ਬਾਅਦ ਦੀ ਪੰਜਾਬੀ ਕਵਿਤਾ ਵਿਚ ਭਾਵੇਂ ਕੁਝ ਪਰੰਪਰਕ ਝੁਕਾਅ ਵੀ ਪ੍ਰਚੱਲਿਤ ਰਹੇ ਹਨ ਤੇ ਸਾਡੇ ਪਰੰਪਰਕ ਕਵੀਆਂ ਦੀਆਂ ਰਚਨਾਵਾਂ ਸਾਡੇ ਸਾਹਮਣੇ ਆਈਆਂ ਹਨ ਜਿਵੇਂ ਮੋਹਨ ਸਿੰਘ ਰਚਿਤ 'ਜੰਦਰੇ', 'ਜੈ ਮੀਰ' ਤੇ 'ਨਾਨਕਾਇਣ', ਅੰਮ੍ਰਿਤਾ ਪ੍ਰੀਤਮ ਰਚਿਤ 'ਨਾਗਮਣੀ' ਤੇ ਪ੍ਰੀਤਮ ਸਿੰਘ ਸਫੀਰ ਦੀ 'ਸਰਬ ਕਲਾ' ਪਰ ਪ੍ਰਮੁੱਖ ਤੌਰ 'ਤੇ ਉਪਰ ਲਿਖੇ ਝੁਕਾਅ ਹੀ ਇਸ ਕਾਲ ਦੀ ਵਿਸ਼ੇਸ਼ ਪ੍ਰਾਪਤੀ ਹਨ।

**1. ਪ੍ਰਯੋਗਵਾਦ**

ਪ੍ਰਯੋਗਵਾਦ ਪੰਜਾਬੀ ਕਵਿਤਾ ਦਾ ਇਕ ਅਜਿਹਾ ਝੁਕਾਅ ਹੈ, ਜਿਸ ਵਿਚ ਕਵੀਆਂ ਨੇ ਆਰੰਭ ਵਿਚ ਪਰੰਪਰਾ ਦੀ ਵਿਰੋਧਤਾ ਨੂੰ ਆਪਣਾ ਉਦੇਸ਼ ਬਣਾਇਆ ਸੀ। ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ ਇਹ 'ਅੰਮ੍ਰਿਤਾ-ਮੋਹਨ ਸਿੰਘ ਪਰੰਪਰਾ' ਦੀ ਵਿਰੋਧਤਾ ਸੀ। ਇਸ ਦਾ ਭਾਵ ਹੈ ਕਿ ਇਹ ਕਿਸੇ ਖ਼ਾਸ ਕਿਸਮ ਦੀ ਰਵਾਇਤ (Tradition) ਦੀ ਵਿਰੋਧਤਾ ਸੀ ਜਿਹੜੀ ਕਿ ਪੰਜਾਬੀ ਕਵਿਤਾ ਦੇ ਵਿਸ਼ੇ ਤੇ ਰੂਪ ਦੋਹਾਂ ਨੂੰ ਆਪਣੀ ਜਕੜ ਵਿਚ ਲੈ ਬੈਠੀ ਸੀ। ਰਵਿੰਦਰ ਰਵੀ ਦੇ ਸ਼ਬਦਾਂ ਵਿਚ ਪ੍ਰਯੋਗਸ਼ੀਲ ਪੰਜਾਬੀ ਕਵਿਤਾ ਅੰਮ੍ਰਿਤਾ-ਮੋਹਨ ਸਿੰਘ ਧਾਰਾ ਦੀਆਂ ਘਸ ਚੁੱਕੀਆਂ ਤੇ ਜ਼ਰਜ਼ਰਾ ਹੋ ਚੁੱਕੀਆਂ ਅਨੁਭਵ ਪ੍ਰਣਾਲੀਆਂ ਦਾ ਤਿਆਗ ਕਰਕੇ ਨਵੀਨ

ਸੰਭਾਵਨਾਵਾਂ ਦੀ ਢੂੰਡ ਭਾਲ ਕਰਦੀ ਹੈ ਤੇ ਬਿੰਬ ਖੇਤਰ ਨੂੰ ਆਧੁਨਿਕ ਜੀਵਨ ਤੇ ਇਸ ਦੀਆਂ ਸਮੱਸਿਆਵਾਂ ਜਿੰਨਾ ਵਿਸ਼ਾਲ ਕਰਕੇ ਨਵੀਨ ਮਾਹੌਲ ਨਾਲ ਭਾਵ ਚੇਤਨਾ ਦੀ ਸਾਂਝ ਪਾਉਂਦੀ ਹੈ।

ਪੰਜਾਬੀ ਦੇ ਪ੍ਰਯੋਗਵਾਦੀ ਕਵੀ ਰਵੀ ਦਾ ਉਪਰੋਕਤ ਕਥਨ ਵਿਚਾਰ ਦੀ ਮੰਗ ਕਰਦਾ ਹੈ। ਇਹ ਤਾਂ ਠੀਕ ਹੈ ਕਿ ਪ੍ਰਯੋਗਵਾਦੀ ਲਹਿਰ ਨੇ ਅੰਮ੍ਰਿਤਾ-ਮੋਹਨ ਸਿੰਘ ਦੀ ਪਰੰਪਰਾ ਤੋਂ ਬਗਾਵਤ ਕੀਤੀ ਤੇ ਇਹ ਬਗਾਵਤ ਪੰਜਾਬੀ ਕਾਵਿ-ਜਗਤ ਵਿਚ ਪੈਦਾ ਹੋ ਰਹੀ ਖੜੋਤ ਨੂੰ ਮੁੱਖ ਰੱਖਦਿਆਂ ਲਾਜ਼ਮੀ ਵੀ ਸੀ, ਪਰ ਕੀ ਇਹ ਕਵਿਤਾ ਨਵੀਨ ਮਾਹੌਲ ਨਾਲ ਸਾਂਝ ਪਾ ਕੇ ਪੰਜਾਬੀ ਸਾਹਿਤ ਨੂੰ ਕੁਝ ਵੀ ਪ੍ਰਦਾਨ ਕਰਦੀ ਹੈ ? ਇਸ ਪ੍ਰਸ਼ਨ ਦੇ ਉੱਤਰ ਲਈ ਸਾਨੂੰ ਪ੍ਰਯੋਗਵਾਦੀ ਕਵਿਤਾ ਨੂੰ ਘੋਖਣਾ ਪਵੇਗਾ।

ਪ੍ਰਯੋਗਵਾਦੀ ਕਵੀਆਂ ਵਿਚ ਮੁੱਖ ਤੌਰ 'ਤੇ ਅਸੀਂ ਜਸਬੀਰ ਸਿੰਘ ਆਲੂਵਾਲੀਆ, ਅਜਾਇਬ, ਕਮਲ, ਰਵਿੰਦਰ ਰਵੀ, ਸੁਖਪਾਲਵੀਰ ਹਸਰਤ, ਜਗਤਾਰ ਆਦਿ ਕਵੀਆਂ ਨੂੰ ਰੱਖ ਸਕਦੇ ਹਾਂ। ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਨੇ ਵੀ ਪ੍ਰਯੋਗਵਾਦੀ ਕਵਿਤਾ ਦੇ ਵਿਕਾਸ ਵਿਚ ਹਿੱਸਾ ਪਾਇਆ ਹੈ ਜਿਵੇਂ 'ਨ ਧੁੱਪੇ ਨ ਛਾਵੇਂ' (ਡਾ. ਹਰਿਭਜਨ) ਮੈਂ ਤੇ ਮੈਂ (ਸ਼ਿਵ ਬਟਾਲਵੀ) ਆਦਿ ਵਿਚ। ਇਸ ਦੌਰ ਵਿਚ ਮਨੁੱਖ ਇਕ ਵਿਸ਼ੇਸ਼ ਪ੍ਰਕਾਰ ਦੇ ਸੰਕਰਾਤੀ ਕਾਲ (Transitional period) ਵਿਚੋਂ ਲੰਘ ਰਿਹਾ ਸੀ। ਪੱਛਮੀ ਸੰਸਾਰ ਤੇ ਭਾਰਤ ਦੇ ਹੋਰ ਗਵਾਂਢੀ ਦੇਸ਼ਾਂ ਦੀ ਆਰਥਿਕਤਾ ਪੂੰਜੀਵਾਦ ਦੇ ਸਿਖਰ 'ਤੇ ਪਹੁੰਚ ਕੇ ਅਤੇ ਇਸ ਤੋਂ ਵੀ ਅੱਗੇ ਲੰਘ ਕੇ ਸਮਾਜਵਾਦੀ ਸਮਾਜਕ ਪ੍ਰਬੰਧ ਵਿਚ ਤਬਦੀਲ ਹੋ ਰਹੀ ਸੀ ਜਾਂ ਹੋ ਚੁੱਕੀ ਸੀ, ਪਰ ਭਾਰਤ ਦਾ ਅੰਦਰੂਨੀ ਸਮਾਜਕ ਜੀਵਨ ਜਗੀਰਦਾਰੀ ਤੇ ਪੂੰਜੀਦਾਰੀ ਕੀਮਤਾਂ ਦੇ ਮਿਲਗੋਭੇ ਵਿਚ ਸੰਘਰਸ਼ ਕਰ ਰਿਹਾ ਸੀ। ਇਸ ਦੌਰ ਵਿਚ ਸਾਡੇ ਲੋਕ/ਲੇਖਕ ਜਿੱਥੇ ਆਪਣੇ ਸਮਾਜ ਵਿਚ ਨਵੀਆਂ ਤੇ ਪੁਰਾਣੀਆਂ ਕੀਮਤਾਂ ਤੇ ਟਕਰਾਉ ਦਾ ਸ਼ਿਕਾਰ ਹੋ ਰਹੇ ਸਨ, ਉਥੇ ਬਾਹਰਲੇ ਸਮਾਜ ਦੀਆਂ ਨਵੀਨਤਮ ਜਾਂ ਆਧੁਨਿਕ ਕੀਮਤਾਂ ਵੀ ਉਨ੍ਹਾਂ ਦੇ ਅਧਿਐਨ ਤੇ ਵਿਚਾਰ ਦਾ ਵਿਸ਼ਾ ਬਣੀਆਂ ਹੋਈਆਂ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦਾ ਵਿਸ਼ਵਾਸ ਥਿੜਕਿਆ ਹੋਇਆ ਸੀ। ਉਨ੍ਹਾਂ ਨੂੰ ਆਪਣੇ ਪੈਰਾਂ ਹੇਠਲੀ ਧਰਤੀ (ਅਰਥਾਤ ਆਪਣੇ ਆਧਾਰ ਤੇ ਵਿਸ਼ਵਾਸ) ਕੰਬਦੀ ਨਜ਼ਰ ਆਉਂਦੀ ਸੀ। ਇਸ ਤਰ੍ਹਾਂ ਦਾ ਅਨੁਭਵ ਸਾਡੇ ਪ੍ਰਯੋਗਵਾਦੀ ਕਵੀ ਹੰਢਾ ਰਹੇ ਸਨ। ਇਹ ਉਹ ਅਨੁਭਵ ਹੈ ਜਿਸ ਬਾਰੇ ਕਵੀ ਹਰਿਭਜਨ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਅਧਰੈਣੀ' ਵਿਚ ਇਸ਼ਾਰਾ ਕੀਤਾ ਸੀ :

''ਮਿਲੀਏ ਤਾਂ ਮਿਲੀਏ ਕਿਸ ਥਾਵੇਂ,
ਨਾ ਅਸੀਂ ਧੁੱਪੇ ਨਾ ਅਸੀਂ ਛਾਵੇਂ,
ਨਾ ਮਨ ਵਿਚ ਵਿਸ਼ਵਾਸ ਪੁਰਾਣਾ,
ਨਵਾਂ ਕੋਈ ਧਰਵਾਸ ਨਾ ਜਾਣਾ।''

(ਡਾ. ਹਰਿਭਜਨ ਸਿੰਘ)

ਇਹ ਅਨੁਭਵ ਇਨ੍ਹਾਂ ਪ੍ਰਯੋਗਵਾਦੀਆਂ ਦੇ ਕਾਵਿ ਪ੍ਰਗਟਾਵੇ ਵਿਚੋਂ ਝਲਕਦਾ ਹੈ :

1. ਇਕ ਪੈਰ ਦਹਲੀਜ਼ਾਂ ਅੰਦਰ
ਇਕ ਪੈਰ ਦਹਲੀਜ਼ੋਂ ਬਾਹਰ
ਨਾ ਮੈਂ ਏਧਰ ਨਾ ਮੈਂ ਓਧਰ
ਕਿਤ ਵਲ ਜਾਵਾਂ ਠਉਰ ਨਹੀਂ ਸੀ

(ਜਸਬੀਰ ਸਿੰਘ ਆਹਲੂਵਾਲੀਆ)

2. ਸੂਝਾਂ ਦੀ ਔਰਤ ਦੀ ਕੁਖੋਂ
ਜਿਹੜਾ ਵੀ ਆਦਰਸ਼ ਜਨਮਦਾ
ਇਕ ਸਤਮਾਹੋਂ ਬੱਚੇ ਵਾਂਗੂੰ
ਛਿਣਾਂ ਪਲਾਂ ਵਿਚ
ਮਰ ਮੁਕ ਜਾਂਦਾ
ਬਚਦਾ ਜੇ

ਪਰਛਾਵਾਂ ਪੈ ਕੇ
ਸੜ ਮੁਕ ਜਾਂਦਾ।

(ਅਜਾਇਬ ਕਮਲ)

ਸ਼ਹਿਰੀ ਜੀਵਨ ਦੇ ਮੱਧ-ਸ੍ਰੇਣਿਕ ਮਨੁੱਖ ਦੀ ਇਹ ਡਾਵਾਂਡੋਲ ਅਵਸਥਾ ਇਨ੍ਹਾਂ ਪ੍ਰਯੋਗਵਾਦੀਆਂ ਦੇ ਕਾਵਿ-ਪ੍ਰਗਟਾਵੇ ਦਾ ਸਾਧਨ ਹੈ। ਇਹ ਮਨੁੱਖ ਪੁਰਾਣੇ ਵਿਸ਼ਵਾਸ ਗੁਆ ਬੈਠਾ ਹੈ, ਨਵੇਂ ਧਰਵਾਸ ਉਸ ਨੂੰ ਮਿਲੇ ਨਹੀਂ, ਪਰ ਪ੍ਰਯੋਗਵਾਦੀਆਂ ਨੇ ਅਜਿਹੇ ਮਨੁੱਖ ਦਾ ਇਕ ਚਿਤਰ ਜਾਂ ਤਸਵੀਰ ਪ੍ਰਸਤੁਤ ਕੀਤੀ ਹੈ। ਇਹ ਠੀਕ ਹੈ ਕਿ ਅੰਮ੍ਰਿਤਾ-ਮੋਹਨ ਸਿੰਘ ਵਾਂਗ ਅਜੋਕੇ ਮਨੁੱਖ ਨੂੰ ਆਪਣੇ ਇਸ਼ਟ 'ਤੇ ਭਰੋਸਾ ਨਹੀਂ, ਉਸ ਨਾਲ ਗਿਲਾ ਸ਼ਿਕਵਾ ਨਹੀਂ, ਪਰ ਕੇਵਲ ਫੋਟੋਗ੍ਰਾਫੀ ਵੀ ਕਵਿਤਾ ਨਹੀਂ ਹੁੰਦੀ ਤੇ ਨਾ ਹੀ ਅਜਿਹੀ ਕਵਿਤਾ ਆਪਣੀ ਨਵੀਨਤਾ ਜਾਂ ਆਧੁਨਿਕਤਾ ਦਾ ਦਾਅਵਾ ਕਰ ਸਕਦੀ ਹੈ। ਇਸ ਕਵਿਤਾ ਵਿਚਲੀ ਤਸਵੀਰ ਬੀਮਾਰ ਵਿਅਕਤੀ ਦੀ ਹੈ, ਪ੍ਰੇਸ਼ਾਨ ਵਿਅਕਤੀ ਦੀ ਹੈ ਤੇ ਕੇਵਲ ਬੀਮਾਰ ਨਾਇਕ ਪੇਸ਼ ਕਰਨ ਨਾਲ ਕੋਈ ਵੀ ਸਾਹਿਤ ਉਸਾਰੂ ਤੇ ਆਧੁਨਿਕ ਨਹੀਂ ਹੋ ਸਕਦਾ।

ਆਪਣੇ ਆਪ ਵਿਚ ਹਰ ਨਵੀਂ ਕਵਿਤਾ ਇਕ ਪ੍ਰਯੋਗ ਹੁੰਦੀ ਹੈ। ਇਸੇ ਲਈ ਕਿਸੇ ਇਕ ਲਹਿਰ ਨੂੰ ਪ੍ਰਯੋਗਵਾਦ ਦਾ ਨਾਉਂ ਦੇਣਾ ਸਾਰਥਕਤਾ ਤੋਂ ਸੱਖਣੀ ਗੱਲ ਹੈ। ਇਸ ਕਰਕੇ ਹੀ ਸ਼ਾਇਦ ਇਸ ਲਹਿਰ ਦੇ ਸਮਰਥਕਾਂ ਨੇ 1961 ਈ. ਵਿਚ ਹੀ ਇਸ ਲਹਿਰ ਦਾ ਨਾਉਂ 'ਪ੍ਰਯੋਗਸ਼ੀਲ ਲਹਿਰ' ਰੱਖ ਲਿਆ ਸੀ, ਪਰ ਬਾਕੀ ਕਵਿਤਾ ਨਾਲੋਂ ਆਪਦੇ ਜਿਸ ਬੁਨਿਆਦੀ ਵਖਰੇਵੇਂ ਦੀ ਗੱਲ ਇਹ ਕਵੀ ਕਰਦੇ ਹਨ, ਆਪ ਉਸ ਦੇ ਸ਼ਿਕਾਰ ਹੋ ਕੇ ਰਹਿ ਗਏ। ਅਰਥਾਤ ਪਰੰਪਰਾ ਤੋਂ ਬਗਾਵਤ ਕਰਨ ਦਾ ਸਨਕੀਪੁਣਾ ਇਨ੍ਹਾਂ ਦੀ ਕਵਿਤਾ ਨੂੰ ਇਕ ਪਰੰਪਰਾ ਦੀ ਸ਼ਕਲ ਦੇ ਗਿਆ। ਉਹ ਪਰੰਪਰਾ ਹੈ : ਨਿੱਜੀ ਭਾਸ਼ਾ, ਨਿੱਜੀ ਵਿਚਾਰ, ਨਿੱਜੀ ਬਿੰਬ ਚਿੱਤਰ ਦੀ ਵਰਤੋਂ। ਸੋ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਹੀ ਇਹ ਕਵਿਤਾ ਕੋਈ ਬਹੁਤੀ ਮਹਾਨਤਾ ਨਹੀਂ ਰੱਖਦੀ। ਇਸ ਲਈ ਸੰਤ ਸਿੰਘ ਸੇਖੋਂ ਦਾ ਇਹ ਕਥਨ, ''ਜਸਬੀਰ ਸਿੰਘ ਆਹਲੂਵਾਲੀਆ ਇਸ ਦਹਾਕੇ ਦੀ ਨਵੀਂ ਕਵਿਤਾ ਹੀ ਨਹੀਂ, ਸਾਡੇ ਸਮੁੱਚੇ ਸਾਹਿਤ ਨੂੰ ਨਵੀਂ ਨੁਹਾਰ ਦੇਣ ਦਾ ਯਤਨ ਕਰਨ ਵਾਲਾ ਉਲਾਰ ਪੱਖੀ ਬੁੱਧੀਮਾਨ ਪ੍ਰਤੀਤ ਹੁੰਦਾ ਹੈ।'' ਇਕੱਲਾ ਜਸਬੀਰ ਸਿੰਘ ਤਾਂ ਕੀ ਇਸ ਲਹਿਰ ਦੇ ਸਾਰੇ ਕਵੀ ਵੀ ਪੰਜਾਬੀ ਕਵਿਤਾ ਨੂੰ ਕੋਈ ਨਵੀਂ ਨੁਹਾਰ ਦੇਣੋਂ ਅਸਮਰੱਥ ਰਹੇ ਹਨ। ਇਸ ਕਾਲ ਵਿਚ ਸਾਡੇ ਵਿਚਾਰ ਅਨੁਸਾਰ ਪਹਿਲੀ ਵਾਰ ਪੰਜਾਬੀ ਕਵਿਤਾ ਤੇ ਪੰਜਾਬੀ ਪਾਠਕਾਂ ਵਿਚਾਲੇ ਪਾੜ ਪਿਆ ਹੈ ਤੇ ਉਹ ਇਸ ਕਵਿਤਾ ਨੂੰ ਸਮਝਣ ਤੋਂ ਅਸਮਰੱਥ ਰਹੇ ਹਨ।

**2. ਜੁਝਾਰਵਾਦੀ ਝੁਕਾਅ**

1967 ਈ. ਤੋਂ ਪੰਜਾਬੀ ਕਵਿਤਾ ਵਿਚ ਕੁਝ ਨੌਜਵਾਨ ਕਵੀਆਂ ਨੇ ਅਜਿਹੀ ਕਵਿਤਾ ਲਿਖੀ ਹੈ ਜਿਸ ਦੀ ਵਿਲੱਖਣਤਾ ਨੂੰ ਸਥਾਪਤ ਕਰਨ ਲਈ ਜੁਝਾਰਵਾਦੀ ਕਵਿਤਾ ਦਾ ਨਾ ਦਿੱਤਾ ਗਿਆ ਹੈ। ਸ਼ਾਇਦ ਇਹ ਨਾਂ ਇਸ ਲਈ ਢੁੱਕਵਾਂ ਹੈ ਕਿਉਂਕਿ ਇਸ ਕਵਿਤਾ ਦਾ ਨਾਇਕ ਮਜ਼ਦੂਰ ਕਿਸਾਨ ਵਰਗ ਦਾ ਅਜਿਹਾ ਮਨੁੱਖ ਹੈ ਜਿਹੜਾ ਆਪਣੀ ਜ਼ਿੰਦਗੀ ਦੀਆਂ ਔਕੜਾਂ ਤੋਂ ਘਬਰਾ ਕੇ ਡੂੰਘੀ ਨਿਰਾਸ਼ਾ ਅਤੇ ਆਪਣੀ ਟੁੱਟੀ ਸ਼ਖ਼ਸੀਅਤ ਦੇ ਰੋਣੇ ਨਹੀਂ ਰੋਂਦਾ ਤੇ ਨਾ ਹੀ ਇਕ ਵਿਸ਼ਾਦਗ੍ਰਸਤ ਵਿਅਕਤੀ ਵਾਂਗ ਪਾਗਲਪਨ ਦੇ ਦੌਰੇ ਅਧੀਨ ਊਲ-ਜਲੂਲ ਬਕਦਾ ਹੈ, ਸਗੋਂ ਉਹ ਆਪਣੀਆਂ ਔਕੜਾਂ ਨਾਲ ਜੂਝਦਾ ਨਜ਼ਰ ਆਉਂਦਾ ਹੈ। ਅਜਿਹੀ ਕਵਿਤਾ ਦੇ ਰਚਣ ਵਾਲੇ ਉਘੇ ਕਵੀ ਹਨ : ਪਾਸ਼, ਦਰਸ਼ਨ ਖਟਕੜ, ਸੰਤ ਸੰਧੂ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਗੁਰਦੀਪ ਸਿੰਘ ਗਰੇਵਾਲ ਅਤੇ ਅਮਰਜੀਤ ਚੰਦਨ। ਇਨ੍ਹਾਂ ਕਵੀਆਂ ਦੇ ਵੱਖਰੇਪਣ ਦਾ ਵੱਡਾ ਕਾਰਣ ਇਨ੍ਹਾਂ ਦੀ ਹੱਡ-ਬੀਤੀ ਦੀ ਵਿਲੱਖਣਤਾ ਹੈ। ਲਗਭਗ ਇਹ ਸਾਰੇ ਕਵੀ ਇਕ ਵਿਸ਼ੇਸ਼ ਰਾਜਨੀਤਿਕ ਲਹਿਰ ਨਾਲ ਜੁੜ ਕੇ ਕੁਝ ਸਮੇਂ ਲਈ ਜੇਲ੍ਹ ਜਾਂ ਨਜ਼ਰਬੰਦੀ ਭੋਗਦੇ ਰਹੇ ਹਨ। ਅਜਿਹੇ ਨਿੱਜੀ ਅਨੁਭਵ ਦਾ ਇਨ੍ਹਾਂ ਕਵਿਤਾਵਾਂ ਵਿਚ ਬੜਾ ਸਪਸ਼ਟ ਚਿਤਰਣ ਹੈ। ਇਹ ਲਹਿਰ ਭਾਵੇਂ ਪੂਰੀ ਤਰ੍ਹਾਂ ਕਿਰਤੀ ਵਰਗ ਦੀ ਜਾਗ੍ਰਿਤੀ ਦਾ ਪ੍ਰਤੀਕ ਨਹੀਂ ਬਣ ਸਕੀ, ਪਰ ਉਸ ਤੋਂ ਪ੍ਰਭਾਵਿਤ ਹੋ ਕੇ ਲਿਖੀ ਕਵਿਤਾ ਵਿਚ ਅਜਿਹੇ ਰੋਹ ਅਤੇ ਵਿਦਰੋਹ ਦੀ ਭਾਵਨਾ ਸਪਸ਼ਟ ਹੈ ਜਿਹੜੀ ਸਾਡੇ ਸਮਾਜ ਦੇ ਹੇਠਲੇ ਵਰਗ ਵਿਚ ਕਦੇ ਵੀ ਉਤਪੰਨ ਹੋ ਸਕਦੀ ਹੈ। ਇਸ ਕਵਿਤਾ ਦੀ ਸੰਬੋਧਨੀ ਸ਼ੈਲੀ ਇਸੇ ਵਿਦਰੋਹ ਭਾਵਨਾ ਦੀ ਸੂਚਕ ਹੈ। ਇਹ ਸੰਬੋਧਨ ਹੈ ਤੇ ਦੂਜੇ ਪਾਸੇ ਅਜਿਹੇ ਮੱਧ

ਵਰਗ ਦੇ ਬੁੱਧੀਜੀਵੀਆਂ ਨੂੰ ਸੰਬੋਧਿਤ ਕੀਤਾ ਗਿਆ ਹੈ ਜਿਹੜੇ ਪ੍ਰਯੋਗਵਾਦ ਜਾਂ ਹੋਰ ਵਾਦਾਂ ਦੇ ਨਵੇਂ ਨਵੇਂ ਤਜ਼ਰਬਿਆਂ ਨੂੰ ਹੀ ਵਿਦਰੋਹ ਸਮਝ ਕੇ ਸਾਹਿਤ ਵਿਚ ਇਕ ਅਖੌਤੀ ਕ੍ਰਾਂਤੀ ਦੇ ਝੰਡਾ-ਬਰਦਾਰ ਬਣਨ ਦਾ ਯਤਨ ਕਰਦੇ ਰਹੇ ਹਨ। ਪਾਸ਼ ਲਿਖਦਾ ਹੈ :

ਮੈਂ ਲੋਹਾ ਖਾਧਾ ਹੈ
ਤੁਸੀਂ ਲੋਹੇ ਦੀ ਗੱਲ ਕਰਦੇ ਹੋ।

ਸਥਾਪਤੀ ਦਾ ਵਿਰੋਧ ਇਨ੍ਹਾਂ ਕਵੀਆਂ ਦੀ ਵਿਸ਼ੇਸ਼ਤਾ ਹੈ, ਪਰ ਇਹ ਵਿਰੋਧ ਪ੍ਰਯੋਗਵਾਦੀਆਂ ਵਾਂਗ ਨਿਰਾਰਥਕ (Negative) ਨਹੀਂ, ਸਗੋਂ ਇਸ ਵਿਚ ਇਕ ਉਸਾਰੂ ਪ੍ਰੇਰਣਾ ਹੈ ਤੇ ਉਹ ਪ੍ਰੇਰਣਾ ਬੜੀ ਸਰਲ ਸ਼ੈਲੀ ਰਾਹੀਂ ਰੂਪਮਾਨ ਹੋਈ ਹੈ :

ਧਰਤੀ ਮਾਂ ਦੀ ਕਿਰਤੀ ਜਾਇਆ
ਕਿਰਤ ਨਾਲ ਹੈ ਜੋ ਪਰਨਾਇਆ
ਲੁੱਟ ਹੁੰਦਾ ਸਦੀਆਂ ਤੋਂ ਆਇਆ
ਪੁਛੀਏ ਉਸ ਦੀ ਸਾਰ
ਸਾਥਣ ਜਨਤਾ ਹੈ, ਉਠ ਕੇ ਹੱਲ ਮਾਰ।

ਪੇਂਡੂ ਜੀਵਨ ਦਾ ਅਨੁਭਵ ਹੈ, ਉਸ ਜੀਵਨ ਵਿਚੋਂ ਪ੍ਰਾਪਤ ਕੀਤੀ ਬਿੰਬਾਵਲੀ ਅਤੇ ਆਪਣੇ ਅਨੁਭਵ ਨੂੰ ਜਨ ਸਾਧਾਰਨ ਨਾਲ ਸਾਂਝਾ ਕਰਨ ਦੀ ਇੱਛਾ ਇਸ ਕਵਿਤਾ ਦੀ ਸਾਦਗੀ ਦਾ ਕਾਰਣ ਹੈ ਅਤੇ ਇਹ ਸਾਦਗੀ ਪ੍ਰਯੋਗਵਾਦੀ ਕਵਿਤਾ ਦੇ ਜਟਿਲ ਬਿੰਬ ਵਿਧਾਨ ਅਤੇ ਧੁੰਦਲੇਪਨ ਨਾਲੋਂ ਵਧੇਰੇ ਮਕਬੂਲ ਹੋਈ ਹੈ। ਪੰਜਾਬ ਦੇ ਇਤਿਹਾਸ ਅਤੇ ਭਾਰਤੀ ਇਤਿਹਾਸ ਵਿਚੋਂ ਹਵਾਲੇ ਦੇ ਕੇ ਇਨ੍ਹਾਂ ਕਵੀਆਂ ਨੇ ਆਪਣੀ ਕਵਿਤਾ ਦੇ ਨਾਇਕ ਨੂੰ ਸਰਬ ਸਮਿਆਂ ਦੇ ਜੁਝਾਰੂ ਮਨੁੱਖ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ।

## ਅਭਿਆਸ ਵਾਸਤੇ ਪ੍ਰਸ਼ਨ

1. ਸਾਹਿਤ ਜਾਂ ਕਵਿਤਾ ਵਾਸਤੇ ਵਰਤੇ ਗਏ ਸ਼ਬਦ ਆਧੁਨਿਕ ਤੋਂ ਕੀ ਭਾਵ ਹੈ ?
2. ਭਾਈ ਵੀਰ ਸਿੰਘ ਦੁਆਰਾ ਪੰਜਾਬੀ ਕਵਿਤਾ ਵਿਚ ਕੀ ਪਰਿਵਰਤਨ ਵਾਪਰਦਾ ਹੈ ?
3. ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਕਾਵਿ ਵਿਚ ਕੀ ਵਿਸ਼ੇਸ਼ਤਾ ਹੈ ?
4. 1935 ਤੋਂ 1947 ਤਕ ਦੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਝੁਕਾਅ ਕਿਹੜੇ ਹਨ ?
5. ਦੇਸ਼ ਵੰਡ ਨਾਲ ਸੰਬੰਧਿਤ ਕਵਿਤਾ ਦਾ ਸਰੂਪ ਕਿਹੋ ਜਿਹਾ ਹੈ ?
6. ਰਾਸ਼ਟਰੀ ਭਾਵਾਂ ਵਾਲੀ ਕਵਿਤਾ ਦਾ ਕਿਹੜਾ ਦੌਰ ਹੈ ?
7. ਪੰਜਾਬੀ ਕਵਿਤਾ ਵਿਚ ਪ੍ਰਯੋਗਵਾਦ ਦਾ ਕਿੰਨਾ ਕੁ ਯੋਗਦਾਨ ਹੈ ?
8. ਜੁਝਾਰਵਾਦੀ ਕਵਿਤਾ ਬਾਰੇ ਤੁਸੀਂ ਕੀ ਜਾਣਦੇ ਹੋ ?

ਪਾਠ ਨੰਬਰ : 1.6

## ਪੰਜਾਬੀ ਨਾਵਲ ਦਾ ਇਤਿਹਾਸ ਅਤੇ ਵਿਕਾਸ

1. **ਪਾਠ ਦਾ ਮੰਤਵ** : ਇਸ ਪਾਠ ਵਿਚ ਵਿਸ਼ੇਸ਼ ਰੂਪ ਨਾਵਲ ਦੇ ਜਨਮ ਅਤੇ ਵਿਕਾਸ ਬਾਰੇ ਵਿਸਤ੍ਰਿਤ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਜਿਨ੍ਹਾਂ ਪਰਿਸਥਿਤੀਆਂ ਨੇ ਨਾਵਲ ਨੂੰ ਜਨਮ ਦਿੱਤਾ, ਉਨ੍ਹਾਂ ਦਾ ਸੰਖੇਪ ਵਰਣਨ ਕਰਕੇ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਨੂੰ ਨਾਵਲ ਹੋਂਦ ਵਿਚ ਲਿਆਉਣ ਵਾਲੀਆਂ ਸ਼ਕਤੀਆਂ ਬਾਰੇ ਜਾਣਕਾਰੀ ਕਰਾਈ ਗਈ ਹੈ।

2. **ਪਾਠ ਦੀ ਰੂਪ-ਰੇਖਾ** : ਨਾਵਲ ਕੀ ਹੈ ? ਨਾਵਲ ਦੀ ਪਰਿਭਾਸ਼ਾ, ਪੰਜਾਬੀ ਵਿਚ ਨਾਵਲ ਦਾ ਜਨਮ, ਨਾਵਲ ਦੀਆਂ ਕਿਸਮਾਂ-ਇਤਿਹਾਸਕ, ਧਾਰਮਿਕ ਅਤੇ ਸਮਾਜਕ ਨਾਵਲ ਦਾ ਵਿਕਾਸ, ਨਾਵਲੱਟ ਦਾ ਵਿਕਾਸ।

3. **ਭੂਮਿਕਾ** : ਨਾਵਲ ਆਧੁਨਿਕ ਸਾਹਿਤ ਦਾ ਇਕ ਪ੍ਰਤੀਨਿਧ ਤੇ ਮਹੱਤਵਪੂਰਣ ਅੰਗ ਹੈ। ਨਾਵਲ ਇਤਾਲਵੀ ਸ਼ਬਦ 'ਨੋਵੇਲਾ' ਤੋਂ ਬਣਿਆ ਹੈ। ਇਤਾਲਵੀ ਭਾਸ਼ਾ ਵਿਚ ਨੋਵੇਲਾ ਦਾ ਭਾਵ ਇਕ ਪ੍ਰਕਾਰ ਦੀ ਕਥਾ, ਵਾਰਤਾ, ਗੱਲਬਾਤ ਜਾਂ ਬਿਆਨ ਹੁੰਦਾ ਹੈ, ਜਿਸ ਵਿਚ ਜੀਵਨ ਵਿਚੋਂ ਪਾਤਰ ਲੈ ਕੇ ਉਨ੍ਹਾਂ ਦੇ ਕਰਮ ਬਾਰੇ ਟਿੱਪਣੀ ਕੀਤੀ ਹੁੰਦੀ ਹੈ। ਇਤਾਲਵੀ ਭਾਸ਼ਾ ਵਿਚ 'ਡੈਕਾਮੈਰਨ' ਨਾਂ ਦੀ ਰਚਨਾ ਇਸ ਵਨਗੀ ਦੀ ਪਹਿਲੀ ਪੁਸਤਕ ਮੰਨੀ ਗਈ ਹੈ।

4. **ਪਰਿਭਾਸ਼ਾਵਾਂ**

ਈ.ਐਮ. ਫਾਰਸਟਰ ਨਾਵਲ ਨੂੰ ''ਪੰਜਾਬ ਹਜ਼ਾਰ ਤੋਂ ਵੱਧ ਸ਼ਬਦਾਂ ਦੀ ਕਲਪਿਤ ਵਾਰਤਕ ਕਹਿੰਦਾ ਹੈ।''[1]

ਹੈਨਰੀ ਫੀਲਡਿੰਗ ਨਾਵਲ ਨੂੰ ''ਵਾਰਤਕ ਵਿਚ ਸੁਖਾਂਤ ਮਹਾਂਕਾਵਿ ਸਮਝਦਾ ਹੈ।''[2]

ਐਚ.ਜੀ. ਵੈਲਜ਼ ਦਾ ਕਥਨ ਹੈ ਕਿ ''ਨਾਵਲ ਇਕ ਕਿਸਮ ਦਾ ਜਾਦੂ ਦਾ ਬੋਲਾ ਹੈ ਜਿਸ ਵਿਚ ਹਰ ਇਕ ਚੀਜ਼ ਪਾਈ ਜਾ ਸਕਦੀ ਹੈ।''[3]

ਹਡਸਨ ਦਾ ਵਿਚਾਰ ਹੈ ਕਿ ''ਨਾਟਕ ਵਾਂਗ ਨਾਵਲ ਵੀ ਜੀਵਨ ਨਾਲ, ਮਰਦਾਂ ਤੇ ਇਸਤ੍ਰੀਆਂ ਨਾਲ ਅਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਨਾਲ, ਉਨ੍ਹਾਂ ਦੇ ਵਿਚਾਰਾਂ ਤੇ ਭਾਵਾਂ, ਉਦਾਗਰਾਂ ਤੇ ਮੰਤਵਾਂ ਨਾਲ ਜਿਨ੍ਹਾਂ ਰਾਹੀਂ ਉਹ ਪ੍ਰਭਾਵਿਤ ਹੁੰਦੇ ਅਤੇ ਕਾਰਜ ਕਰਦੇ ਹਨ, ਉਨ੍ਹਾਂ ਦੀਆਂ ਖੁਸ਼ੀਆਂ ਤੇ ਗ਼ਮੀਆਂ ਨਾਲ, ਉਨ੍ਹਾਂ ਦੇ ਸੰਘਰਸ਼ ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਨਾਲ ਸਿੱਧਾ ਸੰਬੰਧ ਰੱਖਦਾ ਹੈ।''[4]

ਨਾਵਲ ਵਿਚ ਕਹਾਣੀ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਈ.ਐਮ. ਫਾਰਸਟਰ ਕਹਾਣੀ ਬਿਆਨ ਕਰਨ ਨੂੰ ਨਾਵਲ ਦਾ ਮੂਲ ਤੱਤ ਮੰਨਦਾ ਹੈ। ਹਡਸਨ ਇਸੇ ਗੱਲ ਨੂੰ ਕੁਝ ਵੱਖਰੇ ਸ਼ਬਦਾਂ ਵਿਚ ਇਉਂ ਕਹਿੰਦਾ ਹੈ :

''ਨਾਵਲ ਭਾਵੇਂ ਕੁਝ ਵੀ ਹੈ ਪਰ ਇਹ ਕਹਾਣੀ ਜ਼ਰੂਰ ਬਿਆਨ ਕਰਦਾ ਹੈ।''[5]

ਨਾਵਲ ਦੀ ਪਰਿਭਾਸ਼ਾ ਭਿੰਨ ਭਿੰਨ ਵਿਦਵਾਨਾਂ ਤੇ ਆਲੋਚਕਾਂ ਨੇ ਭਿੰਨ ਭਿੰਨ ਪ੍ਰਕਾਰ ਕੀਤੀ ਹੈ।

1. *Aspects of the Novel,* Page 9.
2. Joseph Andrews.
3. Perey Lobbock—*The Craft of Fiction.*
4. An Introduction to *The Study of Literature, page 163.*
5. An Introduction to *The Study of Literature, page 136.*

ਇਹ ਪਰਿਭਾਸ਼ਾਵਾਂ ਨਾਵਲ ਵਿਚ ਮਿਲਦੇ ਤੱਤਾਂ ਵਿਚੋਂ ਕਿਸੇ ਇਕ ਉਤੇ ਵਧੇਰੇ ਜ਼ੋਰ ਦੇਣ ਤੇ ਦੂਜੇ ਤੱਤਾਂ ਨੂੰ ਅੱਖੋਂ ਉਹਲੇ ਕਰਨ ਦੇ ਫਲਸਰੂਪ ਇਕ ਦੂਜੇ ਤੋਂ ਵੱਖਰੀਆਂ ਵੱਖਰੀਆਂ ਪ੍ਰਤੀਤ ਹੁੰਦੀਆਂ ਹਨ। ਜੇ ਅਸੀਂ ਨਾਵਲ ਦੇ ਜ਼ਰੂਰੀ ਤੱਤਾਂ ਨੂੰ ਦ੍ਰਿਸ਼ਟੀਗੋਚਰ ਕਰ ਲਈਏ ਤਾਂ ਅਸੀਂ ਨਾਵਲ ਦੀ ਕਿਸੇ ਪ੍ਰਮਾਣਿਕ ਪਰਿਭਾਸ਼ਾ ਤੇ ਅਪੜ ਸਕਦੇ ਹਾਂ।

5. ਪੰਜਾਬੀ ਨਾਵਲ ਦਾ ਜਨਮ ਅਤੇ ਵਿਕਾਸ : ਅੰਗਰੇਜ਼ਾਂ ਦੀ ਆਮਦ ਨਾਲ ਪੰਜਾਬੀ ਨਾਵਲ ਦਾ ਜਨਮ ਹੁੰਦਾ ਹੈ। ਪੱਛਮੀ ਤਰਜ ਦੀ ਸਮਾਜਕ ਅਤੇ ਰਾਜਨੀਤਿਕ ਪ੍ਰਣਾਲੀ ਅਨੁਸਾਰ ਜਿਥੇ ਜ਼ਿਮੀਂਦਾਰੀ ਸ਼ਿਸਟਮ ਖ਼ਤਮ ਹੋ ਰਿਹਾ ਸੀ ਉਥੇ ਮੱਧ-ਸ਼੍ਰੇਣੀ ਹੋਂਦ ਵਿਚ ਆ ਗਈ। ਪੰਜਾਬ ਵਿਚ ਵਿਕਾਸ ਕਾਰਜ ਸ਼ੁਰੂ ਹੋਣ ਨਾਲ ਨੌਕਰੀਆਂ ਵਿਚ ਵਾਧਾ ਹੋਇਆ ਅਤੇ ਪੜ੍ਹੇ ਲਿਖੇ ਪੰਜਾਬੀ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਤਨਖ਼ਾਹ ਮਿਲਣ ਲੱਗੀ ਤੇ ਇਨ੍ਹਾਂ ਨੂੰ ਕਿਸਾਨਾਂ ਵਾਂਗ ਕਿਸਮਤ ਅਤੇ ਕੁਦਰਤ ਦੀ ਗ਼ੁਲਾਮੀ ਤੋਂ ਮੁਕਤੀ ਮਿਲ ਗਈ। ਇਹ ਨਵੀਂ ਉਤਪੰਨ ਹੋਈ ਸ਼੍ਰੇਣੀ ਕਿਸਾਨ ਵਰਗ ਲਈ ਰਸ਼ਕ ਬਣ ਗਈ ਤੇ ਉਨ੍ਹਾਂ ਨੇ ਇਕਾ ਦੁਕਾ ਬੱਚਿਆਂ ਨੂੰ ਵਿਦਿਆ ਦੇਣ ਲਈ ਆਪਣੀ ਕਮਾਈ ਖਰਚ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਕਿਸਾਨ ਦੀ ਮਿਹਨਤ ਸਦਕਾ ਸ਼ਹਿਰੀ ਮੱਧ-ਸ਼੍ਰੇਣੀ ਹੋਂਦ ਵਿਚ ਆਉਣੀ ਸ਼ੁਰੂ ਹੋ ਗਈ।

1860 ਈ. ਵਿਚ ਸਿੱਖਿਆ ਵਿਭਾਗ, 1864 ਈ. ਵਿਚ ਓਰੀਐਂਟਲ ਕਾਲਜ, ਲਾਹੌਰ ਅਤੇ 1882 ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸਥਾਪਨਾ ਹੋ ਜਾਣ ਨਾਲ ਉਚੀ ਵਿਦਿਆ ਦਾ ਪ੍ਰਬੰਧ ਹੋ ਗਿਆ ਤੇ ਇਸ ਨਾਲ ਨਵ-ਜਾਗ੍ਰਿਤੀ ਫੈਲਣ ਵਿਚ ਬਹੁਤ ਸਹਾਇਤਾ ਮਿਲੀ। ਪੱਛਮੀ ਜੀਵਨ ਤੇ ਸਾਹਿਤ ਦਾ ਅਸਰ ਵੱਧਦਾ ਗਿਆ। ਨਵੀਂ ਉਤਪੰਨ ਹੋਈ ਸ਼ਹਿਰੀ ਮੱਧ ਸ਼੍ਰੇਣੀ ਵਧੇਰੇ ਚੇਤੰਨ ਹੁੰਦੀ ਗਈ ਤੇ ਉਸ ਦੀਆਂ ਮਾਨਸਿਕ ਲੋੜਾਂ ਵੱਧਦੀਆਂ ਗਈਆਂ।

ਅੰਗਰੇਜ਼ਾਂ ਦਾ ਰਾਜ ਪੱਕਾ ਹੋ ਜਾਣ ਨਾਲ ਤੇ ਰੇਲਾਂ ਅਤੇ ਸੰਚਾਰ ਸਹੂਲਤਾਂ ਦੇ ਵਾਧੇ ਨਾਲ ਸਾਰਾ ਹਿੰਦੁਸਤਾਨ ਇਕ ਰਾਜਨੀਤਿਕ ਇਕਾਈ ਵਿਚ ਬੱਝ ਗਿਆ। ਜਗੀਰਦਾਰੀ ਸਮਾਜ ਹੌਲੀ ਹੌਲੀ ਸਰਮਾਏਦਾਰੀ ਸਮਾਜ ਵਿਚ ਬਦਲਣ ਲੱਗਾ। ਉਚ ਵਿੱਦਿਆ ਦੀ ਪ੍ਰਾਪਤੀ ਕਰਕੇ ਸਮਾਜ ਵਿਚ ਮਾਸਟਰ, ਵਕੀਲ, ਕਲਰਕ ਤੇ ਪ੍ਰੋਫੈਸਰ ਆਦਿ ਨਵੀਆਂ ਸ਼੍ਰੇਣੀਆਂ ਪੈਦਾ ਹੋ ਗਈਆਂ। ਇਸ ਦੇ ਫਲਸਰੂਪ ਇਕ ਬੌਧਿਕ ਸ਼੍ਰੇਣੀ ਨੇ ਜਨਮ ਲਿਆ। ਇਸ ਬੌਧਿਕ ਸ਼੍ਰੇਣੀ ਨੇ ਆਪਣੀਆਂ ਸਾਹਿਤਿਕ ਰੁਚੀਆਂ ਦੇ ਪ੍ਰਗਟਾਵੇ ਲਈ ਨਾਵਲ ਦੀ ਲੋੜ ਮਹਿਸੂਸ ਕੀਤੀ।

ਕਿਉਂਕਿ ਸਭ ਤੋਂ ਪਹਿਲਾਂ ਅੰਗਰੇਜ਼ੀ ਸ਼ਾਸਨ ਬੰਗਾਲ ਪ੍ਰਾਂਤ ਵਿਚ ਸਥਾਪਤ ਹੋਇਆ ਸੀ, ਇਸ ਲਈ ਸੁਭਾਵਕ ਹੀ ਭਾਰਤ ਵਿਚ ਸਭ ਤੋਂ ਪਹਿਲਾਂ ਨਾਵਲ ਬੰਗਾਲ ਵਿਚ ਹੀ ਪੈਦਾ ਹੋਇਆ। ਇਹ ਨਾਵਲ ਪਿਆਰਾ ਚੰਦ ਮਿੱਤਰ ਨੇ ਲਿਖਿਆ ਤੇ ਇਸ ਦਾ ਨਾਂ 'ਅਲਾਲੇਰ ਗੂਰੇਰ ਦੂਲਾਲ' ਸੀ। ਇਸ ਨਾਵਲ ਦਾ ਵਿਸ਼ਾ ਸਦਾਚਾਰਕ ਸੀ।

ਭਾਵੇਂ ਪੰਜਾਬੀ ਨਾਵਲ ਦਾ ਜਨਮ ਉਨ੍ਹੀਵੀਂ ਸਦੀ ਦੇ ਅੰਤ ਵੇਲੇ ਹੋਇਆ, ਪਰ ਇਸ ਸਾਹਿਤ ਰੂਪ ਦੀਆਂ ਨੀਹਾਂ ਗੁਰੂ ਨਾਨਕ ਦੇਵ ਦੀਆਂ ਜਨਮ ਸਾਖੀਆਂ ਵਿਚ ਮਿਲਦੀਆਂ ਹਨ। ਭਾਵੇਂ ਉਨ੍ਹਾਂ ਕਿਰਤਾਂ ਨੂੰ ਆਧੁਨਿਕ ਅਰਥਾਂ ਵਿਚ ਨਾਵਲ ਨਹੀਂ ਆਖਿਆ ਜਾ ਸਕਦਾ। ਉਨ੍ਹਾਂ ਵਿਚ ਮਿਲਦੀਆਂ ਕਰਾਮਾਤੀ ਤੇ ਅਦਭੁਤ ਸਾਖੀਆਂ ਆਪਣੇ ਅੰਦਰ ਨਾਵਲ ਦੀਆਂ ਸੰਭਾਵਨਾਵਾਂ ਲੁਕਾਈ ਬੈਠੀਆਂ ਹਨ। ਉਨ੍ਹਾਂ ਵਿਚ ਗੁਰੂ ਨਾਨਕ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਦੇ ਪਾਤਰ ਚਿਤਰਣ ਵੀ ਮਿਲਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਪੰਜਾਬੀ ਨਾਵਲ ਨੂੰ ਜਨਮ ਸਾਖੀਆਂ ਦਾ ਉਤਰਾਧਿਕਾਰੀ ਮੰਨਿਆ ਹੈ।

ਡਾ. ਗੁਰਚਰਨ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਵਿਚਾਰ ਹੈ ਕਿ ਪੰਜਾਬੀ ਨਾਵਲ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਉਤਪੰਨ ਹੋਇਆ। ਪੰਜਾਬੀ ਦੇ ਬਹੁਤੇ ਵਿਦਵਾਨ ਤੇ ਆਲੋਚਕ ਪੰਜਾਬੀ ਨਾਵਲ ਦਾ ਆਰੰਭ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਤੋਂ ਹੋਇਆ ਮੰਨਦੇ ਹਨ ਪਰੰਤੂ ਡਾ. ਸੁਰਿੰਦਰ ਸਿੰਘ ਦੁਸਾਂਝ ਦਾ ਮਤ ਹੈ ਕਿ 'ਸੁੰਦਰੀ' ਤੋਂ ਪਹਿਲਾਂ ਅੰਗਰੇਜ਼ੀ ਵਿਚ ਜੋਹਨ ਬਾਨਿਆਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗ੍ਰੈਸ' ਦਾ ਅਨੁਵਾਦ 'ਮਸੀਹ ਮੁਸਾਫ਼ਰ ਦੀ ਯਾਤਰਾ' ਅਧੀਨ ਹੋ ਚੁੱਕਾ ਸੀ। ਉਹ ਲਿਖਦੇ ਹਨ, 'ਮਸੀਹ ਮੁਸਾਫਰ ਦੀ ਯਾਤਰਾ' ਸਿੱਧਾ ਅੰਗਰੇਜ਼ੀ ਭਾਸ਼ਾ ਵਿਚੋਂ ਉਲਥਾਇਆ ਗਿਆ

ਅਤੇ ਇਹ ਪੰਜਾਬੀ ਵਿਚ ਪਹਿਲਾ ਨਾਵਲ ਹੋਣ ਕਰਕੇ ਪੰਜਾਬੀ ਨਾਵਲ ਦੇ ਜਨਮ ਨੂੰ ਅੰਗਰੇਜ਼ੀ ਸਾਹਿਤ ਵਿਚੋਂ ਨਾਵਲ ਦੀ ਸਿੱਧੀ ਦੇਣ ਹੀ ਮੰਨਣਾ ਪਵੇਗਾ, ਪਰ ਸਾਡਾ ਇਹ ਮਤ ਹੈ ਕਿ 'ਪਿਲਗ੍ਰਿਮਜ਼ ਪ੍ਰਾਗ੍ਰੈਸ' ਨੂੰ ਅੰਗਰੇਜ਼ੀ ਸਾਹਿਤ ਵਿਚ ਨਾਵਲ ਨਹੀਂ, ਨਾਵਲ ਦੀ ਨੀਂਹ ਮੰਨਿਆ ਜਾਂਦਾ ਹੈ, ਐਨ ਉਸ ਪ੍ਰਕਾਰ ਜਿਵੇਂ ਜਨਮ ਸਾਖੀਆਂ ਨੂੰ ਪੰਜਾਬੀ ਨਾਵਲ ਦੀ ਨੀਂਹ ਆਖਿਆ ਜਾਵੇ। ਇਸ ਲਈ ਇਹ ਕਹਿਣਾ ਵਧੇਰੇ ਉਚਿਤ ਜਾਪਦਾ ਹੈ ਕਿ ਪੰਜਾਬੀ ਵਿਚ ਨਾਵਲ ਦਾ ਜਨਮ 'ਸੁੰਦਰੀ' ਨਾਵਲ ਤੋਂ ਹੋਇਆ ਅਤੇ ਕਿਉਂ ਜੋ ਇਹ ਨਾਵਲ 1898 ਈ. ਵਿਚ ਪ੍ਰਕਾਸ਼ਿਤ ਹੋਇਆ ਸੀ, ਇਸ ਲਈ ਇਹ ਵਰ੍ਹਾ ਪੰਜਾਬੀ ਨਾਵਲ ਦਾ ਜਨਮ-ਵਰ੍ਹਾ ਆਖਿਆ ਜਾ ਸਕਦਾ ਹੈ।

### 6. ਪੰਜਾਬੀ ਵਿਚ ਇਤਿਹਾਸਕ ਨਾਵਲ

ਭਾਈ ਵੀਰ ਸਿੰਘ ਪੰਜਾਬੀ ਨਾਵਲ ਦਾ ਜਨਮ-ਦਾਤਾ ਹੀ ਨਹੀਂ ਸਗੋਂ ਉਹ ਪੰਜਾਬੀ ਇਤਿਹਾਸਕ ਤੇ ਧਾਰਮਿਕ ਨਾਵਲ ਦੀ ਪਰੰਪਰਾ ਨੂੰ ਤੋਰਨ ਵਾਲਾ ਨਾਵਲਕਾਰ ਵੀ ਹੈ। ਉਸ ਨੇ ਤਿੰਨ ਇਤਿਹਾਸਕ ਨਾਵਲ 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਲਿਖੇ ਹਨ। ਜਿਹੜੇ ਕ੍ਰਮਵਾਰ 1898, 1899 ਅਤੇ 1900 ਈ. ਵਿਚ ਪ੍ਰਕਾਸ਼ਿਤ ਹੋਏ। ਇਹ ਤਿੰਨੇ ਨਾਵਲ ਸਿੱਖ ਜਨਤਾ ਵਿਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਸਿੱਖਾਂ ਦੀਆਂ ਮਹਾਨ ਰਵਾਇਤਾਂ ਨੂੰ ਸੁਰਜੀਤ ਕਰਨ ਦੇ ਯਤਨ ਹਨ। ਇਨ੍ਹਾਂ ਨਾਵਲਾਂ ਵਿਚ ਅਠਾਰ੍ਹਵੀਂ ਸਦੀ ਦੇ ਸਿੱਖ-ਇਤਿਹਾਸ ਦੀਆਂ ਘਟਨਾਵਾਂ ਨੂੰ ਚਿਤਰਿਆ ਗਿਆ ਹੈ। ਭਾਈ ਵੀਰ ਸਿੰਘ ਨੇ ਇਨ੍ਹਾਂ ਪੁਸਤਕਾਂ ਵਿਚ ਇਤਿਹਾਸਕ ਸੱਚਾਈ ਦਾ ਝਾਵਲਾ ਪਾਉਣ ਲਈ ਬਹੁਤ ਸਾਰੀਆਂ ਇਤਿਹਾਸਕ ਰਚਨਾਵਾਂ ਦੀ ਸਹਾਇਤਾ ਲਈ ਹੈ।

ਇਨ੍ਹਾਂ ਨਾਵਲਾਂ ਵਿਚ ਲੇਖਕ ਨੇ ਉਸ ਸਮੇਂ ਦਾ ਚਿੱਤਰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਦੋਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਨੇ ਵਾਰ ਵਾਰ ਭਾਰਤ ਉਤੇ ਹਮਲੇ ਕੀਤੇ ਤੇ ਪੰਜਾਬ ਨੂੰ ਉਨ੍ਹਾਂ ਹਮਲਿਆਂ ਦੀ ਸਭ ਤੋਂ ਵੱਧ ਮਾਰ ਸਹਿਣੀ ਪਈ। ਉਦੋਂ ਪੰਜਾਬੀ ਵਿਚ ਪੂਰਣ ਤੌਰ 'ਤੇ ਅਰਾਜਕਤਾ ਪਸਰੀ ਹੋਈ ਸੀ। ਪੰਜਾਬ ਦੇ ਮਰਦ ਤੇ ਇਸਤਰੀਆਂ ਕਾਬਲ-ਕੰਧਾਰ ਦੀਆਂ ਮੰਡੀਆਂ ਵਿਚ ਵਿਕਦੇ ਸਨ। ਉਦੋਂ ਪੰਜਾਬ ਵਿਚ ਸਿੱਖਾਂ ਤੋਂ ਬਿਨਾਂ ਹੋਰ ਕੋਈ ਵੀ ਧਾੜਵੀਆਂ ਅਤੇ ਸਥਾਨਕ ਹਾਕਮਾਂ ਵੱਲੋਂ ਢਾਹੇ ਜਾ ਰਹੇ ਜ਼ੁਲਮਾਂ ਅਤੇ ਅਤਿਆਚਾਰਾ ਦਾ ਮੁਕਾਬਲਾ ਨਹੀਂ ਸੀ ਕਰਦਾ। ਜਿਹੜੇ ਹਿੰਦੂ ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉਚੀ ਕਰਨਾ ਚਾਹੁੰਦੇ ਸਨ, ਉਹ ਸਿੱਖ ਜਥੇਬੰਦੀ ਨਹੀਂ ਸੀ ਕਰਦਾ। ਜਿਹੜੇ ਹਿੰਦੂ ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉਚੀ ਕਰਨਾ ਚਾਹੁੰਦੇ ਸਨ, ਉਹ ਸਿੱਖ ਜਥੇਬੰਦੀ ਦਾ ਭਾਗ ਬਣਕੇ ਅਜਿਹਾ ਕਰਦੇ ਸਨ। ਇਸ ਤਰ੍ਹਾਂ ਸਿੱਖ ਲਹਿਰ ਦਿਨੋ ਦਿਨ ਮਜ਼ਬੂਤ ਹੋ ਰਹੀ ਸੀ। ਸਿੱਖ ਹਾਕਮ ਜਮਾਤ ਨਾਲ ਕੋਈ ਵੀ ਸਮਝੌਤਾ ਨਹੀਂ ਸਨ ਕਰਦੇ ਜਿਸ ਕਰਕੇ ਸਰਕਾਰ ਸਿੱਖਾਂ ਦਾ ਖੁਰਾ ਖੋਜ ਮਿਟਾਉਣ 'ਤੇ ਤੁਲੀ ਹੋਈ ਸੀ।

ਭਾਈ ਵੀਰ ਸਿੰਘ ਨੇ ਇਤਿਹਾਸਕ ਘਟਨਾਵਾਂ ਨੂੰ ਕਾਫ਼ੀ ਹੱਦ ਤਕ ਯਥਾਰਥਕ ਢੰਗ ਨਾਲ ਪੇਸ਼ ਕੀਤਾ ਹੈ, ਪਰ ਪਾਤਰਾਂ ਨੂੰ ਚਿਤਰਣ ਸਮੇਂ ਉਸ ਦਾ ਸਿੰਘ-ਸਭਾਈ ਦ੍ਰਿਸ਼ਟੀਕੋਣ ਵਧੇਰੇ ਪ੍ਰਬਲ ਹੋ ਜਾਂਦਾ ਹੈ ਜਿਸ ਕਰਕੇ ਸਿੱਖ ਪਾਤਰ ਆਦਰਸ਼ਕ, ਹਿੰਦੂ ਪਾਤਰ ਕਾਇਰ ਤੇ ਬੁਜ਼ਦਿਲ ਅਤੇ ਮੁਸਲਮਾਨ ਪਾਤਰ ਜ਼ਾਲਮ ਤੇ ਵਹਿਸ਼ੀ ਹੋ ਨਿਬੜਦੇ ਹਨ। ਇਨ੍ਹਾਂ ਨਾਵਾਂ ਦੀ ਗੌਂਦ ਢਿੱਲੀ ਹੈ ਕਿਉਂਕਿ ਲਿਖਾਰੀ ਥਾਂ ਪਰ ਥਾਂ ਲੰਬੇ ਵਖਿਆਨ ਛੇੜ ਬਹਿੰਦਾ ਹੈ। ਵਾਰਤਾਲਾਪ ਵੀ ਪਾਤਰਾਂ ਦੇ ਸੁਭਾਅ ਅਨੁਸਾਰ ਨਹੀਂ ਸਗੋਂ ਬਣਾਉਟੀ ਤੇ ਨਕਲੀ ਹੈ। ਭਾਈ ਵੀਰ ਸਿੰਘ ਦੇ ਇਹ ਨਾਵਲ ਘਟਨਾ ਪ੍ਰਧਾਨ ਹਨ ਭਾਵੇਂ ਪ੍ਰੋ. ਪ੍ਰਿਤਪਾਲ ਸਿੰਘ ਨੇ ਇਨ੍ਹਾਂ ਨੂੰ ਪਲਾਟ ਪ੍ਰਧਾਨ ਆਖਿਆ ਹੈ। ਪਾਤਰ ਨਮੂਨਾ ਪਾਤਰ ਹਨ, ਉਨ੍ਹਾਂ ਵਿਚ ਵਿਕਾਸ ਕਰਨ ਦੀਆਂ ਸੰਭਾਵਨਾਵਾਂ ਘੱਟ ਹਨ। ਉਹ ਆਪਣੀਆਂ ਧਾਰਮਿਕ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰ ਹਨ। ਇਨ੍ਹਾਂ ਨਾਵਲਾਂ ਵਿਚ ਇਸਤ੍ਰੀ ਪਾਤਰਾਂ ਨੂੰ ਵੀ ਮਹੱਤਤਾ ਦਿੱਤੀ ਗਈ ਹੈ। 'ਸੁੰਦਰੀ' ਤੇ 'ਸਤਵੰਤ ਕੌਰ' ਵਿਚ ਤਾਂ ਇਸਤ੍ਰੀਆਂ ਹੀ ਮੁੱਖ ਪਾਤਰ ਹਨ ਅਤੇ ਤੀਜੇ ਨਾਵਲ 'ਬਿਜੈ ਸਿੰਘ' ਵਿਚ ਸ਼ੀਲ ਕੌਰ ਦਾ ਪਾਤਰ ਬਿਜੈ ਸਿੰਘ ਨਾਲੋਂ ਕਿਸੇ ਗੱਲੋਂ ਘੱਟ ਨਹੀਂ। ਇਨ੍ਹਾਂ ਰਚਨਾਵਾਂ ਦਾ ਮੁੱਖ ਆਸ਼ਾ ਧਰਮ ਪ੍ਰਚਾਰ ਹੈ।

ਭਾਈ ਵੀਰ ਸਿੰਘ ਦੀ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਅੱਗੇ ਤੋਰਨ ਵਿਚ ਐਸ.ਐਸ. ਚਰਨ ਸਿੰਘ ਸ਼ਹੀਦ ਨੇ ਜਿਹੜਾ ਹਿੱਸਾ ਪਾਇਆ ਉਹ ਵੀ ਭਾਈ ਸਿੰਘ ਵਾਂਗ ਤਿੰਨਾਂ ਨਾਵਲਾਂ ਦਾ ਹੀ ਹੈ। ਉਸ

ਦੇ ਤਿੰਨ ਇਤਿਹਾਸਕ ਨਾਵਲ ਹਨ : 'ਦਲੇਰ ਕੌਰ', 'ਰਣਜੀਤ ਕੌਰ' ਅਤੇ 'ਚੰਚਲ ਮੂਰਤੀ'। ਇਹ ਕ੍ਰਮਵਾਰ 1911, 1913 ਅਤੇ 1915 ਈ. ਵਿਚ ਪ੍ਰਕਾਸ਼ਿਤ ਹੋਏ। ਭਾਵੇਂ ਸ਼ਹੀਦ, ਸਿੰਘ ਸਭਾ ਲਹਿਰ ਦੇ ਮੁੱਖੀਆਂ ਵਿਚੋਂ ਤਾਂ ਨਹੀਂ ਸਨ, ਪਰ ਉਹ ਇਸ ਲਹਿਰ ਦੇ ਪ੍ਰਭਾਵ ਅਧੀਨ ਜ਼ਰੂਰ ਸਨ।

ਚਰਨ ਸਿੰਘ ਸ਼ਹੀਦ ਨੇ ਵੀ ਭਾਈ ਵੀਰ ਸਿੰਘ ਵਾਂਗ ਆਪਣੇ ਨਾਵਲਾਂ ਦੇ ਪਾਤਰਾਂ ਨੂੰ ਅਠਾਰ੍ਹਵੀਂ ਸਦੀ ਦੇ ਸਮਾਜਕ, ਧਾਰਮਿਕ ਤੇ ਰਾਜਨੀਤਿਕ ਪਿਛੋਕੜ ਵਿਚ ਰੱਖ ਕੇ ਪੇਸ਼ ਕੀਤਾ ਹੈ। ਉਹ ਆਪਣੇ ਨਾਵਲ ਦੀ ਕਹਾਣੀ ਦਾ ਮੁੱਢ ਕਿਸੇ ਹਿੰਦੂ ਅਥਵਾ ਸਿੱਖ ਇਸਤ੍ਰੀ ਦੇ ਕਿਸੇ ਹਾਕਮ ਹੱਥੀਂ ਚੁੱਕੇ ਜਾਣ ਤੋਂ ਕਰਦਾ ਹੈ। ਸਾਰੀ ਕਹਾਣੀ ਵਿਚ ਉਹ ਇਸਤ੍ਰੀ ਆਪਣੇ ਸੱਤ ਧਰਮ ਨੂੰ ਬਚਾਉਣ ਲਈ ਮੁਸੀਬਤਾਂ ਝਾਗਦੀ ਹੋਈ ਵਿਖਾਈ ਜਾਂਦੀ ਹੈ। ਇੱਥੋਂ ਤਕ ਤਾਂ ਚਰਨ ਸਿੰਘ ਸ਼ਹੀਦ ਤੇ ਭਾਈ ਵੀਰ ਸਿੰਘ ਦੀ ਪਹੁੰਚ ਇਕੋ ਪ੍ਰਕਾਰ ਦੀ ਹੈ, ਪਰ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਕਈ ਮੁਸਲਮਾਨ ਔਰਤਾਂ ਸਿੰਘ ਪਾਤਰਾਂ ਉਤੇ ਮੋਹਿਤ ਹੁੰਦੀਆਂ ਵੀ ਵਿਖਾਈਆਂ ਗਈਆਂ ਹਨ ਜਿਵੇਂ 'ਰਣਜੀਤ ਕੌਰ' ਵਿਚ ਖੁਰਸ਼ੀਦੀ ਦਲਜੀਤ ਸਿੰਘ ਉਤੇ ਅਤੇ 'ਚੰਚਲ ਮੂਰਤੀ' ਵਿਚ ਹਸਨਾ ਚੰਚਲ ਸਿੰਘ ਉਤੇ। ਸ਼ਹੀਦ ਨੇ ਆਪਣੇ ਨਾਵਲਾਂ ਵਿਚ ਅਜਿਹੇ ਮੁਸਲਮਾਨ ਪਾਤਰ ਵੀ ਲਿਆਂਦੇ ਹਨ ਜਿਹੜੇ ਸਿੱਖ ਪਾਤਰਾਂ ਦੇ ਆਰਦਸ਼ਕ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਿੱਖ ਸੱਜ ਜਾਂਦੇ ਹਨ। ਇਸ ਤੋਂ ਛੁੱਟ ਸ਼ਹੀਦ ਨੇ ਆਪਣੇ ਸਿੱਖ ਪਾਤਰਾਂ ਵਿਚ ਮਨੁੱਖੀ ਕਮਜ਼ੋਰੀਆਂ ਨੂੰ ਚਿਤਰ ਕੇ ਉਨ੍ਹਾਂ ਨੂੰ ਵਧੇਰੇ ਮੰਨਣ ਯੋਗ ਵੀ ਬਣਾਇਆ ਹੈ। ਇਸ ਤਰ੍ਹਾਂ ਉਸ ਦਾ ਪਾਤਰ-ਚਿਤਰਣ ਭਾਈ ਵੀਰ ਸਿੰਘ ਦੇ ਟਾਕਰੇ ਵਿਚ ਵਧੇਰੇ ਯਥਾਰਥਕ ਹੈ, ਪਰ ਉਸ ਦੇ ਨਾਵਲਾਂ ਦੀ ਗੋਂਦ ਢਿੱਲੀ ਹੁੰਦੀ ਹੈ। ਫੇਰ ਵੀ ਉਸ ਨੂੰ ਕਹਾਣੀ ਕਹਿਣ ਦਾ ਅਜਿਹਾ ਢੰਗ ਆਉਂਦਾ ਹੈ ਕਿ ਉਹ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ। ਜਿਥੋਂ ਤਕ ਉਸ ਦੇ ਆਸ਼ੇ ਦਾ ਸੰਬੰਧ ਹੈ, ਇਹ ਵੀ ਭਾਈ ਵੀਰ ਸਿੰਘ ਵਾਂਗ ਧਾਰਮਿਕ ਤੇ ਸੁਧਾਰਕ ਹੈ।

ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲਾਂ ਦੇ ਪ੍ਰਕਾਸ਼ਿਤ ਹੋਣ ਤੋਂ ਕੁਝ ਚਿਰ ਪਿੱਛੋਂ ਵੀਹਵੀਂ ਸਦੀ ਦੇ ਆਰੰਭ ਵਿਚ ਗਿਆਨੀ ਗਿਆਨ ਸਿੰਘ ਦਾ ਇਕ ਇਤਿਹਾਸਕ ਨਾਵਲ 'ਬਲਵੰਤ ਕੌਰ' (ਦੋ ਭਾਗਾਂ ਵਿਚ) ਪ੍ਰਕਾਸ਼ਿਤ ਹੋਇਆ। ਇਸ ਨਾਵਲ ਦਾ ਸਮਾਂ ਤੇ ਉਦੇਸ਼ ਭਾਈ ਵੀਰ ਸਿੰਘ ਤੇ ਚਰਨ ਸਿੰਘ ਸ਼ਹੀਦ ਵਾਲਾ ਹੀ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਸ ਦਾ ਘਰੋਗੀ ਅੰਸ਼, ਮੁੱਖ ਪਾਤਰ ਦਾ ਆਪ ਕਹਾਣੀ ਸੁਣਾਉਣਾ ਅਤੇ ਪਾਠਕਾਂ ਨੂੰ ਸਰੋਤਿਆਂ ਦੇ ਰੂਪ ਵਿਚ ਸੰਬੋਧਨ ਕਰਨਾ ਹੈ।

ਇਤਿਹਾਸਕ ਨਾਵਲ ਦੇ ਖੇਤਰ ਵਿਚ ਹੀ ਮਾਸਟਰ ਤਾਰਾ ਸਿੰਘ ਦਾ ਨਾਵਲ 'ਪ੍ਰੇਮ ਲਗਨ' ਆਉਂਦਾ ਹੈ ਜਿਸ ਵਿਚ ਲੇਖਕ ਨੇ ਅਕਾਲੀ ਲਹਿਰ ਨੂੰ ਆਧਾਰ ਮੰਨ ਕੇ ਨਾਵਲ ਉਸਾਰੀ ਕੀਤੀ ਹੈ। ਇਹ ਨਾਵਲ 1934 ਵਿਚ ਪ੍ਰਕਾਸ਼ਿਤ ਹੋਇਆ। ਇਸ ਦੀ ਕਹਾਣੀ ਤਾਂ ਰੋਚਕ ਹੈ, ਪਰ ਕਿਤੇ ਕਿਤੇ ਵਾਧੂ ਵਿਸਥਾਰ ਵੀ ਹੈ। ਪਾਤਰ-ਉਸਾਰੀ ਦੇ ਪੱਖੋਂ ਇਸ ਨੂੰ ਸਫ਼ਲ ਨਹੀਂ ਕਿਹਾ ਜਾ ਸਕਦਾ ਹੈ, ਪਰ ਪੇਂਡੂ ਜੀਵਨ ਦੀ ਯਥਾਰਥਕ ਤਸਵੀਰ ਖਿੱਚਣ ਵਿਚ ਇਹ ਬਹੁਤ ਕਾਮਯਾਬ ਹੈ।

ਇਤਿਹਾਸਕ ਨਾਵਲ ਦੇ ਪ੍ਰਸੰਗ ਵਿਚ ਕਰਨਲ ਨਰਿੰਦਰਪਾਲ ਸਿੰਘ ਨੇ ਵਰਣਨਯੋਗ ਕੰਮ ਕੀਤਾ ਹੈ। ਉਸ ਦੇ ਚਾਰ ਇਤਿਹਾਸਕ ਨਾਵਲ-'ਖੰਨਿਉ ਤਿੱਖੀ', 'ਵਾਲਹੁੰ ਨਿਕੀ', 'ਏਤਿ ਮਾਰਗ ਜਾਣਾ', ਤੇ 'ਇਕ ਸਰਕਾਰ ਬਾਝੋਂ' ਪ੍ਰਕਾਸ਼ਿਤ ਹੋਏ ਹਨ। 'ਖੰਨਿਉਂ ਤਿੱਖੀ' ਵਿਚ 1710 ਤੋਂ 1716 ਈ. ਦਾ ਇਤਿਹਾਸਕ ਸਮਾਂ ਲਿਆ ਗਿਆ ਹੈ, ਜਦੋਂ ਬੰਦਾ ਬਹਾਦਰ ਨੇ ਪੰਜਾਬ ਦੇ ਕਿਸਾਨਾ ਨੂੰ ਕੁਰਬਾਨੀਆਂ ਵਿਚ ਤਿਆਰ ਕੀਤਾ ਤੇ ਸਿੱਖ ਰਾਜ ਦੀ ਨੀਂਹ ਰੱਖੀ। 'ਵਾਲਹੂੰ ਨਿਕੀ' ਲਾਹੋਰ ਉਤੇ ਸਿੱਖਾਂ ਦੇ ਕਬਜ਼ੇ ਦੀ ਕਹਾਣੀ ਬਿਆਨ ਕਰਦਾ ਹੈ ਜਿਸ ਵਿਚ ਚੜ੍ਹਤ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਅਹਿਮਦ ਸ਼ਾਹ ਨੂੰ ਦੁੜਾਉਣ ਤੇ ਲਾਹੌਰ ਤੇ ਕਬਜ਼ਾ ਕਰਦੇ ਵਿਖਾਏ ਗਏ ਹਨ।

'ਏਤਿ ਮਾਰਗਿ ਜਾਣਾ' ਵਿਚ ਰਣਜੀਤ ਸਿੰਘ ਤੇ ਸਿਖ ਰਾਜ ਤੇ ਖੇਰੂੰ ਖੇਰੂੰ ਹੋਣ ਦਾ ਹਾਲ ਦਰਜ ਹੈ। ਇਨ੍ਹਾਂ ਤਿੰਨਾਂ ਨਾਵਲਾਂ ਦੇ ਨਾਂ ਗੁਰੂ ਅਮਰਦਾਸ ਦੀ ਤੁਕ 'ਖੰਨਿਉਂ ਤਿਖੀ ਵਾਲਹੁੰ ਨਿਕੀ ਏਤਿ ਮਾਰਗ ਜਾਣਾ' ਦੇ ਆਧਾਰ 'ਤੇ ਰੱਖੇ ਗਏ ਹਨ। ਚੌਥਾ ਨਾਵਲ 'ਇਕ ਸਰਕਾਰ ਬਾਝੋਂ' ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਵਿਚ ਪੰਜਾਬ ਦੀ ਆਜ਼ਾਦੀ ਦੀ ਸਮਾਪਤੀ ਦੀ ਦੁੱਖ-ਭਰੀ ਵਿੱਥਿਆ ਨੂੰ ਬਿਆਨ ਕਰਦਾ ਹੈ।

ਇਨ੍ਹਾਂ ਚਾਰਾਂ ਨਾਵਲਾਂ ਵਿਚ ਅੰਮ੍ਰਿਤਸਰ ਲਾਗੇ ਸਥਿਤ ਪਿੰਡ ਦੇ ਇਕ ਕਿਸਾਨ ਘਰਾਣੇ ਦੇ ਪੰਜਾਬ ਨੂੰ ਮੁਗ਼ਲ ਸਾਮਰਾਜ ਤੋਂ ਆਜ਼ਾਦ ਕਰਾਉਣ ਲਈ ਕੀਤੇ ਸੰਘਰਸ਼ ਦੀ ਲੰਮੀ ਕਹਾਣੀ ਹੈ। ਇਸੇ ਪ੍ਰਕਾਰ ਇਸ ਲੇਖਕ ਨੇ ਆਪਣੇ ਇਨ੍ਹਾਂ ਨਾਵਲਾਂ ਵਿਚ 1700 ਤੋਂ ਲੈ ਕੇ 1805 ਈ. ਤਕ ਦੇ ਪੰਜਾਬ ਦੇ ਇਤਿਹਾਸ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਵੇਂ ਨਾਵਲਕਾਰ ਨੇ ਸਿੱਖ ਇਤਿਹਾਸ, ਜਿਸ ਵਰਗੀ ਦੁਰਗਤੀ ਹੋਰ ਕਿਸੇ ਇਤਿਹਾਸ ਦੀ ਨਹੀਂ ਹੋਈ, ਨਾਲ ਇਨਸਾਫ਼ ਕਰਨ ਦਾ ਦਾਅਵਾ ਕੀਤਾ, ਪਰ ਉਹ ਆਪਣੇ ਦਾਅਵੇ ਉਤੇ ਪੂਰਾ ਨਹੀਂ ਉਤਰ ਸਕਿਆ। ਉਸ ਨੇ ਇਤਿਹਾਸਕ ਤੱਥਾਂ ਨੂੰ ਪੇਸ਼ ਕਰਨ ਵਿਚ ਤਾਂ ਸਫ਼ਲਤਾ ਪ੍ਰਾਪਤ ਕੀਤੀ ਹੈ, ਪਰ ਉਹ ਆਪਣੇ ਨਾਵਲਾਂ ਦੀ ਕਹਾਣੀ ਦਾ ਸਮਕਾਲੀ ਵਾਤਾਵਰਣ ਉਘਾੜਨ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕਿਆ। ਉਹ ਆਪਣੇ ਆਪ ਨੂੰ ਨਾਵਲ ਨਾਲ ਸੰਬੰਧਿਤ ਸਮੇਂ ਤਕ ਸੀਮਿਤ ਨਹੀਂ ਰੱਖ ਸਕਦਾ ਜਿਸ ਕਰਕੇ ਉਸ ਦੇ ਨਾਵਲ ਕਲਾ ਦੇ ਪੱਖ ਤੋਂ ਕਮਜ਼ੋਰ ਹੋ ਜਾਂਦੇ ਹਨ।

ਇਤਿਹਾਸਕ ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ ਦੋ ਤਲਵਾਰਾਂ' ਸਨਮਾਨ ਯੋਗ ਸਥਾਨ ਦਾ ਹੱਕਦਾਰ ਹੈ। ਇਹ ਨਾਵਲ ਗਦਰੀ ਲਹਿਰ ਨਾਲ ਸੰਬੰਧਿਤ ਹੈ ਜਿਹੜੀ 1914-15 ਵਿਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਚਲੀ ਸੀ। ਕਰਤਾਰ ਸਿੰਘ ਸਰਾਭਾ ਇਸ ਲਹਿਰ ਦੀ ਇਕ ਉਘੀ ਹਸਤੀ ਸੀ ਤੇ ਇਸੇ ਹਸਤੀ ਦੁਆਲੇ ਇਸ ਨਾਵਲ ਦੀ ਕਹਾਣੀ ਨੂੰ ਉਸਾਰਿਆ ਗਿਆ ਹੈ। ਭਾਵੇਂ ਨਾਨਕ ਸਿੰਘ ਗਦਰੀ ਲਹਿਰ ਦੀ ਹਿੰਸਕ ਨੀਤੀ ਨਾਲ ਸਹਿਮਤ ਨਹੀਂ ਸੀ ਤਾਂ ਵੀ ਉਸ ਨੇ ਲਹਿਰ ਦੀ ਕਹਾਣੀ ਨੂੰ ਆਪਣੇ ਇਸ ਨਾਵਲ ਵਿਚ ਚੁਣਕੇ ਆਪਣੀ ਉਦਾਰਵਾਦੀ ਦ੍ਰਿਸ਼ਟੀ ਦਾ ਸਬੂਤ ਪੇਸ਼ ਕੀਤਾ ਹੈ। ਭਾਵੇਂ ਨਾਵਲ ਦਾ ਨਾਂ 'ਇਕ ਮਿਆਨ ਦੋ ਤਲਵਾਰਾਂ' ਹੈ, ਪਰ ਕਿਸੇ ਮੌਕੇ 'ਤੇ ਦੋ ਤਲਵਾਰਾਂ (ਸੁਖਦੇਵ ਸਿੰਘ ਸੋਢੀ ਤੇ ਸੁਦਰਸ਼ਨ) ਇਕ ਮਿਆਨ ਵਿਚ ਸਮਾਉਣ ਲਈ ਤਿਆਰ ਹੀ ਹੁੰਦੀਆਂ। ਸੁਦਰਸ਼ਨ ਗਦਰ ਪਾਰਟੀ ਦੇ ਕੰਮ ਲਈ ਤਤਪਰ ਹੈ, ਪਰ ਉਹ ਹਮੇਸ਼ਾਂ ਬਾਪ ਦੀ ਗ਼ੈਰ-ਹਾਜ਼ਰੀ ਦਾ ਲਾਭ ਉਠਾ ਕੇ ਕੰਮ ਕਰਦਾ ਹੈ ਤੇ ਜੇ ਕਿਤੇ ਟਾਕਰੇ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਸਮਝੌਤੇ 'ਤੇ ਉਤਰ ਆਉਂਦਾ ਹੈ। ਇਸੇ ਪ੍ਰਕਾਰ ਇਸ ਨਾਵਲ ਦਾ ਪਾਤਰ ਦਿਆਲਾ ਨਾ ਤਾਂ ਸਮੇਂ ਦੀ ਜਨਤਾ ਦਾ ਪ੍ਰਤੀਕ ਹੈ ਅਤੇ ਨਾ ਹੀ ਨਿੱਜੀ ਰੂਪ ਵਿਚ ਨਾਵਲ ਦੇ ਵਿਸ਼ੇ ਨਾਲ ਸੰਬੰਧ ਰੱਖਦਾ ਹੈ। ਨਾਵਲਕਾਰ ਨੂੰ ਨਾ ਤਾਂ ਗਦਰੀ ਲਹਿਰ ਨਾਲ ਰਾਜਨੀਤਿਕ ਪੱਖੋਂ ਕੋਈ ਹਮਦਰਦੀ ਸੀ ਤੇ ਨਾ ਹੀ ਉਸ ਨੂੰ ਇਸ ਲਹਿਰ ਦੇ ਇਤਿਹਾਸਕ ਰੋਲ ਬਾਰੇ ਪੂਰ ਪੂਰੀ ਜਾਣਕਾਰੀ, ਜਿਸ ਕਰਕੇ ਉਸ ਦਾ ਇਹ ਨਾਵਲ ਇਤਿਹਾਸਕ ਅਤੇ ਕਲਾ ਦੇ ਪੱਖ ਤੋਂ ਕੋਈ ਬਹੁਤੀ ਸਫ਼ਲ ਰਚਨਾ ਨਹੀਂ।

ਉਪਰੋਕਤ ਨਾਵਲਕਾਰਾਂ ਤੋਂ ਬਿਨਾਂ ਕੁਝ ਹੋਰ ਨਾਵਲਕਾਰਾਂ ਨੇ ਵੀ ਇਸ ਪਾਸੇ ਇਕਾ ਦੁੱਕਾ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚੋਂ ਤ੍ਰਿਲੋਕ ਸਿੰਘ ਦਾ ਨਾਵਲ 'ਗੁਰਦਾਸ ਨੰਗਲ ਦੇ ਸ਼ਹੀਦ', ਗਿਆਨੀ ਭਜਨ ਸਿੰਘ ਦਾ 'ਯਾਰੜੇ ਦਾ ਸਥਰ' ਅਤੇ ਹਰਨਾਮ ਦਾਸ ਸਹਿਰਾਈ ਦੇ 'ਲੋਹਗੜ੍ਹ', 'ਸਭਰਾਵਾਂ' ਅਤੇ 'ਅਨੂਪ ਕੌਰ' ਵਰਣਨਯੋਗ ਹਨ।

**7. ਪੰਜਾਬੀ ਵਿਚ ਧਾਰਮਿਕ ਨਾਵਲ**

ਜਿਥੋਂ ਤਕ ਧਾਰਮਿਕ ਨਾਵਲਾਂ ਦੇ ਜਨਮ ਤੇ ਵਿਕਾਸ ਦਾ ਸੰਬੰਧ ਹੈ, ਇਹ ਵੀ ਇਤਿਹਾਸਕ ਨਾਵਲ ਦੇ ਨਾਲ ਪੈਦਾ ਹੋਇਆ ਹੈ, ਇਸ ਦਾ ਵਿਕਾਸ ਵੀ ਇਸ ਦੇ ਸਮਾਨਾਂਤਰ ਹੀ ਹੋਇਆ। ਭਾਈ ਵੀਰ ਸਿੰਘ ਅਤੇ ਚਰਨ ਸਿੰਘ ਸ਼ਹੀਦ ਦੇ ਇਤਿਹਾਸਕ ਨਾਵਲ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਣ ਕਰਕੇ ਤੇ ਸਿੱਖ ਧਰਮ ਦੇ ਪ੍ਰਚਾਰ ਉਦੇਸ਼ ਹਿੱਤ ਲਿਖੇ ਹੋਣ ਕਰਕੇ ਧਾਰਮਿਕ ਨਾਵਲ ਦੀ ਸ਼੍ਰੇਣੀ ਵਿਚ ਵੀ ਰੱਖੇ ਜਾ ਸਕਦੇ ਹਨ, ਪਰ ਨਿਰੋਲ ਧਾਰਮਿਕ ਨਾਵਲ ਲਿਖਣ ਵੱਲ ਪਹਿਲ ਭਾਈ ਮੋਹਨ ਸਿੰਘ ਵੈਦ ਨੇ 'ਸ੍ਰੇਸ਼ਟ ਕੁਲਾਂ ਦੀ ਚਾਲ' ਨਾਂ ਦਾ ਨਾਵਲ 1911 ਈ. ਵਿਚ ਰਚ ਕੇ ਕੀਤੀ। ਉਨ੍ਹਾਂ ਦੇ ਰਚੇ ਹੋਏ ਧਾਰਮਿਕ ਨਾਵਲ 'ਇਕ ਸਿੱਖ ਘਰਾਣਾ', 'ਸੁਭਾਗ ਕੌਰ', ਅਤੇ 'ਦੰਪਤੀ ਪਿਆਰ' ਹਨ। ਗੁਰਦਿਆਲ ਸਿੰਘ ਫੁੱਲ ਅਨੁਸਾਰ ਭਾਈ ਮੋਹਨ ਸਿੰਘ ਦੇ ਨਾਵਲਾਂ ਦਾ ਉਦੇਸ਼ ਹੈ :-

''ਇਨ੍ਹਾਂ ਨਾਵਲਾਂ ਵਿਚ ਮਨਮਤੀਆਂ ਤੇ ਗੁਰਮੁਖ ਪ੍ਰਾਣੀਆਂ ਦਾ ਅੰਤਰਾਤਮਕ ਵਿਸ਼ਲੇਸ਼ਣ ਹੈ, ਆਸਤਕਾਂ ਤੇ ਨਾਸਤਕਾਂ ਦਾ ਖੋਲ ਹੈ, ਪੱਛਮੀ ਸਭਿਅਤਾ ਅਤੇ ਪੂਰਬੀ ਸਭਿਅਤਾ ਦਾ ਘੋਲ ਹੈ, ਨੇਕੀ ਅਤੇ ਬਦੀ ਦਾ

ਮੁਕਾਬਲਾ ਹੈ।''[1]

ਭਾਈ ਮੋਹਨ ਸਿੰਘ ਵੈਦ ਦੇ ਨਾਵਲ ਧਾਰਮਿਕ ਤੇ ਸੁਧਾਰਕ ਹਨ ਤੇ ਇਸੇ ਲੜੀ ਦਾ ਨਾਵਲ 'ਬਾਬਾ ਨੌਧ ਸਿੰਘ' ਕ੍ਰਿਤ ਭਾਈ ਵੀਰ ਸਿੰਘ ਹੈ। ਇਸ ਨਾਵਲ ਵਿਚ ਸੁਭਾਗ ਨਾਂ ਦੀ ਨਾਇਕਾ ਦਾ ਨੌਧ ਸਿੰਘ ਦੁਆਰਾ ਧਾਰਮਿਕ ਸੁਧਾਰ ਹੁੰਦਾ ਵਿਖਾਇਆ ਗਿਆ ਹੈ। ਨਾਵਲ ਦੀ ਕਹਾਣੀ ਤਾਂ ਪਹਿਲੇ ਗਿਣਤੀ ਦੇ ਪੰਨਿਆਂ 'ਤੇ ਖ਼ਤਮ ਹੋ ਜਾਂਦੀ ਹੈ, ਪਰ ਬਾਕੀ ਦਾ ਸਾਰਾ ਨਾਵਲ ਧਾਰਮਿਕ ਉਦੇਸ਼ ਨਾਲ ਭਰਿਆ ਹੋਇਆ ਹੈ। ਇਸ ਸਮੇਂ ਭਾਈ ਅਮਰ ਸਿੰਘ ਨੇ 'ਘਰ ਦਾ ਨਿਰਬਾਹ' ਨਾਂ ਦਾ ਧਾਰਮਿਕ ਤੇ ਸੁਧਾਰਕ ਨਾਵਲ ਲਿਖਿਆ। ਇਸ ਦੇ ਸੱਤ ਭਾਗਾਂ ਵਿਚ ਦੋ ਵਿਚ ਤਾਂ ਕਹਾਣੀ ਰਸ ਹੈ ਪਰ ਬਾਕੀ ਦੇ ਪੰਜ ਭਾਗਾਂ ਵਿਚ ਸਿਧਾਂਤਕ ਵਿਆਖਿਆ 'ਤੇ ਹੀ ਜ਼ੋਰ ਦਿੱਤਾ ਗਿਆ ਹੈ। ਭਾਈ ਅਮਰ ਸਿੰਘ ਨੇ 'ਸੁਚੱਜੀ ਇੰਦਰ ਕੌਰ', 'ਛੋਟੀ ਨੂੰਹ' ਤੇ 'ਸੁਚੱਜੀ ਮਾਂ' ਆਦਿ ਧਾਰਮਿਕ ਨਾਵਲ ਵੀ ਲਿਖੇ ਹਨ, ਜਿਨ੍ਹਾਂ ਦਾ ਆਸ਼ਾ ਸਮਾਜ ਦਾ ਸੁਧਾਰ ਹੀ ਹੈ। ਨਰਿੰਦਰਪਾਲ ਸਿੰਘ ਦੇ ਜਿਨ੍ਹਾਂ ਨਾਵਲਾਂ ਦਾ ਨਾਂ ਉਪਰ ਇਤਿਹਾਸਕ ਨਾਵਲ ਅਧੀਨ ਵਰਣਨ ਕੀਤਾ ਗਿਆ ਹੈ, ਆਸ਼ੇ ਵਜੋਂ ਧਾਰਮਿਕ ਨਾਵਲ ਹਨ।

**8. ਸਮਾਜ ਸੁਧਾਰਕ ਨਾਵਲ**

ਉਪਰੋਕਤ ਮੋਢੀ ਨਾਵਲਕਾਰਾਂ ਨੇ ਭਾਵੇਂ ਧਾਰਮਿਕ ਨਾਵਲ ਰਚੇ ਪਰ ਉਨ੍ਹਾਂ ਦਾ ਆਸ਼ਾ ਸੁਧਾਰਕ ਸੀ, ਜਿਉਂ ਜਿਉਂ ਪੰਜਾਬੀ ਨਾਵਲ ਨੇ ਵਿਕਾਸ ਕੀਤਾ ਇਹ ਸੀਮਿਤ ਸੁਧਾਰ ਜਿਹੜਾ ਸਿੱਖ ਸਮਾਜ ਨੂੰ ਹੀ ਆਪਣੇ ਘੇਰੇ ਵਿਚ ਲੈਂਦਾ ਸੀ ਸਮੁੱਚੇ ਸਮਾਜ ਤਕ ਪਸਰ ਗਿਆ। ਪੰਜਾਬ ਵਿਚ ਚਲੀ ਅਕਾਲੀ ਲਹਿਰ ਦੀ ਅੰਗ੍ਰੇਜ਼ੀ ਹਕੂਮਤ ਨਾਲ ਸਿੱਧੀ ਟੱਕਰ ਹੋ ਗਈ ਤੇ ਇਸ ਨੂੰ ਰਾਸ਼ਟਰਵਾਦੀ ਪਾਰਟੀ ਕਾਂਗਰਸ ਦਾ ਸਮਰਥਨ ਪ੍ਰਾਪਤ ਹੋ ਗਿਆ। ਇਹ ਬੜੇ ਮਾਣ ਦੀ ਗੱਲ ਹੈ ਕਿ ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਵਿਚ ਕੋਈ ਸੰਪ੍ਰਦਾਇਕ ਨਾਵਲ ਪੈਦਾ ਨਹੀਂ ਹੋਇਆ। ਅੰਗਰੇਜ਼ਾਂ ਵਿਰੁੱਧ ਰਾਜਨੀਤਿਕ ਸੰਘਰਸ਼ਾਂ ਦੇ ਤੇਜ਼ ਹੋਣ ਨਾਲ ਸਮਾਜ ਵਿਚ ਜਾਗ੍ਰਿਤੀ ਆਉਣੀ ਸ਼ੁਰੂ ਹੋ ਗਈ ਤੇ ਪੰਜਾਬੀ ਵਿਚ ਸਮਾਜ ਸੁਧਾਰਕ ਨਾਵਲ ਦਾ ਸੂਰਜ ਉਦੈ ਹੋਇਆ। ਨਾਨਕ ਸਿੰਘ ਦੇ ਮੁੱਢਲੇ ਨਾਵਲ 'ਮਤਰੇਈ ਮਾਂ', 'ਪ੍ਰੇਮ ਸੰਗੀਤ', 'ਮਿੱਠਾ ਮਹੁਰਾ' ਅਤੇ 'ਕਾਲ ਚੱਕਰ' ਇਸੇ ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ।

ਸਮਾਜ ਸੁਧਾਰਕ ਨਾਵਲ ਦੇ ਵਿਕਾਸ ਅਤੇ ਸਿਖਰ ਦਾ ਸਮਾਂ 1932 ਤੋਂ 1947 ਈ. ਦੇ ਵਿਚਕਾਰ ਹੈ ਜਿਸ ਸਮੇਂ ਨਾਨਕ ਸਿੰਘ ਨੇ ਉਪਰੋਥਲੀ 'ਚਿੱਟਾ ਲਹੂ', 'ਫ਼ੌਲਾਦੀ ਫੁੱਲ', 'ਕਾਗਤਾਂ ਦੀ ਬੇੜੀ', 'ਪਿਆਰ ਦੀ ਦੁਨੀਆ', 'ਟੁੱਟੀ ਵੀਣਾ', 'ਅੱਧ ਖਿੜਿਆ ਫੁੱਲ', 'ਗੰਗਾ ਜਲੀ ਵਿਚ ਸ਼ਰਾਬ', 'ਪਵਿੱਤਰ ਪਾਪੀ', 'ਜੀਵਨ ਸੰਗ੍ਰਾਮ', 'ਧੁੰਦਲੇ ਪਰਛਾਵੇਂ', 'ਲਵ-ਮੈਰਿਜ', 'ਦੂਰ ਕਿਨਾਰਾ' ਆਦਿ ਨਾਵਲ ਪੰਜਾਬੀ ਸਾਹਿਤ ਨੂੰ ਭੇਟ ਕੀਤੇ। ਇਨ੍ਹਾਂ ਸਾਰੇ ਨਾਵਲਾਂ ਵਿਚ ਨਾਨਕ ਸਿੰਘ ਨੇ ਸਮਾਜ ਦੇ ਕੋਹਜਾਂ ਨੂੰ ਨੰਗਾ ਕਰਕੇ ਉਨ੍ਹਾਂ ਨੂੰ ਦੂਰ ਕਰਨ ਦੇ ਉਪਾਅ ਦੱਸਣ ਦਾ ਯਤਨ ਕੀਤਾ ਹੈ। ਨਾਨਕ ਸਿੰਘ ਨੂੰ ਕਹਾਣੀ ਕਹਿਣ ਦੀ ਪੂਰਣ ਜਾਂਚ ਹੈ ਤੇ ਉਹ ਪਾਠਕਾਂ ਨੂੰ ਕਦੇ ਵੀ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦਾ। ਉਸ ਦੇ ਇਸਤਰੀ ਪਾਤਰ ਭਾਰਤੀ ਸਭਿਆਚਾਰ ਦੀਆਂ ਹੱਦਾਂ ਅੰਦਰ ਹੀ ਰਹਿੰਦੇ ਹਨ ਤੇ ਉਹ ਮਰਯਾਦਾ ਨੂੰ ਕਦੇ ਵੀ ਭੰਗ ਨਹੀਂ ਕਰਦੇ। ਉਸ ਦੇ ਨਾਵਲਾਂ ਦੀ ਗੋਂਦ ਕਾਫ਼ੀ ਪੀਡੀ ਹੁੰਦੀ ਹੈ, ਪਰ ਉਹ ਕਿਤੇ ਕਿਤੇ ਮੌਕਾ ਮੇਲ ਤੋਂ ਵੀ ਕੰਮ ਲੈਂਦਾ ਹੈ। ਉਸ ਦੇ ਬਹੁਤੇ ਨਾਵਲ ਘਟਨਾ ਪ੍ਰਧਾਨ ਹਨ ਜਿਸ ਕਰਕੇ ਉਨ੍ਹਾਂ ਵਿਚ ਪਾਤਰ ਉਸਾਰੀ ਵੱਲ ਪੂਰਾ ਧਿਆਨ ਨਹੀਂ ਦਿੱਤਾ ਗਿਆ।

ਨਾਨਕ ਸਿੰਘ ਨੇ 1947 ਤੋਂ ਬਾਅਦ ਵੀ ਆਪਣੀ ਨਾਵਲ ਰਚਨਾ ਜਾਰੀ ਰੱਖੀ। ਪਹਿਲਾਂ ਇਸ ਨੇ ਪੰਜਾਬ ਦੀ ਵੰਡ ਨਾਲ ਸੰਬੰਧਿਤ 'ਖ਼ੂਨ ਦੇ ਸੋਹਲੇ', 'ਅੱਗ ਦੀ ਖੇਡ', 'ਮੰਝਧਾਰ' ਅਤੇ 'ਚਿੱਤਰਕਾਰ' ਆਦਿ ਨਾਵਲ ਲਿਖੇ ਤੇ 1950 ਤੋਂ ਬਾਅਦ 'ਕੱਟੀ ਹੋਈ ਪਤੰਗ', 'ਸੁਮਨ ਕਾਂਤਾ', 'ਆਦਮਖੋਰ', 'ਨਾਸੂਰ', 'ਸੰਗਮ', 'ਬੰਜਰ', 'ਪੁਜਾਰੀ', 'ਆਸਤਕ', 'ਛਲਾਵਾ', 'ਇਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ ਰਹਿਓ ਰੀ', 'ਗਗਨ ਦਮਾਮਾ ਬਾਜਿਓ' ਆਦਿ ਲਿਖੇ ਜਿਨ੍ਹਾਂ ਵਿਚ ਉਸ ਨੇ ਕਿਤੇ ਕਿਤੇ ਸਮਾਜਵਾਦੀ ਦ੍ਰਿਸ਼ਟੀਕੋਣ ਵੀ

1. *'ਦੁਖਨਿਵਾਰਨ'* ਭਾਈ ਮੋਹਨ ਸਿੰਘ ਵੈਦ, ਨੰਬਰ, 1954

ਅਪਣਾਇਆ। ਨਾਨਕ ਸਿੰਘ ਨੇ ਪੰਜਾਬੀ ਨੂੰ ਗਿਣਨਾਤਮਕ ਪੱਖੋਂ ਸਭ ਤੋਂ ਵਧੇਰੇ ਨਾਵਲ ਦਿੱਤੇ ਹਨ। ਉਸ ਦੇ ਸਾਰੇ ਨਾਵਲ ਸਮਾਜ ਸੁਧਾਰਕ ਹਨ।

ਨਾਨਕ ਸਿੰਘ ਦੇ ਕੁਝ ਸਮਕਾਲੀਆਂ ਨੇ ਵੀ ਇਸ ਸਮੇਂ ਪੰਜਾਬੀ ਵਿਚ ਸਮਾਜ ਸੁਧਾਰਕ ਨਾਵਲ ਲਿਖੇ, ਜਿਨ੍ਹਾਂ ਵਿਚੋਂ ਅਸੀਂ 'ਮੁਰਾਦ' ਕ੍ਰਿਤ ਈਸ਼ਵਰ ਚੰਦਰ ਨੰਦਾ, 'ਪ੍ਰੇਮ ਕਣੀ' ਕ੍ਰਿਤ ਪ੍ਰਿੰਸੀਪਲ ਨਿਰੰਜਨ ਸਿੰਘ, 'ਜਵਾਰਭਾਟਾ', ਕ੍ਰਿਤ ਮਹਿੰਦਰ ਸਿੰਘ ਕੰਵਰ 'ਤਕਸ਼ਲਾ' ਕ੍ਰਿਤ ਪ੍ਰੀਤਮ ਸਿੰਘ ਭਾਟੀਆ ਅਤੇ 'ਪ੍ਰਭਾ' ਜੋਸ਼ੂਆ ਫ਼ਜ਼ਲਦੀਨ ਨੂੰ ਗਿਣ ਸਕਦੇ ਹਾਂ।

ਇਸ ਤੋਂ ਅਗਲੀ ਪੀੜ੍ਹੀ ਦੇ ਸਮਾਜ ਸੁਧਾਰਕ ਨਾਵਲਕਾਰ ਬਲਵੰਤ ਗਾਰਗੀ, ਗੁਰਚਰਨ ਸਿੰਘ ਤੇ ਸੰਤ ਸਿੰਘ ਸੇਖੋਂ ਹਨ ਜਿਨ੍ਹਾਂ ਨੇ ਕ੍ਰਮਵਾਰ 'ਕੱਕਾ ਰੇਤਾ', 'ਵਗਦੀ ਸੀ ਰਾਵੀ' ਅਤੇ 'ਲਹੂ ਮਿੱਟੀ' ਨਾਂ ਦੇ ਨਾਵਲ ਲਿਖੇ। ਇਨ੍ਹਾਂ ਨਾਵਲਾਂ ਨੂੰ ਯਥਾਰਥਵਾਦੀ ਨਾਵਲਾਂ ਦੀ ਸ਼੍ਰੇਣੀ ਵਿਚ ਰੱਖਣਾ ਵਧੇਰੇ ਉਚਿਤ ਹੈ।

## 9. ਪੰਜਾਬੀ ਵਿਚ ਯਥਾਰਥਵਾਦੀ ਨਾਵਲ :

ਪੰਜਾਬੀ ਵਿਚ ਯਥਾਰਥਵਾਦੀ ਦ੍ਰਿਸ਼ਟੀ ਅਨੁਸਾਰ ਲਿਖਣ ਵਾਲੇ ਨਾਵਲਕਾਰਾਂ ਵਿਚੋਂ ਸੁਰਿੰਦਰ ਸਿੰਘ ਨਰੂਲਾ ਦੀ ਪ੍ਰਾਪਤੀ ਦੂਜਿਆਂ ਦੇ ਟਾਕਰੇ ਤੇ ਵਧੇਰੇ ਹੈ। ਉਸ ਦਾ 'ਪਿਉ ਪੁੱਤਰ' ਨਾਵਲ ਵੰਡ ਤੋਂ ਇਕ ਵਰ੍ਹਾ ਪੂਰਵ ਪ੍ਰਕਾਸ਼ਿਤ ਹੋ ਗਿਆ ਸੀ, ਪਰ ਬਾਕੀ ਦੇ ਨਾਵਲ 'ਰੰਗ ਮਹਿਲ', 'ਜਗਰਾਤਾ', 'ਦੀਨ ਤੇ ਦੁਨੀਆਂ', 'ਸਿਲ ਅਲੂਣੀ', 'ਨੀਲੀ ਬਾਰ', 'ਆਪਣੇ ਪਰਾਏ', 'ਲੋਕ ਦੁਸ਼ਮਣ', 'ਜਗਬੀਤੀ', 'ਦਿਲ ਦਰਿਆ' ਵੰਡ ਤੋਂ ਪਿੱਛੋਂ ਛਪੇ ਹਨ। ਨਰੂਲਾ ਸਾਹਿਬ ਦੇ ਹਰ ਨਾਵਲ ਦੀ ਕਹਾਣੀ ਵਿਚ ਨਵੀਨਤਾ ਹੈ। ਉਸ ਨੇ ਕਿਸੇ ਰਵਾਇਤ ਜਾਂ ਪਰੰਪਰਾ ਨੂੰ ਕਬੂਲ ਨਹੀਂ ਕੀਤਾ ਸਗੋਂ ਪਾਤਰਾਂ ਦੀ ਮਨੋ-ਵਿਗਿਆਨਕ ਉਸਾਰੀ, ਘਟਨਾ ਦੇ ਵਿਸਥਾਰ ਪੂਰਵਕ ਬਿਆਨ ਅਤੇ ਸ਼ਹਿਰੀ ਮੱਧ ਸ਼੍ਰੇਣੀ ਦੇ ਯਥਾਰਥਵਾਦੀ ਚਿਤਰਣ ਨਾਲ ਪੰਜਾਬੀ ਨਾਵਲ ਨੂੰ ਪੂਰਨ ਤੌਰ 'ਤੇ ਯਥਾਰਥਵਾਦੀ ਖੇਤਰ ਵਿਚ ਲੈ ਆਂਦਾ ਹੈ। ਉਸ ਦਾ ਦ੍ਰਿਸ਼ਟੀਕੋਣ ਸਮਾਜਵਾਦੀ ਹੈ, ਪਰ ਉਸ ਵਿਚ ਗਾਂਧੀਵਾਦੀ ਅਹਿੰਸਾ ਦੀ ਮਿੱਸ ਹੈ।

## 10. ਸਮਾਜਵਾਦੀ ਨਾਵਲ

ਪੰਜਾਬੀ ਵਿਚ ਸਮਾਜਵਾਦੀ ਨਾਵਲ ਦਾ ਪ੍ਰਵੇਸ਼ ਜਸਵੰਤ ਸਿੰਘ ਕੰਵਲ ਨਾਲ ਹੁੰਦਾ ਹੈ। ਭਾਵੇਂ ਆਪਣੇ ਪਹਿਲੇ ਨਾਵਲ 'ਸੱਚ ਨੂੰ ਫਾਂਸੀ' ਤੇ 'ਪਾਲੀ' ਲਿਖਣ ਸਮੇਂ ਜਸਵੰਤ ਸਿੰਘ ਉਤੇ ਵੇਦਾਂਤ ਦਾ ਪ੍ਰਭਾਵ ਪ੍ਰਤੱਖ ਹੈ ਪਰ 'ਪੂਰਨਮਾਸ਼ੀ' ਤੇ 'ਰਾਤ ਬਾਕੀ ਹੈ', ਨਾਵਲਾਂ ਵਿਚ ਉਸ ਦਾ ਸਮਾਜਵਾਦੀ ਦ੍ਰਿਸ਼ਟੀਕੋਣ ਉਘੜ ਕੇ ਸਾਹਮਣੇ ਆਉਂਦਾ ਹੈ। ਕੰਵਲ ਦੇ ਬਾਕੀ ਨਾਵਲ — 'ਸਿਵਲ ਲਾਈਨਜ਼, 'ਰੂਪਧਾਰਾ, 'ਹਾਣੀ', 'ਤਵਾਰੀਖ ਵੇਖਦੀ ਹੈ', 'ਮਿਤਰ ਪਿਆਰੇ ਨੂੰ' ਅਤੇ 'ਜੇਰਾ' ਵਿਚ ਉਸ ਦੇ ਰਾਜਸੀ ਵਿਚਾਰਾਂ ਦਾ ਸਾਫ਼ ਪਤਾ ਲੱਗਦਾ ਹੈ। ਉਸ ਦੀ ਸਾਰੀ ਰਚਨਾ ਸਮਾਜਕ ਚੇਤਨਾ ਤੇ ਸਮਕਾਲੀ ਰਾਜਸੀ ਵਿਚਾਰਾਂ ਤੋਂ ਪ੍ਰਭਾਵਿਤ ਹੈ।

## 11. ਨਵੀਆਂ ਪ੍ਰਵ੍ਰਿਤੀਆਂ

ਵਿੱਦਿਆ ਦੇ ਪ੍ਰਸਾਰ ਅਤੇ ਸ਼ਹਿਰਾਂ ਦੇ ਵਿਸਥਾਰ ਨਾਲ ਭਾਰਤ ਵਿਚ ਮੱਧ ਸ਼੍ਰੇਣੀ ਦੀ ਸੰਖਿਆ ਵਿਚ ਕਾਫ਼ੀ ਵਾਧਾ ਹੋਇਆ ਹੈ। ਇਸ ਮੱਧ ਸ਼੍ਰੇਣੀ ਦੀਆਂ ਆਪਣੀਆਂ ਭਾਵੁਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਦੀ ਮੰਗ ਉਹ ਸਾਹਿਤ ਪਾਸੋਂ ਵੀ ਕਰਦੀ ਹੈ। ਇਸ ਪ੍ਰਕਾਰ ਦੀ ਮੰਗ ਨੂੰ ਪੂਰਾ ਕਰਨ ਵਾਲੇ ਕੁਝ ਨਾਵਲਕਾਰ ਵੀ ਪੰਜਾਬੀ ਵਿਚ ਪੈਦਾ ਹੋਏ ਹਨ ਜਿਨ੍ਹਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਸੁਰਜੀਤ ਸਿੰਘ ਸੇਠੀ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ, ਮੋਹਨ ਸਿੰਘ ਕਾਹਲੋਂ, ਨਿਰੰਜਨ ਤਸਨੀਮ ਦੇ ਨਾ ਵਰਣਨਯੋਗ ਹਨ। ਨਰਿੰਦਰਪਾਲ ਸਿੰਘ ਵੀ ਇਸ ਖੇਤਰ ਵਿਚ ਆਉਂਦਾ ਹੈ, ਪਰ ਉਸ ਦਾ ਜ਼ਿਕਰ ਇਤਿਹਾਸਕ ਨਾਵਲ ਦੇ ਪ੍ਰਸੰਗ ਵਿਚ ਕੀਤਾ ਜਾ ਚੁੱਕਾ ਹੈ। ਉਸ ਦੇ ਕੁਝ ਨਾਵਲ— 'ਮਲਾਹ', 'ਸੈਨਾਪਤੀ', 'ਉਣਤਾਲੀ ਵਰ੍ਹੇ', 'ਸ਼ਕਤੀ', 'ਤ੍ਰਿਅ ਜਾਲ', 'ਅਮਨ ਦੇ ਰਾਹ' ਅਤੇ 'ਇਕ ਰਾਹ ਇਕ ਪੜਾਅ' ਮੱਧ ਸ਼੍ਰੇਣਿਕ ਰੁਚੀਆਂ ਦੇ ਲਖਾਇਕ ਹਨ। ਇਨ੍ਹਾਂ ਵਿਚ ਰੁਮਾਂਚਕ ਰੰਗ ਵਧੇਰੇ ਪ੍ਰਧਾਨ ਹੈ। ਅੰਮ੍ਰਿਤਾ ਪ੍ਰੀਤਮ ਨੇ 'ਜੈ ਸ਼ਿਰੀ' 'ਡਾਕਟਰ ਦੇਵ', 'ਪਿੰਜਰ', 'ਆਲ੍ਹਣਾ', 'ਬੁਲਾਵਾ', 'ਇਕ ਸਵਾਲ', 'ਆਸ਼ੂ', 'ਬੰਦ ਦਰਵਾਜ਼ਾ', 'ਚੈੱਕ ਨੰਬਰ ਛੱਤੀ', 'ਰੰਗ ਦਾ ਪੱਤਾ', 'ਦਿੱਲੀ ਦੀਆਂ ਗਲੀਆਂ', ਆਦਿ ਨਾਵਲ ਪੰਜਾਬੀ ਸਾਹਿਤ ਨੂੰ ਭੇਟ ਕੀਤੇ ਹਨ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਮੱਧ ਸ਼੍ਰੇਣੀ ਦੀਆਂ ਰੁਚੀਆਂ ਨੂੰ ਪ੍ਰਗਟ ਕਰਨ ਤੇ ਉਸ ਦੀ ਕਾਵਿਕ ਸ਼ੈਲੀ ਕਰਕੇ

ਮਹੱਤਵਪੂਰਨ ਹਨ। ਉਹ ਇਸਤ੍ਰੀ ਜਾਤੀ ਦੇ ਦੱਬੇ ਹੋਏ ਜਜ਼ਬਿਆਂ ਦਾ ਬੜੀ ਸਫ਼ਲਤਾ ਨਾਲ ਵਰਣਨ ਕਰਦੀ ਹੈ। ਉਸ ਦੀਆਂ ਰਚਨਾਵਾਂ ਵਿਚ ਵਿਸ਼ਾਦ ਅਤੇ ਅਤ੍ਰਿਪਤੀ ਦੀ ਗੂੰਜ ਬੜੀ ਤੀਖਣ ਹੈ ਅਤੇ ਕਈ ਨਾਵਲਾਂ ਵਿਚ ਲਿੰਗ ਸੰਬੰਧਾਂ ਦਾ ਬਿਆਨ ਨਗਨਤਾ ਦੀਆਂ ਹੱਦਾਂ ਛੂੰਹਦਾ ਹੈ।

ਸੁਰਜੀਤ ਸਿੰਘ ਸੇਠੀ ਨੇ 'ਜਨਤਾ ਜਾਗੀ', 'ਰੇਤ ਦੇ ਪਹਾੜ', 'ਇਕ ਸ਼ਹਿਰ ਦੀ ਗੱਲ', 'ਕੰਧੀ ਉਤੇ ਰੁਖੜਾ', 'ਇਕ ਖਾਲੀ ਪਿਆਲਾ', ਮਿਲਪੱਥਰ, ਅਲਪੱਥਰ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਅਤੇ 'ਆਬਰਾ ਕਦਾਬਰਾ', ਨਾਂ ਦੇ ਨਾਵਲ ਲਿਖੇ ਹਨ। ਉਸ ਦੀ ਸ਼ੈਲੀ ਮਨੋਵਿਗਿਆਨਕ ਹੈ ਤੇ ਉਸ ਨੇ ਚੇਤਨਾ-ਪ੍ਰਵਾਹ ਦਾ ਪ੍ਰਯੋਗ ਵੀ ਸਫ਼ਲਤਾ ਨਾਲ ਕੀਤਾ ਹੈ। ਕਰਤਾਰ ਸਿੰਘ ਦੁੱਗਲ ਦੇ ਨਾਵਲ 'ਆਂਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ ਹੈ', 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', ਉਸ ਦੀ ਪ੍ਰਕ੍ਰਿਤੀਵਾਦੀ ਰੁਚੀ ਦੇ ਸੂਚਕ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ', ਇਸਤ੍ਰੀ ਜਾਤੀ ਦੇ ਦੁਖਾਂਤ ਹਨ। ਉਸ ਦੇ ਨਿੱਜੀ ਅਨੁਭਵ ਦੀ ਉਪਜ ਜਾਪਦੇ ਹਨ। ਨਿਰੰਜਨ ਤਸਨੀਮ ਸ਼ਹਿਰੀ ਮੱਧ ਸ਼੍ਰੇਣੀ ਦੀ ਕਾਮ ਭੁੱਖ ਤੇ ਲਿੰਗ ਨਾਲ ਸੰਬੰਧਿਤ ਵਿਸ਼ਿਆਂ ਨੂੰ ਲੈ ਕੇ ਨਾਵਲ ਕਰਦਾ ਹੈ। ਉਸ ਨੇ 'ਪਰਛਾਵੇਂ', 'ਕਸਕ', 'ਤੇੜਾਂ ਦੇ ਰੂਪ' ਆਦਿ ਨਾਵਲ ਲਿਖੇ ਹਨ। ਮੋਹਨ ਕਾਹਲੋਂ ਨੇ ਪੰਜਾਬ ਦੇ ਦਰਿਆ ਰਾਵੀ ਲਾਗੇ ਵੱਸਦੇ ਗੁੱਜਰ ਤੇ ਜੱਟਾਂ ਨੂੰ ਆਪਣੇ ਨਾਵਲਾਂ 'ਮੱਛਲੀ ਇਕ ਦਰਿਆ ਦੀ' ਅਤੇ 'ਬੇੜੀ ਤੇ ਬਰੇਤਾ' ਦੇ ਪਾਤਰਾਂ ਦੇ ਤੌਰ 'ਤੇ ਚੁਣਿਆ ਹੈ ਤੇ ਉਨ੍ਹਾਂ ਦੇ ਜੀਵਨ ਨੂੰ ਯਥਾਰਥਵਾਦੀ ਢੰਗ ਨਾਲ ਬਿਆਨ ਕੀਤਾ ਹੈ।

ਆਧੁਨਿਕ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਦਾ ਉਲੇਖ ਕਰਨਾ ਵੀ ਜ਼ਰੂਰੀ ਹੈ। ਉਹ 'ਮੜ੍ਹੀ ਦਾ ਦੀਵਾ', 'ਅਣਹੋਏ', 'ਰੇਤ ਦੀ ਇਕ ਮੁੱਠੀ', 'ਕੁਵੇਲਾ', 'ਅੱਧ ਚਾਨਣੀ ਰਾਤ', ਅਤੇ 'ਅੰਨ੍ਹੇ ਘੋੜੇ ਦਾ ਦਾਨ', 'ਪਰਸਾ ਅਤੇ ਆਹਣ' ਨਾਂ ਦੇ ਨਾਵਲ ਪ੍ਰਕਾਸ਼ਿਤ ਕਰ ਚੁੱਕਾ ਹੈ। ਉਸ ਦੇ ਨਾਵਲਾਂ ਦੇ ਵਿਸ਼ੇ ਯਥਾਰਥਵਾਦੀ ਤੇ ਪਾਤਰ ਉਸਾਰੀ ਬੜੀ ਨਿਗਰ ਹੈ। ਉਹ ਨੇ ਆਪਣੀ ਨਵੇਕਲੀ ਸ਼ੈਲੀ ਅਤੇ ਕਲਾਤਮਕ ਪ੍ਰਾਪਤੀ ਸਦਕਾ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ।

### 12. ਨਾਵਲੈਟ ਦਾ ਵਿਕਾਸ

ਪੰਜਾਬੀ ਵਿਚ ਛੋਟੇ ਨਾਵਲ (ਨਾਵਲੈਟ) ਲਿਖਣ ਦਾ ਤਜ਼ਰਬਾ ਵੀ ਵਿਸ਼ੇਸ਼ ਵਰਣਨ ਦੀ ਮੰਗ ਕਰਦਾ ਹੈ। ਸ਼ਾਇਦ ਨਾਵਲੈਟ ਲਿਖਣ ਦਾ ਪਹਿਲਾ ਤਜ਼ਰਬਾ ਡਾ. ਮੋਹਨ ਸਿੰਘ ਵੈਦ ਨੇ 'ਰਮਿੰਦਰ ਕੌਰ' ਲਿਖ ਕੇ ਕੀਤਾ। ਇਸ ਤੋਂ ਬਾਅਦ ਉਸ ਨੇ 'ਸੁਭਾਗ ਕੌਰ' ਤੇ 'ਇਕ ਸੁਖੀ ਪਰਿਵਾਰ' ਨਾਂ ਦੀਆਂ ਲੰਬੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਨੂੰ ਨਾਵਲੈਟ ਕਹਿਣਾ ਯੋਗ ਹੈ। ਡਾ. ਅਮਰ ਸਿੰਘ ਨੇ ਵੀ ਦੋ ਨਾਵਲੈਟ ਰਚੇ ਜਿਹੜੇ 'ਦੋ ਉਤਮ ਜੀਵਨ' ਅਤੇ 'ਫਤਹਿ ਸਿੰਘ' ਨਾਵਾਂ ਅਧੀਨ ਛਪੇ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਰਚਨਾ 'ਅਣਵਿਆਹੀ ਮਾਂ' ਵੀ ਨਾਵਲੈਟ ਦੀ ਸ਼੍ਰੇਣੀ ਵਿਚ ਹੀ ਆਉਂਦੀ ਹੈ। ਨਾਨਕ ਸਿੰਘ ਦੇ ਇਕ ਸਮਕਾਲੀ ਮੀਰਾ ਬਖ਼ਸ਼ ਮਿਨਹਾਸ ਦੀ ਰਚਨਾ 'ਨਵਾਬ ਖ਼ਾਂ' ਵੀ ਨਾਵਲੈਟ ਹੀ ਹੈ। ਇਹ ਇਕ ਸੌ ਤੋਂ ਕੁਝ ਵਧੇਰੇ ਪੰਨਿਆਂ ਦੀ ਪੁਸਤਕ ਹੈ। ਪ੍ਰੋ. ਆਈ. ਸੀ. ਨੰਦਾ ਨੇ ਵੀ ਇਕ ਨਾਵਲੈਟ 'ਤੇਗ ਕੌਰ' ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਲਿਖੀ। ਸੋਹਨ ਸਿੰਘ ਸੀਤਲ ਦੀਆਂ ਪਹਿਲੀਆਂ ਗਲਪ ਰਚਨਾਵਾਂ ਵੀ ਲਘੂ ਨਾਵਲ ਨਾਵਲੈਟ ਦੀ ਸ਼੍ਰੇਣੀ ਵਿਚ ਹੀ ਰੱਖੀਆਂ ਜਾ ਸਕਦੀਆਂ ਹਨ। ਇਸ ਤੋਂ ਬਿਨਾਂ ਸੰਤੋਖ ਸਿੰਘ ਧੀਰ ਦਾ ਨਾਵਲੈਟ 'ਸ਼ਰਾਬੀ' ਅਤੇ ਨਾਟਕ ਸਿੰਘ ਦੇ 'ਅਣਸੀਤੇ ਜ਼ਖ਼ਮ' ਅਤੇ 'ਪੱਥਰ ਦੇ ਖੰਡ' ਵਰਣਨਯੋਗ ਹਨ।

### 13. ਅਨੁਵਾਦਿਤ ਨਾਵਲ

ਨਾਵਲ ਦੇ ਖੇਤਰ ਵਿਚ ਅਨੁਵਾਦਿਤ ਰਚਨਾਵਾਂ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ। ਪ੍ਰੋ. ਕਰਤਾਰ ਸਿੰਘ ਨੇ 'ਕੌਮੀ ਪਰਵਾਨਾ', 'ਕਰਮਾਂ ਦੀ ਖੇਡ', ਤੇ 'ਦੁਖੀਏ', ਨਰਿੰਦਰ ਸਿੰਘ ਸੋਚ ਨੇ 'ਮਜ਼ਦੂਰ', ਨਾਨਕ ਸਿੰਘ ਨੇ 'ਪੱਥਰ ਕਾਂਬਾ', 'ਪਤਝੜ ਦੇ ਪੰਛੀ', 'ਪ੍ਰਾਸ਼ਿਚਤ', 'ਫ਼ਰਾਂਸ ਦਾ ਡਾਕੂ' ਤੇ ਰਜਨੀ' ਆਦਿ, ਪ੍ਰੋ. ਮੋਹਨ ਸਿੰਘ ਨੇ 'ਧਰਤੀ ਪਾਸਾ ਪਰਤਿਆ', ਪਿਆਰਾ ਸਿੰਘ ਦਾਤਾ ਨੇ 'ਧਰਤੀ ਲਾਲੋ ਲਾਲ', ਜਗਜੀਤ ਸਿੰਘ ਆਨੰਦ ਨੇ 'ਸਤਰੰਗੀ ਪੀਂਘ', ਕਰਤਾਰ ਸਿੰਘ ਸੂਰੀ ਨੇ 'ਟੁੱਟਿਆ ਆਲ੍ਹਣਾ', ਪਿਆਰਾ ਸਿੰਘ ਭੌਰ ਨੇ 'ਟੱਪਰੀ ਵਾਸ'

ਅਨੁਵਾਦਿਤ ਰਚਨਾਵਾਂ ਪੰਜਾਬੀ ਸਾਹਿਤ ਦੀ ਭੇਂਟ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਮੈਕਸਮ ਗੋਰਕੀ, ਤੁਰਗਨੇਵ, ਦਸਤੋਵਸਕੀ, ਫਾਈਦੇਵ ਆਦਿ ਰੂਸੀ ਨਾਵਲਕਾਰਾਂ ਅਤੇ ਅਰਨਿਸਟ ਹੈਮਿੰਗਵੇ ਜਿਹੇ ਅਮਰੀਕਨ ਨਾਵਲਕਾਰਾਂ ਦੀਆਂ ਪ੍ਰਸਿੱਧ ਰਚਨਾਵਾਂ ਦੇ ਅਨੁਵਾਦ ਵੀ ਕੀਤੇ ਗਏ ਹਨ।

ਪੰਜਾਬੀ ਨਾਵਲ ਖੇਤਰ ਵਿਚ ਕੁਝ ਅਜਿਹੇ ਲੇਖਕ ਹੋਰ ਵੀ ਹਨ ਜਿਨ੍ਹਾਂ ਦਾ ਜ਼ਿਕਰ ਉਪਰ ਨਹੀਂ ਕੀਤਾ ਜਾ ਸਕਿਆ ਕਿਉਂਕਿ ਉਨ੍ਹਾਂ ਨੂੰ ਭਿੰਨ ਭਿੰਨ ਪ੍ਰਵ੍ਰਿਤੀਆਂ ਵਾਲੇ ਨਾਵਲਾਂ ਅਧੀਨ ਵਿਚਾਰਨਾ ਉਚਿਤ ਨਹੀਂ ਸੀ ਜਾਪਦਾ। ਇਹ ਨਾਵਲਕਾਰ ਹਨ : ਸੁਰਿੰਦਰਜੀਤ ਬਰਾੜ (ਕਰਤਾ ਦਾਵਾਨਲ ਅਤੇ ਮਰੀਚਕਾ), ਮਹਿੰਦਰ ਸਿੰਘ ਸਰਨਾ (ਕਰਤਾ ਪੀੜਾਂ ਮਲੇ ਰਾਹ, ਕਾਗਾਂ ਦੇ ਕੰਢੇ, ਨੀਲਾ ਗੁਲਾਬ), ਕਿਰਪਾਲ ਸਿੰਘ ਕਸੇਲ (ਕਰਤਾ ਵਾਰਡ ਨੰਬਰ ਦਸ), ਸੋਹਨ ਸਿੰਘ ਸੀਤਲ (ਕਰਤਾ ਤੂਤਾਂ ਵਾਲਾ ਖੂਹ, ਕਾਲੇ ਪਰਛਾਵੇਂ, ਜੰਗ ਤੇ ਅਮਨ, ਵਿਜੋਗਨ, ਅੰਨ੍ਹੀ ਸੁੰਦਰਤਾ, ਪਤਵੰਤੇ ਕਾਤਿਲ, ਜੁਗ ਬਦਲ ਗਿਆ, ਬਦਲਾ), ਹਰੀ ਸਿੰਘ ਦਿਲਬਰ (ਕਰਤਾ ਨਦੀਆਂ ਦੇ ਵਹਿਣ, ਬਾਹਿੰ ਜਿਨਾ ਦੀ ਪਕੜੀਏ), ਸਾਧੂ ਸਿੰਘ ਹਮਦਰਦ, ਸੰਤ ਈਸ਼ਰ ਸਿੰਘ ਚਕਰਵਰਤੀ, ਦਰਸ਼ਨ ਸਿੰਘ ਅਵਾਰਾ, ਨੌਰੰਗ ਸਿੰਘ, ਮਨਜੀਤ ਸਿੰਘ ਰਾਣਾ, ਗੁਰਮੁਖ ਸਿੰਘ ਜੀਤ, ਜਗਮੀਤ ਬਰਾੜ, ਬੂਟਾ ਸਿੰਘ ਸ਼ਾਦ।

ਇਸ ਤਰ੍ਹਾਂ ਪੰਜਾਬੀ ਨਾਵਲ ਦੇ ਅੱਸੀ ਵਰ੍ਹਿਆਂ ਵਿਚ ਇਤਿਹਾਸਕ, ਧਾਰਮਿਕ, ਸਮਾਜਕ ਸੁਧਾਰਕ, ਯਥਾਰਥਵਾਦੀ, ਸਮਾਜਵਾਦੀ ਆਦਿ ਵੰਨਗੀਆਂ ਦੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਭੰਡਾਰ ਵਿਚ ਨਿਗਰ ਵਾਧਾ ਕੀਤਾ ਹੈ ਤੇ ਹੁਣ ਇਸ ਵਿਚ ਮੱਧ ਸ਼੍ਰੇਣੀ ਦੀਆਂ ਨਵੀਨ ਰਚੀਆਂ ਦਾ ਖੁੱਲ੍ਹਾ ਪ੍ਰਗਟ ਕੀਤਾ ਜਾ ਰਿਹਾ ਹੈ ਤੇ ਚੇਤਨਾ-ਪ੍ਰਵਾਹ ਦੇ ਪ੍ਰਯੋਵ ਵੀ ਕੀਤੇ ਜਾ ਰਹੇ ਹਨ। ਜਿਉਂ ਜਿਉਂ ਜੀਵਨ ਗੁੰਝਲਦਾਰ ਬਣ ਰਿਹਾ ਹੈ ਤਿਉਂ ਤਿਉਂ ਨਾਵਲ ਵੀ ਨਿਰੰਤਰ ਵਿਕਸਿਤ ਹੋ ਰਿਹਾ ਹੈ।

## 1960 ਤੋਂ ਪਿੱਛੋਂ ਦਾ ਨਾਵਲ

1960 ਤੋਂ ਪਿਛੋਂ ਪੰਜਾਬੀ ਨਾਵਲ ਵਿਚ ਵੀ ਨਵੇਂ ਝੁਕਾਅ ਪੈਦਾ ਹੋਏ ਹਨ। ਇਨ੍ਹਾਂ ਝੁਕਾਵਾਂ ਨੂੰ ਮੋਟੇ ਤੌਰ ਤੇ ਰੁਮਾਂਸਵਾਦੀ, ਯਥਾਰਥਵਾਦੀ, ਪ੍ਰਯੋਗਵਾਦੀ, ਤੇ ਜੁਝਾਰਵਾਦੀ ਦਾ ਨਾਂ ਦਿੱਤਾ ਜਾ ਸਕਦਾ ਹੈ। ਇਨ੍ਹਾਂ ਤੋਂ ਪਹਿਲਾਂ ਧਾਰਮਿਕ ਸ਼ੁੱਧਵਾਦ, ਸਮਾਜਕ ਸੁਧਾਰਵਾਦ ਤੇ ਮਾਨਵਵਾਦ ਪੰਜਾਬੀ ਨਾਵਲ ਵਿਚ ਪ੍ਰਮੁੱਖ ਪ੍ਰਵ੍ਰਿਤੀਆਂ ਹਨ।

### 1. ਰੁਮਾਂਸਵਾਦੀ ਨਾਵਲ

ਅੰਮ੍ਰਿਤਾ ਪ੍ਰੀਤਮ ਦੇ ਲਗਭਗ ਸਾਰੇ ਨਾਵਲ, ਜਸਵੰਤ ਸਿੰਘ ਕੰਵਲ ਦੇ 'ਮਿੱਤਰ ਪਿਆਰੇ ਨੂੰ' ਅਤੇ 'ਜੇਰਾ', ਦਲੀਪ ਕੌਰ ਟਿਵਾਣਾ ਦਾ 'ਅਗਨੀ ਪ੍ਰੀਖਿਆ ਅਤੇ ਕਰਤਾਰ ਸਿੰਘ ਦੁੱਗਲ ਦੇ ਨਾਵਲ ਰੁਮਾਂਸਵਾਦੀ ਝੁਕਾਅ ਨੂੰ ਹੀ ਦਰਸਾਉਂਦੇ ਹਨ। ਇਨ੍ਹਾਂ ਨਾਵਲਾਂ ਦਾ ਕੇਂਦਰੀ ਵਿਸ਼ਾ ਪਿਆਰ ਹੈ ਅਤੇ ਇਨ੍ਹਾਂ ਦੀ ਸ਼ੈਲੀ ਕਾਵਿਕ ਹੈ। ਅੰਮ੍ਰਿਤਾ ਪ੍ਰੀਤਮ ਦੇ 'ਇਕ ਸਵਾਲ', 'ਬੰਦ ਦਰਵਾਜ਼ਾ', 'ਚੱਕ ਨੰਬਰ ਛੱਤੀ', 'ਬੁਲਾਵਾ' ਤੇ 'ਦਿੱਲੀ ਦੀਆਂ ਗਲੀਆਂ', ਉਸ ਦੇ ਕਾਵਿਕ ਅਨੁਭਵ ਦੇ ਹੀ ਲਖਾਇਕ ਹਨ। ਉਸ ਨੇ ਇਸਤ੍ਰੀ ਮਰਦਾਂ ਦੇ ਸੰਬੰਧਾਂ ਨੂੰ ਇਸਤ੍ਰੀ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ ਤੇ ਇਸ ਲਈ ਉਹ ਇਕ ਉਪਭਾਵਕ ਤੇ ਰੁਮਾਂਟਿਕ ਵਾਤਾਵਰਣ ਉਸਾਰਨ ਵਿਚ ਵੀ ਸਫ਼ਲ ਹੋ ਸਕੀ ਹੈ। ਕੰਵਲ ਦਾ ਨਾਵਲ 'ਮਿੱਤਰ ਪਿਆਰੇ ਨੂੰ' ਰੁਮਾਂਟਿਕ ਸ਼ੈਲੀ ਅਤੇ ਆਦਰਸ਼ਕ ਸੰਘਰਸ਼ ਦਾ ਉਦਾਹਰਣ ਹੈ। ਇਹ ਨਾਵਲ ਇਕ ਪ੍ਰੇਮਿਕਾ ਵੱਲੋਂ ਪ੍ਰੇਮੀ ਨੂੰ ਲਿਖੀ ਇਕ ਉਪਭਾਵਕ ਜਿਹੀ ਲੰਬੀ ਚਿੱਠੀ ਤੋਂ ਵੱਧ ਕੁਝ ਹੈ। 'ਜੇਰਾ' ਵਿਚ ਵੀ ਕੰਵਲ ਨੇ ਇਕ ਯਥਾਰਥਕ ਸਮੱਸਿਆ ਨੂੰ ਹੱਥ ਪਾ ਕੇ ਉਸ ਨੂੰ ਰੁਮਾਂਟਿਕ ਜਿਹੇ ਢੰਗ ਨਾਲ ਨਿਪਟਾਇਆ ਹੈ। ਟਿਵਾਣਾ ਦੇ ਨਾਵਲ 'ਅਗਨੀ ਪ੍ਰੀਖਿਆ' ਵਿਚ ਆਦਰਸ਼ਕ ਤੇ ਅਫ਼ਲਾਤੂਨੀ ਜਿਹੇ ਪਿਆਰ ਦੀ ਲੋਚਾ ਕਰਨ ਵਾਲੀ ਇਕ ਕੁੜੀ ਦੀ ਕਹਾਣੀ ਹੈ। ਦੁੱਗਲ ਦੇ ਨਾਵਲ 'ਇਕ ਦਿਲ ਵਿਕਾਊ ਹੈ', 'ਮੇਰਾ ਦਿਲ ਮੋੜ ਦੇ' ਤੇ 'ਦਿਲ ਦਰਿਆ' ਆਦਿ ਉਸ ਦੀਆਂ ਕਹਾਣੀਆਂ ਵਾਂਗ ਹੀ ਗ਼ੈਰ-ਕੁਦਰਤੀ ਲਿੰਗ-ਸੰਬੰਧਾਂ, ਵਿਚਿੱਤਰ ਪਾਤਰਾਂ ਦੇ ਉਲਾਰ ਮਨੋਬਿਰਤੀਆਂ ਵਾਲੇ ਮਨੁੱਖਾਂ ਦੀਆਂ ਕਹਾਣੀਆਂ ਹਨ। ਇਸੇ ਲਈ ਇਨ੍ਹਾਂ ਨਾਵਲਾਂ ਦਾ ਪ੍ਰਭਾਵ ਰੁਮਾਂਟਿਕ ਹੈ।

### 2. ਯਥਾਰਥਵਾਦੀ ਨਾਵਲ

ਗੁਰਦਿਆਲ ਸਿੰਘ, ਮੋਹਨ ਕਾਹਲੋਂ, ਸੁਰਜੀਤ ਹਾਂਸ, ਸੁਖਬੀਰ ਤੇ ਬੂਟਾ ਸਿੰਘ ਸ਼ਾਦ ਨੇ ਕੁਝ ਅਜਿਹੇ

ਨਾਵਲ ਲਿਖੇ ਹਨ ਜਿਨ੍ਹਾਂ ਨੂੰ ਨਿਰੋਲ ਯਥਾਰਥਵਾਦੀ ਨਾਵਲ ਕਿਹਾ ਜਾ ਸਕਦਾ ਹੈ। ਦਲੀਪ ਕੌਰ ਟਿਵਾਣਾ ਦਾ ਪੰਜ ਹਜ਼ਾਰੀ ਨਾਵਲ 'ਏਹੁ ਹਮਾਰਾ ਜੀਵਣਾ' ਵੀ ਇਸੇ ਝੁਕਾਅ ਦੇ ਅਧੀਨ ਰੱਖਿਆ ਜਾ ਸਕਦਾ ਹੈ।

ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ', 'ਅਣਹੋਏ' ਤੇ 'ਅੱਧ ਚਾਨਣੀ ਰਾਤ' ਵਰਗੇ ਨਾਵਲ ਲਿਖ ਕੇ ਪੰਜਾਬ ਦੇ ਪੇਂਡੂ ਜੀਵਨ ਦੀਆਂ ਨਿੱਕੀਆਂ-2 ਸਮੱਸਿਆਵਾਂ ਦਾ ਅਤੇ ਸਾਧਾਰਨ ਮਨੁੱਖਾਂ ਦੀਆਂ ਤੋਟਾਂ ਤੇ ਅਤ੍ਰਿਪਤੀਆਂ ਦਾ ਬੜਾ ਯਥਾਰਥ-ਮਈ ਚਿਤਰਣ ਪੇਸ਼ ਕੀਤਾ ਹੈ। 'ਮੜ੍ਹੀ ਦਾ ਦੀਵਾ' ਵਿਚ ਜਗਸੀਰ ਦੁਆਰਾ ਨਾਵਲਕਾਰ ਨੇ ਲਘੂ-ਮਨੁੱਖ ਦੀ ਜਿਉਣ ਮਰਨ ਦੀ ਅਥਾਹ ਸ਼ਕਤੀ ਨੂੰ ਰੂਪਮਾਨ ਕਰਕੇ ਪੰਜਾਬ ਦੇ ਦੱਬੇ ਕੁਚਲੇ ਕ੍ਰਿਤੀਆਂ ਦੀ ਮੂਕ-ਵੇਦਨਾ ਨੂੰ ਜ਼ਬਾਨ ਦਿੱਤੀ ਹੈ। 'ਅਣਹੋਏ' ਵਿਚ ਵੀ ਬਿਸ਼ਨੇ, ਮਾਘੀ ਅਤੇ ਦਇਆ ਕੌਰ ਦੇ ਰੂਪ ਵਿਚ ਜਗਸੀਰ ਦੇ ਚਰਿੱਤਰ ਨੂੰ ਹੀ ਵਧੇਰੇ ਜਾਗਰਤ ਅਤੇ ਕਰਮਸ਼ੀਲ ਰੂਪ ਵਿਚ ਪ੍ਰਗਟਾਇਆ ਹੈ। 'ਅੱਧ ਚਾਨਣੀ ਰਾਤ' ਵਿਚ ਵੀ ਪੰਜਾਬ ਦੇ ਪਿੰਡਾਂ ਵਿਚ ਵਾਪਰਦੇ ਨਿੱਕੇ ਨਿੱਕੇ ਹਾਦਸਿਆਂ ਦਾ ਬਹੁਤ ਨੇੜਿਉਂ ਵੇਖਿਆ ਅਤੇ ਹੱਡੀਂ ਜੀਵਿਆ ਅਨੁਭਵ ਹੈ। ਇਸ ਸਮੇਂ ਗੁਰਦਿਆਲ ਸਿੰਘ ਦੇ ਹੋਰ ਨਾਵਲ 'ਕੁਵੇਲਾ' ਅਤੇ 'ਰੇਤ ਦੀ ਮੁਠੀ' ਵੀ ਸਾਹਮਣੇ ਆਉਂਦੇ ਹਨ।

ਗੁਰਦਿਆਲ ਸਿੰਘ ਵਾਂਗ ਮੋਹਨ ਕਾਹਲੋਂ ਨੇ ਵੀ ਸਥਾਨਕ ਬੋਲੀ ਅਤੇ ਯਥਾਰਥਕ ਬੋਲੀ ਰਾਹੀਂ ਮੱਛਲੀ ਇਕ ਦਰਿਆ ਦੀ', 'ਬੇੜੀ ਤੇ ਬਰੇਤਾ' ਤੇ 'ਪਰਦੇਸੀ ਰੁੱਖ' ਨਾਂ ਦੇ ਨਾਵਲਾਂ ਵਿਚ ਆਪਣਾ ਯਥਾਰਥਕ ਅਨੁਭਵ ਪੇਸ਼ ਕੀਤਾ ਹੈ, ਪਰ 'ਪਰਦੇਸੀ ਰੁੱਖ' ਤੋਂ ਬਿਨਾਂ ਬਾਕੀ ਨਾਵਲਾਂ ਵਿਚ ਉਹ ਜੀਵਨ ਦੀ ਵਿਸ਼ਾਲਤਾ ਅਤੇ ਜਟਿਲਤਾ ਨੂੰ ਆਪਣੇ ਬਹੁ-ਰੰਗੇ ਪਾਸਾਰ ਵਿਚ ਪੇਸ਼ ਨਹੀਂ ਕਰ ਸਕਿਆ। ਜਾਗੀਰਦਾਰੀ ਸਮਾਜ ਦੇ ਔਰਤ ਮਰਦ ਦੇ ਪਿਆਰ ਸੰਬੰਧਾਂ ਨੂੰ 1947 ਦੀ ਪੰਜਾਬ ਦੀ ਵੰਡ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਇਕਹਿਰੇ ਜਿਹੇ ਢੰਗ ਨਾਲ ਹੀ ਪੇਸ਼ ਕਰ ਸਕਿਆ ਹੈ। ਉਪਰੋਕਤ ਨਾਵਲਾਂ ਤੋਂ ਪਿੱਛੋਂ ਮੋਹਨ ਕਾਹਲੋਂ ਨੇ 'ਰਾਵੀ ਦੇ ਪੱਤਣ', 'ਗੋਰੀ ਨਦੀ ਦਾ ਗੀਤ' ਅਤੇ 'ਬਰਾਬਰੀ ਦੀ ਰਾਣੀ' ਨਾਵਲ 1980 ਤੱਕ ਪੰਜਾਬੀ ਨੂੰ ਦਿੱਤੇ। ਬੂਟਾ ਸਿੰਘ ਨੇ, 'ਅੱਧੀ ਰਾਤ ਪਹਿਰ ਦਾ ਤੜਕਾ' ਅਤੇ 'ਕੁੱਤਿਆਂ ਵਾਲੇ ਸਰਦਾਰ' ਨਾਵਲਾਂ ਵਿਚ ਜਾਗੀਰਦਾਰੀ ਰਿਸ਼ਤਿਆਂ ਵਿਚ ਬੱਝੇ ਪੇਂਡੂ ਸਮਾਜ ਤੋਂ ਨਵੇਂ ਪੋਚ ਨੂੰ ਬਗਾਵਤ ਕਰਦਿਆਂ ਦਿਖਾਇਆ ਹੈ। ਇਨ੍ਹਾਂ ਸਾਰੇ ਨਾਵਲਾਂ ਦੇ ਪਾਤਰ ਸਾਡੇ ਨਿੱਤ ਦੇ ਜਾਣੇ ਪਛਾਣੇ ਮਨੁੱਖ ਹਨ। ਇਨ੍ਹਾਂ ਦੀਆਂ ਕਹਾਣੀਆਂ ਸਾਡੀਆਂ ਆਪਣੀਆਂ ਕਹਾਣੀਆਂ ਹਨ ਅਤੇ ਇਨ੍ਹਾਂ ਦੀ ਭਾਸ਼ਾ ਆਪੋ ਆਪਣੇ ਇਲਾਕੇ ਦੀ ਸਥਾਨਕ ਭਾਸ਼ਾ ਹੈ। ਇਹੋ ਲੱਛਣ ਇਨ੍ਹਾਂ ਨੂੰ ਯਥਾਰਥਵਾਦੀ ਨਾਵਲ ਸਿੱਧ ਕਰਦੇ ਹਨ।

### 3. ਪ੍ਰਯੋਗਵਾਦੀ ਨਾਵਲ

ਰੁਮਾਂਸਵਾਦੀ ਤੇ ਯਥਾਰਥਵਾਦੀ ਨਾਵਲ ਅਸਲੋਂ ਨਵੇਂ ਪ੍ਰਯੋਗ ਨਹੀਂ ਸਨ ਕਿਉਂਕਿ ਇਨ੍ਹਾਂ ਦੋਹਾਂ ਝੁਕਾਵਾਂ ਦੀ ਹੋਂਦ 1960 ਤੋਂ ਪਹਿਲਾਂ ਦੇ ਨਾਵਲਾਂ ਵਿਚ ਵੀ ਮਿਲ ਜਾਂਦੀ ਹੈ। ਪ੍ਰਯੋਗਵਾਦੀ ਅਜਿਹੇ ਨਾਵਲ ਹਨ, ਜਿਨ੍ਹਾਂ ਵਿਚ ਪੱਛਮ ਦੇ ਚੇਤਨਾ-ਪ੍ਰਵਾਹੀ ਨਾਵਲਾਂ ਦੀ ਤਕਨੀਕ ਨੂੰ ਚੇਤੰਨ ਤੌਰ ਤੇ ਪ੍ਰਯੋਗ ਵਿਚ ਲਿਆਉਣ ਦਾ ਯਤਨ ਕੀਤਾ ਗਿਆ ਹੈ। ਜਿਥੇ ਰੁਮਾਂਸਵਾਦੀ ਨਾਵਲ ਵਿਅਕਤੀ ਦੇ ਪ੍ਰਸੰਗ ਵਿਚ ਹੀ ਚਿਤਰਿਆ ਹੈ। ਜੇਮਜ਼ ਜਾਂ ਵਰਜੀਨੀਆਂ ਵੂਲਫ ਜਿਹੇ ਨਾਵਲਕਾਰਾਂ ਤੋਂ ਪ੍ਰਭਾਵਿਤ ਹੋ ਕੇ ਸੁਰਜੀਤ ਸਿੰਘ ਸੇਠੀ, ਨਰਿੰਜਨ ਤਸਨੀਮ, ਜਗਜੀਤ ਸਿੰਘ ਬਰਾੜ, ਮਨਜੀਤ ਰਾਣਾ ਆਦਿ ਨੇ ਪੰਜਾਬੀ ਵਿਚ ਇਸ ਤਕਨੀਕ ਦਾ ਪ੍ਰਯੋਗ ਕੀਤਾ ਹੈ। ਉਦਾਹਰਣ ਲਈ ਸੁਰਜੀਤ ਸਿੰਘ ਸੇਠੀ ਦਾ 'ਇਕ ਖਾਲੀ ਪਿਆਲਾ' ਨਾਵਲ ਉਸ ਦੀ ਨਾਇਕਾ ਰੋਮਾਂ ਦੀ ਅੱਠ ਘੰਟਿਆਂ ਦੀ ਬਾਹਰਮੁੱਖੀ ਜ਼ਿੰਦਗੀ ਦਾ ਬ੍ਰਿਤਾਂਤ ਹੈ ਪਰ ਇਨ੍ਹਾਂ ਅੱਠਾਂ ਘੰਟਿਆਂ ਵਿਚ ਉਹ ਆਪਣੀ ਬੀਤ ਚੁੱਕੀ ਜ਼ਿੰਦਗੀ ਨੂੰ ਆਪਣੇ ਮਨ-ਅੰਤਰ ਵਿਚ ਹਢਾਉਂਦੀ ਹੈ। 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਤੇ 'ਆਬਰਾ ਕਦਾਬਰਾਂ' ਵਿਚ ਵੀ ਅਜਿਹੀਆਂ ਚੇਤਨਾ-ਪ੍ਰਵਾਹੀ ਅਤੇ ਊਲ-ਜਲੂਲਵਾਦੀ ਸ਼ੈਲੀਆਂ ਦਾ ਹੀ ਪ੍ਰਯੋਗ ਕੀਤਾ ਗਿਆ ਹੈ।

ਨਵੇਂ ਪ੍ਰਯੋਗਾਂ ਤੋਂ ਪ੍ਰਭਾਵਿਤ ਹੋ ਕੇ ਇਸ ਪੀੜ੍ਹੀ ਦੇ ਕੁਲ ਨਾਵਲਕਾਰਾਂ ਵਿਚੋਂ ਨਰਿੰਦਰਪਾਲ ਸਿੰਘ ਤੇ ਜਸਵੰਤ ਸਿੰਘ ਕੰਵਲ ਨੇ ਕ੍ਰਮਵਾਰ 'ਟਾਪੂ' ਅਤੇ 'ਬਰਫ ਦੀ ਅੱਗ' ਨਾਵਲ ਲਿਖੇ ਹਨ। ਨਰਿੰਦਰਪਾਲ ਸਿੰਘ ਦੇ ਕਹਿਣ ਅਨੁਸਾਰ ਇਹ ਇਕ ਅਨਾਵਲ (Antinovel) ਲਿਖਣ ਦਾ ਪ੍ਰਯੋਗ ਹੈ। 'ਬਰਫ ਦੀ ਅੱਗ' ਦਾ ਸਮੁੱਚਾ ਪ੍ਰਭਾਵ ਰੁਮਾਂਟਿਕ ਹੈ, ਪਰ ਇਸ ਵਿਚ ਨਿਰੋਲ ਵਾਰਤਾਲਾਪੀ ਸ਼ੈਲੀ ਦਾ ਪ੍ਰਯੋਗ ਪਹਿਲੀ ਵਾਰ

ਕੀਤਾ ਗਿਆ ਹੈ।

4. **ਜੁਝਾਰਵਾਦੀ ਨਾਵਲ**

ਓਮ ਪ੍ਰਕਾਸ਼ ਗਾਸੋ ਦੇ 'ਪੰਚਨਾਦ, ਕਪੜਵਾਸ, ਕਸਕ' ਆਦਿ ਕੰਵਲ ਦਾ 'ਲਹੂ ਦੀ ਲੋਅ' ਅਤੇ ਬਲਬੀਰ ਸਿੰਘ ਸੰਧੂ ਦਾ 'ਧੂੜ ਉਡਦੀ ਰਹੀ' ਅਤੇ ਕੁਝ ਹੋਰ ਲਘੂ ਨਾਵਲਾਂ ਵਿਚ ਜੁਝਾਰਵਾਦੀ ਕਵਿਤਾ ਵਾਂਗ ਹੀ ਜੂਝ ਰਹੇ ਮਨੁੱਖ ਨੂੰ ਪੇਸ਼ ਕੀਤਾ ਗਿਆ ਹੈ। ਇਹ ਪੰਜਾਬੀ ਨਾਵਲ ਵਿਚ ਅਨਾਵਲ ਤੋਂ ਮੁੜ ਕੇ ਨਾਵਲ ਵੱਲ ਆਉਣ ਦੀ ਰੁਚੀ ਦੇ ਸੂਚਕ ਹਨ। ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਇਸ ਸਮੇਂ ਦੇ ਕੁਝ ਹੋਰ ਸਥਾਪਤ ਲੇਖਕਾਂ ਅਤੇ ਨਵੇਂ ਉਠ ਰਹੇ ਲੇਖਕਾਂ ਦੀਆਂ ਨਾਵਲੀ ਕਿਰਤਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਜਿਵੇਂ ਬਲਵੰਤ ਗਾਰਗੀ ਦਾ 'ਕੱਕਾ ਰੇਤਾ' ਵਰਣਨਯੋਗ ਹੈ। ਇਵੇਂ ਨਵੇਂ ਉਠ ਰਹੇ ਨਾਵਲਕਾਰਾਂ ਵਿਚੋਂ ਕੰਵਲ ਕਲਸੀ ਦੇ 'ਅਨੂਪੀ', ਭੁਪਿੰਦਰ ਸਿੰਘ ਦੇ 'ਕਿਰਨਾ ਦਾ ਹਉਕਾ' ਮਿਦਰ ਦਾ 'ਜ਼ਖ਼ਮ ਦੀ ਆਤਮ ਕਥਾ' ਇੰਦਰ ਸਿੰਘ ਖਾਮੋਸ਼ 'ਰਿਸ਼ਤਿਆਂ ਦੇ ਰੰਗ', ਸੁਰਜੀਤ ਹਾਂਸ 'ਮਿੱਟੀ ਦੀ ਢੇਰੀ', ਰਾਮ ਸਰੂਪ ਅਣਖੀ ਦੇ 'ਸੁਲਘਦੀ ਰਾਤ' ਅਤੇ 'ਕਖਾਂ ਕਾਨਿਆ ਦੇ ਪੁਲ', ਕਰਮਜੀਤ ਸਿੰਘ ਦੇ 'ਰਾਤ ਦੇ ਰਾਹੀਂ', ਬਲਬੀਰ ਸਿੰਘ ਮੋਮੀ ਦੇ 'ਜੀਜਾ ਜੀ' ਮੁਖਤਿਆਰ ਗਿੱਲ ਦੇ 'ਕਾਲਾ ਪਹਿਰ' ਅਤੇ 'ਮਿੱਟੀ ਦੀ ਚਿੜੀ' ਅਤੇ ਬਸੰਤ ਕੁਮਾਰ ਰਤਨ ਦੇ 'ਸੱਤ ਵਿਢਾ ਖੂਹ' ਹਨ।

**ਅਭਿਆਸ ਲਈ ਪ੍ਰਸ਼ਨ**

1. ਪੰਜਾਬੀ ਨਾਵਲ ਦਾ ਜਨਮ ਕਿਹੜੀ ਸਾਹਿਤਿਕ ਧਾਰਾ ਵਿਚੋਂ ਹੋਇਆ ਹੈ ?
2. ਪੰਜਾਬੀ ਨਾਵਲ ਦੇ ਪ੍ਰਮੁੱਖ ਝੁਕਾਅ ਕਿਹੜੇ ਹਨ ?

**ਸਹਾਇਕ ਪੁਸਤਕਾਂ ਦੀ ਸੂਚੀ**


1. *Aspects of Novel—E.M. Forster.*
2. *The Craft of Fiction—Percy Lubbock.*
3. *An Introduction of the Study of Literature—W.H. Hudson.*
4. ਪੰਜਾਬੀ ਇਤਿਹਾਸਕ ਨਾਵਲ—ਪ੍ਰੋ. ਸੁਰਿੰਦਰ ਸਿੰਘ ਦੁਸਾਂਝ
5. ਨਾਵਲ ਦੀ ਰੂਪ ਰੇਖਾ—ਡਾ. ਕਰਤਾਰ ਸਿੰਘ ਸੂਰੀ
6. ਪੰਜਾਬੀ ਨਾਵਲ ਦਾ ਇਤਿਹਾਸ—ਅਮਰਜੀਤ ਸੇਖੋਂ
7. ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਦੂਜਾ—ਭਾਸ਼ਾ ਵਿਭਾਗ
8. ਪੰਜਾਬੀ ਗਲਪ ਦਾ ਇਤਿਹਾਸ—ਡਾ. ਗੁਰਚਰਨ ਸਿੰਘ

ਪਾਠ ਨੰਬਰ : 1.7

## ਪੰਜਾਬੀ ਕਹਾਣੀ ਦਾ ਇਤਿਹਾਸ

1. **ਪਾਠ ਦਾ ਮੰਤਵ** : ਕਹਾਣੀ ਸੁਣਨ ਤੇ ਸੁਣਾਉਣ ਦੀ ਭੁੱਖ, ਮਨੁੱਖ ਦੇ ਅੰਦਰ ਮੁੱਢ ਤੋਂ ਹੀ ਹੈ। ਆਦਿ ਕਾਲ ਤੋਂ ਹੀ ਮਨੁੱਖ ਕਹਾਣੀਆਂ ਸੁਣਦਾ ਆਇਆ ਹੈ, ਪਰ ਜਿਸ ਨੂੰ ਅਸੀਂ ਸਾਹਿਤਕ ਨਿੱਕੀ ਕਹਾਣੀ ਕਹਿੰਦੇ ਹਾਂ ਉਹ ਪੁਰਾਣੇ ਸਮੇਂ ਦੀ ਉਪਜ ਨਹੀਂ ਸਗੋਂ, ਆਧੁਨਿਕ ਯੁੱਗ ਦੀ ਉਪਜ ਹੈ। ਇਸ ਪਾਠ ਵਿਚ ਸਾਹਿਤ ਦੇ ਇਸ ਰੂਪ ਦੇ ਜਨਮ ਅਤੇ ਵਿਕਾਸ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ।

2. **ਪਾਠ ਦੀ ਰੂਪ ਰੇਖਾ** : ਕਹਾਣੀ ਕਿਸ ਨੂੰ ਆਖਦੇ ਹਨ – ਕਹਾਣੀ ਦਾ ਜਨਮ ਮੁੱਢਲੇ ਕਹਾਣੀਕਾਰ 1947 ਤੋਂ ਪੂਰਬ ਤੇ 1947 ਤੋਂ ਬਾਅਦ ਪੰਜਾਬੀ ਕਹਾਣੀ ਵਿਚ ਨਵੇਂ ਝੁਕਾਅ ਪੰਜਾਬੀ ਕਹਾਣੀ – ਨਵੇਂ ਪ੍ਰਯੋਗ।

3. **ਭੂਮਿਕਾ** : ਕਹਾਣੀ, ਨਾਵਲ, ਨਾਟਕ, ਇਕਾਂਗੀ ਤੇ ਕਵਿਤਾ ਵਾਂਗ ਸਾਹਿਤ ਦਾ ਇਕ ਨਿਵੇਕਲਾ ਰੂਪ ਹੈ। ਭਾਵੇਂ ਕਹਾਣੀ ਦਾ ਆਰੰਭ ਮਨੁੱਖੀ ਸਭਿਅਤਾ ਦੇ ਜਨਮ ਤੋਂ ਹੀ ਹੋ ਗਿਆ ਹੋਵੇਗਾ ਪਰ ਉਸ ਕਹਾਣੀ ਤੇ ਅਜੋਕੀ ਨਿੱਕੀ ਕਹਾਣੀ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਪਹਿਲੀਆਂ ਕਹਾਣੀਆਂ ਵਿਚ ਕਿਸੇ ਘਟਨਾ ਦੇ ਬਿਆਨ ਉਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ। ਫੇਰ ਜਾਗੀਰਦਾਰੀ ਤੇ ਰੂਪਵਾਦੀ ਯੁੱਗ ਵਿਚ ਕਹਾਣੀਆਂ ਰਾਜੇ ਰਾਣੀਆਂ ਤੇ ਰਾਜ ਕੁਮਾਰੀਆਂ ਦੇ ਜੀਵਨ ਨਾਲ ਸੰਬੰਧਤ ਹੋ ਗਈਆਂ। ਪਰ ਜਦੋਂ ਨਵੀਨ ਯੁੱਗ ਦਾ ਆਗਮਨ ਹੋਇਆ ਤਾਂ ਕਹਾਣੀ ਦਾ ਅਜੋਕਾ ਨਵਾਂ ਰੂਪ ਹੋਂਦ ਵਿਚ ਆਇਆ ਤੇ ਆਕਾਰ ਦੇ ਆਧਾਰ ਤੇ ਇਸ ਨਵੇਂ ਰੂਪ ਨੂੰ ਨਿੱਕੀ ਕਹਾਣੀ ਕਿਹਾ ਜਾਣ ਲੱਗਾ।

4. **ਕਹਾਣੀ ਕੀ ਹੈ ?** : ਕਹਾਣੀ ਵਿਚ ਵਿਸ਼ਾ, ਗੋਂਦ, ਪਾਤਰ, ਵਾਤਾਵਰਣ ਤੇ ਉਦੇਸ਼ ਆਦਿ ਤੱਤ ਹੁੰਦੇ ਹਨ। ਕਹਾਣੀ ਦਾ ਆਦਿ, ਮੱਧ ਤੇ ਅੰਤ ਵੀ ਬੜੀ ਮਹੱਤਤਾ ਰੱਖਦੇ ਹਨ। ਅਜੋਕੀ ਕਹਾਣੀ ਵਿਚ ਸਿੱਖਰ ਤੇ ਅੰਤ ਨੇੜੇ ਹੁੰਦੇ ਹਨ। ਨਿੱਕੀ ਕਹਾਣੀ ਇਕਾਂਗੀ ਦੀ ਭੈਣ ਆਖੀ ਜਾ ਸਕਦੀ ਹੈ। ਇਹ ਦੋਵੇਂ ਆਕਾਰ ਦੇ ਪੱਖੋਂ ਇਕ ਬੈਠਕ ਵਿਚ ਪੜ੍ਹੀਆਂ ਤੇ ਖੇਡੀਆਂ ਜਾਣ ਵਾਲੀਆਂ ਸਾਹਿਤਕ ਕਿਰਤਾਂ ਹੁੰਦੀਆਂ ਹਨ। ਜਿੱਥੇ ਨਿੱਕੀ ਕਹਾਣੀ ਪੜ੍ਹੇ ਜਾਣ ਵਾਲਾ ਸਾਹਿਤ ਰੂਪ ਹੈ, ਉੱਥੇ ਇਕਾਂਗੀ ਸਟੇਜ ਤੇ ਖੇਡ ਕੇ ਵਿਖਾਏ ਜਾਣ ਵਾਲੀ ਰਚਨਾ ਹੁੰਦੀ ਹੈ।

ਨਿੱਕੀ ਕਹਾਣੀ ਨਾਵਲ ਦਾ ਸੰਖੇਪ ਨਹੀਂ ਹੁੰਦੀ, ਸਗੋਂ ਇਹ ਸਾਹਿਤ ਦਾ ਇਕ ਸੁਤੰਤਰ ਰੂਪ ਹੈ। ਇਸ ਨੂੰ ਨਾਵਲ ਦਾ ਸਾਰ ਮੰਨਣਾ ਬਿਲਕੁਲ ਉਚਿਤ ਨਹੀਂ। ਜਿਹੜੀ ਗੱਲ ਕਿਸੇ ਨਿੱਕੀ ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕੀਤੀ ਜਾ ਸਕਦੀ ਹੈ, ਉਹ ਕਿਸੇ ਹੋਰ ਸਾਹਿਤ ਰੂਪ ਦੁਆਰਾ ਪ੍ਰਗਟ ਨਹੀਂ ਕੀਤੀ ਜਾ ਸਕਦੀ। ਵਿਸ਼ੇ ਦਾ ਇਕਹਿਰਾਪਨ, ਮੰਤਵ ਦੀ ਏਕਤਾ ਤੇ ਪ੍ਰਭਾਵ ਦੀ ਏਕਤਾ ਨਿੱਕੀ ਕਹਾਣੀ ਦੇ ਵਿਸ਼ੇਸ਼ ਲੱਛਣ ਹਨ।

5. **ਕਹਾਣੀ ਦਾ ਜਨਮ ਤੇ ਵਿਕਾਸ** : ਯੂਰਪ ਵਿਚ ਨਿੱਕੀ ਕਹਾਣੀ ਦਾ ਆਰੰਭ ਉਨ੍ਹੀਵੀਂ ਸਦੀ ਦੇ ਰੂਪ ਵਿਚ ਹੋਇਆ ਮੰਨਿਆ ਜਾਂਦਾ ਹੈ। ਮੁੱਢਲੇ ਕਹਾਣੀ ਲੇਖਕਾਂ ਵਿਚ ਐਡਗਰ ਏਲਨ ਪੋ ਅਤੇ ਇਰਵਿੰਗ ਜਿਹੇ ਅਮਰੀਕਨ ਲਿਖਾਰੀਆਂ ਅਤੇ ਗੋਗੋਲ ਅਤੇ ਪੁਸ਼ਕਿਨ ਜਿਹੇ ਰੂਸੀ ਲਿਖਾਰੀਆਂ ਦੇ ਨਾਂ ਗਿਣੇ ਜਾਂਦੇ ਹਨ। ਅੰਗਰੇਜ਼ੀ ਸਾਹਿਤ ਵਿਚ ਕੈਥਰੀਨ ਮੈਨਸਫੀਲਡ ਨੇ 1920 ਈ. ਵਿਚ 'ਬਲਿਸ' ਨਾਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਕੇ ਇਸ ਪਾਸੇ ਪਹਿਲ ਕੀਤੀ। ਪੰਜਾਬੀ ਵਿਚ ਕਹਾਣੀ ਦਾ ਜਨਮ ਅਨੁਵਾਦਿਤ ਕਹਾਣੀਆਂ ਦੇ ਰੂਪ ਵਿਚ ਹੋਇਆ। ਇਸ ਕੰਮ ਨੂੰ ਭਾਈ ਪ੍ਰੇਮ ਸਿੰਘ ਨਾਭਾ ਨੇ 1905 ਈ. ਵਿਚ 'ਭਾਵਾਰਥ' ਨਾਂ ਦੀ ਪੁਸਤਕ ਰਚਕੇ ਸ਼ੁਰੂ ਕੀਤਾ। ਇਸ ਤੋਂ ਕੁਝ ਵਰ੍ਹੇ ਬਾਅਦ ਭਾਈ ਮੋਹਨ ਸਿੰਘ ਨੇ 1927 ਈ. ਵਿਚ 'ਰੰਗ ਬਰੰਗੇ ਫੁੱਲ' ਨਾਂ ਦਾ ਅਨੁਵਾਦਿਤ ਕਹਾਣੀ ਸੰਗ੍ਰਹਿ ਛਾਪਿਆ। ਉਸ ਦੀ

ਰੀਸੇ ਸੋਹਨ ਸਿੰਘ ਜੋਸ਼ ਨੇ 'ਬੰਗਾਲੀ ਕਹਾਣੀਆਂ', ਪਿਆਰਾ ਸਿੰਘ ਦਾਤਾ 'ਮਾਂਗਵੇ ਫੁੱਲ', ਬਲਵੰਤ ਸਿੰਘ ਨੇ 'ਆਂਢ ਗੁਆਢ' ਅਤੇ ਅਭੈ ਸਿੰਘ ਨੇ 'ਚੰਬੇ ਦੀਆਂ ਕਲੀਆਂ' ਅਨੁਵਾਦਿਤ ਸੰਗ੍ਰਿਹਾ ਦੁਆਰਾ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਭਰਪੂਰ ਕੀਤਾ। ਉਂਞ ਸਭ ਤੋਂ ਪਹਿਲੀ ਮੌਲਿਕ ਕਹਾਣੀ 'ਸਰਬ ਲੋਹ ਦੀ ਵੁਹਟੀ' ਲਾਲ ਸਿੰਘ ਕਮਲਾ ਅਕਾਲੀ ਨੇ ਲਿਖੀ।

6. **ਪਹਿਲੇ ਪੋਚ ਦੇ ਕਹਾਣੀਕਾਰ** : ਪਹਿਲੇ ਪੈਰ ਦੇ ਕਹਾਣੀ ਲੇਖਕਾਂ ਵਿਚ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਹੀਰਾ ਸਿੰਘ ਦਰਦ ਦੇ ਨਾਂ ਵਰਣਨਯੋਗ ਹਨ। ਪਹਿਲੇ ਦੋ ਲਿਖਾਰੀਆਂ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਧਾਰਮਿਕ ਤੇ ਸੁਧਾਰਕ ਕਹਾਣੀਆਂ ਲਿਖੀਆਂ। ਭਾਈ ਵੀਰ ਸਿੰਘ ਨੇ ਟ੍ਰੈਕਟ ਰੂਪ ਵਿਚ ਜਿਹੜੇ ਪ੍ਰਸੰਗ ਲਿਖੇ ਅਤੇ ਜਿਹੜੇ ਬਾਅਦ ਵਿਚ 'ਗੁਰੂ ਨਾਨਕ ਚਮਤਕਾਰ' ਅਤੇ 'ਸ੍ਰੀ ਕਲਗੀਧਰ ਚਮਤਕਾਰ' ਵਿਚ ਸੰਮਲਿਤ ਕੀਤੇ ਗਏ, ਇਸ ਪ੍ਰਕਾਰ ਦੀਆਂ ਕਹਾਣੀਆਂ ਹੀ ਹਨ। ਮੋਹਨ ਸਿੰਘ ਵੈਦ ਨੇ 'ਰੰਗ ਬਰੰਗੇ ਫੁੱਲ' ਤੋਂ ਛੁੱਟ 'ਹੀਰੇ ਦੀਆਂ ਕਣੀਆਂ' ਅਤੇ 'ਕਿਸਮਤ ਦਾ ਚੱਕਰ' ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤੇ ਹਨ। ਹੀਰਾ ਸਿੰਘ ਦਰਦ ਦੀਆਂ ਕਹਾਣੀਆਂ 'ਪੰਜਾਬੀ ਸੱਧਰਾਂ' ਨਾਂ ਦੇ ਸੰਗ੍ਰਹਿ ਵਿਚ ਮਿਲਦੀਆਂ ਹਨ। ਇਹ ਕਹਾਣੀਆਂ ਨਾਵਲੀ ਕਿਸਮ ਦੀਆਂ ਹਨ ਪਰ ਉਨ੍ਹਾਂ ਵਿਚ ਆਦਰਸ਼ਵਾਦ ਨਾਲੋਂ ਵਾਸਤਵਿਕਤਾ ਵਧੇਰੇ ਹੈ। ਉਨ੍ਹਾਂ ਨੇ ਪੰਜਾਬੀ ਕਹਾਣੀ ਲਈ ਇਕ ਮਹਾਨ ਕੰਮ ਇਹ ਵੀ ਕੀਤਾ ਕਿ ਆਪਣੇ ਮਾਸਕ ਪੱਤਰ 'ਫੁੱਲਵਾੜੀ' ਰਾਹੀਂ ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਮੋਹਨ ਸਿੰਘ ਵਰਗੇ ਕਹਾਣੀਕਾਰਾਂ ਨੂੰ ਮੁੱਢਲੇ ਤਜ਼ਰਬੇ ਕਰਨ ਲਈ ਅਵਸਰ ਪ੍ਰਦਾਨ ਕੀਤਾ।

7. **ਦੂਜੇ ਪੋਚ ਦੇ ਕਹਾਣੀਕਾਰ** : ਕਹਾਣੀਕਾਰਾਂ ਦੇ ਦੂਜੇ ਪੋਚ ਵਿਚ ਚਰਨ ਸਿੰਘ ਸ਼ਹੀਦ, ਗੁਰਬਖਸ਼ ਸਿੰਘ ਅਤੇ ਨਾਨਕ ਸਿੰਘ ਦੇ ਨਾਮ ਆਉਂਦੇ ਹਨ। ਇਹ ਨਾ ਤਾਂ ਪਹਿਲੇ ਪੋਚ ਦੇ ਲਿਖਾਰੀਆਂ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਤਿਆਗ ਸਕੇ ਅਤੇ ਨਾ ਹੀ ਆਪਣੇ ਤੋਂ ਬਾਅਦ ਵਾਲੇ ਪੋਚ ਵਾਂਗ ਪੂਰੀ ਤਰ੍ਹਾਂ ਕਹਾਣੀ ਦੀ ਨਵੀਨ ਤਕਨੀਕ ਨੂੰ ਅਪਣਾ ਸਕੇ।

7.1 **ਚਰਨ ਸਿੰਘ ਸ਼ਹੀਦ** (1881-1935) ਦੀਆਂ ਕਹਾਣੀਆਂ 'ਹੱਸਦੇ ਹੰਝੂ' ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਈਆਂ ਹਨ ਇਨ੍ਹਾਂ ਵਿਚ ਵਿਅੰਗ ਅਤੇ ਚੋਟ ਹੈ। ਉਸ ਦੀਆਂ ਕਹਾਣੀਆਂ ਦਾ ਆਕਾਰ ਵੀ ਕਾਫੀ ਛੋਟਾ ਹੁੰਦਾ ਹੈ। ਜਿਸ ਕਰਕੇ ਉਸ ਦੀਆਂ ਕਹਾਣੀਆਂ ਨਵੀਨਤਮ ਕਹਾਣੀਆਂ ਵਿਚ ਗਿਣੀਆਂ ਜਾ ਸਕਦੀਆਂ ਹਨ।

7.2 **ਗੁਰਬਖ਼ਸ਼ ਸਿੰਘ** (1995-1977) ਨੇ ਅਮਰੀਕਨ ਜੀਵਨ ਤੋਂ ਪ੍ਰਭਾਵਿਤ ਹੋ ਕੇ, ਪਿਆਰ ਕਬਜ਼ਾ ਨਹੀਂ ਪਹਿਚਾਣ ਹੈ ਦੇ ਵਿਸ਼ੇ ਨੂੰ ਖੂਬ ਪ੍ਰਚਾਰਿਆ ਹੈ। 1943 ਈ. ਤੱਕ ਉਸ ਨੇ ਜਿੰਨੀਆਂ ਵੀ ਕਹਾਣੀਆਂ ਲਿਖੀਆਂ, ਉਨ੍ਹਾਂ ਸਾਰੀਆਂ ਵਿਚ ਉਸ ਨੇ ਇਸ ਸਿਧਾਂਤ ਨੂੰ ਪੇਸ਼ ਕੀਤਾ ਕਿ ਸਾਡੇ ਜੀਵਨ ਤੇ ਬਹੁਤੇ ਦੁੱਖ ਤਕਲੀਫਾਂ ਪ੍ਰੀਤ ਪ੍ਰਵਾਹ ਦੇ ਰੁਕ ਰੁਕ ਕੇ ਚਲਣ ਕਰਕੇ ਹਨ। ਇਸ ਸਮੇਂ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ 'ਅਨੋਖੇ ਤੇ ਇਕੱਲਾ', 'ਵੀਣਾ ਵਿਨੋਦ', 'ਨਾਗ ਪ੍ਰੀਤ ਦਾ ਜਾਦੂ' ਤੇ 'ਪ੍ਰੀਤ ਕਹਾਣੀਆਂ' ਆਦਿ ਹਨ। ਗੁਰਬਖ਼ਸ਼ ਸਿੰਘ ਇਕ ਪ੍ਰਗਤੀਵਾਦੀ ਕਹਾਣੀਕਾਰ ਹੈ ਪਰ ਉਹ ਸੁਧਾਰਵਾਦੀ ਤੇ ਆਦਰਸ਼ਵਾਦੀ ਵੀ ਹੈ। ਉਹ ਨਿੱਜੀ ਪਿਆਰ ਤੋਂ ਤੁਰ ਕੇ ਸਮੁੱਚੀ ਮਨੁੱਖਤਾ ਦੇ ਪਿਆਰ ਤੱਕ ਪੁਜ ਗਿਆ ਸੀ। ਉਸ ਨੂੰ ਗਰੀਬ ਦੇ ਪੱਛੜੇ ਵਰਗ ਨਾਲ ਹਮਦਰਦੀ ਸੀ ਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਆਪਣੀਆਂ ਕਹਾਣੀਆਂ ਵਿਚ ਚਿੱਤਰਦਾ ਸੀ। ਉਹ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਬੜੀ ਬਾਰੀਕ ਸੂਝ ਬੂਝ ਨਾਲ ਚਿੱਤਰਦਾ ਸੀ। ਉਹ ਬੜਾ ਨਿਰਭੈ ਤੇ ਨਿਝਕ ਲੇਖਕ ਸੀ। ਉਸ ਨੇ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਵੀ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕੀਤਾ ਹੈ। ਉਹ ਜੀਵਨ ਦੇ ਬੋਝ ਨੂੰ ਦੂਰ ਕਰਨ ਲਈ ਉਤਸੁਕ ਸੀ ਤੇ ਇਸ ਲਈ ਪ੍ਰੇਰਣਾ ਸਮਾਜਵਾਦੀ ਦੇਸ਼ਾਂ ਤੋਂ ਲੈਂਦਾ ਸੀ। ਉਸ ਦੀਆਂ ਕਹਾਣੀਆਂ ਭਾਵੇਂ ਹਾਸ ਰਸ ਤੋਂ ਕੋਰੀਆਂ ਹੁੰਦੀਆਂ ਹਨ ਪਰ ਬੜੀਆਂ ਹੀ ਰੋਚਕ ਤੇ ਹੌਲੀਆਂ ਫੁੱਲ ਹੁੰਦੀਆਂ ਹਨ। ਤਕਨੀਕ ਪੱਖੋਂ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੂਰੀਆਂ ਨਹੀਂ ਉਤਰਦੀਆਂ। ਉਸ ਦੇ ਵਧੇਰੇ ਜ਼ੋਰ ਗੋਦ ਤੇ ਹੁੰਦਾ ਹੈ ਜਿਸ ਕਰਕੇ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਨਾਵਲੀ ਕਿਸਮ ਦੀਆਂ ਬਣ ਜਾਂਦੀਆਂ ਹਨ। ਅਜਿਹੀਆਂ ਨਾਵਲੀ ਕਹਾਣੀਆਂ ਵਿਚ ਕਿਤੇ ਕਿਤੇ ਮੌਕਾ-ਮੇਲ ਵੀ ਹੁੰਦਾ ਹੈ।

7.3 **ਨਾਨਕ ਸਿੰਘ** (1897-1972) ਨੇ ਕਹਾਣੀ ਖੇਤਰ ਵਿਚ ਵੀ ਕੁਝ ਕਾਰਜ ਨੇਪਰੇ ਚਾੜ੍ਹਿਆ ਹੈ।

'ਸੱਧਰਾਂ ਦੇ ਰਾਹ', 'ਤਸਵੀਰ ਦੇ ਦੋਵੇਂ ਪਾਸੇ', 'ਮਿੱਧੇ ਹੋਏ ਫੁੱਲਾਂ', 'ਹੰਝੂਆਂ ਦੇ ਹਾਰ', 'ਠੰਡੀਆਂ ਛਾਵਾਂ', ਆਦਿ ਉਸ ਦੇ ਗਿਣਤੀ ਦੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਉਸ ਦੀਆਂ ਕਹਾਣੀਆਂ ਵਿਚ ਵਿਸਥਾਰ ਹੈ ਤੇ ਉਹ ਵੀ ਨਾਵਲੀ ਕਿਸਮ ਦੀਆਂ ਹਨ। ਨਾਨਕ ਸਿੰਘ ਦੀਆਂ ਕਹਾਣੀਆਂ ਦਾ ਉਦੇਸ਼ ਉਸ ਦੇ ਨਾਵਲ ਵਾਂਗ ਸਮਾਜ ਦਾ ਸੁਧਾਰ ਹੈ। ਸੁਧਾਰ ਦੀ ਰੁਚੀ ਕਰਕੇ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਕਲਾ ਦੇ ਪੱਖ ਤੋਂ ਬਹੁਤੀਆਂ ਸਫ਼ਲ ਨਹੀਂ ਹਨ। ਉਸ ਦੀਆਂ ਕਈ ਕਹਾਣੀਆਂ ਤਾਂ ਤਕਨੀਕ ਦੀ ਦ੍ਰਿਸ਼ਟੀ ਤੋਂ ਵੀ ਪੂਰੀਆਂ ਨਹੀਂ ਉਤਰਦੀਆਂ। ਪਰ ਉਸ ਦੀਆਂ ਕਹਾਣੀਆਂ ਦੀ ਇਕ ਵਿਸ਼ੇਸ਼ਤਾ ਮਨੋਵਿਗਿਆਨਕ ਅਧਿਐਨ ਹੈ। ਉਹ ਆਪਣੇ ਪਾਤਰ ਆਮ ਜੀਵਨ ਵਿਚੋਂ ਲੈਂਦਾ ਹੈ ਤੇ ਉਹ ਅਸਲੀ ਜਾਪਦੇ ਹਨ। ਉਂਜ ਉਸਨੇ ਆਦਰਸ਼ਵਾਦੀ ਪਾਤਰ ਵੀ ਚਿਤਰੇ ਹਨ। ਉਸ ਦਾ ਲਿਖਣ ਢੰਗ ਸਰਲ ਤੇ ਸਾਦਾ ਹੈ। ਇਨ੍ਹਾਂ ਨਾਵਲੀ ਕਿਸਮ ਦੀਆਂ ਕਹਾਣੀਆਂ ਤੋਂ ਬਾਅਦ ਪੰਜਾਬੀ ਵਿਚ ਨਵੀਨ ਕਿਸਮ ਦੀ ਨਿੱਕੀ ਕਹਾਣੀ ਲਿਖਣ ਦੀ ਪਿਰਤ ਪ੍ਰਿੰ. ਸੰਤ ਸਿੰਘ ਸੇਖੋਂ, ਮੋਹਨ ਸਿੰਘ, ਗੁਰਮੁਖ ਸਿੰਘ ਮੁਸਾਫਰ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਦੇਵਿੰਦਰ ਸਤਿਆਰਥੀ ਆਦਿ ਲੇਖਕਾ ਨੇ ਪਾਈ।

7.4 **ਸੰਤ ਸਿੰਘ ਸੇਖੋਂ** ਨੇ ਪਹਿਲਾਂ ਅੰਗਰੇਜ਼ੀ ਵਿਚ ਲਿਖਣਾ ਸ਼ੁਰੂ ਕੀਤਾ ਸੀ ਪਰ ਫੇਰ ਉਸ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਉਸ ਨੇ ਪੰਜਾਬੀ ਵਿਚ ਹੁਨਰੀ ਨਿੱਕੀ ਕਹਾਣੀ ਲਿਖਣ ਦਾ ਰਿਵਾਜ਼ ਪਾਇਆ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 1943 ਈ. ਵਿਚ ਛਪਿਆ। ਇਸ ਸੰਗ੍ਰਹਿ ਦਾ ਨਾਂ 'ਸਮਾਚਾਰ' ਸੀ। ਇਸ ਸੰਗ੍ਰਹਿ ਵਿਚ ਪਾਤਰ-ਪ੍ਰਧਾਨ ਕਹਾਣੀਆਂ ਮਿਲਦੀਆਂ ਹਨ। ਸੇਖੋਂ ਨੇ ਇਨ੍ਹਾਂ ਕਹਾਣੀਆਂ ਵਿਚ ਸਮਾਜ, ਧਰਮ ਤੇ ਲੋਕਾਂ ਉੱਤੇ ਵਿਅੰਗ ਵੀ ਕੀਤਾ। ਉਹ ਸਮਾਜਿਕ ਕੁਰੀਤੀਆਂ ਨੂੰ ਕੇਵਲ ਚਿੱਤਰਦਾ ਹੀ ਨਹੀਂ, ਸਗੋਂ ਉਨ੍ਹਾਂ ਕੁਰੀਤੀਆਂ ਦਾ ਹੱਲ ਵੀ ਦੱਸਦਾ ਹੈ। ਉਸ ਦੀਆਂ ਕਹਾਣੀਆਂ ਦੀ ਵਿਲੱਖਣਤਾ ਉਨ੍ਹਾਂ ਦਾ ਬੌਧਿਕ ਤੱਤ ਹੈ। ਉਹ ਆਪਣੇ ਵਿਸ਼ੇ ਤੇ ਪਾਤਰਾਂ ਦੀ ਚੋਣ ਬੜੇ ਹੀ ਵਾਸਤਵਿਕ ਢੰਗ ਨਾਲ ਕਰਦਾ ਹੈ। ਉਹ ਪੇਂਡੂ ਜੀਵਨ ਨੂੰ ਚਿੱਤਰਣ ਵਿਚ ਵਧੇਰੇ ਸੁਹਿਰਦਤਾ ਤੋਂ ਕੰਮ ਲੈਂਦਾ ਹੈ।

ਸੇਖੋਂ ਨੇ 'ਸਮਾਚਾਰ' ਤੋਂ ਪਿਛੋਂ 'ਕਾਮੇ ਤੇ ਯੋਧੇ', 'ਤੀਜਾ ਪਹਿਰ', 'ਅੱਧੀ ਵਾਟ' ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਉਸ ਦੇ ਵਿਸ਼ੇ ਯਥਾਰਥਵਾਦੀ ਤੇ ਉਦੇਸ਼ ਪ੍ਰਗਤੀਵਾਦੀ ਹੁੰਦਾ ਹੈ। ਉਹ ਮਲਵਈ ਉਪਭਾਸ਼ਾ ਦੀ ਵਰਤੋਂ ਕਰਕੇ ਕਹਾਣੀ ਵਿਚ ਸਥਾਨਕ ਰੰਗ ਵੀ ਭਰ ਦਿੰਦਾ ਹੈ। ਉਸ ਉਤੇ ਇਹ ਦੋਸ਼ ਵੀ ਲਾਇਆ ਜਾਂਦਾ ਹੈ ਕਿ ਉਸ ਦੀਆਂ ਕਹਾਣੀਆਂ ਵਿਚ ਪਰਚਾਰ ਦਾ ਅੰਸ਼ ਹੁੰਦਾ ਹੈ ਪਰ ਇਹ ਇਸ ਕਰਕੇ ਕਿ ਉਹ ਇਕ ਅਗਾਂਹਵਧੂ ਲੇਖਕ ਹੈ। ਉਸ ਦੀਆਂ ਕਈ ਕਹਾਣੀਆਂ ਵਿਚ ਕਿਤੇ ਕਿਤੇ ਕਾਮ ਬਾਰੇ ਵੀ ਖੁਲ੍ਹ ਕੇ ਚਰਚਾ ਕੀਤੀ ਹੁੰਦੀ ਹੈ।

ਸੰਤ ਸਿੰਘ ਸੇਖੋਂ ਗੋਂਦ ਨਾਲੋਂ ਪਾਤਰ ਉਸਾਰੀ ਉੱਤੇ ਵਧੇਰੇ ਜ਼ੋਰ ਲਗਾਉਂਦਾ ਹੈ। ਪਾਤਰ ਉਸਾਰੀ ਲਈ ਉਹ ਮਨੋਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਦਾ ਹੈ। ਤਕਨੀਕ ਦੇ ਪੱਖੋਂ ਉਸ ਦੀਆਂ ਕਹਾਣੀਆਂ ਵਿਚ ਘੱਟ ਦੋਸ਼ ਹਨ। ਉਸ ਦੀਆਂ ਕਹਾਣੀਆਂ ਦੀ ਵਾਰਤਾਲਾਪ ਢੁਕਵੀਂ, ਸੰਜਮ ਭਰਪੂਰ ਤੇ ਚੁਸਤ ਹੁੰਦੀ ਹੈ।

7.5 **ਸੁਜਾਨ ਸਿੰਘ** ਪੰਜਾਬੀ ਦਾ ਅਜਿਹਾ ਕਹਾਣੀਕਾਰ ਹੈ ਜਿਸ ਨੇ ਸਮਾਜ ਦੇ ਨਿਰਧਾਨ ਵਰਗ ਦੇ ਜੀਵਨ ਨੂੰ ਆਪਣੀਆਂ ਕਹਾਣੀਆਂ ਵਿਚ ਬਿਆਨ ਕੀਤਾ ਹੈ। ਉਸ ਦੀਆਂ ਕਹਾਣੀਆਂ ਕਿਸੇ ਆਰਥਿਕ, ਸਮਾਜਿਕ ਜਾਂ ਰਾਜਨੀਤਿਕ ਸਮੱਸਿਆ ਦੁਆਲੇ ਉਸਾਰੀਆਂ ਹੁੰਦੀਆਂ ਹਨ। 1947 ਈ. ਤੋਂ ਪਹਿਲਾਂ ਉਸ ਦੇ 'ਦੁਖ ਸੁਖ' ਅਤੇ 'ਦੁਖ ਸੁਖ ਤੋਂ ਪਿਛੋਂ' ਨਾਂ ਦੇ ਕਹਾਣੀ ਸੰਗ੍ਰਹਿ ਛਪੇ ਸਨ ਜਿਨ੍ਹਾਂ ਵਿਚੋਂ ਉਸ ਦੀ ਆਦਰਸ਼ਵਾਦੀ ਦ੍ਰਿਸ਼ਟੀ ਸਾਫ਼ ਵਿਖਾਈ ਦਿੰਦੀ ਹੈ ਪਰ ਉਸ ਨੇ ਨਾਲ ਨਾਲ ਉਸ ਦੀ ਪ੍ਰਗਤੀਵਾਦੀ ਰੁਚੀ ਦਾ ਝਲਕਾਰਾ ਵੀ ਪੈਂਦਾ ਹੈ ਜਿਹੜਾ ਦੂਜੇ ਕਹਾਣੀ ਸੰਗ੍ਰਹਿ ਵਿਚ ਵਧੇਰੇ ਨਿਗਰ ਰੂਪ ਵਿਚ ਪਾਠਕ ਦੇ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਕੁਝ ਵਿਸਤਾਰ ਹੁੰਦਾ ਹੈ ਤੇ ਉਹ ਆਪਣੇ ਉਦੇਸ਼ ਨੂੰ ਸਪੱਸ਼ਟ ਕਰ ਦਿੰਦਾ ਹੈ। ਜਿਸ ਕਰਕੇ ਉਸ ਦੀਆਂ ਕਹਾਣੀਆਂ ਦਾ ਅੰਤ ਸੁਝਾਊ ਨਹੀਂ ਰਹਿੰਦਾ।

1947 ਈ. ਤੋਂ ਬਾਅਦ ਸੁਜਾਨ ਸਿੰਘ ਨੇ 'ਮਨੁੱਖ ਤੇ ਪਸ਼ੂ', 'ਨਰਕਾਂ ਦੇ ਦੇਵਤੇ', 'ਸਭ ਰੰਗ', 'ਨਵਾਂ ਰੰਗੇ', 'ਸਵਾਲ ਜਵਾਬ', 'ਮੋਤੀਆਂ ਦੀ ਮਾਲਾ', 'ਪੱਤਣ ਤੇ ਸਰਾਂ' ਆਦਿ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ

ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਦੀ ਵੰਡ (ਜਿਵੇਂ ਮਨੁੱਖ ਤੇ ਪਸ਼ੂ) ਤੇ ਕਿਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਆਦਿ ਹਨ। ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਨੈਤਿਕਤਾ ਦਾ ਗੁਣ ਵੀ ਪ੍ਰਤੱਖ ਹੈ। ਉਹ ਚੇਤੰਨ ਹੋ ਕੇ ਰਚਨਾ ਕਰਦਾ ਹੈ ਜਿਸ ਕਰਕੇ ਉਸ ਦੀਆਂ ਕਹਾਣੀਆਂ ਵਿਚ ਬੌਧਿਕਤਾ ਦਾ ਅੰਸ਼ ਪ੍ਰਧਾਨ ਹੋ ਜਾਂਦਾ ਹੈ। ਉਹ ਕਹਾਣੀ ਦੀ ਗੋਂਦ ਤੇ ਤਕਨੀਕ ਦਾ ਖਾਸ ਖ਼ਿਆਲ ਰੱਖਦਾ ਹੈ ਪਰ ਇਸ ਤੋਂ ਵੀ ਜ਼ਿਆਦਾ ਫਿਕਰ ਉਸ ਨੂੰ ਕਹਾਣੀ ਦੇ ਆਸ਼ੇ ਦਾ ਹੁੰਦਾ ਹੈ। ਉਹ ਆਪਣੀ ਰਚਨਾ ਆਰਥਿਕ ਪੱਧਰ ਤੇ ਘੋਲ ਕਰ ਰਹੀ ਜਨਤਾ ਨੂੰ ਉਭਾਰਨ ਹਿੱਤ ਕਰਦਾ ਹੈ। ਉਹ ਇਸਤਰੀਆਂ ਦੀ ਸਮੱਸਿਆਵਾਂ ਦਾ ਵੀ ਪ੍ਰਗਟਾਵਾ ਕਰਦਾ ਹੈ ਤੇ ਉਨ੍ਹਾਂ ਦੇ ਹੱਕਾਂ ਦੀ ਵਕਾਲਤ ਕਰਨਾ ਆਪਣਾ ਕਰਤੱਵ ਸਮਝਦਾ ਹੈ। ਉਸ ਦੀ ਕਹਾਣੀ ਕਲਾ ਦੀ ਇਕ ਖੂਬੀ ਵਿਅੰਗ ਦੀ ਸੁੰਦਰ ਵਰਤੋਂ ਹੈ ਪਰ ਇਸ ਦੇ ਨਾਲ ਹੀ ਉਹ ਪ੍ਰਗਤੀਵਾਦੀ ਵਿਚਾਰਾਂ ਦਾ ਪ੍ਰਚਾਰ ਬੜਾ ਹੀ ਉਪਭਾਵਕ ਹੋ ਕੇ ਕਰਦਾ ਹੈ।

7.6 **ਦੇਵਿੰਦਰ ਸਤਿਆਰਥੀ** ਨੇ ਭਾਵੇਂ ਚਾਰ ਪੰਜ ਕਹਾਣੀ ਸੰਗ੍ਰਹਿ 'ਕੁੰਗ ਪੋਸ਼', 'ਦੇਵਤਾ ਡਿਗ ਪਿਆ', 'ਤਿੰਨ ਬੂਹਿਆਂ ਵਾਲਾ ਘਰ' 'ਨੀਲੀ ਛੱਤਰੀ ਵਾਲਾ' ਹੀ ਪੰਜਾਬੀ ਵਿਚ ਪ੍ਰਕਾਸ਼ਿਤ ਕਰਵਾਏ ਹਨ ਪਰ ਉਸ ਨੇ ਆਪਣੀ ਕਲਾ-ਕੁਸ਼ਲਤਾ ਤੇ ਤਕਨੀਕੀ ਨਿਪੁੰਨਤਾ ਕਾਰਨ ਆਪਣੇ ਲਈ ਸਨਮਾਨਯੋਗ ਸਥਾਨ ਬਣਾ ਲਿਆ ਹੈ। ਉਸ ਦੀਆਂ ਕਹਾਣੀਆਂ ਲੋਕ ਗੀਤਾਂ ਵਾਂਗ ਸਰਲ, ਸਵੱਛ ਅਤੇ ਭਾਵਿ-ਪੂਰਤ ਹਨ। ਉਸ ਨੇ ਪਾਤਰਾਂ ਤੇ ਘਟਨਾਵਾਂ ਦੀ ਚੋਣ ਰਾਸ਼ਟਰੀ ਪੱਧਰ ਤੇ ਕੀਤੀ ਹੈ। ਇਹ ਇਸ ਕਰਕੇ ਵੀ ਸੰਭਵ ਹੋ ਸਕਿਆ ਹੈ ਕਿਉਂਕਿ ਉਸ ਨੇ ਪਾਤਰਾਂ ਤੇ ਘਟਨਾਵਾਂ ਦੀ ਚੋਣ ਰਾਸ਼ਟਰੀ ਪੱਧਰ ਤੇ ਕੀਤੀ ਹੈ। ਇਹ ਇਸ ਕਰਕੇ ਵੀ ਸੰਭਵ ਹੋ ਸਕਿਆ ਹੈ ਕਿਉਂਕਿ ਉਸ ਨੇ ਭਾਰਤ ਦੇ ਲਗਭਗ ਸਾਰੇ ਪ੍ਰਾਂਤਾਂ ਵਿਚ ਫਿਰ ਤੁਰ ਕੇ ਉਥੋਂ ਦੇ ਲੋਕ ਗੀਤ ਇਕੱਠੇ ਕਰਨ ਦਾ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ। ਉਸ ਦੀਆਂ ਕਹਾਣੀਆਂ ਪੜ੍ਹ ਕੇ ਸਾਨੂੰ ਭਾਰਤ ਦੀ ਸੰਸਕ੍ਰਿਤੀ, ਲੋਕ ਕਥਾਵਾਂ ਤੇ ਪ੍ਰਚਲਿਤ ਰੂੜ੍ਹੀਆਂ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਵਿਸ਼ੇ ਵਸਤੂ ਦੀ ਵਿਸ਼ਾਲਤਾ, ਰਾਸ਼ਟਰਵਾਦੀ ਚੇਤੰਨਤਾ ਅਤੇ ਮਾਨਵਵਾਦੀ ਦ੍ਰਿਸ਼ਟੀ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਸਦਕੇ ਪੰਜਾਬੀ ਸਾਹਿਤ ਸਦਾ ਉਸ ਦਾ ਰਿਣੀ ਰਹੇਗਾ।

7.7 **ਪ੍ਰੋਫੈਸਰ ਮੋਹਨ ਸਿੰਘ** ਉਨ੍ਹਾਂ ਪੰਜਾਬੀ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਪੰਜਾਬੀ ਦੀ ਹੁਨਰੀ ਨਿੱਕੀ ਕਹਾਣੀ ਦੇ ਮੁੱਢ ਵਿਚ ਆਪਣੇ ਯਤਨਾਂ ਸਦਕਾ ਇਸ ਬੂਟੇ ਨੂੰ ਵਧਣ ਫੁਲਣ ਵਿਚ ਸਹਾਇਤਾ ਕੀਤੀ। ਭਾਵੇਂ ਉਸ ਨੂੰ ਕੇਵਲ ਇਕ ਕਹਾਣੀ ਸੰਗ੍ਰਹਿ 'ਨਿੱਕੀ ਵਾਸ਼ਨਾ' ਹੀ ਪ੍ਰਕਾਸ਼ਿਤ ਕੀਤਾ ਪਰ ਇਸ ਵਿਚਲੀਆ ਕਹਾਣੀਆਂ ਨੂੰ ਪੜ੍ਹ ਕੇ ਉਸ ਦੀ ਯਥਾਰਥਵਾਦੀ ਰੁਚੀ ਤੇ ਕਲਾ-ਪ੍ਰਵੀਨਤਾ ਦਾ ਸਬੂਤ ਮਿਲਦਾ ਹੈ।

7.8 **ਗੁਰਮੁਖ ਸਿੰਘ ਮੁਸਾਫਰ** ਨੇ 1947 ਈਸਵੀਂ ਤੋਂ ਪੂਰਬ ਜਿਹੜੇ ਦੋ ਕਹਾਣੀ ਸੰਗ੍ਰਹਿ 'ਸਭ ਅੱਛਾ' ਅਤੇ 'ਵੱਖਰੀ ਦੁਨੀਆਂ' ਪ੍ਰਕਾਸ਼ਿਤ ਕੀਤੇ, ਉਨ੍ਹਾਂ ਵਿਚ ਜੇਲ੍ਹ ਜੀਵਨ ਨਾਲ ਸੰਬੰਧਤ ਅਜਿਹੀਆਂ ਕਹਾਣੀਆਂ ਹਨ ਜਿਹੜੀਆਂ ਲੇਖਕ ਨੇ ਨਿੱਜੀ ਅਨੁਭਵ ਦੀ ਉਪਜ ਹੋਣ ਕਰਕੇ ਉਸ ਜੀਵਨ ਨੂੰ ਬੜੇ ਹੀ ਯਥਾਰਥਵਾਦੀ ਢੰਗ ਨਾਲ ਚਿੱਤਰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਪਾਤਰ-ਪ੍ਰਧਾਨ ਹਨ। ਇਨ੍ਹਾਂ ਦਾ ਆਰੰਭ ਤਾਂ ਝਟਪਟ ਹੁੰਦਾ ਹੈ ਪਰ ਅੰਤ ਆਮ ਤੌਰ ਤੇ ਸੁਝਾਊ ਨਹੀਂ ਹੁੰਦਾ।

ਗੁਰਮੁਖ ਸਿੰਘ ਮੁਸਾਫਰ ਦੇਸ਼ ਭਗਤੀ ਤੇ ਰਾਸ਼ਟਰਵਾਦੀ ਵਿਚਾਰਾਂ ਨੂੰ ਚਿੱਤਰਣ ਵਾਲਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਦਾ ਉਦੇਸ਼ ਲੋਕਾਂ ਅੰਦਰ ਦੇਸ਼ ਪਿਆਰ ਦੇ ਭਾਵਾਂ ਨੂੰ ਉਤੇਜਿਤ ਕਰਨਾ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਰਾਜਸੀ ਸੰਗ੍ਰਾਮਾਂ ਤੇ ਸੁਤੰਤਰਤਾ ਅੰਦੋਲਨਾਂ ਵਿਚ ਭਾਗ ਲੈਣ ਵਾਲੇ ਹੁੰਦੇ ਹਨ। ਦੇਸ਼ ਦੀ ਵੰਡ ਤੋਂ ਬਾਅਦ ਉਸ ਦੇ ਜਿਹੜੇ ਕਹਾਣੀ ਸੰਗ੍ਰਹਿ ਛਪੇ ਹਨ ਉਨ੍ਹਾਂ ਵਿਚੋਂ 'ਅੱਲਾ ਵਾਲੇ', 'ਸਸਤਾ ਤਮਾਸ਼ਾ' (ਫੁੱਲਾਂ ਦੇ ਪਰਛਾਵੇਂ) '27 ਜਨਵਰੀ' ਅਤੇ 'ਚੁੰਮੀ ਦੇ ਚੋਰ' ਵਰਣਨਯੋਗ ਹਨ।

7.9 **ਕਰਤਾਰ ਸਿੰਘ ਦੁੱਗਲ** ਨੇ 1947 ਤੋਂ ਪੂਰਵ 'ਸਵੇਰ ਸਾਰ', 'ਪਿੱਪਲ ਪੱਤੀਆਂ' ਅਤੇ 'ਕੁੜੀ ਕਹਾਣੀ ਕਰਦੀ ਗਈ' ਨਾਂ ਦੇ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਭੇਟਾ ਕੀਤੇ। ਇਸ ਪੜਾ ਵਿਚ ਉਹ 'ਕਲਾ ਕਲਾ ਲਈ' ਦੇ ਉਦੇਸ਼ ਨੂੰ ਮੁੱਖ ਰੱਖ ਕੇ ਲਿਖਦਾ ਸੀ ਜਿਸ ਕਰਕੇ ਉਸ ਦੀਆਂ ਕਹਾਣੀਆਂ ਕਲਾ ਦੇ ਪੱਖੋਂ ਵਧੇਰੇ ਸਫਲ ਹੁੰਦੀਆਂ ਸਨ। ਉਨ੍ਹਾਂ ਵਿਚ ਪਾਠਕਾਂ ਦੀ ਸੁਹਜ ਭੁੱਖ ਨੂੰ ਤ੍ਰਿਪਤ ਕਰਨ ਵਾਲੀ ਕਾਫੀ ਸਾਮਗਰੀ ਹੁੰਦੀ ਸੀ। ਉਸ ਦੀਆਂ ਪਹਿਲੀਆਂ ਕਹਾਣੀਆਂ ਵਿਚੋਂ ਤਿੰਨ ਚੌਥਾਈ ਤੋਂ ਵੱਧ ਦੇ ਵਿਸ਼ੇ ਕਾਮ-ਵਾਸ਼ਨਾ, ਲਿੰਗ

ਭੁੱਖ ਤੇ ਕੋਝ ਆਦਿ ਸਨ ਤੇ ਇਨ੍ਹਾਂ ਵਿਚ ਉਸ ਦਾ ਸਿਧਾਂਤ ਫਰਾਇਡਵਾਦੀ ਸੀ। ਉਸ ਨੇ ਜੀਵਨ ਦੇ ਘਿਰਣਿਤ ਦ੍ਰਿਸ਼ਾਂ ਨੂੰ ਬੜੇ ਹੀ ਯਥਾਰਥਵਾਦੀ ਢੰਗ ਨਾਲ ਆਪਣੀਆਂ ਕਹਾਣੀਆਂ ਵਿਚ ਚਿਤਰਿਆ ਹੈ। ਉਸ ਦੇ ਪਾਤਰ ਹਰ ਮਜ਼ਹਬ ਨਾਲ ਸੰਬੰਧ ਰਖਦੇ ਹਨ ਭਾਵੇਂ ਉਹ ਹਿੰਦੂ, ਮੁਸਲਮਾਨ ਤੇ ਸਿੱਖ ਪਾਤਰਾਂ ਨੂੰ ਬੜੀ ਸੋਹਣੀ ਤਰ੍ਹਾਂ ਚਿੱਤਰਦਾ ਹੈ। ਉਹ ਮੱਧ-ਸ਼੍ਰੇਣੀ ਦੀਆਂ ਵਿਅਕਤੀਵਾਦੀ ਤੇ ਆਦਰਸ਼ਵਾਦੀ ਲਾਲਸਾਵਾਂ ਤੇ ਅਕਾਂਖਿਆਵਾਂ ਨੂੰ ਆਪਣੀ ਕਲਾ-ਕੁਸ਼ਲਤਾ ਦੁਆਰਾ ਬੜੀ ਹੀ ਸਫਲਤਾ ਨਾਲ ਪ੍ਰਗਟਾ ਸਕਣ ਦੇ ਸਮਰੱਥ ਹੈ। ਉਸ ਦੀਆਂ ਕਹਾਣੀਆਂ ਵਿਚ ਵਾਕਾਂ ਦਾ ਦੁਹਰਾਉ ਬੜਾ ਹੀ ਰੋਚਕ ਤੇ ਮਨੋਰੰਜਕ ਹੁੰਦਾ ਹੈ ਤੇ ਇਹ ਉਸ ਦੀ ਸ਼ੈਲੀ ਨੂੰ ਕਾਵਿਮਈ ਬਣਾਉਂਦਾ ਹੈ। ਇਹ ਨਿੱਕੇ ਨਿੱਕੇ ਵਾਕਾਂ ਤੇ ਨਿੱਕੀਆਂ ਉਕਤੀਆਂ ਨਾਲ ਆਪਣੀ ਕਹਾਣੀ ਦਾ ਵਾਯੂਮੰਡਲ ਉਸਾਰਨ ਵਿਚ ਝੱਟ ਹੀ ਸਫਲ ਹੋ ਜਾਂਦਾ ਹੈ।

1947 ਈ. ਤੋਂ ਉਸ ਨੇ 'ਅੱਗ ਖਾਣ ਵਾਲੇ', 'ਡੰਗਰ', 'ਨਵਾਂ ਘਰ', 'ਨਵਾਂ ਆਦਮੀ', 'ਕਰਾਮਾਤ', 'ਗੋਰਜਾਂ', 'ਫੁੱਲ ਤੋੜਨਾ ਮਨ੍ਹਾ ਹੈ', 'ਪਾਰੇ ਮੈਰੇ', 'ਇੱਕ ਛਿੱਟ ਚਾਨਣ ਦੀ', 'ਸਭੇ ਸਾਂਝੀਵਾਲ ਸਦਾਇਨ', 'ਮਾਜਾ ਨਹੀਂ ਮੋਇਆ' ਆਦਿ ਕਹਾਣੀ ਸੰਗ੍ਰਹਿਆਂ ਦੁਆਰਾ ਪੰਜਾਬੀ ਕਹਾਣੀ ਦੇ ਭੰਡਾਰੇ ਨੂੰ ਭਰਪੂਰ ਕੀਤਾ ਹੈ। ਭਾਵੇਂ ਉਸ ਨੇ ਦੇਸ਼ ਦੀ ਵੰਡ ਸੰਬੰਧੀ ਵੀ ਕੁਝ ਕਹਾਣੀਆਂ ਲਿਖੀਆਂ ਹਨ ਪਰ ਮੁੱਖ ਤੌਰ ਤੇ ਉਸ ਨੇ ਇਸਤਰੀ ਦੇ ਕੋਮਲ ਭਾਵਾਂ ਨੂੰ ਬੜੇ ਹੀ ਸੂਖਮ ਤੇ ਚੰਚਲ ਢੰਗ ਨਾਲ ਰੂਪਮਾਨ ਕੀਤਾ ਹੈ। ਉਹ ਲਿੰਗ ਸੰਬੰਧਾਂ ਬਾਰੇ ਕਾਫੀ ਖੁਲ੍ਹ ਕੇ ਗੱਲ ਕਰਨ ਦੀ ਦਲੇਰੀ ਰੱਖਦਾ ਹੈ। ਇਸ ਦੀਆਂ ਬਹੁਤੀਆਂ ਕਹਾਣੀਆਂ ਦੇ ਵਿਸ਼ੇ ਮਨੋਵਿਗਿਆਨਿਕ ਹੁੰਦੇ ਹਨ ਤੇ ਉਨ੍ਹਾਂ ਦਾ ਨਿਭਾਅ ਵੀ ਮਨੋਵਿਗਿਆਨਕ ਹੀ ਹੁੰਦਾ ਹੈ। ਉਸ ਨੇ ਤਕਨੀਕ ਦੇ ਪੱਖ ਤੋਂ ਨਵੀਨ ਤੋਂ ਨਵੀਨ ਪ੍ਰਯੋਗ ਕੀਤੇ ਹਨ ਜਿਸ ਕਰਕੇ ਉਸ ਦੀਆਂ ਜਨਤ ਨਜ਼ੀਰ ਵਰਗੀਆਂ ਕਹਾਣੀਆਂ ਰਿਪੋਰਤਾਜ ਦੀ ਵੰਨਗੀ ਪੇਸ਼ ਕਰਦੀਆਂ ਹਨ। ਉਸ ਨੇ ਚੇਤਨਾ-ਪ੍ਰਵਾਹ ਵਾਲੀਆਂ ਕਹਾਣੀਆਂ ਵੀ ਲਿਖੀਆਂ ਹਨ ਜਿਵੇਂ ਦਸਤਕ 'ਇੰਦੂ ਸੋਚ ਰਹੀ ਸੀ', 'ਨਜ਼ਰ ਆਪਣੀ ਆਪਣੀ' ਆਦਿ।

1947 ਈ. ਤੋਂ ਪਹਿਲਾਂ ਦੇ ਕਹਾਣੀਕਾਰਾਂ ਵਿਚ ਨੌਰੰਗ ਸਿੰਘ ਦਾ ਉਲੇਖ ਕਰਨਾ ਵੀ ਜ਼ਰੂਰੀ ਹੈ। ਵੰਡ ਪੂਰਬ ਉਸ ਦੇ ਦੋ ਕਹਾਣੀ ਸੰਗ੍ਰਹਿ - 'ਬੋਝਲ ਪੰਡਾਂ' ਅਤੇ 'ਭੁਖੀਆਂ ਰੂਹਾਂ' ਛਪੇ ਹਨ। ਉਸ ਦੀਆਂ ਅਧਿਕਤਰ ਕਹਾਣੀਆਂ ਪੇਂਡੂ ਜੀਵਨ ਨਾਲ ਸੰਬੰਧ ਰੱਖਦੀਆਂ ਹਨ ਤੇ ਉਹ ਗਰੀਬ ਸ਼੍ਰੇਣੀ ਦੇ ਸਮਾਜਿਕ ਤੇ ਆਰਥਿਕ ਮਸਲਿਆਂ ਦੁਆਲੇ ਉਸਰੀਆਂ ਹੁੰਦੀਆਂ ਹਨ। ਉਸ ਦੇ ਕੁਝ ਪਾਤਰ ਗੁਰਬਖ਼ਸ਼ ਸਿੰਘ ਵਾਂਗ ਆਦਰਸ਼ਵਾਦੀ ਹੁੰਦੇ ਹਨ। ਉਸ ਦੀ ਸ਼ੈਲੀ ਬੜੀ ਰੋਚਕ ਤੇ ਕਾਵਿਮਈ ਹੁੰਦੀ ਹੈ।

1947 ਈ. ਤੋਂ ਬਾਅਦ ਉਸ ਨੇ 'ਮਿਰਜ਼ੇ ਦੀ ਜੂਹ' ਅਤੇ 'ਬੂਹਾ ਖੁਲ੍ਹ ਗਿਆ' ਕਹਾਣੀ-ਸੰਗ੍ਰਹਿ ਦਿੱਤੇ ਹਨ ਜਿਨ੍ਹਾਂ ਵਿਚੋਂ ਉਸ ਦੀ ਰੋਮਾਂਚਿਕ ਸ਼ੈਲੀ ਪਰਤੱਖ ਦਿਸਦੀ ਹੈ।

## 8. ਦੇਸ਼ ਵੰਡ ਉਪਰੰਤ ਪੰਜਾਬੀ ਕਹਾਣੀ

ਦੇਸ਼ ਦੀ ਵੰਡ ਉਪਰੰਤ ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿਚ ਹੇਠ ਲਿਖੀਆਂ ਪ੍ਰਵਿਰਤੀਆਂ ਹੋਂਦ ਵਿਚ ਆਈਆਂ :

1. ਆਦਰਸ਼ਵਾਦੀ ਪ੍ਰਵਿਰਤੀ
2. ਯਥਾਰਥਵਾਦੀ ਪ੍ਰਵਿਰਤੀ
3. ਪ੍ਰਯੋਗਵਾਦੀ ਪ੍ਰਵਿਰਤੀ

### 8.1 ਆਦਰਸ਼ਵਾਦੀ ਪ੍ਰਵਿਰਤੀ ਵਾਲੇ ਕਹਾਣੀਕਾਰ

ਆਦਰਸ਼ਵਾਦੀ ਪ੍ਰਵਿਰਤੀ ਅਧੀਨ ਕਹਾਣੀ ਲਿਖਣ ਵਾਲੇ ਲੇਖਕਾਂ ਵਿਚ ਗੁਰਬਖ਼ਸ਼ ਸਿੰਘ, ਮੋਹਨ ਸਿੰਘ, ਗੁਰਮੁਖ ਸਿੰਘ ਮੁਸਾਫਰ, ਨੌਰੰਗ ਸਿੰਘ, ਹੀਰਾ ਸਿੰਘ ਦਰਦ, ਹਰੀ ਸਿੰਘ ਦਿਲਬਰ ਤੇ ਸੋਹਣ ਸਿੰਘ ਸੀਤਲ ਆਦਿ ਹਨ। ਡਾ. ਮੋਹਨ ਸਿੰਘ ਦਿਵਾਨਾ ਨੇ ਕਹਾਣੀ ਖੇਤਰ ਵਿਚ 1947 ਈ. ਤੋਂ ਬਾਅਦ ਹੀ ਪ੍ਰਵੇਸ਼ ਕੀਤਾ ਤੇ ਉੱਪਰ ਥਲੀ ਤਿੰਨ ਕਹਾਣੀ ਸੰਗ੍ਰਹਿ 'ਦੇਵਿੰਦਰ ਬਤਿਸੀ', 'ਰੰਗ ਤਮਾਸ਼ੇ' ਅਤੇ 'ਪਰਾਂਦੀ' ਪ੍ਰਕਾਸ਼ਿਤ ਕੀਤੇ। ਡਾ. ਸਾਹਿਬ ਦੀਆਂ ਕਹਾਣੀਆਂ ਦਾ ਖ਼ਾਸ ਨੁਕਤਾ ਇਹ ਹੈ ਕਿ ਇਨ੍ਹਾਂ ਵਿਚ ਪ੍ਰਗਟ ਜਾਂ ਅਪ੍ਰਗਟ ਰੂਪ ਵਿਚ ਲੇਖਕ ਆਪ ਕੇਂਦਰੀ ਪਾਤਰ ਹੁੰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਤੀਖਣ ਬੁੱਧੀ, ਵਿਲਾਸ ਅਤੇ ਸੂਖਮ ਵਿਅੰਗ ਮਿਲਦਾ ਹੈ। ਉਹ ਜੀਵਨ ਦੇ ਵੱਖ ਵੱਖ ਪੱਖਾਂ ਉਤੇ ਦਾਰਸ਼ਨਿਕ ਭਾਂਤ ਦੀ

ਟਿੱਪਣੀ ਕਰਕੇ ਆਪਣੀਆਂ ਕਹਾਣੀਆਂ ਨੂੰ ਸਮਾਜ ਸੁਧਾਰਕ ਵੀ ਬਣਾ ਦਿੰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਦਾ ਉਦੇਸ਼ ਆਦਰਸ਼ਵਾਦੀ ਹੁੰਦਾ ਹੈ।

ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਵੰਡ ਤੋਂ ਪਹਿਲਾਂ ਦੀ ਕਹਾਣੀ ਕਲਾ ਬਾਰੇ ਪਿੱਛੇ ਚਰਚਾ ਕੀਤੀ ਜਾ ਚੁੱਕੀ ਹੈ। 1947 ਈ. ਤੋਂ ਬਾਅਦ ਗੁਰਬਖਸ਼ ਸਿੰਘ ਦੇ 'ਪ੍ਰੀਤਾਂ ਦੀ ਪਹਿਰੇਦਾਰ', 'ਭਾਬੀ ਮੈਨਾ', 'ਸ਼ਬਨਮ', 'ਨਵੇਂ ਖੰਡਰ ਤੇ ਉਸਾਰੀ', 'ਆਖਰੀ ਸਬਕ' 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ' ਆਦਿ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਗੁਰਬਖਸ਼ ਸਿੰਘ ਨੇ ਆਦਰਸ਼ਵਾਦੀ ਵਿਸ਼ਿਆਂ ਨੂੰ ਆਪਣੀ ਰੁਮਾਂਟਿਕ ਤੇ ਕਾਵਿਕ ਸ਼ੈਲੀ ਦੁਆਰਾ ਰਸਿਕ ਤੇ ਭਾਵ-ਪੂਰਤ ਢੰਗ ਨਾਲ ਮੂਰਤੀਮਾਨ ਕੀਤਾ ਹੈ। ਭਾਵੇਂ ਉਸ ਦੀਆਂ ਕਹਾਣੀਆਂ ਤਕਨੀਕ ਦੇ ਪਖੋਂ ਤਰੁਟੀ ਪੂਰਨ ਹਨ ਤੇ ਲੋੜ ਤੋਂ ਵੱਧ ਲੰਬੀਆਂ ਹੁੰਦੀਆਂ ਹਨ ਪਰ ਪ੍ਰੀਤ ਜਿਹੇ ਭਾਵਕ ਵਿਸ਼ੇ ਦੁਆਲੇ ਉਸਾਰੀਆਂ ਹੋਣ ਕਰਕੇ ਅਤੇ ਆਪਣੇ ਵਿਅਕਤੀਗਤ ਅਨੁਭਵ ਦੀ ਛੁਹ ਕਾਰਨ ਉਹ ਬੜੀਆ ਹੀ ਮਨੋਰੰਜਕ ਤੇ ਪ੍ਰੇਰਣਾਦਾਇਕ ਬਣ ਜਾਂਦੀਆਂ ਹਨ।

ਹਰੀ ਸਿੰਘ ਦਿਲਬਰ ਨੇ 'ਹਲੂਣੇ', 'ਝੱਖੜ', 'ਮਸਿਆ ਦੇ ਦੀਵੇ', 'ਕੂੰਜਾਂ ਦੀ ਡਾਰ', 'ਝਨਾਂ ਦੇ ਪਤਣ' ਤੇ 'ਯਾਦਾਂ ਲਾਡਲੀਆਂ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਦੀ ਭੇਟਾਂ ਕੀਤੇ ਹਨ। ਉਹ ਪੇਂਡੂ ਜੀਵਨ ਨੂੰ ਚਿਤਰਣ ਤੇ ਜਨ ਸਾਧਾਰਨ ਦੇ ਸੁਭਾ ਉਲੀਕਣ ਵਿਚ ਬਹੁਤ ਮਾਹਿਰ ਹੈ। ਉਸ ਦਾ ਦ੍ਰਿਸ਼ਟੀਕੋਣ ਆਦਰਸ਼ਵਾਦ ਹੈ ਪਰ ਜ਼ਿੰਦਗੀ ਦੇ ਯਥਾਰਥ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦੀ ਯੋਗਤਾ ਵੀ ਰਖਦਾ ਹੈ।

ਸੋਹਣ ਸਿੰਘ ਸੀਤਲ ਨੇ ਭਾਵੇਂ ਇਸ ਦੌਰ ਵਿਚ 'ਕਦਰਾਂ ਬਦਲ ਗਈਆਂ' ਅਤੇ 'ਅੰਤਰਯਾਮੀ' ਨਾਂ ਦੇ ਸੰਗ੍ਰਹਿ ਹੀ ਛਾਪੇ ਹਨ ਪਰ ਉਹ ਪੇਂਡੂ ਜੀਵਨ ਨੂੰ ਯਥਾਰਥਵਾਦੀ ਢੰਗ ਨਾਲ ਚਿਤਰਣ ਵਿਚ ਕਾਫੀ ਨਿਪੁੰਨ ਹੈ। ਉਸ ਦਾ ਦ੍ਰਿਸ਼ਟੀਕੋਣ ਵੀ ਹਰੀ ਸਿੰਘ ਦਿਲਬਰ ਵਾਂਗ ਆਦਰਸ਼ਵਾਦੀ ਹੈ।

ਗਿਆਨੀ ਹੀਰਾ ਸਿੰਘ ਦਰਦ ਨੇ 1942 ਈ. ਤੋਂ ਬਾਅਦ 'ਆਸ ਦੀ ਤੰਦ' ਨਾਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਸੀ। ਉਹ ਇਕ ਅਗਰਗਾਮੀ ਕਹਾਣੀਕਾਰ ਸੀ। ਜਿਸ ਦਾ ਆਪਣੇ ਵਿਸ਼ੇ ਵਸਤੂ ਦਾ ਨਿਭਾਅ ਆਦਰਸ਼ਵਾਦੀ ਹੋ ਨਿਬੜਦਾ ਸੀ।

### 8.2 ਯਥਾਰਥਵਾਦੀ ਪ੍ਰਵਿਰਤੀ ਵਾਲੇ ਕਹਾਣੀਕਾਰ

ਯਥਾਰਥਵਾਦੀ ਰੁਚੀ ਅਧੀਨ ਕਹਾਣੀ ਲਿਖਣ ਵਾਲੇ ਕਹਾਣੀਕਾਰਾਂ ਵਿਚ ਅਸੀਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਦੇਵਿੰਦਰ ਸਤਿਆਰਥੀ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ ਆਦਿ ਦੇ ਨਾਂ ਗਿਣ ਸਕਦੇ ਹਾਂ। ਇਨ੍ਹਾਂ ਵਿਚੋਂ ਪਹਿਲੇ ਚਾਰ ਦਾ ਜ਼ਿਕਰ ਅੱਗੇ ਆ ਚੁੱਕਾ ਹੈ। ਕੁਲਵੰਤ ਸਿੰਘ ਵਿਰਕ ਦੇ 'ਤੂੜੀ ਦੀ ਪੰਡ', 'ਧਰਤੀ ਤੇ ਆਕਾਸ਼', 'ਏਕਸ ਕੇ ਹਮ ਬਾਰਕ', 'ਛਾਹ ਵੇਲਾ', 'ਦੁੱਧ ਦਾ ਛੱਪੜ', 'ਗੋਲ੍ਹਾ' ਅਤੇ 'ਨਵੇਂ ਲੋਕ' ਨਾਂ ਦੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਡਾ. ਸਵਿੰਦਰ ਸਿੰਘ ਉਪਲ ਅਨੁਸਾਰ ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਬਾਗ ਦਾ ਇਕ ਅਜਿਹਾ ਫੁੱਲ ਹੈ ਜਿਸ ਨੇ ਪੇਂਡੂ ਜੀਵਨ ਦੇ ਨਰੋਏਪਨ ਤੇ ਖੁਲ੍ਹੇਪਣ ਨੂੰ ਆਪਣੇ ਸਜਰੇ ਤੇ ਉਘੜਵੇਂ ਰੂਪ ਰਾਹੀਂ ਮਹਿਕਾਇਆ ਹੈ। ਉਹ ਕਰਤਾਰ ਸਿੰਘ ਦੁੱਗਲ ਵਾਂਗ ਸੁਹਜ ਪ੍ਰੇਮੀ ਹੈ ਤੇ ਕਿਸੇ ਸਮਾਜਿਕ ਜਾਂ ਆਰਥਿਕ ਮਨੌਤ ਅਧੀਨ ਕਹਾਣੀ ਦੀ ਰਚਨਾ ਨਹੀਂ ਕਰਦਾ ਸਗੋਂ ਮਾਨਵਵਾਦੀ ਪ੍ਰਭਾਵ ਨੂੰ ਪੇਸ਼ ਕਰਦਾ ਹੈ। ਉਹ ਕਾਮ ਸੰਬੰਧੀ ਵਿਸ਼ਿਆਂ ਨੂੰ ਬਿਨਾਂ ਝਿਜਕ ਦੇ ਹੱਥ ਪਾਉਂਦਾ ਹੈ ਤੇ ਇਨ੍ਹਾਂ ਨੂੰ ਅਜਿਹੇ ਕਲਾਮਈ ਢੰਗ ਨਾਲ ਬਿਆਨ ਕਰਦਾ ਹੈ ਕਿ ਉਸ ਦਾ ਸਾਰਾ ਦ੍ਰਿਸ਼ਟੀਕੋਣ ਯਥਾਰਥਵਾਦੀ ਰੂਪ ਵਿਚ ਉਘੜਦਾ ਹੈ। ਉਹ ਸਮਾਜਿਕ ਕੁਰੀਤੀਆਂ ਉਤੇ ਵਿਅੰਗ ਕਰਦਾ ਹੈ। ਉਸ ਦੀਆਂ ਕਹਾਣੀਆਂ ਦਾ ਇਕ ਖਾਸ ਗੁਣ ਹੈ ਕਿ ਉਨ੍ਹਾਂ ਵਿਚੋਂ ਇਕ ਪੜ੍ਹੀ ਲਿਖੀ ਨਵੀਨ ਵਿਚਾਰਾਂ ਵਾਲੀ ਸੁਤੰਤਰ ਇਸਤਰੀ ਦਾ ਮੁਹਾਂਦਰਾ ਉਘੜਦਾ ਹੈ। ਇਸ ਲਈ ਉਹ ਪੱਛਮੀ ਕਦਰਾਂ ਕੀਮਤਾਂ ਦੀ ਵਕਾਲਤ ਕਰਦਾ ਹੈ। ਉਹ ਆਪਣੇ ਪਾਤਰਾਂ ਨੂੰ ਮਨੋਵਿਗਿਆਨਿਕ ਤਰੀਕੇ ਨਾਲ ਚਿੱਤਰਦਾ ਹੈ ਪਰ ਉਸ ਦੀ ਸ਼ੈਲੀ ਨਾਟਕੀ, ਸਿੱਧੀ ਤੇ ਸੰਕੋਚਮਈ ਹੁੰਦੀ ਹੈ। ਉਹ ਸਮੇਂ ਨਾਲ ਪੈਰ ਮੇਚ ਕੇ ਤੁਰਦਾ ਹੈ ਤੇ ਨਵੀਂ ਪੈਦਾ ਹੋ ਰਹੀ ਸ਼ਹਿਰੀ ਮੱਧ ਸ਼੍ਰੇਣੀ ਦੀ ਪੇਸ਼ਕਾਰੀ ਕਰਦਾ ਹੈ।

ਸੰਤੋਖ ਸਿੰਘ ਧੀਰ ਵੀ ਵਿਰਕ ਵਾਂਗ ਪੇਂਡੂ ਜੀਵਨ ਨੂੰ ਚਿਤਰਣ ਵਾਲਾ ਕਹਾਣੀਕਾਰ ਹੈ ਪਰ

ਜਿਥੇ ਵਿਰਕ ਕੇਂਦਰੀ ਪੰਜਾਬ ਦੇ ਪੇਂਡੂ ਜੀਵਨ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ, ਧੀਰ ਮਾਲਵੇ ਦੇ ਪਿੰਡ ਦੀ ਸੱਜਰੀ ਨੁਹਾਰ ਨੂੰ ਆਪਣੀਆਂ ਕਹਾਣੀਆਂ ਦਾ ਵਾਤਾਵਰਣ ਉਸਾਰਨ ਲਈ ਵਰਤਦਾ ਹੈ। ਧੀਰ ਆਪਣਾ ਧਿਆਨ ਜੀਵਨ ਦੀ ਖੂਬਸੂਰਤੀ ਅਤੇ ਗਤੀਸ਼ੀਲਤਾ ਵਲ ਦਿੰਦਾ ਹੈ। ਉਸ ਨੂੰ ਸਮਾਜ ਵਿਚ ਪਸਰੇ ਆਰਥਿਕ ਅਸੰਤੁਲਨ ਦਾ ਪੂਰਨ ਤੌਰ ਤੇ ਗਿਆਨ ਹੈ ਤੇ ਉਹ ਇਸ ਗੈਰ ਕੁਦਰਤੀ ਆਰਥਿਕ ਨਾਬਰਾਬਰੀ ਨੂੰ ਆਪਣੀਆਂ ਕਹਾਣੀਆਂ ਰਾਹੀਂ ਉਘਾੜਦਾ ਹੈ। ਆਰਥਿਕ ਚੇਤੰਨਤਾ ਤੋਂ ਛੁਟ ਧੀਰ ਨੂੰ ਵਿਅਕਤੀ ਦੀਆਂ ਪਿਆਰ ਲੋੜਾਂ ਦਾ ਵੀ ਅਨੁਭਵ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਆਸ਼ਾਵਾਦੀ ਹੁੰਦੇ ਹਨ ਤੇ ਉਹ ਹਾਰ ਨਹੀਂ ਮੰਨਦੇ। ਸ਼ੁਰੂ ਸ਼ੁਰੂ ਵਿਚ ਸੰਤੋਖ ਸਿੰਘ ਧੀਰ ਦਾ ਦ੍ਰਿਸ਼ਟੀਕੋਣ ਰੁਮਾਂਚਵਾਦੀ ਸੀ ਪਰ ਜੀਵਨ ਦੇ ਡੂੰਘੇ ਅਨੁਭਵ ਨੇ ਉਸ ਨੂੰ ਯਥਾਰਥਵਾਦੀ ਬਣਾ ਦਿੱਤਾ। ਉਸ ਦੀਆਂ ਕਹਾਣੀਆਂ ਵਿਚ ਸਵੈ-ਜੀਵਨੀ ਅੰਸ਼ ਵੀ ਮਿਲਦਾ ਹੈ। ਸਮਾਜਵਾਦੀ ਦ੍ਰਿਸ਼ਟੀ ਅਪਨਾਉਣ ਕਰਕੇ ਉਹ ਕਹਾਣੀ ਦੇ ਰੂਪ ਨਾਲੋਂ ਉਸ ਦੇ ਵਿਸ਼ੇ ਵਸਤੂ ਉਤੇ ਵਧੇਰੇ ਜ਼ੋਰ ਦਿੰਦਾ ਹੈ। ਉਸ ਦੇ ਬਹੁਤੇ ਪਾਤਰ ਪੇਂਡੂ ਹੋਣ ਕਰਕੇ ਉਹ ਇਨ੍ਹਾਂ ਦਾ ਚਿਤਰਣ ਸਰੀਰਕਤਾ ਦੇ ਰੂਪ ਵਿਚ ਕਰਦਾ ਹੈ ਕਿਉਂਕਿ ਪੇਂਡੂ ਲੋਕ ਜੀਵਨ ਦਾ ਬਹੁਤਾ ਭਾਗ ਸਰੀਰਕ ਰੂਪ ਵਿਚ ਹੀ ਬਤੀਤ ਕਰਦੇ ਹਨ। ਉਹ ਪੇਂਡੂ ਸਭਿਆਚਾਰ ਨੂੰ ਪੇਸ਼ ਕਰਨ ਵਾਲਾ ਇਕ ਸਫਲ ਕਹਾਣੀਕਾਰ ਹੈ।

ਯਥਾਰਥਵਾਦੀ ਰੁਚੀ ਅਧੀਨ ਰਚਨਾ ਕਰਨ ਵਾਲੇ ਕਹਾਣੀਕਾਰਾਂ ਵਿਚ ਜਸਵੰਤ ਸਿੰਘ ਕੰਵਲ ਤੇ ਬਲਵੰਤ ਗਾਰਗੀ ਵੀ ਹਨ। ਜਸਵੰਤ ਸਿੰਘ ਕੰਵਲ ਦੇ 'ਜ਼ਿੰਦਗੀ ਦੂਰ ਨਹੀਂ', 'ਕੰਡੇ', 'ਸੰਧੂਰ', ਅਤੇ 'ਰੂਪ ਦੇ ਰਾਖੇ', ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਉਸ ਨੂੰ ਵਧੇਰੇ ਕਰਕੇ ਨਾਵਲ-ਖੇਤਰ ਵਿਚ ਪ੍ਰਸਿੱਧਤਾ ਪ੍ਰਾਪਤ ਹੋਈ ਹੈ। ਕਹਾਣੀ ਦੇ ਖੇਤਰ ਵਿਚ ਉਸ ਦੇ ਵਿਸ਼ੇ ਤਾਂ ਕਾਫੀ ਬਲਵਾਨ ਹੁੰਦੇ ਹਨ ਪਰ ਨਿਸ਼ਚਿਤ ਉਦੇਸ਼ ਅਧੀਨ ਲਿਖਣ ਕਰਕੇ ਉਸ ਦੀਆਂ ਕਹਾਣੀਆਂ ਕਲਾ ਦੇ ਪੱਖੋਂ ਕੁਝ ਕਮਜ਼ੋਰ ਹੁੰਦੀਆਂ ਹਨ। ਬਲਵੰਤ ਗਾਰਗੀ ਮੁੱਖ ਤੌਰ ਤੇ ਇਕ ਨਾਟਕਕਾਰ ਹੈ ਪਰ ਉਸ ਨੇ 'ਡੁੱਲ੍ਹੇ ਬੇਰ', 'ਕਾਲਾ ਅੰਬ', 'ਪਾਤਾਲ ਦੀ ਧਰਤੀ', ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਕੇ ਕਹਾਣੀ ਖੇਤਰ ਵਿਚ ਵੀ ਆਪਣਾ ਕੁਝ ਸਥਾਨ ਬਣਾ ਲਿਆ ਹੈ। ਬਲਵੰਤ ਗਾਰਗੀ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਨੂੰ ਯਥਾਰਥਵਾਦੀ ਤਰੀਕੇ ਨਾਲ ਪੇਸ਼ ਕਰਨ ਵਾਲਾ ਲੇਖਕ ਹੈ।

### 8.3 ਪ੍ਰਯੋਗਵਾਦੀ ਪ੍ਰਵਿਰਤੀ ਵਾਲੇ ਕਹਾਣੀਕਾਰ

1947 ਤੋਂ ਬਾਅਦ ਪੰਜਾਬੀ ਕਹਾਣੀ ਆਦਰਸ਼ ਦੀ ਰੁਚੀ ਧਾਰਨ ਕਰਦੀ, ਪਦਾਰਥਵਾਦੀ ਪ੍ਰਵਿਰਤੀ ਅਧੀਨ ਸਮਾਜਵਾਦੀ ਆਸ਼ੇ ਦਾ ਪ੍ਰਚਾਰ ਕਰਦੀ, ਪ੍ਰਯੋਗ ਦੇ ਖੇਤਰ ਵਿਚ ਦਾਖ਼ਲ ਹੋ ਗਈ। ਸਾਡੇ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਤੇਜ਼ ਰਫਤਾਰ ਮਨੁੱਖਾਂ ਜੀਵਨ ਵਿਚੋਂ ਨਿੱਕੇ ਨਿੱਕੇ ਛਿਣ ਫੜਨ ਦਾ ਯਤਨ ਕੀਤਾ। ਪ੍ਰੋ. ਸੁਰਿੰਦਰਪਾਲ ਸਿੰਘ ਅਨੁਸਾਰ ਹੁਣ ਸਾਡਾ ਕਹਾਣੀਕਾਰ ਅਜਿਹੇ ਪਲ ਫੜਦਾ ਹੈ ਜਿਨ੍ਹਾਂ ਵਿਚ ਕੁਝ ਨਹੀਂ ਵਾਪਰਿਆ, ਕੋਈ ਘਟਨਾ ਨਹੀਂ, ਕੋਈ ਪਾਤਰ ਨਹੀਂ, ਤੇ ਅੱਖ ਫਰਕਣ ਜਿੰਨਾ ਪਲ, ਜੋ ਆਇਆ ਤੇ ਗੁਜ਼ਰ ਗਿਆ ਤੇ ਕੁਝ ਵੀ ਨਹੀਂ ਹੋਇਆ। ਇਕ ਪੱਥਰ ਡਿਗ ਪਿਆ ਹੈ। ਇਕ ਬਿਜਲੀ ਚਮਕ ਪਈ ਹੈ। ਘੁਸਰ ਮੁਸਰ, ਸੋਚ, ਸ਼ੋਰ ਚੀਕ, ਹੱਸਣ ਦੀ ਅਵਾਜ਼, ਗਲਾਸਾਂ ਦੇ ਟਕਰਾਣ ਦੀ ਆਵਾਜ਼, ਘੜੀ ਦੀ ਟਿੱਕ ਟਿੱਕ ਤੇ ਬਸ ਇਕ ਪਲ ਲੰਘ ਗਿਆ।[1]

ਪ੍ਰਯੋਗਵਾਦੀ ਕਹਾਣੀਕਾਰ ਕਈ ਪਲਾਂ ਨੂੰ ਇਕੱਠੇ ਕਰਦਾ ਹੈ ਉਹ ਉਹਨਾਂ ਨੂੰ ਕੋਈ ਤਰਤੀਬ ਨਹੀਂ ਦਿੰਦਾ, ਕੋਈ ਰੰਗ ਨਹੀਂ ਭਰਦਾ, ਕੋਈ ਆਦਰਸ਼ ਨਹੀਂ ਭਰਦਾ ਤੇ ਉਹ ਕੈਦ ਕੀਤੇ ਹੋਏ ਪਲ ਕਹਾਣੀ ਦਾ ਰੂਪ ਤਿਆਰ ਕਰ ਲੈਂਦੇ ਹਨ।[2] ਕਹਾਣੀ ਹੁਣ ਸਿੱਧੀ ਸਾਦੀ ਤੇ ਸਮਝ ਵਿਚ ਆਉਣ ਵਾਲੀ ਨਹੀਂ ਰਹੀ। ਇਸ ਵਿਚ ਸਮੇਂ ਤੇ ਸਥਾਨ ਦੀ ਏਕਤਾ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਇਹ ਕਿਸੇ ਗੋਦ ਅਧੀਨ ਨਹੀਂ ਰਹੀ। ਇਸ ਵਿਚ ਸਮੇਂ ਤੇ ਸਥਾਨ ਦੀ ਏਕਤਾ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਇਹ ਕਿਸੇ ਗੋਦ ਅਧੀਨ ਨਹੀਂ ਲਿਖੀ ਜਾਂਦੀ। ਇਸ ਨਵੀਂ ਕਹਾਣੀ ਵਿਚ ਕੋਈ ਕਹਾਣੀ ਨਹੀਂ ਹੁੰਦੀ ਪਰ ਇਸ ਵਿਚ ਕੋਈ ਨਾ ਕੋਈ

---

1. ਪੰਜਾਬੀ ਕਹਾਣੀਕਾਰ, ਪੰਨਾ 257

ਤਜ਼ਰਬਾ ਜਾਂ ਅਨੁਭਵ ਜ਼ਰੂਰ ਹੁੰਦਾ ਹੈ। ਪ੍ਰਯੋਗਵਾਦੀ ਕਹਾਣੀ ਵਿਚ ਮਨੁੱਖ ਦੀ ਇਕੱਲਤਾ ਪ੍ਰਗਟਾਉਣ ਦਾ ਯਤਨ ਜ਼ਰੂਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖਾ ਜ਼ਿੰਦਗੀ ਦੀ ਅਰਥਹੀਣਤਾ ਤੇ ਖੋਖਲੇਪਨ ਨੂੰ ਇਹ ਕਹਾਣੀ ਬਿਆਨ ਕਰਦੀ ਹੈ ਪਰ ਧਾਰਮਿਕ ਤੇ ਪਰੰਪਰਾਵਾਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਇਸ ਤਰ੍ਹਾਂ ਕਿ ਜਿਸ ਨੂੰ ਕਈ ਆਲੋਚਕ ਨਿਰਾਸ਼ਾਵਾਦ ਜਾਂ ਸਨਕੀ ਪੁਣਾ ਆਖ ਕੇ ਨਿੰਦਦੇ ਹਨ।

ਪੰਜਾਬੀ ਦੀਆਂ ਪ੍ਰਯੋਗਵਾਦੀ ਕਹਾਣੀਆਂ ਵਿਚ ਅਪੂਰਣਵਾਕ ਲਿਖੇ ਜਾ ਰਹੇ ਹਨ। ਬਹੁਤ ਕੁਝ ਅਣਕਿਹਾ ਹੀ ਛੱਡ ਦਿੱਤਾ ਜਾਂਦਾ ਹੈ। ਪਾਠਕ ਆਪ ਹੀ ਖੱਪੇ ਪੂਰੇ ਕਰ ਲੈਂਦਾ ਹੈ। ਭਿੰਨ ਭਿੰਨ ਮੌਕਿਆਂ ਉੱਤੇ ਵਾਪਰੀਆਂ ਘਟਨਾਵਾਂ ਨੂੰ ਇਉਂ ਬਿਆਨ ਕੀਤਾ ਹੈ ਕਿ ਸਮੁੱਚਾ ਪ੍ਰਭਾਵ ਇਕ ਹੀ ਪੈਂਦਾ ਹੈ। ਕਹਾਣੀ ਲੇਖਕ ਕਦੇ ਪਿਛਲੇ ਸਮੇਂ ਦੇ ਕਿਸੇ ਛਿਣ ਦੀ ਗੱਲ ਕਰਨ ਲੱਗ ਪੈਂਦਾ ਹੈ, ਕਦੇ ਵਰਤਮਾਨ ਸਮੇਂ ਦੇ ਕਿਸੇ ਪਲ ਨੂੰ ਬਿਆਨ ਕਰਦਾ ਹੈ।

ਪੰਜਾਬੀ ਕਹਾਣੀ ਖੇਤਰ ਵਿਚ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਲਿਖਣ ਵਾਲੇ ਲੇਖਕਾਂ ਵਿਚ ਅਸੀਂ ਪਿਆਰਾ ਸਿੰਘ ਭੋਗਲ, ਅਜੀਤ ਕੌਰ, ਗੁਲਜ਼ਾਰ ਸੰਧੂ, ਪ੍ਰੇਮ ਪ੍ਰਕਾਸ਼, ਗੁਰਦਿਆਲ ਸਿੰਘ, ਬੂਟਾ ਸਿੰਘ, ਮਹਿਰਮ ਯਾਰ, ਦਲੀਪ ਕੌਰ ਟਿਵਾਣਾ, ਸੁਰਿੰਦਰ ਜੋਹਰ, ਜਸਵੰਤ ਸਿੰਘ ਵਿਰਦੀ, ਰਾਜਿੰਦਰ ਕੌਰ, ਮਹਿੰਦਰ ਸਿੰਘ ਸਰਨਾ, ਸੁਰਜੀਤ ਸਿੰਘ ਸੇਠੀ, ਮੋਹਨ ਭੰਡਾਰੀ ਅਤੇ ਐਨ. ਕੌਰ ਆਦਿ ਨੂੰ ਗਿਣ ਸਕਦੇ ਹਾਂ।

ਅੱਜ ਦੇ ਸਮੇਂ ਦੀਆਂ ਬਦਲਦੀਆਂ ਸਮਾਜਿਕ ਕੀਮਤਾਂ ਕਰਕੇ ਹੁਣ ਇਸਤਰੀ ਅੱਗੇ ਨਾਲੋਂ ਵਧੇਰੇ ਸਤਿਕਾਰੀ ਜਾਣ ਲੱਗ ਪਈ ਹੈ। ਉਹ ਤਿੰਨ ਭਿੰਨ ਭਿੰਨ ਖੇਤਰਾਂ ਵਿਚ ਮਰਦ ਵਾਂਗ ਕੰਮ ਕਰਦੀ ਹੈ ਜਿਸ ਕਰਕੇ ਉਸ ਦੀ ਸੋਚਣੀ, ਵਤੀਰੇ ਅਤੇ ਸਥਿਤੀ ਵਿਚ ਵਰਣਨਯੋਗ ਪਰਿਵਰਤਨ ਆ ਗਿਆ ਹੈ। ਕਹਾਣੀਕਾਰਾਂ ਨੇ ਇਸ ਬਦਲਦੀ ਹੋਈ ਸਥਿਤੀ ਨੂੰ ਪੂਰੀ ਤਰ੍ਹਾਂ ਅਨੁਭਵ ਕੀਤਾ ਹੈ ਤੇ ਉਹ ਆਪਣੀਆਂ ਕਹਾਣੀਆਂ ਅਜਿਹੇ ਪਾਤਰਾਂ ਤੇ ਭਾਵਾਂ ਦਾ ਬਿਆਨ ਕਰਨ ਲੱਗੇ ਪਏ ਹਨ ਜਿਨ੍ਹਾਂ ਦਾ ਉਲੇਖ ਸਾਡੇ ਪਹਿਲੇ ਕਹਾਣੀਕਾਰਾਂ ਵਿਚ ਨਹੀਂ ਸੀ ਹੁੰਦਾ। ਇਸ ਪ੍ਰਸੰਗ ਵਿਚ ਅਸੀਂ ਬੂਟਾ ਸਿੰਘ ਦੀ ਕਹਾਣੀ 'ਤੇਰਾ ਸਾਥ ਕਬੂਲ ਨਹੀਂ' ਤੇ ਗੁਲਜ਼ਾਰ ਸੰਧੂ ਦੀ ਕਹਾਣੀ 'ਸੀਤ ਪੋਟੇ' ਦੀ ਉਦਾਹਰਣ ਪੇਸ਼ ਕਰ ਸਕਦੇ ਹਾਂ।

ਨਵੀਂ ਪ੍ਰਯੋਗਵਾਦੀ ਕਹਾਣੀ ਵਿਚ ਲਿੰਗ ਸੰਬੰਧਾਂ ਦਾ ਖੁਲ੍ਹ ਕੇ ਵਰਣਨ ਕੀਤਾ ਜਾ ਰਿਹਾ ਹੈ। ਜਿਸ ਨੂੰ ਸਮਾਜਵਾਦੀ ਆਲੋਚਕ ਅਸ਼ਲੀਲ ਤੇ ਨਗਨ ਕਹਿ ਕੇ ਭੰਡਦੇ ਹਨ। ਉਂਜ ਤਾਂ ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਈ ਕਹਾਣੀਆਂ ਵਿਚ ਲਿੰਗ ਸੰਬੰਧਾਂ ਦੀ ਚਰਚਾ ਹੁੰਦੀ ਰਹੀ ਹੈ ਪਰ ਉਹ ਬੜੀ ਓਪਰੀ ਓਪਰੀ ਹੁੰਦੀ ਸੀ ਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਲੇਖਕ ਜਾਂ ਪਾਠਕ ਉਸ ਚਰਚਾ ਨੂੰ ਪੜ੍ਹ ਕੇ ਲਿੰਗ ਸੁਆਦ ਮਾਣਦੇ ਹਨ। ਇਸ ਦੇ ਟਾਕਰੇ ਤੇ ਅੱਜ ਦੇ ਕਹਾਣੀਕਾਰ ਵਿਚ ਲਿੰਗ ਵਾਸ਼ਨਾਂ ਨਾਲ ਸੰਬੰਧਤ ਘਟਨਾਵਾਂ ਨੂੰ ਇਉਂ ਬਿਆਨ ਕਰਦੇ ਹਨ ਕਿ ਜਿਵੇਂ ਉਹ ਮਨੁੱਖ ਦੀਆਂ ਕੁਦਰਤੀ ਕਾਮਨਾਵਾਂ ਦਾ ਸੁਭਾਵਕ ਸਿੱਟਾ ਹੋਣ। ਅਜਿਹੀ ਇਕ ਕਹਾਣੀ ਵਿਚ ਲਿੰਗ ਜਾਂ ਪਿਆਰ ਦੇ ਜਜ਼ਬੇ ਨੂੰ ਕੁਦਰਤੀ ਰੂਪ ਵਿਚ ਚਿਤਰਿਆ ਗਿਆ ਹੈ, 'ਤੂੰ ਮੈਂ ਉਹ' ਰਚਿਤ ਪਿਆਰਾ ਸਿੰਘ ਭੋਗਲ।

ਨਵੇਂ ਕਹਾਣੀਕਾਰਾਂ ਨੇ ਸਾਡਾ ਪਿੰਡਾਂ ਤੇ ਸ਼ਹਿਰਾਂ ਵਿਚ ਆਏ ਸਮਾਜਿਕ, ਆਰਥਿਕ ਤੇ ਰਾਜਨੀਤਿਕ ਪਰਿਵਰਤਨ ਨੂੰ ਵੀ ਪੂਰੀ ਤਰ੍ਹਾਂ ਧਿਆਨ ਵਿਚ ਲਿਆਂਦਾ ਹੈ। ਗੁਲਜ਼ਾਰ ਸੰਧੂ, ਗੁਰਦਿਆਲ ਸਿੰਘ ਅਤੇ ਪਿਆਰਾ ਸਿੰਘ ਭੋਗਲ ਨੇ ਪੇਂਡੂ ਜੀਵਨ ਨੂੰ ਬਹੁਤ ਨੇੜੇ ਹੋ ਕੇ ਚਿਤਰਿਆ ਹੈ। ਪਰ ਨਵੇਂ ਪ੍ਰਯੋਗ ਕਰਨ ਵਾਲੇ ਕਹਾਣੀਕਾਰਾਂ ਨੇ ਪੇਂਡੂ ਜੀਵਨ ਦੇ ਟਾਕਰੇ ਤੇ ਸ਼ਹਿਰੀ ਜੀਵਨ ਨੂੰ ਵਧੇਰੇ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਪਾਤਰਾਂ ਦੇ ਸੁਭਾਅ ਚਿਤਰਨ ਸਮੇਂ ਉਨ੍ਹਾਂ ਨੇ ਬਦਲਦੀਆਂ ਹੋਈਆਂ ਕੀਮਤਾਂ ਤੇ ਅਜੋਕੀ ਵਿਅਕਤੀ ਰੁਚੀ ਨੂੰ ਬੜੀ ਸਫਲਤਾ ਨਾਲ ਨਿਭਾਇਆ ਹੈ, ਨਵੀਨ ਕਹਾਣੀਆਂ ਵਿਚ ਯੂਨੀਵਰਸਿਟੀਆਂ, ਕਾਲਜਾਂ, ਕਾਫੀ ਹਾਊਸਾਂ, ਹੋਟਲਾਂ, ਟੀ ਸਟਾਲਾਂ, ਬਸ ਸਟਾਪਾਂ, ਦਫ਼ਤਰਾਂ, ਸੜਕਾਂ, ਬਾਜ਼ਾਰਾਂ ਆਦਿ ਦਾ ਕੇਵਲ ਜ਼ਿਕਰ ਹੀ ਨਹੀਂ ਹੁੰਦਾ ਸਗੋਂ ਇਨ੍ਹਾਂ ਭਿੰਨ ਭਿੰਨ ਸਥਾਨਾਂ ਉੱਤੇ ਜਿਹੜਾ ਜੀਵਨ ਬਤੀਤ ਕੀਤਾ ਜਾ ਰਿਹਾ ਹੈ ਉਸ ਦੀ ਵਾਸਤਵਿਕ ਤਸਵੀਰ ਵੀ ਹੁੰਦੀ ਹੈ। ਪ੍ਰੇਮ ਪ੍ਰਕਾਸ਼, ਅਜੀਤ ਕੌਰ ਤੇ ਬੂਟਾ ਸਿੰਘ ਆਦਿ ਕਹਾਣੀਕਾਰ ਇਸ ਪ੍ਰਸੰਗ ਵਿਚ ਵਰਣਨਯੋਗ

2. ਉਹੀ, ਪੰਨਾ 71

ਹਨ।

ਕੁਝ ਕਹਾਣੀਕਾਰਾਂ ਨੇ ਕੇਵਲ ਮੱਧ-ਸ਼੍ਰੇਣੀ ਨੂੰ ਹੀ ਆਪਣੀਆਂ ਕਹਾਣੀਆਂ ਵਿਚ ਨਹੀਂ ਚਿਤਰਿਆ ਸਗੋਂ ਦਲਿਤ ਸ਼੍ਰੇਣੀ ਨੂੰ ਵੀ ਹਮਦਰਦੀ ਨਾਲ ਪੇਸ਼ ਕੀਤਾ ਹੈ। ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖਣ ਵਾਲੇ ਪਿਆਰਾ ਸਿੰਘ ਭੋਗਲ ਤੇ ਪ੍ਰੇਮ ਪ੍ਰਕਾਸ਼ ਹਨ।

ਸੰਸਾਰ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਜਿਹੜੀਆਂ ਵਿਗਿਆਨਿਕ ਖੋਜਾਂ ਹੋਈਆਂ ਹਨ ਤੇ ਪਦਾਰਥਕ ਉੱਨਤੀ ਹੋਈ ਹੈ ਉਸ ਕਰਕੇ ਮਨੁੱਖ ਦੀ ਰੁਚੀ ਪਦਾਰਥਵਾਦੀ ਹੋ ਗਈ ਹੈ। ਪਰ ਪਿਛਲੇ ਦੋ ਮਹਾਨ ਯੁੱਧਾਂ ਦੀ ਤਬਾਹੀ ਨੇ ਦਾਰਸ਼ਨਿਕਾਂ ਨੂੰ ਇਹ ਸੋਚਣ ਤੇ ਮਜ਼ਬੂਰ ਕਰ ਦਿੱਤਾ ਹੈ ਕਿ ਮਨੁੱਖ ਧਰਮ ਨੂੰ ਅਪਣਾਵੇ ਜਾਂ ਵਿਗਿਆਨ ਦਾ ਸਹਾਰਾ ਲਵੇ। ਇਸ ਦਵੰਦਮਈ ਅਵਸਥਾ ਵਿਚ ਜੀਵਨ ਤੋਂ ਨਿਰਾਸ਼ ਹੋ ਕੇ ਮਨੁੱਖ ਨੇ ਆਪਣੇ ਆਪ ਨੂੰ 'ਮੈਂ' ਤੇ ਕੇਂਦਰਿਤ ਕਰ ਲਿਆ ਤੇ ਆਪਣੀ ਹੋਂਦ ਤੋਂ ਬਿਨਾਂ ਉਸ ਨੂੰ ਬਾਕੀ ਦਾ ਸਾਰਾ ਸੰਸਾਰ ਝੂਠਾ ਜਾਪਣ ਲੱਗ ਪਿਆ। ਇਸ ਸਿਧਾਂਤ ਦੇ ਸੰਸਥਾਪਕ ਸੰਸਾਰ ਪ੍ਰਸਿੱਧ ਦਾਰਸ਼ਨਿਕ ਜੀਨ ਪਾਲ ਸਾਰਤਰ ਹਨ ਤੇ ਇਸ ਨੂੰ ਅਸਤਿਤਵਵਾਦ ਦਾ ਨਾਂ ਦਿੱਤਾ ਜਾਂਦਾ ਹੈ। ਭਾਵੇਂ ਇਹ ਰੁਚੀ ਪੰਜਾਬੀ ਕਹਾਣੀ ਖੇਤਰ ਵਿਚ ਪੂਰੀ ਤਰ੍ਹਾਂ ਵਿਕਸਿਤ ਰੂਪ ਵਿਚ ਵੇਖਣ ਵਿਚ ਨਹੀਂ ਆਉਂਦੀ ਪਰ ਪ੍ਰਯੋਗ ਰੂਪ ਵਿਚ, ਇਸ ਦੀ ਵਰਤੋਂ ਦਲੀਪ ਕੌਰ ਟਿਵਾਣਾ ਤੇ ਬੂਟਾ ਸਿੰਘ ਨੇ ਕੀਤੀ ਹੈ। ਟਿਵਾਣਾ ਦੇ ਕਹਾਣੀ ਸੰਗ੍ਰਹਿ 'ਯਾਤਰਾ' ਵਿਚ ਅਸਤਿਤਵਵਾਦ ਦੀ ਵਰਤੋਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ ਜਿਵੇਂ 'ਇਹ ਕੌਣ ਏ' ਤੇ 'ਭੁਲੇਖਾ' ਨਾਂ ਦੀਆਂ ਕਹਾਣੀਆਂ ਵਿਚ।

**9. ਚੇਤਨਾ-ਪ੍ਰਵਾਹ ਦਾ ਪ੍ਰਯੋਗ**

ਕਰਤਾਰ ਸਿੰਘ ਦੁੱਗਲ, ਮਹਿੰਦਰ ਸਿੰਘ ਸਰਨਾ ਤੇ ਕੁਲਵੰਤ ਸਿੰਘ ਵਿਰਕ ਨੇ ਵੀ ਚੇਤਨਾ-ਪ੍ਰਵਾਹ ਵਾਲੀਆਂ ਕਹਾਣੀਆਂ ਲਿਖੀਆਂ ਸਨ ਪਰ ਇਨ੍ਹਾਂ ਲੇਖਕਾਂ ਨੇ ਸੁਚੇਤ ਤੌਰ ਤੇ ਇਸ ਢੰਗ ਨੂੰ ਨਹੀਂ ਸੀ ਅਪਣਾਇਆ। ਪਰੰਤੂ ਪ੍ਰੇਮ ਪ੍ਰਕਾਸ਼ 'ਟਾਕੀ' ਵਰਗੀਆਂ ਕਹਾਣੀਆਂ ਵਿਚ ਚੇਤਨ ਮਨ ਦੇ ਪ੍ਰਵਾਹ ਨੂੰ ਯਥਾਰਥਕ ਤਰੀਕੇ ਨਾਲ ਚਿੱਤਰਦਾ ਹੈ। ਇਸ ਕਹਾਣੀ ਵਿਚ ਮੁੱਖ ਪਾਤਰ ਨੂੰ ਕੋਸੇ ਪਾਣੀ ਨਾਲ ਨਹਾਉਣ, ਫਸਲਾਂ ਵਿਚ ਉਗੀ ਭੰਗ ਨੂੰ ਵੇਖ ਕੇ, ਮੇਲੇ ਦੇ ਚਾਅ ਵਿਚ ਕਿਸੇ ਕੁੜੀ ਦੀ ਯਾਦ, ਪਾਣੀ ਦੀਆਂ ਖਾਲਾਂ, ਗਰਮ ਰੋਟੀਆਂ, ਸ਼ਰਾਬ, ਵੇਸਵਾ, ਭੌਂਕਦੇ ਕੁੱਤੇ, ਪਿੰਡ ਦੀਆਂ ਕੁੜੀਆਂ ਦੇ ਉਧਾਲੇ ਆਦਿ ਦੇ ਵਿਚਾਰ ਆਉਂਦੇ ਹਨ। ਬੂਟਾ ਸਿੰਘ ਦੀ ਕਹਾਣੀ 'ਅਧਵਾਟੇ' ਵੀ ਚੇਤਨਾ ਪ੍ਰਵਾਹ ਦੇ ਪ੍ਰਯੋਗ ਵਾਲੀ ਕਹਾਣੀ ਹੈ। ਅਜੀਤ ਕੌਰ ਦੀ ਕਹਾਣੀ 'ਸੂਲੀ ਤੇ ਲਟਕੇ ਪਲ' ਵੀ ਇਸ ਪ੍ਰਕਾਰ ਦਾ ਇਕ ਸਫਲ ਪ੍ਰਯੋਗ ਹੈ।

ਹੁਣ ਕਹਾਣੀ ਵਿਚ ਪਾਤਰ ਚਿੱਤਰਣ ਦੇ ਪੱਖੋਂ ਵੀ ਨਵੇਂ ਪ੍ਰਯੋਗ ਕੀਤੇ ਜਾ ਰਹੇ ਹਨ। ਹੁਣ ਪਾਤਰ ਦਾ ਏਨਾ ਸਰੀਰਕ ਚਿਤਰਣ ਜ਼ਰੂਰੀ ਨਹੀਂ ਸਮਝਿਆ ਜਾਂਦਾ ਜਿੰਨਾ ਉਸ ਦਾ ਮਾਨਸਕ ਚਿੱਤਰਣ। ਪਾਤਰ ਚਿਤਰਣ ਹੁਣ ਰੇਖਾ ਚਿੱਤਰ ਵਿੱਚ ਵੀ ਬਦਲ ਰਿਹਾ ਹੈ। ਰੇਖਾ ਚਿੱਤਰ ਵਿਚ ਸੰਪੂਰਨ ਤੇ ਵਿਸਥਾਰ ਦੀ ਥਾਂ ਕਿਸੇ ਟੁਕੜੇ ਜਾਂ ਵਿਸ਼ੇਸ਼ ਅੰਗ ਨੂੰ ਹੀ ਮੁੱਖ ਤੌਰ ਤੇ ਪੇਸ਼ ਕੀਤਾ ਜਾਂਦਾ ਹੈ ਭਾਵੇਂ ਰੇਖਾ ਚਿੱਤਰ ਨੂੰ ਜੀਵਨੀ ਦੇ ਅੰਤਰਗਤ ਵੀ ਵਿਚਾਰਿਆ ਜਾਂਦਾ ਹੈ ਪਰ ਇਹ ਕਹਾਣੀ ਖੇਤਰ ਦੀ ਕਲਾ ਵਧੇਰੇ ਪ੍ਰਤੀਤ ਹੁੰਦੀ ਹੈ। ਰੇਖਾ ਚਿੱਤਰ ਵਿਚ ਲਿਖਾਰੀ ਗੋਦ ਦੀ ਥਾਂ ਕਿਸੇ ਇੱਕ ਪਾਤਰ ਦੇ ਮਨੋਵਿਗਿਆਨਿਕ ਵਿਸ਼ਲੇਸ਼ਣ ਤੇ ਵਧੇਰੇ ਜ਼ੋਰ ਦਿੰਦਾ ਹੈ। ਭਾਵੇਂ ਚਰਨ ਸਿੰਘ ਸ਼ਹੀਦ ਨੇ ਵਰਿਆਮ ਨਾਂ ਦੇ ਅਮਰ ਪਾਤਰ ਤੇ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਅਤੇ ਦੇਵਿੰਦਰ ਸਤਿਆਰਥੀ ਨੇ ਵੀ ਕਿਤੇ ਕਿਤੇ ਕਈ ਰੇਖਾ ਚਿੱਤਰ ਲਿਖੇ ਹਨ ਪਰ ਨਵੀਨ ਪ੍ਰਯੋਗਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਬੜੀਆਂ ਤਰੁੱਟੀਆਂ ਹਨ। ਕੁਲਵੰਤ ਸਿੰਘ ਵਿਰਕ ਦਾ 'ਚਾਚਾ', ਬੂਟਾ ਸਿੰਘ ਦਾ 'ਮਾਈ ਸਧਰਾ', ਦਲੀਪ ਕੌਰ ਟਿਵਾਣਾ ਦਾ 'ਬੀਬੀ ਬੰਸੋ', ਗੁਰਦਿਆਲ ਸਿੰਘ 'ਬਕਲਮ ਖੁਦ' ਪ੍ਰਯੋਗਵਾਦੀ ਰੇਖਾ ਚਿੱਤਰਾਂ ਦੀਆਂ ਕੁਝ ਕੁ ਉਦਾਹਰਣਾਂ ਹਨ।

ਕਈ ਲੇਖਕ ਰਿਪੋਰਤਾਜ ਜਾਂ ਸੂਚਨਾ ਦੇ ਢੰਗ ਦੀਆਂ ਕਹਾਣੀਆਂ ਵੀ ਲਿਖ ਰਹੇ ਹਨ ਜਿਵੇਂ ਬੂਟਾ ਸਿੰਘ, ਪ੍ਰੇਮ ਪ੍ਰਕਾਸ਼, ਅਜੀਤ ਕੌਰ ਅਤੇ ਗੁਰਦਿਆਲ ਸਿੰਘ। ਬੂਟਾ ਸਿੰਘ ਦੀ 'ਬਾਬਾ ਪ੍ਰੇਮ ਸਿੰਘ' ਤੇ 'ਚਾਚਾ ਕਰੀਮ ਬਖਸ਼', ਪ੍ਰੇਮ ਪ੍ਰਕਾਸ਼ ਦੀ 'ਕੀੜੇ ਦਾ ਰਿਜ਼ਕ', ਅਜੀਤ ਕੌਰ ਦੀ 'ਇਕ ਪਿਆਲਾ ਦੋ ਹੋਂਠ' ਅਤੇ ਗੁਰਦਿਆਲ ਸਿੰਘ ਦੀ 'ਕੀਟ ਮਨੁੱਖ ਮੈਨੂੰ ਕੀ ਸਾਰ' ਰਿਪੋਰਤਾਜ ਦੀਆਂ ਸੁੰਦਰ ਉਦਾਹਰਣਾਂ ਹਨ।

ਨਵੀਨਤਮ ਪ੍ਰਯੋਗਾਂ ਵਿਚ ਨਿਬੰਧ ਰੂਪੀ ਕਹਾਣੀ ਦਾ ਵਰਣਨ ਕਰਨਾ ਵੀ ਜ਼ਰੂਰੀ ਜਾਪਦਾ ਹੈ। ਸੰਤ ਸਿੰਘ ਸੇਖੋਂ ਦੇ ਕਹਾਣੀ ਸੰਗ੍ਰਹਿ 'ਤੀਜਾ ਪਹਿਰ' ਵਿਚ ਕਈ ਕਹਾਣੀਆਂ ਨਿਬੰਧ ਰੂਪੀ ਹਨ ਜਿਵੇਂ 'ਟੱਪਰੀ ਵਾਸ ਮੁੰਡਾ' 'ਖੋਖਿਆਂ ਵਾਲਾ ਚੌਕ' ਆਦਿ। ਇਸੇ ਤਰ੍ਹਾਂ ਈਸ਼ਵਰ ਚਿੱਤਰਕਾਰ, ਸੂਬਾ ਸਿੰਘ ਤੇ ਪਿਆਰਾ ਸਿੰਘ ਦਾਤਾ ਨੇ ਇਸ ਪ੍ਰਕਾਰ ਦੀਆਂ ਕਹਾਣੀਆਂ ਲਿਖੀਆਂ ਹਨ।

ਉਪਰੋਕਤ ਵਿਚਾਰ ਤੋਂ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪੰਜਾਬੀ ਕਹਾਣੀ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਕਾਫੀ ਲੰਬਾ ਪੈਂਡਾ ਮਾਰ ਲਿਆ ਹੈ ਤੇ ਪੰਜਾਬੀ ਖੇਤਰ ਵਿਚ ਜੋ ਨਵੇਂ ਪ੍ਰਯੋਗ ਹੋਏ ਹਨ, ਉਨ੍ਹਾਂ ਸਦਕਾ ਇਹ ਸੰਸਾਰ ਦੀਆਂ ਦੂਜੀਆਂ ਉੱਨਤ ਭਾਸ਼ਾਵਾਂ ਦੀਆਂ ਕਹਾਣੀਆਂ ਦੇ ਬਰਾਬਰ ਖੜੀ ਹੋ ਸਕਣ ਦੇ ਸਮਰੱਥ ਹੋ ਗਈ ਹੈ।

**10. 1960 ਤੋਂ ਬਾਅਦ ਦੀ ਪੰਜਾਬੀ ਕਹਾਣੀ**

ਹੋਰ ਸਾਹਿਤ ਰੂਪਾਂ ਵਾਂਗ 1960 ਤੋਂ ਪੰਜਾਬੀ ਨਿੱਕੀ ਕਹਾਣੀ ਵਿਚ ਵੀ ਨਵੇਂ ਪ੍ਰਯੋਗ ਹੋਏ ਹਨ। ਪਹਿਲੇ ਪੋਚ ਦੇ ਲੇਖਕ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਤੇ ਅੰਮ੍ਰਿਤਾ ਪ੍ਰੀਤਮ ਆਦਿ ਵੀ ਕਹਾਣੀਆਂ ਲਿਖਦੇ ਰਹੇ ਹਨ ਕੁਝ ਤੇ ਨਵੇਂ ਲੇਖਕ ਮਹਿੰਦਰ ਸਿੰਘ ਸਰਨਾ, ਜਸਵੰਤ ਸਿੰਘ ਵਿਰਦੀ, ਗੁਲਵੰਤ ਫ਼ਾਰਗ, ਗੁਰਬਖਸ਼ ਬਾਹਵਲੀ, ਅਜੀਤ ਸੈਣੀ, ਬਲਬੀਰ ਮੋਮੀ, ਬਲਦੇਵ ਬਲ, ਰਾਜ ਸ਼ਰਮਾ, ਗੁਰਬਖਸ਼ ਸਿੰਘ, ਗੁਲਜ਼ਾਰ ਸਿੰਘ ਸੰਧੂ, ਗੁਰਮੁਖ ਜੀਤ, ਮੋਹਨ ਭੰਡਾਰੀ ਤੇ ਰਘਬੀਰ ਢੰਡ ਆਦਿ ਨੇ ਕਹਾਣੀ ਰਚਨਾ ਵਿਚ ਹਿੱਸਾ ਪਾਇਆ। ਇਸ ਸਮੇਂ ਕਹਾਣੀ ਦੇ ਖੇਤਰ ਵਿਚ ਹੇਠ ਲਿਖੇ ਝੁਕਾਅ ਪੈਦਾ ਹੋਏ।

**10.1 ਪ੍ਰਯੋਗਵਾਦੀ ਕਹਾਣੀ**

ਇਸ ਸਮੇਂ ਦੀ ਸਮੁੱਚੀ ਕਹਾਣੀ ਦਾ ਝੁਕਾਅ ਪਹਿਲੀ ਆਦਰਸ਼ਵਾਦੀ ਸੋਚਣੀ ਤੋਂ ਉਲਟ ਮਨੋਵਿਗਿਆਨਕ ਰਿਹਾ ਹੈ। ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਮਨੋਵਿਗਿਆਨੀ ਦ੍ਰਿਸ਼ਟੀ ਤੋਂ ਦੇਖਣ ਦੀ ਪਿਰਤ ਪਈ ਹੈ। ਇਹਨਾਂ ਕਹਾਣੀਆਂ ਵਿਚ ਵਧੇਰੇ ਸ਼ਹਿਰੀ ਜੀਵਨ ਨੂੰ ਆਧਾਰ ਬਣਾਇਆ ਗਿਆ ਹੈ। ਇਹ ਜੀਵਨ ਮੱਧ ਵਰਗ ਦਾ ਜੀਵਨ ਹੈ, ਜਿਸ ਵਿਚ ਹਰ ਛੋਟੀ ਤੋਂ ਛੋਟੀ ਸਮੱਸਿਆ ਮੱਧ ਵਰਗੀ ਮਨੁੱਖਾਂ ਦੇ ਸੰਤੁਲਨ ਨੂੰ ਭੰਗ ਕਰ ਦਿੰਦੀ ਹੈ। ਮਹਿੰਦਰ ਸਿੰਘ ਸਰਨਾ ਦੀ 'ਸੁਪਨਿਆਂ ਦੀ ਸੀਮਾ', ਦੇਵਿੰਦਰ ਦੀ 'ਇਕ ਪਲ ਦਾ ਮਸੀਹਾ', 'ਦੋ ਕਿਨਾਰੇ', 'ਖੁਸ਼ਬੋ', ਗੁਲਵੰਤ ਫਾਰਗ ਦੀ 'ਚਾਂਦੀ ਦਾ ਪੁਲ' ਆਦਿ ਵਰਣਨਯੋਗ ਪੁਸਤਕਾਂ ਹਨ। ਇਸ ਤੋਂ ਬਿਨਾਂ ਇਸਤਰੀ ਲੇਖਕਾਂ ਨੇ ਵੀ ਕਹਾਣੀ ਸਿਰਜਣਾ ਵਿਚ ਕਾਫ਼ੀ ਹਿੱਸਾ ਪਾਇਆ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਐਨ ਕੌਰ ਆਦਿ ਦੇ ਨਾਂ ਵੀ ਵਰਣਨਯੋਗ ਹੈ। ਇਨ੍ਹਾਂ ਵਿਚੋਂ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਨਿਰੋਲ ਰੁਮਾਂਸਵਾਦੀ ਸ਼ੈਲੀ ਦੀਆਂ ਹਨ। ਦਲੀਪ ਕੌਰ ਟਿਵਾਣਾ ਦੀਆਂ ਕੁਝ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਦੀ ਪਰਿਪਾਟੀ ਨਾਲ ਮੇਲ ਖਾਂਦੀਆਂ ਹਨ ਤੇ ਕੁਝ ਨਹੀਂ। ਕੁਝ ਨਵੇਂ ਪ੍ਰਯੋਗ ਵੀ ਹਨ ਪਰ ਟਿਵਾਣਾ ਦਾ ਵਿਸ਼ਾ ਵੀ ਅੰਮ੍ਰਿਤਾ ਵਾਂਗ ਇਸਤਰੀ ਪਾਤਰਾਂ ਦੀਆਂ ਮਜ਼ਬੂਰੀਆਂ ਪੇਸ਼ ਕਰਨਾ ਹੀ ਰਿਹਾ ਹੈ। ਅਜੀਤ ਕੌਰ ਦੀਆਂ ਕਹਾਣੀਆਂ ਜ਼ਰੂਰ ਮਨੋਵਿਗਿਆਨਕ ਯਥਾਰਥਵਾਦ ਨਾਲ ਸੰਬੰਧ ਰੱਖਦੀਆਂ ਹਨ। ਪਹਿਲੀ ਵਾਰ ਇਕ ਇਸਤਰੀ ਲੇਖਕ ਨੇ ਔਰਤ ਦੀਆਂ ਸਮੱਸਿਆਵਾਂ ਦਾ ਮੂਲ ਕੇਵਲ ਮਰਦ ਵਿਚੋਂ ਹੀ ਲਭ ਕੇ ਸਮਾਜ ਜਾਂ ਉਸ ਦੇ ਆਪਣੇ ਹੀ ਮੰਨ-ਅੰਤਰ ਵਿਚੋਂ ਲੱਭਣ ਦਾ ਜਤਨ ਕੀਤਾ ਹੈ। ਪ੍ਰਯੋਗਵਾਦੀਆਂ ਵਿਚੋਂ ਸਭ ਨਾਲੋਂ ਵਧ ਜਸਵੰਤ ਸਿੰਘ ਵਿਰਦੀ (ਪੀੜ ਪਰਾਈ), ਹਰਬੰਸ ਸਿੰਘ ਜੌਲੀ (ਚੀਕਾਂ, ਇਕ ਰਾਤ ਪਰਭਾਤ, ਪ੍ਰੀਤ ਮਿਲਣੀ ਆਦਿ) ਲੋਚਣ ਸਿੰਘ ਬਖਸ਼ੀ (ਪਾਪ ਪੁੰਨ ਤੋਂ ਪਰੇ, ਵਰ ਤੇ ਸਰਾਪ, ਭਰੇ ਮੇਲੇ ਵਿਚ) ਆਦਿ ਸਫਲ ਕਹਾਣੀਕਾਰ ਹਨ ਜਿਨ੍ਹਾਂ ਨੇ ਉਪਰਲੀ ਮੱਧ ਸ਼੍ਰੇਣੀ ਦੇ ਦੰਭ ਤੋਂ ਪਰਦਾ ਚੁੱਕ ਕੇ ਉਸ ਦੀ ਅੰਦਰੂਨੀ ਜ਼ਿੰਦਗੀ ਦੀ ਕੌੜੀ ਹਰਕਤ ਨੂੰ ਨੰਗਾ ਕਰਨ ਦੀ ਦਲੇਰੀ ਕੀਤੀ ਹੈ।

**10.2 ਨਵ-ਪ੍ਰਗਤੀਵਾਦੀ ਜਾਂ ਜੁਝਾਰਵਾਦੀ ਕਹਾਣੀ**

ਇਸ ਝੁਕਾਅ ਅਧੀਨ ਅਸੀਂ ਅਮਰ ਸਿੰਘ (ਕਬਰ ਪੁੱਟ ਤੇ ਸਿੱਖ ਸਾਗਰ), ਨਵਤੇਜ ਸਿੰਘ (ਦੇਸ਼ ਵਾਪਸੀ, ਨਵੀਂ ਰੁੱਤ, ਬਾਸਮਤੀ ਦੀ ਮਹਿਕ ਤੇ ਚਾਨਣ ਦੇ ਬੀਜ), ਰਘਬੀਰ ਢੰਡ (ਬੋਲ ਧਰਤੀ) ਆਦਿ ਕਹਾਣੀਕਾਰਾਂ ਨੂੰ ਰੱਖ ਸਕਦੇ ਹਾਂ। ਨਵਜੋਤ ਦੀ ਕਹਾਣੀ ਕਲਾ ਵਿਚ ਮਨੋਵਿਗਿਆਨ ਤੇ ਰੁਮਾਂਟਿਕ ਸ਼ੈਲੀ

ਦੀ ਵੀ ਮਿੱਸ ਹੈ। ਚੇਤਨਾ ਭਾਵੇਂ ਸਮਾਜਵਾਦੀ ਹੈ, ਪਰ ਉਸ ਦੀਆਂ ਕਹਾਣੀਆਂ ਵਿਚ ਇਕ ਤਰ੍ਹਾਂ ਦੇ ਆਦਰਸ਼ਵਾਦ ਦੀ ਵੀ ਝਲਕ ਪੈਂਦੀ ਹੈ। ਅਮਰ ਸਿੰਘ ਦੀ ਚੇਤੰਨਤਾ ਸਮਾਜ-ਵਾਦੀ ਵਿਚਾਰਧਾਰਾ ਰੱਖਦੀ ਹੈ ਤੇ ਆਪਣੀਆਂ ਕੁਝ ਕੁ ਕਹਾਣੀਆਂ ਵਿਚ ਉਹ ਸੁਜਾਨ ਸਿੰਘ ਨਾਲ ਮੇਲ ਖਾਂਦਾ ਹੈ। ਰਘਬੀਰ ਢੰਡ ਦੀ ਰਚਨਾ 'ਬੋਲੀ ਧਰਤੀ' ਵੀ ਇਸੇ ਵਿਚਾਰਧਾਰਾ ਦਾ ਪ੍ਰਗਟਾਵਾ ਹੈ। ਇਹ ਲੇਖਕ ਆਪਣੇ ਵਿਸ਼ੇ ਅਤੇ ਰੂਪ ਦੋਹਾਂ ਪਖੋਂ ਕਾਫੀ ਨਿਪੁੰਨ ਕਹਾਣੀਕਾਰ ਹਨ। ਕਹਾਣੀ-ਕਲਾ ਦੇ ਪੱਖ ਤੋਂ ਇਹਨਾਂ ਦੀਆਂ ਕਹਾਣੀਆਂ ਸਫਲ ਕਹੀਆਂ ਜਾ ਸਕਦੀਆਂ ਹਨ।

### 10.3 ਹਾਸਰਸੀ ਪੰਜਾਬੀ ਕਹਾਣੀ

ਇਸ ਸਮੇਂ ਦੌਰਾਨ ਕਹਾਣੀ-ਖੇਤਰ ਵਿਚ ਇਕ ਹੋਰ ਪਰੰਪਰਾ ਹਾਸਰਸੀ ਕਹਾਣੀਆਂ ਦੀ ਚਲੀ ਹੈ ਜਿਸ ਅਧੀਨ ਸੂਬਾ ਸਿੰਘ, ਗੁਰਨਾਮ ਸਿੰਘ ਤੀਰ, ਪਿਆਰਾ ਸਿੰਘ ਦਾਤਾ, ਨੂੰ ਰਖਿਆ ਜਾ ਸਕਦਾ ਹੈ। ਗੁਰਨਾਮ ਸਿੰਘ ਤੀਰ ਰਚਿਤ 'ਹਸਦੀ ਦੁਨੀਆਂ', 'ਮਿੱਠੀਆਂ ਪੀੜਾਂ', 'ਗੁੜ੍ਹਤੀ' ਅਤੇ 'ਅੱਧੀ ਰਾਤ ਦੀਆਂ ਹਾਕਾਂ' ਆਦਿ ਕਹਾਣੀ ਸੰਗ੍ਰਹਿ ਬੜੇ ਨਾਟਕੀ ਤੇ ਕਲਾਤਮਕ ਅੰਦਾਜ਼ ਵਿਚ ਜ਼ਿੰਦਗੀ ਦੇ ਕਈ ਕੌੜੇ ਸੱਚਾਂ ਉੱਤੇ ਵਿਅੰਗਮਈ ਚੋਟ ਕਰੇ ਹਨ। ਇਹਨਾਂ ਦਾ ਬਾਹਰੀ ਪ੍ਰਭਾਵ ਭਾਵੇਂ ਹਾਸੇ ਦਾ ਹੈ ਪਰ ਅੰਦਰੂਨੀ ਤੌਰ ਤੇ ਜੀਵਨ ਦੇ ਕਿਸੇ ਡੂੰਘੇ ਭਾਵ ਨੂੰ ਸਪੱਸ਼ਟ ਕੀਤਾ ਹੋਇਆ ਹੈ ਜਿਹੜਾ ਆਪਣੇ ਆਪ ਵਿਚ ਵੇਦਨਾ ਭਰਪੂਰ ਹੈ। ਸੂਬਾ ਸਿੰਘ ਰਚਿਤ 'ਅੱਗ ਤੇ ਪਾਣੀ' ਵਿਚਲੀਆਂ ਕਹਾਣੀਆਂ ਜੀਵਨ ਦੇ ਡੂੰਘੇ ਯਥਾਰਥਕ ਅਨੁਭਵ ਵਿਚੋਂ ਨਿਕਲੀਆਂ ਹਨ। ਉਸ ਦਾ ਵਿਅੰਗਾਤਮਕ ਦ੍ਰਿਸ਼ਟੀਕੋਣ ਪਰਿਪੱਕ ਹੈ ਤੇ ਹਾਸਰਸੀ ਸ਼ੈਲੀ ਕਿਤੇ ਵੀ ਬੌਧਿਕਤਾ ਦੀ ਪੁੱਠ ਤੋਂ ਸੱਖਣੀ ਨਹੀਂ ਹੁੰਦੀ। ਪਿਆਰਾ ਸਿੰਘ ਦਾਤਾ ਦੀਆਂ ਕਹਾਣੀਆਂ ਦੀ ਤਰਜ਼ ਜ਼ਰੂਰ ਹੌਲੀ ਤੇ ਮਨੋਰੰਜਕ ਹੁੰਦੀ ਹੈ ਜਿਸ ਤੋਂ ਸਾਧਾਰਨ ਤੋਂ ਸਾਧਾਰਨ ਪਾਠਕ ਵੀ ਰਸ ਮਾਣ ਸਕਦਾ ਹੈ ਭਾਵੇਂ ਹੌਲਾਪਨ ਕਿਤੇ ਵੀ ਸਾਹਿਤਕ ਪੱਧਰ ਤੋਂ ਘਟੀਆ ਨਹੀਂ ਲਗਦਾ। 'ਅਪ੍ਰੈਲ ਫੂਲ', 'ਮਾਂਗਵੇਂ ਖੰਭ', 'ਮੇਰੀ ਪਹਿਲੀ ਪ੍ਰੀਤ' ਆਦਿ ਉਸ ਦੀਆਂ ਕੁਝ ਕੁ ਵਰਣਨਯੋਗ ਕਿਰਤਾਂ ਹਨ।

### ਅਭਿਆਸ ਵਾਸਤੇ ਪ੍ਰਸ਼ਨ

1. ਕਹਾਣੀ ਕੀ ਹੈ ?
2. ਮੁਢਲੇ ਦੌਰ ਦੀ ਕਹਾਣੀ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?
3. ਯਥਾਰਥਵਾਦੀ ਕਹਾਣੀ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?
4. ਚੇਤਨਾ ਪ੍ਰਵਾਹ ਤਕਨੀਕ ਅਧੀਨ ਲਿਖੀ ਕਹਾਣੀ ਬਾਰੇ ਵਿਚਾਰ ਵਿਅਕਤ ਕਰੋ।
5. ਹਾਸ ਰਸੀ ਕਹਾਣੀ ਦਾ ਪੰਜਾਬੀ ਕਹਾਣੀ ਵਿਚ ਕੀ ਸਥਾਨ ਹੈ ?

### ਸਹਾਇਕ ਪੁਸਤਕਾਂ ਦੀ ਸੂਚੀ

1. *ਪੰਜਾਬੀ, ਕਹਾਣੀਕਾਰ* – ਡਾ. ਸਵਿੰਦਰ ਸਿੰਘ ਉੱਪਲ।
2. *ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ* – ਭਾਸ਼ਾ ਵਿਭਾਗ, ਪਟਿਆਲਾ।
3. *ਪੰਜਾਬੀ ਕਹਾਣੀ ਦੇ ਨਵੇਂ ਪ੍ਰਯੋਗ* – ਪ੍ਰੋ. ਸੁਰਿੰਦਰਪਾਲ ਸਿੰਘ
4. *ਪੰਜਾਬੀ ਗਲਪ ਦਾ ਇਤਿਹਾਸ* – ਡਾ. ਗੁਰਚਰਨ ਸਿੰਘ
5. *ਕਹਾਣੀਕਾਰ ਅੰਕ* – 'ਸਾਹਿਤ ਸਮਾਚਾਰ'।
6. *ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤ ਪਿਛੋਕੜ* – (ਸੰਪ.) ਡਾ. ਜਸਬੀਰ ਸਿੰਘ ਆਹਲੂਵਾਲੀਆਂ।
7. *ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ* – (ਭਾਸ਼ਾ ਵਿਭਾਗ, ਪੰਜਾਬ)।

ਪਾਠ ਨੰਬਰ : 1.8

## ਪੰਜਾਬੀ ਨਾਟਕ ਅਤੇ ਇਕਾਂਗੀ ਦਾ ਇਤਿਹਾਸ

### 1. ਮੰਤਵ

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਨਾਟਕ ਅਤੇ ਇਕਾਂਗੀ ਕਲਾ ਦੇ ਜਨਮ ਅਤੇ ਵਿਕਾਸ ਬਾਰੇ ਪੂਰੀ ਜਾਣਕਾਰੀ ਦੇਣਾ ਹੈ। ਪੰਜਾਬੀ ਨਾਟਕ ਦੇ ਮੁੱਢ ਬਾਰੇ ਕਾਫੀ ਭਰਮ ਭੁਲੇਖੇ ਹਨ। ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਇਥੇ ਕੋਈ ਨਾਟਕੀ ਪਰੰਪਰਾ ਨਹੀਂ ਸੀ। ਇਸ ਪਾਠ ਵਿਚ ਪਹਿਲਾਂ ਇਸ ਪ੍ਰਸ਼ਨ ਨੂੰ ਪੜਤਾਲਿਆ ਗਿਆ ਹੈ।

### 2. ਭੂਮਿਕਾ

ਇਸ ਪਾਠ ਦੇ ਪੰਜ ਹਿੱਸੇ ਬਣਦੇ ਹਨ (ਭਾਵੇਂ ਸਿਰਲੇਖ ਨਹੀਂ ਦਿੱਤੇ)। ਪਹਿਲੇ ਭਾਗ ਵਿਚ ਇਹ ਦੇਖਿਆ ਗਿਆ ਹੈ ਕਿ ਆਧੁਨਿਕ ਪੰਜਾਬੀ ਨਾਟਕ ਕਿੰਨ੍ਹਾਂ ਹਾਲਤਾਂ ਵਿਚ ਪੈਦਾ ਹੋਇਆ ਅਰਥਾਤ ਅੰਗਰੇਜ਼ਾਂ ਦੇ ਪ੍ਰਵੇਸ਼ ਸਮੇਂ ਇਥੇ ਕੋਈ ਨਾਟਕ ਹੈ ਸੀ ਕਿ ਨਹੀਂ ? ਦੂਜੇ ਹਿੱਸੇ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਆਧੁਨਿਕ ਪੰਜਾਬੀ ਨਾਟਕ ਦੇ ਜਨਮ ਆਦਿ ਬਾਰੇ ਵਿਚਾਰ ਕੀਤੀ ਗਈ ਹੈ। ਤੀਜੇ ਵਿਚ 1901 ਤੋਂ 1936 ਈ. ਤੱਕ ਅਤੇ ਚੌਥੇ ਵਿਚ 1936 ਤੋਂ 1947 ਈ. ਤੱਕ ਪੰਜਾਬੀ ਨਾਟਕ ਦਾ ਵਿਕਾਸ ਉਲੀਕਿਆ ਗਿਆ ਹੈ। ਅੰਤਲੇ ਭਾਗ ਵਿਚ 1947 ਤੋਂ 1960 ਤੱਕ ਆਧੁਨਿਕ ਪੰਜਾਬੀ ਨਾਟਕ ਦਾ ਵਿਕਾਸ ਅਤੇ ਉਸ ਦੇ ਝੁਕਾਵਾਂ ਜਾਂ ਪ੍ਰਵਿਰਤੀਆਂ ਤੇ ਵਿਚਾਰ ਕੀਤੀ ਗਈ ਹੈ।

### 3. ਪੰਜਾਬੀ ਨਾਟਕ ਦਾ ਜਨਮ ਕਿੰਨ੍ਹਾਂ ਹਾਲਤਾਂ ਵਿਚ ਹੋਇਆ ?

**ਉੱਤਰ** : ਆਮ ਵਿਦਵਾਨਾਂ ਦੀ ਇਹ ਰਾਏ ਹੈ ਕਿ ਪੰਜਾਬੀ ਨਾਟਕ ਵੀਹਵੀਂ ਸਦੀ ਦੇ ਆਰੰਭ ਵਿਚ ਬਰਤਾਨਵੀ ਰਾਜ ਦੀ ਬਰਕਤ ਤੇ ਬਖਸ਼ਿਸ਼ ਕਾਰਨ ਅਤੇ ਅੰਗਰੇਜ਼ੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਇਆ। ਇਹ ਕਥਨ 'ਭਾਰਤੀਯ ਨਾਟਯ ਸਾਹਿਤਯ' ਪੁਸਤਕ ਦੇ ਅਧਿਆਇ 'ਪੰਜਾਬੀ ਡਰਾਮਾ' ਵਿਚ ਦਰਜ ਹੈ। ਸਪੱਸ਼ਟ ਤੌਰ ਤੇ ਇਹ ਕਥਨ ਪੰਜਾਬ ਸਾਹਿਤਕ ਤੇ ਸਭਿਆਚਾਰਕ ਵਿਰਸੇ ਤੋਂ ਅਗਿਆਨਤਾ ਦਾ ਸੂਚਕ ਹੈ।

ਹਰ ਦੇਸ਼ ਦੇ ਸਾਹਿਤ ਤੇ ਕਲਾ ਦੀਆਂ ਜੜ੍ਹਾ ਉਸ ਦੇਸ਼ ਦੀ ਧਰਤੀ ਵਿਚ ਡੂੰਘੀ ਤਰ੍ਹਾਂ ਗੱਡੀਆਂ ਹੁੰਦੀਆਂ ਹਨ। ਇਸੇ ਕਰਕੇ ਹਰ ਦੇਸ਼ ਦੇ ਨਾਟਕ ਵਿਚ ਉਸ ਦੇਸ਼ ਦੀ ਧਰਤੀ ਦੀ ਸੁਗੰਧ, ਸਮਾਜਿਕ ਸਥਿਤੀ, ਪਾਤਰ, ਭਾਸ਼ਾ ਅਤੇ ਸੁਭਾਵਾ ਦੀ ਵਿਲਖਣਤਾ ਮਿਲੀ ਹੁੰਦੀ ਹੈ। ਨਾਟਕ ਕਲਾ ਵਿਚ ਰੂਪ ਜਾਂ ਉਸਾਰੀ ਲਈ ਪ੍ਰੇਰਨਾ ਲਈ ਜਾ ਸਕਦੀ ਹੈ ਪਰ ਨਾਟਕ ਦੇ ਮੂਲ ਤੱਤ ਉਸ ਧਰਤੀ ਵਿਚ ਪਹਿਲੋਂ ਹੀ ਮੌਜੂਦ ਹੁੰਦੇ ਹਨ। ਪ੍ਰਭਾਵ ਵੀ ਪਹਿਲੋਂ ਸਥਾਪਤ ਕਿਸੇ ਚੀਜ਼ ਉੱਤੇ ਪੈ ਸਕਦਾ ਹੈ। ਮਿਸਾਲ ਵਜੋਂ ਮੱਧ ਤੋਂ ਪੱਛਮੀ ਏਸ਼ੀਆ ਵਿਚ ਵੀ ਅੰਗਰੇਜ਼ ਸੈਂਕੜੇ ਸਾਲ ਰਾਜ ਕਰਦੇ ਰਹੇ, ਫੇਰ ਵੀ ਉਨ੍ਹਾਂ ਦੇਸ਼ਾਂ ਵਿਚ ਨਾਟਕ ਕਿਉਂ ਨਹੀਂ ਪੈਦਾ ਹੋਇਆ ?

ਪੰਜਾਬੀ ਵਿਚ ਨਾਟਕੀ ਪਰੰਪਰਾ ਦਾ ਸੰਬੰਧ ਸਿੰਧ ਘਾਟੀ ਦੀ ਸਭਿਅਤਾ ਨਾਲ ਜੋੜਿਆ ਜਾ ਚੁੱਕਾ ਹੈ। ਇਸ ਦਾ ਸਬੂਤ ਹੜੱਪਾ ਤੇ ਮਹਿੰਜੋਦਾਰੋ ਦੀ ਖੁਦਾਈ ਤੋਂ ਪ੍ਰਾਪਤ ਹੋਇਆ ਹੈ ਪਰ ਅਫਸੋਸ ਸਾਡੇ ਪਾਸ ਇਸ ਤੱਥ ਨੂੰ ਸਿੱਧ ਕਰਨ ਦੇ ਲਿਖਤੀ ਸਬੂਤ ਨਹੀਂ ਮਿਲਦੇ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਪ੍ਰਾਚੀਨ ਕਾਲ ਤੋਂ ਸਭਿਆਚਾਰਕ ਤੌਰ ਤੇ ਘਾਟੇ ਵਿਚ ਰਿਹਾ ਹੈ। ਅਨੇਕਾਂ ਬਦੇਸ਼ੀ ਹੱਲਿਆਂ ਨੇ ਪੰਜਾਬੀ ਕਲਾਕਾਰਾਂ ਨੂੰ ਪੰਜਾਬ ਤੋਂ ਬਾਹਰ ਸੁਰੱਖਿਅਤ ਥਾਵਾਂ ਤੇ ਜਾਣ ਲਈ ਮਜ਼ਬੂਰ ਕੀਤਾ। ਸਿਕੰਦਰ ਦੇ ਹੱਲੇ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਗਵੱਈਏ ਤੇ ਚਿੱਤ੍ਰਕਾਰ ਪੰਜਾਬ ਤੋਂ ਬਾਹਰ ਧਿੰਗੋਜ਼ੋਰੀ ਲਿਜਾਏ ਗਏ।

ਫਿਰਦੌਸ ਦੇ ਸ਼ਾਹਨਾਮੇ ਅਨੁਸਾਰ ਮਹਿਮੂਦ ਗਜ਼ਨੀ ਦੇ ਹਮਲੇ ਦੇ ਸਿੱਟੇ ਵਜੋਂ ਹਜ਼ਾਰਾਂ ਪੰਜਾਬੀ ਕਲਾਕਾਰ ਪੰਜਾਬ ਤੋਂ ਗਜ਼ਨੀ ਲਿਆਂਦੇ ਗਏ।

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਪਿਛੋਂ ਸੁੱਖ ਤੇ ਸ਼ਾਂਤੀ ਦਾ ਕਾਲ ਆਰੰਭ ਹੋਇਆ, ਜੋ ਸਭਿਆਚਾਰਕ ਉੱਨਤੀ ਲਈ ਆਵੱਸ਼ਕ ਹੁੰਦਾ ਹੈ। ਪੰਜਾਬ ਵਿਚ ਸਮਾਜਿਕ ਤੇ ਰਾਜਸੀ ਸਥਿਤੀ ਵਧੇਰੇ ਤੇਜ਼ੀ ਨਾਲ ਬਦਲਣੀ ਸ਼ੁਰੂ ਹੋਈ। ਪੱਛਮੀ ਸਾਹਿਤ ਤੇ ਸਭਿਆਚਾਰ ਦਾ ਪ੍ਰਭਾਵ ਪੰਜਾਬ ਉੱਤੇ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਤੇਜ਼ੀ ਨਾਲ ਪਿਆ। 1854 ਵਿਚ ਹੀ ਸਿੱਖਿਆ ਵਿਭਾਗ ਸਥਾਪਤ ਹੋ ਗਿਆ ਜਿਸ ਨੇ ਅੰਗਰੇਜ਼ੀ ਢੰਗ ਨਾਲ ਵਿਦਿਆ ਦੇਣ ਦਾ ਕਾਰਜ ਆਰੰਭ ਕੀਤਾ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੁਨਰ ਜਾਗ੍ਰਿਤੀ ਸ਼ੁਰੂ ਹੋਈ। ਇਸ ਸਮੇਂ ਸਮਾਜ ਦਾ ਸਨਾਤਨੀ ਭਾਗ ਪੁਰਾਣੇ ਵਿਰਸੇ ਦੇ ਸੰਭਾਲ ਤੇ ਸਥਾਪਤੀ ਵੱਲ ਝੁਕਿਆ ਰਿਹਾ ਅਤੇ ਪ੍ਰਗਤੀਸ਼ੀਲ ਵਰਗ ਆਧੁਨਿਕ ਪੱਛਮੀ ਤਰਜ ਤਰੀਕੇ ਅਪਨਾਣ ਲੱਗਾ।

ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਸਿੰਘ ਸਭਾ ਆਰੀਆ ਸਮਾਜ, ਬ੍ਰਹਮੋ ਸਮਾਜ, ਅਹਿਮਦੀਆ ਆਦਿ ਲਹਿਰਾਂ ਹੋਂਦ ਵਿਚ ਆਈਆਂ ਸਨ। ਉਹ ਸਮਾਜ ਸੁਧਾਰ ਤੇ ਵਿਦਿਆ ਦੇ ਪ੍ਰਚਾਰ ਲਈ ਤਾਂ ਬਹੁਤ ਹੀ ਸਰਗਰਮ ਸਨ ਪਰ ਨਾਚ ਤੇ ਨਾਟਕਲਾ ਵੱਲ ਉਨ੍ਹਾਂ ਦਾ ਰਵੱਈਆ ਵਿਰੋਧਤਾ ਭਰਿਆ ਸੀ। ਇਨ੍ਹਾਂ ਲਹਿਰਾਂ ਦੇ ਆਗੂਆਂ ਨੇ ਸਗੋਂ ਲੋਕ ਗੀਤਾਂ ਅਤੇ ਲੋਕ ਨਾਚਾਂ ਦੀ ਵਿਰੋਧਤਾ ਕੀਤੀ। ਅਜਿਹੀ ਵਿਰੋਧੀ ਸਥਿਤੀ ਦੇ ਹੁੰਦੇ ਹੋਏ ਪੰਜਾਬ ਅੰਦਰ ਆਧੁਨਿਕ ਰੰਗ ਮੰਚ 1880 ਈ. ਦੇ ਕਰੀਬ ਹੋਂਦ ਵਿਚ ਆਉਣਾ ਸ਼ੁਰੂ ਹੋਇਆ।

ਅਸਲੀਅਤ ਤਾਂ ਇਹ ਹੈ ਕਿ ਪੰਜਾਬ ਅੰਦਰ ਰੰਗ ਮੰਚ ਲਈ ਧਰਤੀ ਪਹਿਲਾਂ ਹੀ ਤਿਆਰ ਸੀ। ਪੰਜਾਬ ਸਾਹਿਤ ਵਿਚ ਈਸਾਈ ਮਿਸ਼ਨਰੀਆਂ ਦੇ ਯਤਨਾਂ ਦੁਆਰਾ ਆਧੁਨਿਕ ਵਾਰਤਕ ਪਹਿਲੇ ਹੋਂਦ ਵਿਚ ਆ ਚੁੱਕੀ ਸੀ ਜੋ ਨਾਟਕ ਦੇ ਆਰੰਭ ਤੇ ਵਿਕਾਸ ਲਈ ਜ਼ਰੂਰੀ ਹੁੰਦੀ ਹੈ। ਸ਼ਰਮਾ ਰਾਮ ਫ਼ਿਲੌਰੀ ਦੀ ਪੁਸਤਕ 'ਪੰਜਾਬੀ ਬਾਤਚੀਤ' ਵਿਚ ਆਧੁਨਿਕ ਢੰਗ ਦੀ ਨਾਟਕੀ ਵਾਰਤਾਲਾਪ ਦੇ ਅਨੇਕਾਂ ਉਦਾਹਰਣ ਮਿਲਦੇ ਹਨ। ਇਸ ਦਾ ਈਸ਼ਵਰ ਚੰਦਰ ਨੰਦਾ ਦੇ ਨਾਟਕਾਂ ਦੀ ਬੋਲਚਾਲ ਉੱਤੇ ਜਾਹਰਾ ਅਸਰ ਪਿਆ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ (1850 ਤੋਂ 1900 ਈ. ਤੱਕ) ਪੰਜਾਬ ਅੰਦਰ ਆਧੁਨਿਕ ਨਾਟਕ ਅਤੇ ਰੰਗ ਮੰਚ ਨੂੰ ਹੋਂਦ ਵਿਚ ਲਿਆਉਣ ਅਤੇ ਉਤਸ਼ਾਹਿਤ ਕਰਨ ਵਿਚ ਹੇਠ ਲਿਖੇ ਤੱਕਾਂ, ਪ੍ਰਭਾਵਾਂ ਜਾਂ ਸੰਸਥਾਵਾਂ ਦਾ ਵਿਸ਼ੇਸ਼ ਭਾਗ ਸੀ।

3.1 **ਟੈਂਪਰੈਂਸ ਐਸੋਸੀਏਸ਼ਨ** : ਇਹ ਸ਼ਰਾਬ ਜਾਂ ਨਸ਼ਾਬੰਦੀ ਵਿਰੁੱਧ ਸਥਾਪਤ ਹੋਈਆਂ ਸਭਾਵਾਂ ਸਨ। ਇਹ ਸੰਸਥਾਵਾਂ ਆਪਣੇ ਮਨੋਰਥ ਦੇ ਪ੍ਰਚਾਰ ਲਈ ਨਾਟਕ ਅਤੇ ਰੰਗ ਤਮਾਸ਼ੇ ਦਾ ਸਾਧਨ ਅਤੇ ਮਾਧਿਅਮ ਵਰਤਦੀਆਂ ਹਨ।

3.2 **ਪਾਰਸੀ ਥੀਏਟਰ** : ਲੰਡਨ ਦੀ ਰਾਸੋ ਪਾਰਟੀ ਥੀਏਟਰ ਪਹਿਲਾਂ ਬੰਬਈ ਅਤੇ ਕਲੱਕਤੇ ਵਿਖੇ ਸਥਾਪਤ ਹੋਇਆ। ਇਹ ਕੰਪਨੀਆਂ ਪੰਜਾਬ ਵਿਚ 1880 ਦੇ ਲਾਗੇ ਆਉਣੀਆਂ ਸ਼ੁਰੂ ਹੋਈਆਂ। ਪਾਰਸੀ ਥੀਏਟਰ ਦਾ ਪ੍ਰਭਾਵ ਰਾਮ ਲੀਲਾ ਅਤੇ ਕ੍ਰਿਸ਼ਨ ਲੀਲਾ ਦੀ ਪੇਸ਼ਕਾਰੀ ਉੱਤੇ ਵੀ ਪਿਆ।

3.3 **ਨਵੇਂ ਢੰਗ ਨਾਲ ਯੂਨੀਵਰਸਿਟੀ ਵਿੱਦਿਆ** : ਸ਼ੁਰੂ ਸ਼ੁਰੂ ਵਿਚ ਅੰਗਰੇਜ਼ੀ ਪੜ੍ਹਾਉਣ ਲਈ ਪੱਛਮੀ ਪ੍ਰੋਫੈਸਰ ਤੇ ਅਧਿਆਪਕ ਭਾਰੀ ਗਿਣਤੀ ਵਿਚ ਆਏ। ਉਨ੍ਹਾਂ ਨੇ ਸਕੂਲਾਂ ਅਤੇ ਕਾਲਜ਼ਾਂ ਵਿਚ ਨਾਟਕ ਖਿਡਾਉਣੇ ਸ਼ੁਰੂ ਕੀਤੇ।

3.4 **ਪੱਛਮ ਦਾ ਸਿੱਧਾ ਪ੍ਰਭਾਵ** : ਇਨ੍ਹਾਂ ਨਾਲੋਂ ਵੀ ਡੂੰਘਾ ਪ੍ਰਭਾਵ ਉਨ੍ਹਾਂ ਲੋਕਾਂ ਦਾ ਪਿਆ ਜਿਹੜੇ ਇੰਗਲੈਂਡ ਜਾਂ ਯੂਰਪ ਦੇ ਬਾਕੀ ਮੁਲਕਾਂ ਵਿਚ ਸੈਰ ਜਾਂ ਕਿਸੇ ਹੋਰ ਕੰਮ ਕਾਰ ਲਈ ਗਏ। ਉੱਥੇ ਉਨ੍ਹਾਂ ਨੇ ਪ੍ਰਚੱਲਿਤ ਨਾਟਕ ਤੇ ਰੰਗ ਮੰਚ ਦੇਖੇ। ਇਸ ਦਾ ਇਹ ਅਸਰ ਪਿਆ ਕਿ ਪੱਛਮ ਦੀ ਰੀਸੇ ਭਾਰਤੀ ਰੰਗ ਮੰਚ ਉੱਤੇ ਇਸਤਰੀਆਂ ਆਉਣੀਆਂ ਸ਼ੁਰੂ ਹੋਈਆਂ।

3.5 **ਈਸਾਈ ਮਿਸ਼ਨਰੀਆਂ ਦਾ ਪ੍ਰਭਾਵ** : ਪੰਜਾਬ ਵਿਚ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਕੁਝ ਹਫ਼ਤਾਵਾਰ ਰਸਾਲੇ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ। ਉਨ੍ਹਾਂ ਵਿਚ ਛੋਟੇ ਛੋਟੇ ਲੇਖ, ਘਟਨਾ ਭਰਪੂਰ ਕਹਾਣੀਆਂ ਅਤੇ ਨਾਟਕੀ ਵਾਰਤਾਲਾਪੀ ਝਾਕੀਆਂ ਛਾਪਣੀਆਂ ਸ਼ੁਰੂ ਹੋਈਆਂ। ਪੰਜਾਬੀ ਦਾ ਸਭ ਤੋਂ ਪਹਿਲਾਂ 'ਸੁਪਨ ਨਾਟਕ'

ਰਚਿਤ ਗਿਆਨੀ ਦਿੱਤ ਸਿੰਘ 1886 ਈ. ਦੇ ਕਰੀਬ 'ਖ਼ਾਲਸਾ' ਹਫ਼ਤਾਵਾਰ ਵਿਚ ਛੱਪਿਆ ਸੀ।

**4. ਪੰਜਾਬ ਵਿਚ ਨਾਟਕ ਦੀ ਮੁੱਢਲੀ ਅਵਸਥਾ ਕਿਹੋ ਜਿਹੀ ਹੈ ?**

**ਉੱਤਰ** : ਸੁਭਾਗ ਦੀ ਗੱਲ ਹੈ ਕਿ ਉਨ੍ਹੀਵੀਂ ਸਦੀ ਦੇ ਦਹਾਕਿਆਂ ਵਿਚ ਲਾਹੌਰ ਅਤੇ ਅੰਮ੍ਰਿਤਸਰ ਵਿਚ ਖੇਡੇ ਗਏ ਨਾਟਕ ਦਾ ਸਾਨੂੰ ਅੱਖੀ ਡਿੱਠਾ ਹਾਲ ਮਾਲੂਮ ਹੈ। ਗੌਰਮਿੰਟ ਕਾਲਜ ਲਾਹੌਰ ਦੇ ਇਕ ਅੰਗਰੇਜ਼ ਪ੍ਰੋਫੈਸਰ, ਜੋ ਪਿਛੋਂ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪਹਿਲੇ ਪ੍ਰਿੰਸੀਪਲ ਲੱਗੇ, ਜੇ.ਸੀ. ਉਮਾਨ ਦੇ ਤਿੰਨ ਪੁਸਤਕਾਂ ਲਿਖੀਆਂ ਸਨ। ਉਨ੍ਹਾਂ ਵਿਚ ਉਸ ਨੇ ਉਸ ਸਮੇਂ ਦੇ ਪੰਜਾਬੀ ਜੀਵਨ ਦੀਆਂ ਅੱਖੀ ਦੇਖੀਆਂ ਝਾਕੀਆਂ ਦਰਜ ਕੀਤੀਆਂ ਹਨ। ਉਨ੍ਹਾਂ ਵਿਚੋਂ ਇਕ ਪੁਸਤਕ (Cuults, Customs and Superstitions of India) ਵਿਚ ਉਸ ਸਮੇਂ ਪੰਜਾਬੀ ਦੇ ਰੰਗ-ਮੰਚ, ਨਾਟਕ ਅਤੇ ਪੇਸ਼ਕਾਰੀ ਬਾਰੇ ਵਿਸਥਾਰ ਭਰਪੂਰ ਵਰਣਨ ਮਿਲਦਾ ਹੈ। ਇਸ ਪੁਸਤਕ ਵਿਚ ਰੰਗ ਮੰਚ ਤੇ ਪੇਸ਼ ਕੀਤੇ ਨਾਟਕਾਂ ਦੇ ਕੁਝ ਚਿੱਤਰ ਵੀ ਦਿੱਤੇ ਹਨ। ਇਹ ਸਾਰੀ ਵਾਕਫ਼ੀਅਤ ਉਸ ਨੇ 'ਨਵਾਂ ਭਾਰਤੀ ਥੀਏਟਰ' ਦੇ ਸਿਰਲੇਖ ਹੇਠ ਦਰਜ ਕੀਤੀ ਹੈ।

ਪ੍ਰੋ. ਉਮਾਨ ਨੇ ਆਪਣੀਆਂ ਦੋ ਪੁਸਤਕਾਂ ਵਿਚ, ਚਾਰ ਲਾਹੌਰ ਅੰਦਰ ਅਤੇ ਇੱਕ ਅੰਮ੍ਰਿਤਸਰ ਵਿਚ ਖੇਡੇ ਗਏ ਨਾਟਕਾਂ ਦਾ ਅੱਖੀ ਡਿੱਠਾ ਹਾਲ ਵਰਣਨ ਕੀਤਾ। ਖੇਡੇ ਗਏ ਨਾਟਕਾਂ ਦੇ ਵਿਸ਼ੇ ਵਸਤੂ, ਗੋਦ, ਰੰਗ ਮੰਚ ਦੀ ਬਣਤਰ, ਅਦਾਕਾਰੀ ਦਾ ਢੰਗ ਤੇ ਪੱਧਰ, ਦਰਸ਼ਕਾਂ ਦੀ ਗਿਣਤੀ, ਬੈਠਣ ਦੀਆਂ ਸੀਟਾਂ, ਟਿਕਟਾਂ ਦਾ ਰੇਟ, ਗੱਲ ਕੀ ਨਿੱਕੀ ਤੋਂ ਨਿੱਕੀ ਗੱਲ ਬੜੀ ਘੋਖ ਨਾਲ ਦਰਜ ਕੀਤੀ ਹੈ। ਵਿਦਵਾਨ ਲੇਖਕ ਨੇ ਜਿਨ੍ਹਾਂ ਪੰਜ ਨਾਟਕਾਂ ਦਾ ਜ਼ਿਕਰ ਆਪਣੀਆਂ ਦੋ ਪੁਸਤਕਾਂ ਵਿਚ ਕੀਤਾ ਹੈ, ਉਨ੍ਹਾਂ ਦੇ ਨਾਂ ਇਹ ਹਨ :

4.1 **ਅਲਾਦੀਨ ਦਾ ਲੈਂਪ** : ਇਸ ਨੂੰ ਇਕ ਪਾਰਸੀ ਨਾਟਕ ਕੰਪਨੀ ਨੇ ਪੇਸ਼ ਕੀਤਾ। ਇਸ ਖੇਲ ਵਿਚ ਇਕ ਔਰਤ ਨੇ ਵੀ ਪਾਰਟ ਕੀਤਾ।

4.2 **ਪ੍ਰਹਿਲਾਦ ਭਗਤ ਨਾਟਕ** : ਇਹ ਨਾਟਕ ਇਕ ਹੋਰ ਪਾਸੀ ਕੰਪਨੀ ਨੇ ਲਾਹੌਰ ਵਿਚ ਪੇਸ਼ ਕੀਤਾ। ਉਸ ਵਿਚ ਪੰਜਾਬ ਦੇ ਕੁਝ ਮਰਾਸੀ ਪਾਤਰ ਅਤੇ ਨੱਚਣ ਵਾਲੀਆਂ ਇਸਤਰੀਆਂ ਵੀ ਸ਼ਾਮਿਲ ਸਨ।

4.3 **ਪ੍ਰਹਿਲਾਦ ਭਗਤ ਨਾਟਕ** : ਇਹ ਨਾਟਕ ਲਾਹੌਰ ਵਿਚ ਇਕ ਧਨਵਾਨ ਵਪਾਰੀ ਦੇ ਖਰਚੇ ਤੇ ਆਮ ਲੋਕਾਂ ਦੇ ਪਰਮਾਰਥ ਹਿੱਤ ਦਿਖਾਇਆ ਗਿਆ ਸੀ।

4.4 **ਪੂਰਨ ਭਗਤ ਨਾਟਕ** : ਇਹ ਨਾਟਕ ਲਾਹੌਰ ਦੇ ਇਕ ਸਥਾਨਕ ਨਾਟਕੀ ਟੋਲੇ ਨੇ ਪੰਜਾਬੀ ਬੋਲੀ ਵਿਚ ਪੇਸ਼ ਕੀਤਾ।

4.5 **ਸ਼ਰਾਬ ਕੌਰ** : ਇਹ ਪੰਜਾਬੀ ਨਾਟਕ ਪ੍ਰੋ. ਉਮਾਨ ਨੇ ਅੰਮ੍ਰਿਤਸਰ ਜਾ ਕੇ ਵੇਖਿਆ। ਇਸ ਨੂੰ ਉਹ ਆਧੁਨਿਕ ਭਾਂਤ ਦਾ ਟੈਂਪਰੈਂਸ ਸੁਸਾਇਟੀ ਅੰਮ੍ਰਿਤਸਰ ਵਲੋਂ ਪੇਸ਼ ਕੀਤਾ ਗਿਆ ਨਾਟਕ ਕਹਿੰਦਾ ਹੈ। ਉਸ ਦੇ ਕਥਨ ਅਨੁਸਾਰ ਇਹ ਨਾਟਕ ਸ਼ਰਾਬ ਨੋਸ਼ੀ ਵਿਰੁਧ ਇਕ ਚੰਗਾ ਤੇ ਸਫ਼ਲ ਲੇਖ ਸੀ।

ਪ੍ਰੋ. ਉਮਾਨ ਨੇ ਲਾਹੌਰ ਵਿਚ ਅੱਖੀਂ ਦੇਖੇ ਚਾਰ ਨਾਟਕਾਂ ਦੀ ਕਰੜੀ ਆਲੋਚਨਾ ਕੀਤੀ ਹੈ। ਨਾਟਕਾਂ ਦੇ ਨੀਵੇਂ ਪੱਧਰ ਤੋਂ ਬਿਨਾਂ ਉਸ ਨੇ ਲੋਕਾਂ ਦੇ ਘਟੀਆ ਸੁਹਜ ਸਵਾਦ ਨੂੰ ਵੀ ਰਜ ਕੇ ਨਿੰਦਿਆ ਹੈ, ਪਰ ਅੰਮ੍ਰਿਤਸਰ ਵਿਚ ਦੇਖੇ ਨਾਟਕ ਦੀ ਉਸ ਨੇ ਸਲਾਹੁਣਾ ਕੀਤੀ ਹੈ, ਕਿਉਂਕਿ ਉਹ ਪੰਜਾਬੀ ਬੋਲੀ ਵਿਚ ਹੋਣ ਕਰਕੇ ਮੌਲਿਕ ਤੇ ਵਾਸਤਵਿਕ ਜੀਵਨ ਦਾ ਦ੍ਰਿਸ਼ ਪੇਸ਼ ਕਰਦਾ ਸੀ।

4.6 ਪੰਜਾਬ ਵਿਚ ਲੋਕ-ਪ੍ਰਿਯ ਥੀਏਟਰ ਹੋਂਦ ਵਿਚ ਆ ਰਿਹਾ ਸੀ। ਭਾਵੇਂ ਰੰਗ ਮੰਚ ਅਜੇ ਮੁੱਢਲੀ ਅਵਸਥਾ ਵਿਚ ਸੀ, ਫੇਰ ਵੀ ਉਸ ਦੇ ਪੱਕੇ ਪੈਰਾਂ ਤੇ ਖੜੇ ਹੋਣ ਦੀ ਸੰਭਾਵਨਾ ਦਿੱਸਣ ਲੱਗ ਪਈ ਸੀ।

4.7 ਪਾਰਸੀ ਥੀਏਟਰ ਮਨ ਪਰਚਾਵੇ ਦਾ ਮੁੱਖ ਸਾਧਨ ਸੀ। ਭਾਵੇਂ ਭਾਰਤੀ ਥੀਏਟਰ ਪੱਛਮੀ ਨਾਟਕ ਅਤੇ ਰੰਗ-ਮੰਚ ਤੋਂ ਬਹੁਤ ਪਛੜਿਆ ਹੋਇਆ ਸੀ।

4.8 ਧਾਰਮਿਕ ਤੇ ਸਮਾਜ ਲਹਿਰਾਂ ਦੇ ਆਗੂ ਅਤੇ ਧਾਰਮਿਕ ਰੁਚੀਆਂ ਵਾਲੇ ਲੋਕ ਪਾਰਸੀ ਥੀਏਟਰ ਦੀ ਆਚਰਣਕ ਪੱਖ ਤੋਂ ਸੰਖੇਪ ਵਿਰੋਧਤਾ ਕਰਦੇ ਸਨ। ਉਨ੍ਹਾਂ ਵਿਚ ਕੁਝ ਸੁਚੇਤ ਆਗੂ ਇਸ ਨਵੇਂ ਕਲਾ ਮਾਧਿਅਮ ਨੂੰ ਪ੍ਰਚਾਰ ਦਾ ਸਾਧਨ ਬਣਾਉਣ ਲਈ ਤਿਆਰ ਸਨ। ਗਿਆਨੀ ਗੁਰਦਿੱਤ ਸਿੰਘ ਦਾ 'ਸੁਪਨ ਨਾਟਕ' ਇਸ ਦਾ ਜ਼ਾਹਰਾ ਸਬੂਤ ਹੈ। ਸਿੰਘ ਸਭਾ ਲਹਿਰ ਦੇ ਸੰਚਾਲਕ ਭਾਈ ਵੀਰ ਸਿੰਘ ਨੇ ਉਸ ਸ਼ਕਤੀਸ਼ਾਲੀ ਕਲਾ

ਮਾਧਿਅਮ ਦਾ ਸਿੱਕਾ ਮੰਨਦਿਆਂ 'ਰਾਜਾ ਲਖਦਾਤਾ ਸਿੰਘ' ਨਾਟਕ ਰਚਿਆ।

4.9 ਸ਼ਹਿਰਾਂ ਦੀ ਆਬਾਦੀ ਵੱਧਣ ਨਾਲ ਲੋਕਾਂ ਨੂੰ ਮਨ ਪ੍ਰਚਾਵੇ ਦੇ ਸਾਧਨਾਂ ਦੀ ਲੋੜ ਮਹਿਸੂਸ ਹੋਣ ਲੱਗ ਪਈ ਸੀ। ਪਿੰਡਾਂ ਤੋਂ ਸ਼ਹਿਰਾਂ ਵੱਲ ਧੂਹ ਪੈਣ ਕਾਰਣ ਪਿੰਡਾਂ ਦੀਆਂ ਨਕਲਾਂ ਨੂੰ ਭਾਰੀ ਧੱਕਾ ਲੱਗਾ। ਪਿੰਡਾਂ ਦੇ ਮਰਾਸੀ ਪਾਰਸੀ ਥੀਏਟਰਾਂ ਵਿਚ ਨੌਕਰੀਆਂ ਦੀ ਭਾਲ ਕਰਨ ਲੱਗ ਪਏ ਸਨ।

4.10 ਪਾਰਸੀ ਥੀਏਟਰ ਮੁੱਖ ਤੌਰ ਤੇ ਵਪਾਰਕ ਧੰਦਾ ਹੀ ਸੀ। ਕੰਪਨੀਆਂ ਦੇ ਮਾਲਕਾਂ ਦਾ ਮੂਲ ਮਨੋਰਥ ਪੈਸਾ ਕਮਾਉਣਾ ਹੀ ਸੀ ਨਾ ਕਿ ਨਾਟਕੀ ਕਲਾ ਦਾ ਵਾਧਾ ਕਰਨਾ। ਇਸ ਕਰਕੇ ਨੰਗੇ ਸੀਨ ਅਤੇ ਗੰਦੇ ਤੱਤ ਖੇਲ ਤਮਾਸ਼ਿਆਂ ਵਿਚ ਵਧੇਰੇ ਸ਼ਾਮਲ ਹੋ ਗਏ। ਨਾਟਕਾਂ ਵਿਚ ਬਣਾਵਟ ਤੇ ਨਾਚ ਗਾਣਿਆਂ ਦੀ ਭਰਮਾਰ ਹੁੰਦੀ ਸੀ।

ਨਾਟ ਭੰਡਾਰ ਵਿਚ ਉਸ ਸਮੇਂ ਮੁੱਖ ਤੌਰ ਤੇ ਇਸ਼ਕ ਦੇ ਕਿੱਸੇ ਕਹਾਣੀਆਂ ਤੇ ਅਧਾਰਿਤ ਨਾਟਕ ਹੀ ਸਨ ਜਿਵੇਂ ਸ਼ੀਰੀ ਫ਼ਰਿਹਾਦ, ਲੈਲਾ ਮਜਨੂੰ, ਯੂਸ਼ਫ ਜੁਲੈਖਾਂ ਆਦਿ। ਇਨ੍ਹਾਂ ਤੋਂ ਬਾਅਦ ਫੇਰ ਹਰੀਸ਼ ਚੰਦਰ, ਵੀਰ ਅਭਿਮਨੂੰ, ਪ੍ਰਹਿਲਾਦ ਭਗਤ, ਪੂਰਨ ਭਗਤ ਆਦਿ ਪ੍ਰਚੱਲਿਤ ਹੋਏ। ਭਾਰਤੀ ਲੋੜ ਅਤੇ ਸੁਹਜ ਸਵਾਦ ਅਨੁਸਾਰ ਸ਼ੈਕਸਪੀਅਰ ਦੇ ਨਾਟਕ ਵੀ ਖੇਡੇ ਜਾਂਦੇ ਸਨ। ਇਸ ਦੇ ਨਾਲ ਨਾਲ ਕੌਮੀ ਨਾਟਕ ਉਸਾਰਨ ਵੱਲ ਵੀ ਸੁਚੇਤ ਯਤਨ ਹੋ ਰਿਹਾ ਸੀ। 'ਇੰਦਰ ਸਭਾ' ਦਾ ਖੇਲ ਇਸ ਵੱਲ ਇਕ ਤਕੜਾ ਸੁਦੇਸ਼ੀ ਕਦਮ ਸੀ। ਟੈਂਪਰੈਂਸ ਸਭਾਵਾਂ ਦੀਆਂ ਖੇਲਾਂ ਅਤੇ ਨਾਟਕਾਂ ਦੀ ਪੱਧਰੀ ਕਾਫ਼ੀ ਉੱਚੀ ਸੀ। ਇਸ ਨਾਲ ਮੱਧਵਰਗ ਦੇ ਸ਼ਹਿਰੀ ਲੋਕ ਵੀ ਸ਼ਾਮਲ ਸਨ।

ਪੱਛਮੀ ਢੰਗ ਦੀ ਵਿਦਿਆ ਪ੍ਰਨਾਲੀ ਦਾ ਨਾਟਕ ਕਲਾ ਦੀ ਸਥਾਪਤੀ ਤੇ ਡੂੰਘਾ ਪ੍ਰਭਾਵ ਪਿਆ। 1880 ਈ. ਵਿਚ ਗੌਰਮਿੰਟ ਕਾਲਜ ਲਾਹੌਰ ਅਤੇ 1382 ਈ. ਵਿਚ ਪੰਜਾਬ ਯੂਨੀਵਰਸਿਟੀ ਸਥਾਪਤ ਹੋਣ ਨਾਲ ਬਹੁਤ ਸਾਰੇ ਅੰਗਰੇਜ਼ ਪ੍ਰੋਫੈਸਰ ਲਾਹੌਰ ਵਿਚ ਆ ਗਏ ਸਨ। ਉਨ੍ਹਾਂ ਅਧਿਆਪਕਾਂ ਅਤੇ ਹੋਰ ਅੰਗਰੇਜ਼ ਅਫ਼ਸਰਾਂ ਤੇ ਵਿਦਵਾਨਾਂ ਨੇ ਕਾਲਜਾਂ ਅਤੇ ਕਲੱਬਾ ਵਿਚ ਪਹਿਲਾ ਅੰਗਰੇਜ਼ੀ ਨਾਟਕ ਖੇਡ ਕੇ ਉੱਚ ਪੱਧਰੀ ਨਾਟਕੀ ਪਰੰਪਰਾ ਨੂੰ ਜਨਮ ਦਿੱਤਾ ਸੀ। ਉਨ੍ਹਾਂ ਦਾ ਪੰਜਾਬੀ ਨਾਟਕ ਦੇ ਵਿਕਾਸ ਵਿਚ ਡੂੰਘਾ ਹੱਥ ਹੈ ਜੋ ਵੀਹਵੀਂ ਸਦੀ ਵਿਚ ਜਾ ਕੇ ਪ੍ਰਗਟ ਹੋਣਾ ਸ਼ੁਰੂ ਹੋਇਆ।

### 5. ਪੰਜਾਬੀ ਨਾਟਕ (1901 ਤੋਂ 1936 ਈ. ਤੱਕ)

ਵੀਹਵੀਂ ਸਦੀ ਦੇ ਆਰੰਭ ਤੋਂ ਨਾਟਕ ਦੇ ਵਿਕਾਸ ਲਈ ਬਹੁਤ ਸਾਰੇ ਅਨੁਸਾਰੀ ਹਾਲਾਤ ਪੈਦਾ ਹੋ ਗਏਸਨ। ਪੰਜਾਬ ਦੇ ਮੁੱਖ ਸ਼ਹਿਰਾਂ ਵਿਚ ਪੱਛਮੀ ਭਾਂਤ ਦੀ ਵਿੱਦਿਆ ਦੇਣ ਲਈ ਕਾਲਜ ਖੁਲ੍ਹ ਰਹੇ ਸਨ। ਖਾਲਸਾ ਕਾਲਜ ਅੰਮ੍ਰਿਤਸਰ 1904 ਅਤੇ ਦਿਆਲ ਸਿੰਘ ਕਾਲਜ ਲਾਹੌਰ 1910 ਵਿਚ ਸਥਾਪਤ ਹੋਏ ਸਨ। ਪਿਛਲੀ ਸਦੀ ਵਿਚ ਨਾਟਕ ਕੇਵਲ ਮਨ ਪ੍ਰਚਾਵੇ ਦਾ ਸਾਧਨ ਹੀ ਸੀ, ਪ੍ਰੰਤੂ ਵੀਹਵੀਂ ਸਦੀ ਦੇ ਆਰੰਭ ਤੋਂ ਹੀ ਸਮਾਜਿਕ ਸੁਧਾਰ ਦਾ ਵਧੀਆ ਮਾਧਿਅਮ ਖਿਆਲ ਕੀਤਾ ਜਾਣ ਲੱਗਾ। ਭਾਈ ਵੀਰ ਸਿੰਘ ਵਰਗੇ ਗੁਰਸਿੱਖਾ ਨੂੰ ਵੀ ਪ੍ਰਚਾਰ ਖਾਤਰ 'ਰਾਜਾ ਲਖਦਾਤਾ ਸਿੰਘ' ਨਾਟਕ ਲਿਖਣਾ ਪਿਆ। 1910-11 ਈ. ਵਿਚ ਲਾਹੌਰ ਵਿਚ ਪੇਸ਼ਾਵਰ ਥੀਏਟਰ ਹੋ ਗਏ ਸਨ। ਆਗਾ ਹਸ਼ਰ ਅਤੇ ਮਾਸਟਰ ਰਹਿਮਤ ਅਲੀ ਦੇ ਨਿਰਦੇਸ਼ਨਾਂ ਥਲੇ ਚਲ ਰਹੇ ਦੋ ਵੱਖ ਵੱਖ ਥੀਏਟਰ ਰੋਸ਼ ਮੁਕਾਬਲੇ ਤੇ ਖੇਲ੍ਹ ਪੇਸ਼ ਕਰਦੇ ਸਨ। ਭਾਵੇਂ ਉਨ੍ਹਾਂ ਨਾਟਕਾਂ ਦੀ ਭਾਸ਼ਾ ਉਰਦੂ ਸੀ, ਪਰੰਤੂ ਦਰਸ਼ਕਾਂ ਦੀ ਬਹੁ-ਗਿਣਤੀ ਪੰਜਾਬੀਆਂ ਦੀ ਹੁੰਦੀ ਸੀ। ਉਹਨਾਂ ਦੀ ਤਸੱਲੀ ਲਈ ਨਾਟਕਾਂ ਦੇ ਵਿਚਾਲੇ ਪੰਜਾਬੀ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਸਨ। ਬਾਬਾ ਬੁੱਧ ਸਿੰਘ ਦਾ ਪਹਿਲਾ ਪੰਜਾਬੀ ਨਾਟਕ 'ਚੰਦਰ ਹਰੀ' (1909 ਈ.) ਸਿੱਧਾ ਪਾਰਸੀ ਥੀਏਟਰ ਤੋਂ ਪ੍ਰਭਾਵਿਤ ਹੋ ਕੇ ਰਚਿਆ ਗਿਆ ਸੀ।

ਬੰਗਾਲੀਆਂ ਦਾ ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਵਿਚ ਪੂਰਾ ਭਾਗ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਲਾਹੌਰ ਅੰਦਰ ਤਕੜੀ ਗਿਣਤੀ ਵਿਚ ਬੰਗਾਲੀ ਬਾਬੂ ਸਨ। ਉਹਨਾਂ ਬਾਰੇ ਪ੍ਰਸਿੱਧ ਹੈ ਕਿ ਇਹ ਲੋਕ ਜਿਥੇਕਿਤੇ ਵੀ ਜਾਂਦੇ ਹਨ ਨਾਚ ਤੇ ਨਾਟਕ ਦੀਆਂ ਪਰੰਪਰਾਵਾਂ ਨਾਲ ਲੈ ਕੇ ਜਾਂਦੇ ਹਨ। ਉਹਨਾਂ ਲੋਕਾਂ ਨੇ ਪੰਜਾਬ ਦੀ ਰਾਜਧਾਨੀ ਵਿਚ ਸੁਚੱਜਾ ਸਭਿਆਚਾਰਕ ਵਾਤਾਵਰਣ ਪੈਦਾ ਕਰਨ ਵਿਚ ਕਾਫੀ ਹਿੱਸਾ ਪਾਇਆ। ਉਹ ਲੋਕ ਦੁਰਗਾ ਪੂਜਾ ਦੇ ਉੱਤਸਵ ਦੇ ਅਵਸਰ ਤੇ ਨਾਟਕ ਖੇਲਦੇ ਸਨ ਜਿਨ੍ਹਾਂ ਦਾ ਪ੍ਰਭਾਵ ਪੰਜਾਬੀ

ਥੀਏਟਰ ਉੱਤੇ ਸਿੱਧਾ ਪਿਆ।

ਪੰਜਾਬ ਵਿਚ ਲੋਕ ਨਾਟ ਦੀ ਪਰੰਪਰਾ ਹਜ਼ਾਰਾਂ ਸਾਲ ਪੁਰਾਣੀ ਹੈ। ਪਾਰਸੀ ਥੀਏਟਰ ਦੀ ਵਧਦੀ ਪ੍ਰਸਿੱਧਤਾ ਦਾ ਟਾਕਰਾ ਕਰਨ ਲਈ ਪੰਜਾਬ ਦੇ ਨਕਲੀਆਂ ਤੇ ਭੰਡਾਂ ਨੇ ਨਵੇਂ ਵਿਸ਼ੇ ਤੇ ਢੰਗ ਅਪਨਾਣੇ ਸ਼ੁਰੂ ਕੀਤੇ। ਇਸ ਸਮੇਂ ਪੰਜਾਬ ਵਿਚ ਰਾਸਧਾਰੀਆਂ ਦੀਆਂ ਕੁਝ ਮੰਡਲੀਆਂ ਵੀ ਸਥਾਪਤ ਹੋਈਆਂ।

ਪੰਜਾਬੀ ਨਾਟਕ ਨੂੰ ਨਵੀਆਂ ਤੇ ਨਰੋਈਆਂ ਲੀਹਾਂ ਤੇ ਪਾਉਣ ਵਿਚ ਮਿਸਿਜ਼ ਨੋਰ੍ਹਾ ਰਿਚਰਡਜ਼ ਦਾ ਸਭ ਤੋਂ ਵੱਧ ਹਿੱਸਾ ਹੈ। ਨੋਰ੍ਹਾ ਦਿਆਲ ਸਿੰਘ ਕਾਲਜ ਦੇ ਅੰਗਰੇਜ਼ੀ ਦੇ ਪ੍ਰੋਫੈਸਰ ਦੀ ਪਤਨੀ ਸੀ ਅਤੇ ਉਸ ਦੇ ਨਾਲ ਹੀ 1911 ਈ. ਵਿਚ ਲਾਹੌਰ ਆਈ ਸੀ। ਉਸ ਨੇ ਆਉਂਦੇ ਸਾਰੇ ਉੱਚ ਪੱਧਰ ਦੇ ਅੰਗਰੇਜ਼ੀ ਨਾਟਕ ਪੇਸ਼ ਕਰਨੇ ਸ਼ੁਰੂ ਕੀਤੇ ਇਸ ਤੋਂ ਬਿਨਾਂ ਪੰਜਾਬ ਅੰਦਰ ਪਹਿਲੀ ਰੰਗਮੰਚ ਸਭਾ 'ਸਰਸਵਤੀ ਸਟੇਜ ਸੁਸਾਇਟੀ' ਸਥਾਪਤ ਕੀਤੀ ਜਿਸ ਦਾ ਮੁੱਖ ਮਨੋਰਥ ਹੀ ਭਾਰਤੀ ਬੋਲੀਆਂ ਵਿਚ ਸਹਾਇਕ ਤੇ ਉੱਚ ਪੱਧਰ ਤੇ ਨਾਟਕ ਲਿਖਵਾ ਕੇ ਪੇਸ਼ ਕਰਨਾ ਸੀ ਅਸਲ ਵਿਚ ਘਟੀਆ ਪੱਧਰ ਦੇ ਪਾਰਸੀ ਥੀਏਟਰ ਦੇ ਪ੍ਰਤੀਕਰਮ ਵਜੋਂ ਇਹ ਸਭਾ ਹੋਂਦ ਵਿਚ ਲਿਆਂਦੀ ਗਈ ਸੀ ਤਾਂ ਜੋ ਉਸ ਮਾਰੂ ਅਸਰ ਤੋਂ ਨੌਜਵਾਨਾਂ ਨੂੰ ਬਚਾਇਆ ਜਾ ਸਕੇ ਅਤੇ ਨਾਟਕਕਲਾ ਨੂੰ ਯਥਾਰਥਵਾਦੀ ਲੀਹਾਂ ਤੇ ਤੋਰਿਆ ਜਾ ਸਕੇ।

ਨੋਰ੍ਹਾ ਰਿਚਰਡਜ਼ ਸਮੇਂ ਇੰਗਲੈਂਡ ਤੋਂ ਪੰਜਾਬ ਵਿਚ ਆਈ ਸੀ ਜਦੋਂ ਪੱਛਮ ਵਿਚ ਆਇਰਲੈਂਡ ਦੀ ਲੋਕ-ਨਾਟ ਲਹਿਰ ਪੂਰੇ ਜ਼ੋਰਾਂ ਤੇ ਸੀ ਜਿਸ ਦਾ ਪ੍ਰਭਾਵ ਯੂਰਪ ਦੇ ਦੇਸ਼ਾਂ ਤੋਂ ਬਿਨਾਂ ਅਮਰੀਕਾ ਤੱਕ ਪੁਜਿਆ ਹੋਇਆ ਸੀ। ਆਇਰਲੈਂਡ ਦੇ ਹਾਲਾਤ ਸਾਡੇ ਮੁਲਕ ਨਾਲ ਕਾਫੀ ਮੇਲ ਖਾਂਦੇ ਹਨ। ਉਹ ਦੇਸ਼ ਵੀ ਅੰਗਰੇਜ਼ਾ ਦੀ ਰਾਜਸੀ ਗੁਲਾਮੀ ਅਧੀਨ ਸੀ ਅਤੇ ਭਾਰਤ ਵਾਂਗ ਸੁਤੰਤਰਤਾ ਲਈ ਜਦੋ-ਜਹਿਦ ਕਰ ਰਿਹਾ ਸੀ। ਉਥੋਂ ਦੀ ਲੋਕ ਨਾਟ ਲਹਿਰ ਨੇ ਜਨਤਾ ਵਿਚ ਰਾਜਸੀ ਜਾਗ੍ਰਤੀ ਪੈਦਾ ਕਰਨ ਵਿਚ ਭਾਰੀ ਹਿੱਸਾ ਪਾਇਆ। ਉਨ੍ਹਾਂ ਦੇ ਨਾਟਕਾਂ ਦਾ ਝੁਕਾ ਪੇਂਡੂ ਜੀਵਨ ਦੇ ਵਿਸ਼ੇ ਵਲ ਸੀ ਅਤੇ ਉਹ ਆਪਣੇ ਜੀਵਨ ਦੇ ਸਮਕਾਲੀ ਮਸਲਿਆਂ ਨਾਲ ਸੰਬੰਧਤ ਨਾਟਕ ਖੇਡਦੇ ਸਨ। ਨਾਟਕਾਂ ਨੂੰ ਸਾਦਾ ਸਾਧਾਰਣ ਢੰਗ ਨਾਲ ਖੁਲ੍ਹੇ ਮੰਚ (Open Air Theatre) ਉੱਤੇ ਪੇਸ਼ ਕਰਦੇ ਸਨ। ਲੇਡੀ ਗਰੈਗਰੀ ਆਇਰਲੈਂਡ ਦੀ ਸਭ ਤੋਂ ਪ੍ਰਸਿੱਧ ਸੰਚਾਲਕ ਸ਼ਕਤੀ ਸੀ। ਉਸ ਅਦਾਕਾਰ ਤੇ ਨਾਟਕਕਾਰ ਸਵਾਣੀ ਤੋਂ ਪ੍ਰਭਾਵਿਤ ਹੋ ਕੇ ਨੋਰ੍ਹਾ ਰਿਚਰਡਜ਼ ਪੰਜਾਬ ਲਈ ਲੇਡੀ ਗਰੈਗਰੀ ਸਿੱਧ ਹੋਈ।

ਲਾਹੌਰ ਦੇ ਸਾਰੇ ਕਾਲਜਾਂ ਵਿਚੋਂ ਦਿਆਲ ਸਿੰਘ ਕਾਲਜਾਂ ਦਾ ਪੰਜਾਬੀ ਸਭਿਆਚਾਰ ਨਾਲ ਵਿਸ਼ੇਸ਼ ਸਬੰਧ ਰਿਹਾ ਹੈ। ਇਹ ਕਾਲਜ ਸ਼ੁਰੂ (1910 ਈ.) ਤੋਂ ਪੰਜਾਬੀ ਸਭਿਆਚਾਰ ਦਾ ਕੇਂਦਰ ਬਣ ਗਿਆ। ਇਸ ਵਿਚ ਬਹੁਤੇ ਪਿੰਡਾਂ ਦੇ ਮੁੰਡੇ ਹੀ ਪੜ੍ਹਦੇ ਸਨ। ਨੋਰ੍ਹਾ ਨੂੰ ਕਾਲਜ ਦਾ ਵਾਤਾਵਰਣ ਬਹੁਤ ਸੁਖਾਇਆ। ਉਸ ਨੇ ਕਾਲਜ ਦੇ ਖੁਲ੍ਹੇ ਡੁਲ੍ਹੇ ਅਹਾਤੇ ਵਿਚ ਖੁਲ੍ਹਾ ਮੰਡਪ ਉਸਾਰਿਆ। 1911 ਅਤੇ 1912 ਈ. ਵਿਚ ਉਸ ਨੇ ਸ਼ੈਕਸਪੀਅਰ ਦੇ ਦੋ ਨਾਟਕ 'ਏ ਮਿਡ ਸਮਰ ਨਾਈਟਸ ਡਰੀਮ' ਅਤੇ 'ਐਜ਼ ਯੂ ਲਾਈਕ ਇਟ' ਅਤੇ ਲੇਡੀ ਗਰੈਗਰੀ ਦਾ ਆਪਣਾ ਨਾਟਕ 'ਸਪਰੈਡਿੰਗ ਦਾ ਨਿਊਜ਼ ਪੇਸ਼ ਕੀਤੇ। ਇਨ੍ਹਾਂ ਨਾਟਕਾਂ ਦੀ ਪੇਸ਼ਕਾਰੀ ਦਾ ਪੰਜਾਬ ਦੇ ਥੀਏਟਰ ਤੇ ਸਥਾਈ ਤੇ ਡੂੰਘਾ ਪ੍ਰਭਾਵ ਪਿਆ।

ਨੋਰ੍ਹਾ ਰਿਚਰਡਜ਼ ਨੂੰ ਭਾਰਤੀ ਲੋਕਾਂ ਨਾਲ ਕੁਦਰਤੀ ਤੌਰ ਤੇ (ਆਇਰਲੈਂਡ ਦੀ ਹੋਣ ਕਰਕੇ) ਹਮਦਰਦੀ ਸੀ। 1912 ਈ. ਵਿਚ ਉਸ ਨੇ ਦੇਸ਼ੀ ਭਾਸ਼ਾਵਾਂ ਵਿਚੋਂ ਨਾਟਕ ਪ੍ਰਾਪਤ ਕਰਨ ਲਈ ਇਕ ਨਾਟਕ ਮੁਕਾਬਲੇ ਦਾ ਐਲਾਨ ਕੀਤਾ। ਆਈ. ਸੀ. ਨੰਦਾ ਉਨ੍ਹਾਂ ਦਿਨਾਂ ਵਿਚ ਦਿਆਲ ਸਿੰਘ ਕਾਲਜ ਦਾ ਵਿਦਿਆਰਥੀ ਸੀ ਅਤੇ ਨੋਰ੍ਹਾ ਰਿਚਰਡਜ਼ ਦੇ ਦੋ ਅੰਗਰੇਜ਼ੀ ਨਾਟਕਾਂ ਵਿਚ ਭਾਗ ਲੈ ਚੁੱਕਾ ਸੀ। ਉਸ ਅਮਲੀ ਸਿੱਖਿਆ ਦੇ ਅਧਾਰ ਤੇ ਨੰਦਾ ਦੇ 'ਦੁਲਹਨ' ਨਾਂ ਦਾ ਪੰਜਾਬੀ ਇਕਾਂਗੀ ਮੁਕਾਬਲੇ ਲਈ ਭੇਜਿਆ ਜੋ 1913 ਈ. ਦੇ ਮੁਕਾਬਲੇ ਵਿਚ ਪਹਿਲੇ ਨੰਬਰ ਤੇ ਆਇਆ।

1914 ਈ. ਵਿਚ ਰਾਜਿੰਦਰ ਲਾਲ ਸਾਹਨੀ ਦਾ ਪੰਜਾਬੀ ਨਾਟਕ 'ਦੀਨੇ ਦੀ ਬਰਾਤ' ਅਵਲ ਅਤੇ ਨੰਦਾ ਦਾ ਇਕਾਂਗੀ 'ਬੇਬੇ ਰਾਮ ਭਜਨੀ' ਦੂਜੇ ਦਰਜੇ ਤੇ ਰਿਹਾ। 'ਦੁਲਹਨ' ਨਾਟਕ 1914 ਵਿਚ ਰੰਗ ਮੰਚ ਉੱਤੇ ਸਫਲਤਾਂ ਨਾਲ ਖੇਡਿਆ ਗਿਆ। ਨੋਰ੍ਹਾ ਦੀ ਅਗਵਾਈ ਹੇਠ ਲਿਖੇ ਇਹ ਤਿੰਨੇ ਨਾਟਕ ਪੰਜਾਬ ਦੇ ਪਿੰਡਾਂ ਦੇ ਵਾਸਤਵਿਕ ਜੀਵਨ ਨਾਲ ਸੰਬੰਧਤ ਸਨ ਅਤੇ ਰੰਗ ਮੰਚ ਉੱਤੇ ਸੱਚੀ ਤਰ੍ਹਾਂ ਖੇਡੇ

ਜਾ ਸਕਦੇ ਹਨ। ਨੋਰ੍ਹਾ ਰਿਚਰਡਜ਼ ਨੇ 1911 ਤੋਂ ਲੈ ਕੇ ਆਪਣਾ ਸਾਰਾ ਜੀਵਨ ਪੰਜਾਬੀ ਥੀਏਟਰ ਦੀ ਉੱਨਤੀ ਲਈ ਅਰਪਨ ਕੀਤਾ।

ਆਈ.ਸੀ. ਨੰਦਾ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਜਨਮਦਾਤਾ ਕਿਹਾ ਜਾਂਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਉਸ ਤੋਂ ਪਹਿਲਾ ਪੰਜਾਬੀ ਨਾਟਕ ਲਿਖੇ ਜਾਂ ਖੇਡੇ ਨਹੀਂ ਸਨ ਗਏ। ਇਸ ਤੋਂ ਪਹਿਲਾਂ ਲਗਭਗ ਦਰਜਨ ਨਾਟਕ ਪੰਜਾਬੀ ਵਿਚ ਲਿਖੇ ਜਾ ਖੇਡੇ ਜਾ ਚੁੱਕੇ ਸਨ, ਜਿਵੇਂ ਸੁਪਨ ਨਾਟਮ, ਮਲਕਾ ਅਸਤਰ, ਪੂਰਨ ਭਗਤ, ਸ਼ਕੁੰਤਲਾ, ਮਹਾਰਾਣੀ ਸ਼ਰਾਬ ਕੌਰ, ਚੰਦਰ ਹਰੀ, ਰਾਜਾ ਲੱਖ ਦਾਤਾ ਸਿੰਘ, ਸੁੱਕਾ ਸਮੁੰਦਰ (ਅਰੂੜ ਸਿੰਘ ਤਾਲਿਬ), ਉਥੈਲੋ (ਅਨੁਵਾਦ ਸੇਵਾ ਸਿੰਘ), 'ਮਨਮੋਹਨ' ਨਾਟਕ ਰਚਿਤ ਗੁਰਬਖਸ਼ ਸਿੰਘ, ਬਿਰਧ ਵਿਵਾਹ ਦੀ ਦੁਰਦਸ਼ਾ ਆਦਿ। ਫੇਰ ਵੀ ਅਸੀਂ ਨੰਦਾ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਮੋਢੀ ਕਹਾਂਗੇ ਕਿਉਂਕਿ ਵਿਸ਼ੇ ਤੇ ਤਕਨੀਕ ਦੇ ਪੱਖੋਂ ਇਹ ਨਾਟਕ ਪੂਰਨਤਾ ਦੀ ਭਾਅ ਮਾਰਦੇ ਹਨ। ਉਨ੍ਹਾਂ ਦਾ ਸਮਕਾਲੀ ਜੀਵਨ ਨਾਲ ਬਹੁਤ ਘੱਟ ਸੰਬੰਧ ਹੈ। ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪੂਰੀ ਤਰ੍ਹਾਂ ਨਾਟਕ ਕਲਾ ਦਾ ਨਾ ਗਿਆਨ ਸੀ ਅਤੇ ਨਾ ਹੀ ਰੰਗ ਮੰਚ ਦਾ ਅਸਲੀ ਤਜ਼ਰਬਾ।

ਨੋਰ੍ਹਾ ਰਿਚਰਡਜ਼ ਨੇ ਹੀ ਪੰਜਾਬ ਅਤੇ ਪੰਜਾਬੀ ਵਿਚ ਇਕਾਂਗੀ ਨਾਟਕ ਲਿਖਵਾਣ ਅਤੇ ਖੇਡਣ ਦੀ ਪਰੰਪਰਾ ਸਥਾਪਤ ਕੀਤੀ। 1910-11 ਦੇ ਕਰੀਬ ਆਇਰਲੈਂਡ ਦੀ ਨਾਟਕ ਲਹਿਰ ਦਾ ਪ੍ਰਭਾਵ, ਜਿਸ ਵਿਚ ਵਧੇਰੇ ਕਰਕੇ ਇਕਾਂਗੀ ਹੀ ਲਿਖੇ ਤੇ ਖੇਡੇ ਜਾਂਦੇ ਸਨ, ਯੂਰਪ ਅਤੇ ਅਮਰੀਕਾ ਵਿਚ ਪਿਆ ਸੀ। ਲਗਭਗ ਉਨ੍ਹਾਂ ਦਿਨਾ ਵਿਚ ਹੀ ਨੋਰ੍ਹਾ ਰਿਚਰਡਜ਼ ਨੇ ਪੰਜਾਬੀ ਬੋਲੀ ਵਿਚ ਇਕਾਂਗੀ ਲਿਖਵਾਉਣ ਲਈ ਉਤਸ਼ਾਹ ਪੈਦਾ ਕੀਤਾ। ਇਹੋ ਕਾਰਣ ਹੈ ਕਿ ਅੱਜ ਅਸੀਂ ਇਕਾਂਗੀ ਕਲਾ ਵਿਚ ਪੱਛਮੀ ਸਾਹਿਤ ਤੋਂ ਬਹੁਤ ਪਿਛੇ ਨਹੀਂ ਹਾਂ।

1936 ਈ. ਤੱਕ ਤਿੰਨ ਦਰਜਨ ਤੋਂ ਉੱਤੇ ਪੰਜਾਬੀ ਵਿਚ ਨਾਟਕ ਛਪ ਚੁੱਕੇ ਸਨ ਪਰ ਉਨ੍ਹਾਂ ਵਿਚੋਂ ਬੜੇ ਥੋੜ੍ਹਿਆਂ ਨੂੰ ਰੰਗ ਮੰਚ ਉੱਤੇ ਪੇਸ਼ ਹੋਣ ਦਾ ਸੁਭਾਗ ਪ੍ਰਾਪਤ ਹੋਇਆ। 1936 ਈ. ਤੱਕ ਦੇ ਪੰਜਾਬੀ ਨਾਟਕਕਾਰਾਂ ਨੂੰ ਉਨ੍ਹਾਂ ਦੀ ਪ੍ਰਬਲ ਰੁਚੀ ਜਾ ਪ੍ਰਵਿਰਤੀ ਅਨੁਸਾਰ ਰਖ ਕੇ ਦੇਖਣਾ ਵਧੇਰੇ ਲਾਭਦਾਇਕ ਹੋਵੇਗਾ।

5.1 **ਯਥਾਰਥਵਾਦੀ ਨਾਟਕ ਪਰੰਪਰਾ** : ਪੰਜਾਬੀ ਨਾਟਕ ਦੀ ਇਹ ਪ੍ਰਮੁੱਖ ਪਰੰਪਰਾ ਹੈ ਜਿਸ ਨੂੰ ਨੋਰ੍ਹਾ ਰਿਚਰਡਜ਼ ਨੂੰ ਪ੍ਰਚਲਤ ਕੀਤਾ। ਨੋਰ੍ਹਾ ਤੋਂ ਪਿਛੋਂ ਵੀ ਪੰਜਾਬੀ ਨਾਟਕ ਦੀ ਇਹੋ ਹੀ ਪ੍ਰਧਾਨ ਧਾਰਾ ਰਹੀ ਹੈ। ਈਸ਼ਵਰ ਚੰਦਰ ਨੰਦਾ ਅਤੇ ਜੋਸ਼ੂਆ ਫ਼ਜ਼ਲਦੀਨ (ਪਿੰਡ ਦੇ ਵੈਰੀ) ਦੇ ਨਾਟਕ ਇਸ ਸ਼੍ਰੇਣੀ ਵਿਚ ਰਖੇ ਜਾ ਸਕਦੇ ਹਨ।

5.2 **ਰੰਗ ਮੰਚੀ ਨਾਟਕ ਪਰੰਪਰਾ** : ਪਾਰਸੀ ਥੀਏਟਰ ਦੇ ਪ੍ਰਭਾਵ ਥਲੇ ਪੰਜਾਬੀ ਵਿਚ ਵੀ ਕੁਝ ਨਾਟਕ ਲਿਖੇ ਗਏ। ਬਾਵਾ ਬੁਧ ਸਿੰਘ ਦੇ ਮੁਢਲੇ ਨਾਟਕ ਪਾਰਸੀ ਥੀਏਟਰ ਦੇ ਪ੍ਰਭਾਵ ਥਲੇ ਹੀ ਲਿਖੇ ਗਏ ਹਨ। ਭਾਈ ਵੀਰ ਸਿੰਘ, ਗੁਰਬਖਸ਼ ਸਿੰਘ ਬਾਰ ਐਟਲਾ ਅਤੇ ਮਿਹਰ ਸਿੰਘ ਦੇ ਨਾਟਕ ਇਸ ਪਰੰਪਰਾ ਦੇ ਧਾਰਣੀ ਹਨ।

5.3 **ਪ੍ਰਭਾਵਵਾਦੀ ਸਾਹਿਤਕ** : ਡਾ. ਮੋਹਨ ਸਿੰਘ ਇਸ ਸ਼੍ਰੇਣੀ ਵਿਚ ਇਕੱਲਾ ਹੀ ਦਿਸਦਾ ਹੈ। ਦੀਵਾਨ ਦਾ ਇਕ ਇਕਾਂਗੀ ਸੰਗ੍ਰਹਿ 'ਪਖੰਡੀਆਂ' 1928 ਈ. ਵਿਚ ਛਪਿਆ ਸੀ। ਇਸ ਵਿਚ 6 ਛੋਟੇ ਨਾਟਕ ਜਾਂ ਇਕਾਂਗੀ ਹਨ। ਲੇਖਕ ਭਾਵੇਂ ਉਨ੍ਹਾਂ ਨੂੰ ਸਮੱਸਿਆ ਨਾਟਕ ਕਹਿੰਦਾ ਹੈ ਪਰ ਉਹ ਵਧੇਰੇ ਕਰਕੇ ਪਾਠਕਾਂ ਲਈ ਲਿਖੇ ਗਏ ਹਨ।

5.4 **ਰੀਤੀ ਬਧ ਨਾਟਕੀ ਪਰੰਪਰਾ** : ਇਸ ਸ਼੍ਰੇਣੀ ਵਿਚ ਉਹ ਨਾਟਕ ਆਉਂਦੇ ਹਨ ਜੋ ਪੁਰਾਤਨ ਭਾਰਤੀ ਨਾਟਕ ਕਲਾ ਵਲ ਝੁਕਾਅ ਕਰਦੇ ਹਨ। ਬ੍ਰਿਜ ਲਾਲ ਸ਼ਾਸਤ੍ਰੀ ਦੇ ਨਾਟਕ ਇਸ ਪਰੰਪਰਾ ਦੇ ਧਾਰਨੀ ਕਹੇ ਜਾ ਸਕਦੇ ਹਨ।

5.5 **ਲੋਕ ਨਾਟ ਪਰੰਪਰਾ** : ਅਜਿਹੇ ਨਾਟਕ ਬੜੇ ਥੋੜ੍ਹੇ ਹਨ ਜੋ ਖੁਲ੍ਹੇ ਲੋਕ ਨਾਟਕ ਰੂਪ ਅਤੇ ਸੁਦੇਸ਼ੀ ਤੱਤਾਂ ਨਾਲ ਭਰਪੂਰ ਹਨ, ਕਿਉਂਕਿ ਲੋਕ ਨਾਟਕ ਪਰੰਪਰਾ ਮੁੱਢ ਕਦੀਮ ਤੋਂ ਅਣ ਲਿਖਤੀ ਰਹੀ ਹੈ। ਕਿਰਪਾ ਸਾਗਰ ਦੇ ਨਾਟਕ ਇਸ ਲੋਕ-ਨਾਟ ਪਰੰਪਰਾ ਦੇ ਬਹੁਤ ਹੱਦ ਤੱਕ ਧਾਰਣੀ ਕਹੇ ਜਾ ਸਕਦੇ ਹਨ। ਉਸ ਦੇ ਨਾਟਕਾਂ ਦੀ ਖੁਲ੍ਹੀ ਤੇ ਢਿੱਲੀ ਬਣਤਰ, ਛੋਟੀਆਂ ਝਾਕੀਆਂ ਦੀ ਭਰਮਾਰ, ਗਾਣਿਆਂ ਅਤੇ ਗੀਤਾਂ ਦੀ ਆਮ

ਵਰਤੋਂ ਲੋਕ ਨਾਟ ਪਰੰਪਰਾ ਦੇ ਐਨ ਅਨੁਕੂਲ ਹੈ।

1936 ਤੋਂ 1947 ਈ. ਤੱਕ ਦਾ ਸਮਾਂ ਪੰਜਾਬੀ ਨਾਟਕ ਅਤੇ ਇਕਾਂਗੀ ਦੇ ਪੂਰੀ ਤਰ੍ਹਾਂ ਆਧੁਨਿਕ ਰੂਪ ਧਾਰਨ ਕਰਨ ਅਤੇ ਪ੍ਰਫੁਲਤ ਹੋਣ ਦਾ ਸਮਾਂ ਹੈ। ਇਸ ਕਾਲ ਵਿਚ ਨਾਟਕ ਤੋਂ ਬਿਨਾਂ ਪੰਜਾਬੀ ਦੇ ਉਹ ਸਾਰੇ ਨਾਟਕਕਾਰ ਆ ਜਾਂਦੇ ਹਨ, ਜਿਨ੍ਹਾਂ ਨੇ ਪੰਜਾਬੀ ਨਾਟਕ ਕਲਾ ਨੂੰ ਸਿਖਣ ਤੇ ਪ੍ਰਚਾਰਣ ਵਿਚ ਆਪਣੀ ਕਲਮ ਇਸ ਪਾਸੇ ਵਲ ਗੰਭੀਰਤਾ ਨਾਲ ਚਲਾਈ। ਇਨ੍ਹਾਂ ਬਾਰਾਂ ਸਾਲਾਂ ਵਿਚ ਅਸੀਂ ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ ਹਰਚਰਨ ਸਿੰਘ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਫੁੱਲ ਆਦਿ ਦਾ ਨਾਂ ਲੈ ਸਕਦੇ ਹਾਂ, ਪੱਛਮੀ ਨਾਟਕ ਕਲਾ ਤੇ ਸਾਹਿਤ ਤੋਂ ਜਾਣੂ ਜਿਨ੍ਹਾਂ ਨਾਟਕਕਾਰਾਂ ਨੇ ਸੁਚੱਜੇ ਤੌਰ ਤੇ ਯਥਾਰਥਵਾਦੀ ਧਾਰਾ ਨੂੰ ਅਪਣਾਇਆ। ਸੰਤ ਸਿੰਘ ਸੇਖੋਂ ਨੇ ਨਾਟਕਕਲਾ ਵਿਚ ਵਿਸ਼ੇ ਦੀ ਪ੍ਰਧਾਨਤਾ ਅਤੇ ਗੰਭੀਰਤਾ ਲਿਆਂਦੀ। ਬਾਕੀ ਨਾਟਕਕਾਰਾਂ ਨੇ ਰੰਗ ਮੰਚ ਦੇ ਅਮਲੀ ਤਜ਼ਰਬੇ ਦੇ ਅਧਾਰ ਤੇ ਨਾਟਕ ਰਚੇ ਅਤੇ ਪੰਜਾਬੀ ਮੰਚ ਨੂੰ ਸਥਾਪਤ ਕਰਨ ਵਿਚ ਹਿੱਸਾ ਪਾਇਆ। 1947 ਈ. ਤੱਕ ਗੁਰਬਖਸ਼ ਸਿੰਘ ਨੇ ਰਾਜ ਕੁਮਾਰੀ ਲਤਿਕਾ ਅਤੇ ਤਿੰਨ ਇਕਾਂਗੀ ਰਚੇ ਸਨ। ਸੇਖੋਂ ਨੇ ਪੂਰਾ ਨਾਟਕ 'ਕਲਾਕਾਰ' ਅਤੇ 'ਛੇ ਘਰ' (ਇਕਾਂਗੀ), ਹਰਚਰਨ ਸਿੰਘ ਨੇ 'ਕਮਲਾ ਕੁਮਾਰੀ', 'ਰਾਜਾ ਪੋਰਸ', 'ਦੂਰ ਦੁਰਾਡੇ ਸ਼ਹਿਰੋਂ', 'ਖੇਡਣ ਦੇ ਦਿਨ ਚਾਰ', ਅਤੇ 'ਅਨਜੋੜ' ਪੂਰੇ ਨਾਟਕਾਂ ਤੋਂ ਬਿਨਾਂ ਚਾਰ ਇਕਾਂਗੀ ਸੰਗ੍ਰਹਿ – 'ਜੀਵਨ ਲੀਲਾ', 'ਸਪਤ ਰਿਸ਼ੀ', 'ਪੰਜ ਗੀਟੜਾ' ਅਤੇ 'ਪੰਚ ਪ੍ਰਧਾਨ' ਪ੍ਰਕਾਸ਼ਤ ਕੀਤੇ। ਬਲਵੰਤ ਗਾਰਗੀ ਨੇ 'ਲੋਹਾ ਕੁੱਟ' ਅਤੇ ਦੋ ਇਕਾਂਗੀ ਸੰਗ੍ਰਹਿ 'ਕੁਆਰੀ ਟੀਸੀ' ਅਤੇ 'ਦੋ ਪਾਸੇ' ਪੰਜਾਬੀ ਨਾਟਕ ਸਾਹਿਤ ਨੂੰ ਦਿੱਤੇ। ਗੁਰਦਿਆਲ ਸਿੰਘ ਖੋਸਲਾ ਨੇ ਕੇਵਲ ਇਕ ਮੌਲਿਕ ਨਾਟਕ 'ਬੂਹੇ ਬੈਠੀ ਧੀ' ਅਤੇ ਇਕ ਅਨੁਵਾਦਤ ਨਾਟਕ 'ਚਾਂਦੀ ਦਾ ਡੱਬਾ' (Silver Box by Galsworthy) ਪ੍ਰਕਾਸ਼ਤ ਕੀਤੇ। ਫੁੱਲ ਦਾ ਕੇਵਲ ਪਿਤਾ ਪਿਆਰ ਹੀ ਵੰਡ ਤੋਂ ਪਹਿਲਾਂ ਦੇਖਣ ਵਿਚ ਆਇਆ ਹੈ। ਕਰਤਾਰ ਸਿੰਘ ਦੁੱਗਲ ਨੇ ਦੋ ਇਕਾਂਗੀ ਇਕ 'ਕੇਵਲ ਸਿਫਰ ਸਿਫਰ', 'ਔਹ ਗਏ ਸਾਜਨ ਔਹ ਗਏ' ਪੰਜਾਬੀ ਮੰਚ ਨੂੰ ਦਿੱਤੇ ਹਰ ਹਾਲਤ ਵਿਚ ਪੰਜਾਬੀ ਨਾਟਕ ਨੇ ਸਾਹਿਤ ਤੇ ਮੰਚ ਉੱਤੇ ਆਪਣੀ ਸਨਮਾਨਯੋਗ ਥਾਂ ਪ੍ਰਾਪਤ ਕਰ ਲਈ ਸੀ।

1947 ਤੋਂ 1960 ਈ. ਤੱਕ ਦੇ ਸਮੇਂ ਵਿਚ ਪੰਜਾਬੀ ਨਾਟਕ ਤੇ ਇਕਾਂਗੀ ਨੇ ਹੋਰ ਵੀ ਉੱਨਤੀ ਕੀਤੀ। ਨੰਦਾ ਤੇ ਬਾਕੀ ਦੇ ਹੋਰ ਮੋਢੀ ਨਾਟਕਕਾਰਾਂ ਨੇ ਨਾਟ-ਖੇਤਰ ਵਿਚ ਪ੍ਰਵੇਸ਼ ਕੀਤਾ। ਵੰਡ ਤੋਂ ਬਾਅਦ ਇਸ ਖੇਤਰ ਵਿਚ ਆਏ ਨਾਟਕਕਾਰਾਂ ਦੇ ਨਾਂ ਹਨ – ਅਮਰੀਕ ਸਿੰਘ, ਰੌਸ਼ਨ ਲਾਲ ਅਹੂਜਾ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਪਿਆਰਾ ਸਿੰਘ ਭੋਗਲ, ਗੁਰਚਰਨ ਸਿੰਘ ਜਾਸੂਜਾ, ਬਲਬੀਰ ਸਿੰਘ ਵੋਹਰਾ, ਪਰੀਤੋਸ਼ ਗਾਰਗੀ, ਪਾਂਧੀ ਨਾਨਕਾਣਵੀ, ਸ਼ੀਲਾ ਭਾਟੀਆ, ਤਰਲੋਚਨ ਸਿੰਘ ਗਿੱਲ ਆਦਿ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕੁਝ ਲੇਖਕ ਹਨ ਜਿਨ੍ਹਾਂ ਨੇ ਇੱਕ ਅੱਧ ਨਾਟਕ ਰਚਿਆ।

ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਨਾਟਕਕਲਾ ਦੀ ਪ੍ਰਫੁਲਤਾ ਲਈ ਸੁਖਾਵਾਂ ਵਾਤਾਵਰਣ ਪੈਦਾ ਹੋ ਗਿਆ ਸੀ। ਵੰਡ ਤੋਂ ਬਾਅਦ ਨਾਟਕਕਲਾ ਨੂੰ ਉਤੇਜਨਾ ਦੇਣ ਵਿਚ ਸਭ ਤੋਂ ਵੱਧ ਹਿੱਸਾ ਭਾਰਤੀ ਲੋਕ-ਨਾਟ ਲਹਿਰ ਦਾ ਹੈ। ਇਸ ਲੋਕ ਲਹਿਰ ਦੇ ਆਗੂਆਂ ਨੇ ਨਾਟਕ ਕਲਾ ਨੂੰ ਜਨਤਾ ਦੇ ਵਾਸਤਵਿਕ ਜੀਵਨ ਨਾਲ ਜੋੜਿਆ, ਮੰਚ ਨੂੰ ਸਾਦਾ ਤੇ ਸਾਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਨਾਟਕੀ ਵਾਰਤਾਲਾਪ ਨੂੰ ਜੀਵਨ ਮਈ ਅਤੇ ਨਿਤ ਵਰਤੋਂ ਦੀ ਬੋਲ ਚਾਲ ਦੇ ਨੇੜੇ ਰੱਖਣ ਦਾ ਸੁਝਾਅ ਦਿੱਤਾ। ਪੰਜਾਬੀ ਨਾਟਕਕਾਰਾਂ ਨੇ ਪੱਛਮੀ ਮੰਚ ਤੇ ਨਾਟਕ ਦਾ ਅਧਿਐਨ ਕੀਤਾ ਅਤੇ ਪੰਜਾਬੀ ਨਾਟਕਕਾਰਾਂ ਨੂੰ ਪੱਛਮ ਦੇ ਤੁਲ ਖੜਾ ਕਰਨ ਵਿਚ ਸਿਰਤੋੜ ਯਤਨ ਕੀਤੇ। ਬਲਵੰਤ ਗਾਰਗੀ ਦਾ 'ਕੇਸਰੋ' ਬਦੇਸ਼ੀ ਬੋਲੀਆਂ ਵਿਚ ਅਨੁਵਾਦ ਹੋਇਆ। ਪੰਜਾਬੀ ਦਾ ਬਹੁਤ ਸਾਰੇ ਨਾਟਕ ਹਿੰਦੀ ਤੇ ਹੋਰ ਭਾਰਤੀ ਬੋਲੀਆਂ ਵਿਚ ਅਨੁਵਾਦ ਹੋ ਕੇ ਸਨਮਾਨੇ ਗਏ।

**6. ਪ੍ਰਵਿਰਤੀਆਂ ਅਤੇ ਪ੍ਰਾਪਤੀਆਂ**

ਆਧੁਨਿਕ ਪੰਜਾਬੀ ਨਾਟਕ ਰੰਗਮੰਚ ਦੀ ਯਥਾਰਥਵਾਦੀ ਪ੍ਰਵਿਰਤੀ ਇਸ ਦੀ ਪ੍ਰਬਲ ਵਿਸ਼ੇਸ਼ਤਾ ਤੇ ਪ੍ਰਾਪਤੀ ਹੈ। ਇਸ ਨੂੰ ਲੀਹਾਂ ਤੇ ਪਾਉਣ ਵਿਚ ਨੋਰ੍ਹਾ ਦਾ ਬਹੁਤ ਹੱਥ ਹੈ। ਇਸ ਦਾ ਮੁੱਖ ਕਾਰਣ ਇਹ ਹੈ ਕਿ ਪੰਜਾਬੀ ਨਾਟਕ ਲੋਕਾਂ ਦੇ ਜੀਵਨ ਤੇ ਬੋਲੀ ਦੇ ਬਹੁਤ ਨੇੜੇ ਰਿਹਾ ਹੈ। ਦੂਜੇ, ਪੰਜਾਬੀ ਪ੍ਰਗਤੀਸ਼ੀਲ ਹੋਣ

ਕੇ ਬੜੇ ਸੁਚੇਤ ਹਨ। ਸੰਸਾਰ ਭਰ ਦੀ ਕੋਈ ਵੀ ਲਹਿਰ ਜਾਂ ਵਿਚਾਰਧਾਰਾ ਦਾ ਪ੍ਰਭਾਵ ਉਹ ਸਭ ਤੋਂ ਪਹਿਲਾਂ ਕਬੂਲਦੇ ਹਨ ਅਤੇ ਉਸ ਦਾ ਪ੍ਰਗਟਾਅ ਕਲਾਮਈ ਢੰਗ ਨਾਲ ਆਪਣੇ ਨਾਟਕਾਂ ਵਿਚ ਕਰਦੇ ਹਨ। ਪੰਜਾਬੀ ਦਾ ਲੋਕ-ਨਾਟ ਅਤੇ ਆਧੁਨਿਕ ਨਾਟਕ ਦੋਵੇਂ ਸਮੇਂ ਦੀ ਆਤਮਾ ਅਤੇ ਸਮਾਜਿਕ ਚੇਤਨਾ ਦਾ ਦਰਪਨ (Mirror of time) ਰਿਹਾ ਹੈ।

ਪੰਜਾਬੀ ਨਾਟਕ ਰੁਚੀ ਵਲੋਂ ਲੌਕਿਕ, ਦ੍ਰਿਸ਼ਟੀ ਵਲੋਂ ਪ੍ਰਗਤੀਸ਼ੀਲ ਅਤੇ ਅੰਤਰ ਰਾਸ਼ਟਰੀ ਭਾਵਨਾ ਵਾਲਾ ਹੈ। ਪੰਜਾਬੀ ਨਾਟਕਕਾਰਾਂ ਦੇ ਸਾਹਮਣੇ ਸਦਾ ਹੀ ਵਿਸ਼ਾਲ ਕੌਮੀ ਦ੍ਰਿਸ਼ਟੀਕੋਣ ਰਿਹਾ ਹੈ। ਸੰਸਾਰ ਭਰ ਦੀਆਂ ਲਹਿਰਾਂ ਅਤੇ ਪ੍ਰਸਿੱਧ ਘਟਨਾਵਾਂ ਤੋਂ ਬਿਨਾਂ ਪੰਜਾਬੀ ਨਾਟਕਕਾਰ ਭਾਰਤੀ ਇਤਿਹਾਸ, ਮਿਥਿਹਾਸ ਵਿਚੋਂ ਨਾਟਕਾਂ ਲਈ ਵਿਸ਼ੇ ਚੁਣਦੇ ਹਨ।

ਪੰਜਾਬੀ ਨਾਟਕ ਦੀ ਇਕ ਹੋਰ ਪ੍ਰਵਿਰਤੀ ਇਹ ਰਹੀ ਹੈ ਕਿ ਇਹ ਆਰੰਭ ਤੋਂ ਪੇਂਡੂ ਜੀਵਨ ਨਾਲ ਓਤਪੋਤ ਰਿਹਾ ਹੈ। ਇਸੇ ਕਰਕੇ ਪੰਜਾਬੀ ਨਾਟਕ ਵਿਚ ਜਾਨ ਤੇ ਨਰੋਆਪਨ ਹੈ। ਪੰਜਾਬੀ ਜੀਵਨ ਨੂੰ ਇਸ ਨੇ ਵਾਸਤਵਿਕ ਰੰਗ ਵਿਚ ਚਿਤਰਣ ਦਾ ਯਤਨ ਕੀਤਾ ਹੈ।

ਭਾਵੇਂ ਤਕਨੀਕੀ ਪਖੋਂ ਪੰਜਾਬੀ ਨਾਟਕ ਪੱਛਮੀ ਸਾਹਿਤ ਤੇ ਥੀਏਟਰ ਤੋਂ ਪ੍ਰਭਾਵਿਤ ਹੈ ਪਰ ਭਾਵ ਤੇ ਵਿਸ਼ੇ ਦੀ ਚੋਣ ਦੇ ਤੌਰ ਤੇ ਇਹ ਸਦਾ ਮੌਲਿਕ ਤੇ ਸੁਤੰਤਰ ਰਿਹਾ ਹੈ। ਪੰਜਾਬ ਦੀ ਧਾਰਾ ਦੇ ਵਿਸ਼ੇਸ਼ ਤੱਤ ਦੇ ਗੁਣ ਇਸ ਵਿਚ ਪ੍ਰਬਲ ਰਹੇ ਹਨ। ਇਸ ਦੀ ਬੋਲੀ ਵਿਚਲਾ ਨਰੋਆ ਹਾਸਰਸ, ਨਾਟ ਅਤੇ ਵਿਅੰਗ ਇਸ ਦੀ ਇੱਕ ਵਿਸ਼ੇਸ਼ਤਾ ਰਹੀ ਹੈ।

ਪੰਜਾਬੀ ਨਾਟਕ ਪੰਜਾਬੀ ਫਿਲਮਾਂ ਤੋਂ ਉਲਟ ਵਧੇਰੇ ਗੰਭੀਰ, ਸਾਰਥਕ ਅਤੇ ਕਲਾਮਈ ਰਿਹਾ ਹੈ।

ਪੰਜਾਬੀ ਨਾਟਕਕਲਾ ਦੀ ਵਿਸ਼ੇਸ਼ ਪ੍ਰਾਪਤੀ ਇਕਾਂਗੀ ਕਲਾ ਦੇ ਖੇਤਰ ਵਿਚ ਮੰਨੀ ਜਾ ਸਕਦੀ ਹੈ। ਆਕਾਰ ਵਲੋਂ ਪੰਜਾਬੀ ਇਕਾਂਗੀਆਂ ਦੀ ਗਿਣਤੀ ਘੱਟ ਹੋ ਸਕਦੀ ਹੈ ਪਰ ਗੁਣਾਂ ਦੇ ਪੱਖ ਇਹ ਭਾਰਤ ਦੀਆਂ ਹੋਰ ਬੋਲੀਆਂ ਦੇ ਨਾਟਕ ਦਾ ਪੂਰਾ ਟਾਕਰਾ ਕਰਨ ਦੀ ਸਮਰਥਾ ਰੱਖਦਾ ਹੈ। ਪੰਜਾਬੀ ਦੇ ਦਰਜਨਾਂ ਇਕਾਂਗੀ ਅਨੁਵਾਦ ਹੋ ਕੇ ਦੇਸੀ ਅਤੇ ਬਦੇਸ਼ੀ ਭਾਸ਼ਾਵਾਂ ਵਿਚ ਸਨਮਾਨਯੋਗ ਥਾਂ ਪ੍ਰਾਪਤ ਕਰ ਚੁੱਕੇ ਹਨ।

ਦਿੱਲੀ ਵਰਗੇ ਕੌਮਾਂਤਰੀ ਸ਼ਹਿਰ ਵਿਚ ਪੰਜਾਬੀ ਨਾਟ ਅਤੇ ਮੰਚ ਨੇ ਚੰਗਾ ਨਾਮਣਾ ਖਟਿਆ ਹੈ। ਨਿਰਪੱਖ ਨਾਟਕ ਆਲੋਚਕਾਂ ਦੇ ਵਿਚਾਰ ਅਨੁਸਾਰ ਪੰਜਾਬੀ ਨਾਟਕ (ਓਪੇਰਾ) ਕੁੱਲ ਭਾਰਤੀ ਬੋਲੀਆਂ ਦੇ ਨਾਟਕਾਂ ਤੋਂ ਅੱਗੇ ਹੈ। ਸ਼ੀਲਾ ਭਾਟੀਆ ਦੇ ਯਤਨ ਇਸ ਸੰਬੰਧ ਵਿਚ ਬਹੁਤ ਸ਼ਲਾਘਾਯੋਗ ਹਨ। ਆਰ. ਜੀ. ਅਨੰਦ, ਪ੍ਰੇਮ ਜਲੰਧਰੀ ਅਤੇ ਸ਼ੰਨੋ ਖੁਰਾਣਾ ਨੇ ਵੀ ਪੰਜਾਬੀ ਇਕਾਂਗੀ ਨੂੰ ਲੋਕ-ਪ੍ਰਿਯ ਬਣਾਉਣ ਅਤੇ ਉੱਚ ਪੱਧਰ ਤੇ ਪੁਚਾਉਣ ਵਿਚ ਹਿੱਸਾ ਪਾਇਆ ਹੈ।

ਸਾਡੇ ਖਿਆਲ ਵਿਚ ਪੰਜਾਬੀ ਨਾਟਕ ਦਾ ਭਵਿੱਖ ਆਸ਼ਾਜਨਕ ਹੈ। ਅਨੁਕਾਰੀ ਬਿਰਤੀ (Mimetic instinct) ਪੰਜਾਬੀਆਂ ਨੂੰ ਵਿਰਸੇ ਵਿਚੋਂ ਮਿਲਦੀ ਹੈ। ਇਸ ਦਾ ਜੀਉਂਦਾ ਸਬੂਤ ਪੰਜਾਬੀ ਅਦਾਕਾਰਾਂ ਦੀ ਭਾਰਤੀ ਫਿਲਮ ਦਸਤਕਾਰੀ ਵਿਚ ਭਾਰੀ ਬਹੁ-ਗਿਣਤੀ ਹੈ।

## 7. 1960 ਤੋਂ ਬਾਅਦ ਦਾ ਪੰਜਾਬੀ ਨਾਟਕ

1960 ਤੋਂ ਬਾਅਦ ਸਾਡੇ ਪਹਿਲੇ ਨਾਟਕਕਾਰਾਂ ਜਿਵੇਂ ਡਾ. ਹਰਚਰਨ ਸਿੰਘ 'ਸ਼ੋਭਾ ਸ਼ਕਤੀ' ਤੇ 'ਕਲ੍ਹ', 'ਅੱਜ ਤੇ ਭਲਕ', ਸੰਤ ਸਿੰਘ ਸੇਖੋਂ 'ਮਿੱਤਰ ਪਿਆਰਾ', ਬਲਵੰਤ ਗਾਰਗੀ 'ਗਗਨ ਮਹਿ ਥਾਲੁ' ਤੇ 'ਧੂਣੀ ਦੀ ਅੱਗ' ਵੀ ਨਾਟਕ ਸਿਰਜਨਾ ਕਰਦੇ ਰਹੇ ਹਨ ਪਰ ਸਮੁੱਚੇ ਤੌਰ ਤੇ ਇਸ ਸਮੇਂ ਦੇ ਨਾਟਕ ਪਹਿਲੇ ਨਾਟਕਾਂ ਨਾਲੋਂ ਭਿੰਨ ਪ੍ਰਕਾਰ ਦੇ ਹਨ। ਹੋਰ ਸਾਹਿਤ-ਰੂਪਾਂ ਵਾਂਗ ਨਾਟਕ-ਖੇਤਰ ਵਿਚ ਵੀ ਨਵੇਂ ਪ੍ਰਯੋਗ ਹੋਏ ਹਨ। ਨਾਟਕ ਵਿਚ ਇਸ ਕਾਲ ਵਿਚ ਅਸੀਂ ਹੇਠ ਲਿਖੇ ਝੁਕਾਅ ਲਭ ਸਕਦੇ ਹਾਂ :

(ੳ) ਇਤਿਹਾਸਕ ਨਾਟਕ

(ਅ) ਪ੍ਰਯੋਗਵਾਦੀ ਤੇ ਅਬੈਸਰਡ ਨਾਟਕ

### 7.1 ਇਤਿਹਾਸਕ ਨਾਟਕ

ਇਸ ਸਮਾਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ 500 ਸਾਲਾਂ ਤੇ ਤਿੰਨ ਸੌ

ਸਾਲਾ ਜਨਮ ਸ਼ਤਾਬਦੀਆਂ ਦਾ ਸਮਾਂ ਹੈ, ਇਸ ਲਈ ਪੰਜਾਬੀ ਨਾਟਕਕਾਰਾਂ ਨੇ ਇਹਨਾਂ ਦੋਹਾਂ ਸਿੱਖ ਗੁਰੂਆਂ ਦੇ ਜੀਵਨ ਨਾਲ ਸੰਬੰਧਤ ਕਾਫ਼ੀ ਨਾਟਕ ਲਿਖੇ ਹਨ। ਹਰਚਰਨ ਸਿੰਘ, ਪਾਂਧੀ ਨਨਕਾਣਵੀ, ਗੁਰਚਰਨ ਸਿੰਘ ਜਸੂਜਾ, ਗੁਰਦਿਆਲ ਸਿੰਘ ਫੁੱਲ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ ਆਦਿ ਦੇ ਨਾਂ ਇਤਿਹਾਸਕ ਨਾਟਕ ਲਿਖਣ ਵਾਲਿਆਂ ਵਿਚੋਂ ਲਏ ਜਾ ਸਕਦੇ ਹਨ। ਹਰਚਰਨ ਸਿੰਘ ਨੇ 'ਚਮਕੌਰ ਦੀ ਗੜ੍ਹੀ' 'ਮਿੱਟੀ ਧੁੰਦ ਜਗਿ ਚਾਨਣ ਹੋਆ' ਅਤੇ 'ਹਿੰਦ ਦੀ ਚਾਦਰ' ਨਾਟਕ ਲਿਖੇ। ਪਾਂਧੀ ਨਨਕਾਣਵੀ ਨੇ 'ਆਨੰਦਪੁਰ ਦੀ ਆਵਾਜ਼' (1961) ਤੇ 'ਹੱਕ ਪਰਾਇਆ ਨਾਨਕਾ' (1969) ਦੋ ਨਾਟਕ ਦਿੱਤੇ ਹਨ। ਪਹਿਲੇ ਵਿਚ 1701 ਤੋਂ ਲੈ ਕੇ 1706 ਤੱਕ ਦੇ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਨਾਲ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਹੈ। ਦੂਜੇ ਅੰਦਰ ਗੁਰੂ ਨਾਨਕ ਦੇਵ ਨਾਲ ਵਾਪਰੀ ਐਮਨਾਬਾਦ ਵਾਲੀ ਘਟਨਾ ਦਾ ਜ਼ਿਕਰ ਹੈ। 1969 ਵਿਚ ਹੀ ਗੁਰਚਰਨ ਸਿੰਘ ਜਸੂਜਾ ਨੇ 'ਚੜ੍ਹਿਆ ਸੋਧਣ ਧਰਤੀ ਲੋਕਾਈ' ਨਾਂ ਦਾ ਨਾਟਕ ਪ੍ਰਕਾਸ਼ਿਤ ਕਰਵਾਇਆ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਛੱਡਣ ਤੇ ਪਹਿਲੀ ਉਦਾਸੀ ਦੇ ਆਰੰਭ ਵਾਲੀ ਘਟਨਾ ਨੂੰ ਲਿਖਿਆ ਗਿਆ ਹੈ। ਇਸੇ ਤਰ੍ਹਾਂ ਗੁਰਦਿਆਲ ਸਿੰਘ ਫੁੱਲ ਦਾ 'ਸਭ ਕਿਛੁ ਹੋਤ ਉਪਾਇ' ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਤ ਨਾਟਕ ਹੈ। ਸੁਰਜੀਤ ਸਿੰਘ ਸੇਠੀ ਨੇ 'ਗੁਰ ਬਿਨ ਘੋਰਿ ਅੰਧਾਰ' (1969) ਵਿਚ ਸਜਣ ਠੱਗ ਨਾਲ ਹੋਈ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਵਾਲੀ ਘਟਨਾ ਨੂੰ ਆਧਾਰ ਬਣਾਇਆ ਹੈ। ਬਲਵੰਤ ਗਾਰਗੀ ਦਾ 'ਗਗਨ ਮਹਿ ਥਾਲੁ' ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਨਾਟਕੀ ਰੂਪ ਵਿਚ ਚਿਤਰਣ ਦੀ ਕੋਸ਼ਿਸ਼ ਹੈ।

ਇਨ੍ਹਾਂ ਤੋਂ ਬਿਨਾਂ ਸੁਰਜੀਤ ਸਿੰਘ ਸੇਠੀ ਦਾ 'ਕਾਦਰਯਾਰ' ਤੇ ਸੇਖੋਂ ਦਾ 'ਮਿੱਤਰ ਪਿਆਰਾ' ਵੀ ਵਰਨਣ ਯੋਗ ਹਨ। 'ਕਾਦਰਯਾਰ' ਵਿਚ ਪੂਰਨ ਭਗਤ ਦੇ ਲੇਖਕ ਦੀ ਜੀਵਨੀ ਨੂੰ ਆਧਾਰ ਬਣਾਇਆ ਗਿਆ ਹੈ ਤੇ 'ਮਿੱਤਰ ਪਿਆਰੇ' ਵਿਚ ਲੈਨਿਨ ਤੇ ਭਾਰਤ ਦੇ ਸਵਤੰਤਰਤਾ ਸੰਗਰਾਮੀਏ ਰਤਨ ਸਿੰਘ ਤੇ ਪਾਰਟੀ ਦੀ ਮੁਲਾਕਾਤ ਹੈ। ਇਹਨਾਂ ਦੋਹਾਂ ਨਾਟਕਾਂ ਵਿਚ ਸਾਹਿਤਕ ਤੇ ਰਾਜਨੀਤਿਕ ਆਗੂਆਂ ਜਾਂ ਨਾਇਕਾਂ ਨੂੰ ਪੇਸ਼ ਕੀਤਾ ਗਿਆ ਹੈ ਪਰ 'ਕਾਦਰਯਾਰ' ਵਿਚ ਕਲਪਨਾ ਦਾ ਏਨਾ ਮਿਲਗੋਭਾ ਹੈ ਕਿ ਉਸ ਵਿਚਲਾ ਇਤਿਹਾਸ ਧੁੰਧਲਾ ਪੈ ਗਿਆ ਹੈ। ਸੰਤ ਸਿੰਘ ਸੇਖੋਂ ਦੇ 'ਮਿੱਤਰ ਪਿਆਰੇ' ਨੂੰ ਸਾਹਿਤ ਅਕਾਡਮੀ ਦਾ ਇਨਾਮ ਪ੍ਰਾਪਤ ਹੋਇਆ ਹੈ ਪਰ ਇਤਿਹਾਸਕ ਨਾਟਕ ਦੇ ਪੱਖੋਂ ਇਹ ਵੀ ਕੋਈ ਬਹੁਤਾ ਸਫਲ ਨਾਟਕ ਨਹੀਂ ਕਿਹਾ ਜਾ ਸਕਦਾ। ਸਿੱਖ-ਇਤਿਹਾਸ ਨਾਲ ਸੰਬੰਧਤ ਨਾਟਕ ਵੀ ਨਾਟਕਕਾਰਾਂ ਦੀ ਆਦਰਸ਼ਕ ਸੋਚਣੀ ਦੀ ਹੀ ਦੇਣ ਹੈ, ਇਸ ਲਈ ਘਟਨਾਵਾਂ ਭਾਵੇਂ ਇਤਿਹਾਸਕ ਹਨ ਪਰ ਇਨ੍ਹਾਂ ਦੇ ਨਿਭਾਅ ਆਦਿ ਕਾਰਨ ਇਹ ਬਹੁਤੇ ਸਫਲ ਇਤਿਹਾਸ ਨਾਟਕ ਨਹੀਂ ਕਹੇ ਜਾ ਸਕਦੇ ਹਨ।

### 7.2 ਪ੍ਰਯੋਗਵਾਦੀ ਤੇ ਐਬਸਰਡ ਨਾਟਕ

ਪੱਛਮੀ ਸਾਹਿਤ ਦੇ ਪ੍ਰਭਾਵਾਂ ਅਧੀਨ ਪੰਜਾਬੀ ਵਿਚ ਇਸ ਸਮੇਂ ਪ੍ਰਯੋਗਵਾਦੀ ਤੇ ਐਬਸਰਡ ਨਾਟਕ ਲਿਖੇ ਗਏ ਹਨ ਜਿਨ੍ਹਾਂ ਦਾ ਸਿਹਰਾ ਮੁੱਖ ਰੂਪ ਵਿਚ ਸੁਰਜੀਤ ਸਿੰਘ ਸੇਠੀ ਦੇ ਸਿਰ ਹੈ। ਇਸ ਤੋਂ ਬਿਨਾਂ ਕਪੂਰ ਸਿੰਘ ਘੁੰਮਣ ਦੇ ਕੁਝ ਨਾਟਕ ਜਿਵੇਂ 'ਪੁਤਲੀ ਘਰ' ਤੇ 'ਅਤੀਤ ਦੇ ਪਰਛਾਵੇਂ' ਬਲਵੰਤ ਗਾਰਗੀ ਦੇ 'ਧੂਣੀ ਦੀ ਅੱਗ' ਵੀ ਪ੍ਰਯੋਗਵਾਦੀ ਨਾਟਕ ਕਹੇ ਜਾ ਸਕਦੇ ਹਨ। 'ਧੂਣੀ ਦੀ ਅੱਗ' ਵਿਚ ਗਾਰਗੀ ਨੇ ਵਿਅਕਤੀਗਤ ਯਥਾਰਥ ਦੇ ਪੱਖੋਂ ਨਾਟਕ ਰਚਨਾ ਕੀਤੀ ਹੈ। ਇਹ ਦ੍ਰਿਸ਼ਟੀ ਪ੍ਰਯੋਗਵਾਦੀਆਂ ਦੀ ਵਿਸ਼ੇਸ਼ਤਾ ਹੈ। ਇਸ ਨਾਟਕ ਵਿਚ ਮੂਲ ਰੂਪ ਵਿਚ ਦੋ ਇਸਤਰੀਆਂ ਦੀ ਕਹਾਣੀ ਨੂੰ ਆਧਾਰ ਬਣਾਇਆ ਗਿਆ ਹੈ। ਇਹ ਵਿਸ਼ਾ ਉਂਜ ਤਾਂ ਬਹੁਤ ਨੀਵਾਂ ਨਹੀਂ ਪਰ ਗਾਰਗੀ ਦਾ ਪ੍ਰਗਟਾਅ ਢੰਗ ਪ੍ਰਯੋਗਵਾਦੀਆਂ ਵਰਗਾ ਹੈ। ਇਸੇ ਤਰ੍ਹਾਂ ਕਪੂਰ ਸਿੰਘ ਘੁੰਮਣ ਦੇ ਨਾਟਕਾਂ ਵਿਚ ਅਜੋਕੇ ਸ਼ਹਿਰੀ ਜੀਵਨ ਨੂੰ ਆਧਾਰ ਬਣਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਜੋਕਾ ਮਨੁੱਖ ਹਾਲਾਤ ਦੇ ਹੱਥਾਂ ਵਿਚ ਇਕ ਪੁਤਲੀ ਹੈ (ਪੁਤਲੀ ਘਰ)। ਉਸ ਦੀ ਆਜ਼ਾਦੀ ਬਿਲਕੁਲ ਖ਼ਤਮ ਹੋ ਚੁੱਕੀ ਹੈ। 'ਅਤੀਤ ਦੇ ਪਰਛਾਵੇਂ' ਵਿਚ ਵੀ ਇਸ ਤਰ੍ਹਾਂ ਦਾ ਵਿਚਾਰ ਹੈ। ਇਸ ਵਿਚ ਇਕ ਇਸਤਰੀ ਲਾਲਸਾ ਦੇ ਭਾਵਨਾ ਵਸ ਹੋ ਕੇ ਵਿਆਹ ਤੋਂ ਪਹਿਲਾਂ ਕਿਸੇ ਮਰਦ ਨਾਲ ਸਥਾਪਤ ਕੀਤੇ ਸਰੀਰਕ ਸੰਬੰਧਾਂ ਬਾਰੇ ਪਛਤਾਵਾ ਹੈ। ਇਹ ਪਛਤਾਵਾ ਅੰਤ ਉਸ ਦੀ ਜਾਨ ਲੈ ਲੈਂਦਾ ਹੈ। ਪ੍ਰਯੋਗਵਾਦੀ ਨਾਟਕਕਾਰਾਂ ਵਾਂਗ ਘੁੰਮਣ ਨੇ ਆਪਣੇ ਨਾਟਕਾਂ ਵਿਚ ਸਮਾਜ ਨੂੰ ਵਿਅਕਤੀਗਤ ਆਜ਼ਾਦੀ ਦਾ ਕਾਤਲ ਸਿੱਧ

ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰਸਰਨ ਸਿੰਘ ਦੇ ਤਿੰਨ ਨਾਟਕ 'ਫੁੱਲ ਕੁਮਲਾ ਗਿਆ', 'ਅਪਰਾਧੀ', 'ਉਦਾਸ ਲੋਕ' ਵੀ ਪ੍ਰਯੋਗਵਾਦੀ ਨਾਟਕਾਂ ਦੇ ਘੇਰੇ ਵਿਚ ਰਖੇ ਜਾ ਸਕਦੇ ਹਨ।

ਪ੍ਰਯੋਗਵਾਦੀ ਤੇ ਐਬਸਰਡ ਨਾਟਕ ਦਾ ਪੂਰਨ ਭਾਂਤ ਮੁੱਢ ਸੁਰਜੀਤ ਸਿੰਘ ਸੇਠੀ ਨੇ ਬੰਨ੍ਹਿਆ ਹੈ। ਉਸ ਦੇ ਨਾਟਕ 'ਕਾਫੀ ਹਾਊਸ', 'ਭਰਿਆ ਭਰਿਆ ਸਖਣਾ ਸਖਣਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ, 'ਨੰਗੀ ਸੜਕ ਰਾਤ ਦਾ ਓਹਲਾ' ਤੇ 'ਕਿੰਗ ਮਿਰਜ਼ਾ ਤੇ ਸਪੇਰਾ' ਇਸ ਗੱਲੋਂ ਵਰਣਨਯੋਗ ਹਨ। ਪੱਛਮ ਦੇ ਪ੍ਰਭਾਵ ਅਧੀਨ ਸੇਠੀ ਨੇ ਇਹਨਾਂ ਨਾਟਕਾਂ ਵਿਚ ਤੀਵੀਂ-ਮਰਦ ਦੇ ਸੰਬੰਧਾਂ ਨੂੰ ਬਿਨਾਂ ਕਿਸੇ ਸਮਾਜਿਕ ਬੰਧਨ ਦੇ ਪੇਸ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਨਾਟਕਾਂ ਵਿਚ ਸਾਰੇ ਪਾਤਰ ਜਾਂ ਤਾਂ ਮਾਨਸਿਕ ਤੌਰ ਤੇ ਉਲਾਰ ਹਨ ਜਾਂ ਬੀਮਾਰ। ਬਹੁਤੇ ਪਾਤਰ ਸ਼ਹਿਰੀ ਮੱਧ ਸ਼ਰੇਣੀ ਵਿਚੋਂ ਹਨ। ਪੰਜਾਬੀ ਪਾਠਕਾਂ ਤੇ ਪੰਜਾਬੀ ਸਮਾਜ ਲਈ ਇਹ ਪਾਤਰ ਓਪਰੇ ਹਨ, ਇਹਨਾਂ ਦਾ ਜਿਉਣ ਢੰਗ ਓਪਰਾ ਹੈ। ਇਸ ਲਈ ਇਸ ਪ੍ਰਕਾਰ ਦੇ ਨਾਟਕ ਪੰਜਾਬੀ ਸਾਹਿਤ-ਜਗਤ ਵਿਚ ਅਸੁਭਾਵਿਕ ਕਿਸਮ ਦੇ ਨਾਟਕ ਲਗਦੇ ਹਨ। ਇਨ੍ਹਾਂ ਦਾ ਵਿਸ਼ਾ ਅਤੇ ਤਕਨੀਕ ਓਪਰੇ ਹਨ।

1975 ਦੇ ਨੇੜੇ ਤੇੜੇ ਤੀਜੀ ਪੀੜ੍ਹੀ ਹੋਂਦ ਵਿਚ ਆਉਂਦੀ ਹੈ। ਇਸ ਦੌਰ ਦਾ ਆਰੰਭ ਆਤਮਜੀਤ ਅਤੇ ਅਜਮੇਰ ਔਲਖ ਦੀਆਂ ਮੁਢਲੀਆਂ ਯੂਥ-ਫੈਸਟੀਵਲੀ ਕਿਰਤਾਂ ਨਾਲ ਹੋਇਆ। 1975 ਵਿਚ ਆਤਮਜੀਤ ਆਪਣੇ ਪਹਿਲੇ ਨਾਟਕ 'ਕਬਰਸਤਾਨ' ਅਤੇ ਅਜਮੇਰ ਔਲਖ 'ਅਰਬਤ ਨਰਬਦ ਧੁੰਧੂਕਾਰਾ' ਅਤੇ 'ਬਗਾਨੇ ਬੋਹੜ ਦੀ ਥਾਂ' ਨਾਟਕ-ਸੰਗ੍ਰਹਿ ਨਾਲ ਚਰਚਿਤ ਹੋਇਆ। ਇਸ ਸਮੇਂ ਦਿੱਲੀ ਦੇ ਸਪਰੂ ਹਾਊਸ ਥੀਏਟਰ ਦੀ ਅਸ਼ਲੀਲ ਲਹਿਰ ਨੂੰ ਤੋੜ ਕੇ ਦਿੱਲੀ ਵਿਚ ਸਾਹਿਤਕ ਨਾਟਕ ਦੀ ਪੁਨਰ ਸਥਾਪਨਾ ਲਈ ਕਿਰਿਆਸ਼ੀਲ ਚਰਨ ਦਾਸ ਸਿੱਧੂ ਆਪਣੇ ਮੁਢਲੇ ਨਾਟਕ 'ਇੰਦੂ ਮਤੀ ਸਤਦੇਵ' ਅਤੇ 'ਭਜਨੋ' ਰਾਹੀਂ ਸਾਹਮਣੇ ਆਇਆ। ਇਸ ਤੋਂ ਇਲਾਵਾ ਅਮਰਜੀਤ ਗਰੇਵਾਲ, ਰਵਿੰਦਰ ਰਵੀ, ਅਜਾਇਬ ਕਮਲ, ਦਰਸ਼ਨ ਮਿਤਵਾ ਆਦਿ ਨਾਟਕਕਾਰ ਵੀ ਸਾਹਮਣੇ ਆਏ। ਇਹ ਨਾਟਕਕਾਰ ਵਸਤੂ ਸ਼ਿਲਪ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟਕ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦੇ ਹਨ।

## ਪੁਸਤਕ ਸੂਚੀ


1. ਡਾ. ਗੁਰਚਰਨ ਸਿੰਘ : *ਪੰਜਾਬੀ ਨਾਟਕਕਾਰ*
2. ਡਾ. ਰੋਸ਼ਨ ਲਾਲ ਅਹੂਜਾ ਤੇ ਫੁੱਲ : *ਆਧੁਨਿਕ ਪੰਜਾਬੀ ਨਾਟਕ*
3. ਸ.ਸ. ਸੇਠੀ ਤੇ ਗੁਰਦਿਆਲ ਸਿੰਘ ਫੁੱਲ : *ਨਾਟਕ ਸਿੱਧਾਂਤ*
4. ਸਾਹਿਤ ਸਮਾਚਾਰ : *ਨਾਟਕ ਅੰਕ*
5. ਸ.ਸ. ਸੋਜ਼ : *ਨਾਟ ਪਰੰਪਰਾ*
6. *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* : ਭਾਸ਼ਾ ਵਿਭਾਗ, ਪੰਜਾਬੀ ਪਟਿਆਲਾ।

ਪਾਠ ਨੰਬਰ : 1.9

## ਪੰਜਾਬੀ ਵਾਰਤਕ ਇਤਿਹਾਸ

1. **ਪਾਠ ਦੀ ਰੂਪ ਰੇਖਾ** : ਇਸ ਪਾਠ ਵਿਚ ਪੰਜਾਬੀ ਵਾਰਤਕ ਦੇ ਆਧੁਨਿਕ ਰੂਪ ਦਾ ਇਤਿਹਾਸਕ ਪਰਿਪੇਖ ਵਿਚ ਵੇਰਵਾ ਦਿੱਤਾ ਜਾਵੇਗਾ। ਆਧੁਨਿਕ ਵਾਰਤਕ ਦੇ ਪ੍ਰਮੁੱਖ ਵਾਰਤਕ ਲੇਖਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

2. **ਭੂਮਿਕਾ** : ਵਾਰਤਕ ਦਾ ਸੰਬੰਧ ਜਜ਼ਬੇ ਨਾਲੋਂ ਵਧੇਰੇ ਬੁੱਧੀ ਨਾਲ ਮੰਨਿਆ ਗਿਆ ਹੈ। ਵੀਹਵੀਂ ਸਦੀ ਹੈ ਹੀ ਬੌਧਿਕ ਪ੍ਰਫੁਲਤਾ ਦਾ ਯੁੱਗ ਤੇ ਇਸ ਵਿਚ ਹੋਇਆ ਵਾਰਤਕ ਦਾ ਵਿਕਾਸ ਇਕ ਦਿਲਚਸਪ ਪ੍ਰਸ਼ਨ ਹੈ। ਇਸ ਯੁਗ ਵਿਚ ਵਿਗਿਆਨ, ਦਰਸ਼ਨ ਅਤੇ ਸਮਾਜ ਨਾਲ ਸੰਬੰਧਿਤ ਦੂਜੇ ਸ਼ਾਸਤਰਾਂ ਨੇ ਬਹੁਤ ਉੱਨਤੀ ਕੀਤੀ ਹੈ। ਸਿੱਟੇ ਵਜੋਂ ਨਿਆਇ-ਭਰਪੂਰ ਲਿਖਤਾਂ ਵੱਲ ਝੁਕਾਅ ਵਧਿਆ ਹੈ। ਇਹ ਗੱਲ ਇਸ ਸਦੀ ਦੀ ਪੰਜਾਬੀ ਵਾਰਤਕ ਦੇ ਸੰਦਰਭ ਵਿਚ ਵੀ ਬਿਲਕੁਲ ਠੀਕ ਬੈਠਦੀ ਹੈ। ਵੀਹਵੀਂ ਸਦੀ ਤੋਂ ਪਹਿਲਾਂ ਹੀ ਗੱਦ ਵਿਚ ਜਿਥੇ ਧਰਮ, ਵਿਸ਼ਵਾਸ ਅਤੇ ਅਧਿਆਤਮਿਕਤਾ ਪ੍ਰਧਾਨ ਸੀ, ਉਥੇ ਵੀਹਵੀਂ ਸਦੀ ਵਿਚ ਤਰਕ ਅਤੇ ਵਿਗਿਆਨ ਦੀ ਪ੍ਰਧਾਨਤਾ ਹੋ ਗਈ। ਪੰਜਾਬੀ ਵਾਰਤਕ ਰੂਪ ਪਖੋਂ ਆਧੁਨਿਕਤਾ ਭਾਵੇਂ 19ਵੀਂ ਸਦੀ ਦੇ ਪਿਛਲੇ ਦਹਾਕਿਆਂ ਤੋਂ ਗ੍ਰਹਿਣ ਕਰ ਗਈ ਸੀ ਤਾਂ ਵੀ ਪੂਰੀ ਤਰ੍ਹਾਂ ਆਧੁਨਿਕ ਇਸ ਸਮੇਂ ਵਿਚ ਹੀ ਹੋਈ। ਨਵੀਆਂ ਸਥਿਤੀਆਂ ਦੇ ਅੰਤਰਗਤ ਜਿਥੇ ਨਵੇਂ ਤੇ ਸੂਖਮ ਵਿਸ਼ੇ ਵਾਰਤਕ ਵਿਚ ਆਏ, ਉਥੇ ਇਸ ਨੇ ਨਵੇਂ ਰੂਪ ਵੀ ਗ੍ਰਹਿਣ ਕੀਤੇ। ਇਸ ਪਾਠ ਵਿਚ ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਬਾਰੇ ਵਿਚਾਰ ਕੀਤੀ ਜਾਵੇਗੀ।

3. **ਮੂਲ ਪਾਠ** : 1900 ਈ. ਤੋਂ ਲੈ ਕੇ ਹੁਣ ਤੱਕ ਦੀ ਪੰਜਾਬੀ ਵਾਰਤਕ ਦਾ ਖਿਲਾਰ ਤੇ ਪਸਾਰਾ ਚੋਖਾ ਵੱਡਾ ਹੈ। ਬੁਨਿਆਦੀ ਤੌਰ ਤੇ ਨਾਵਲ, ਨਾਟਕ ਕਹਾਣੀ, ਇਕਾਂਗੀ ਆਦਿ ਗੱਦ ਦੇ ਹੀ ਵਾਹਨ ਹਨ, ਫਿਰ ਵੀ ਅਸੀਂ ਮੁੱਖ ਰੂਪ ਵਿਚ ਉਨ੍ਹਾਂ ਰੂਪਾਂ ਦਾ ਹੀ ਅਧਿਐਨ ਕਰਾਂਗੇ ਜੋ ਸ਼ੁੱਧ ਵਾਰਤਕ ਦੇ ਘੇਰੇ ਵਿਚ ਆਉਂਦੇ ਹਨ। ਇਨ੍ਹਾਂ ਵਿਚੋਂ ਪਹਿਲਾਂ ਰੂਪ ਗੁਰੂ ਵਿਅਕਤੀਆਂ ਦੀਆਂ ਜੀਵਨੀਆਂ ਤੇ ਇਤਿਹਾਸਕ ਰਚਨਾਵਾਂ ਦਾ ਹੈ। ਦੂਜਾ ਨਿਬੰਧਾਂ ਦਾ, ਤੀਜਾ ਸਫਰਨਾਮਿਆਂ ਦਾ ਤੇ ਚੌਥਾ ਰੇਖਾ-ਚਿੱਤਰਾਂ ਦਾ।

ਜਦੋਂ ਪੰਜਾਬੀ ਗੱਦ ਨੇ ਪਲ੍ਰਰਨਾ ਸ਼ੁਰੂ ਕੀਤਾ ਤਾਂ ਸਿੰਘ ਸਭਾ ਲਹਿਰ ਜ਼ੋਰ ਪਕੜ ਚੁੱਕੀ ਸੀ। ਉਸ ਦੇ ਪ੍ਰਭਾਵ ਹੇਠ ਸਿੱਖ ਇਤਿਹਾਸ ਤੇ ਸਿੱਖ ਫਲਸਫੇ ਦੀ ਪੁਨਰ-ਭਾਲ ਹੋਣ ਲਗ ਪਈ ਸੀ। ਇਸ ਇੱਛਾ ਨੇ ਗੁਰੂ-ਵਿਅਕਤੀਆਂ ਦੀਆਂ ਜੀਵਨੀਆਂ ਲਿਖਣ ਦੀ ਪਰੰਪਰਾ ਚਲਾਈ। ਇਸ ਦਾ ਮੁੱਢ ਤਾਂ ਭਾਈ ਵੀਰ ਸਿੰਘ ਤੋਂ ਪਹਿਲਾਂ ਭਾਈ ਦਿੱਤ ਸਿੰਘ, ਸ਼ਰਧਾ ਰਾਮ ਫਿਲੌਰੀ, ਪ੍ਰੋਫੈਸਰ ਗੁਰਮੁਖ ਸਿੰਘ ਦੇ ਹੱਥੋਂ ਬੱਝ ਚੁੱਕਾ ਸੀ। ਪਰੰਤੂ ਭਾਈ ਵੀਰ ਸਿੰਘ ਨੇ ਇਸ ਵਿਚ ਸਿੱਖ ਫਲਸਫਾ ਸ਼ਾਮਲ ਕਰਕੇ ਇਸ ਨੂੰ ਨਵਾਂ ਗੌਰਵ ਪ੍ਰਦਾਨ ਕੀਤਾ। ਭਾਈ ਸਾਹਿਬ ਦੀ ਗੱਦ ਨੇ ਛੋਟੇ-ਛੋਟੇ ਟਰੈਕਟਾਂ ਦਾ ਰੂਪ ਧਾਰਿਆ ਜਿਨ੍ਹਾਂ ਵਿਚ ਗੁਰੂ-ਵਿਅਕਤੀਆਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਤੇ ਇਨ੍ਹਾਂ ਰਾਹੀਂ ਕਿਸੇ ਸਿੱਖ ਸਿਧਾਂਤ ਨੂੰ ਖੋਲ੍ਹਿਆ ਹੋਇਆ ਹੁੰਦਾ ਸੀ। ਇਸ ਸਾਰੇ ਸਾਹਿਤ ਨੂੰ ਆਮ ਲੋਕ ਸਿੱਖ ਇਤਿਹਾਸ ਨਾਲ ਯਾਦ ਕਰਦੇ ਹਨ। ਕੁਝ ਵਿਦਵਾਨ ਇਸ ਨੂੰ 'ਜੀਵਨੀ' ਕਹਿਣਾ ਪਸੰਦ ਕਰਦੇ ਹਨ। ਵਾਸਤਵ ਵਿਚ ਇਹ ਨਾ ਇਤਿਹਾਸ ਹੈ ਨਾ ਸ਼ੁਧ ਜੀਵਨੀ। ਇਸ ਵਿਚ ਸਗੋਂ ਬਹੁਤ ਸਾਰਾ ਕਾਲਪਨਿਕ ਤੱਤ ਮਿਲਿਆ ਹੋਇਆ ਹੈ। ਅਜਿਹੀ ਗੱਦ ਦੇ ਰਚਾਇਤਾ ਇਸ ਪ੍ਰਕਾਰ ਹਨ :

4. **ਭਾਈ ਵੀਰ ਸਿੰਘ**

ਉਪਰੋਕਤ ਕਿਸਮ ਦੀ ਵਾਰਤਕ ਦਾ ਮੁੱਢ ਬੰਨ੍ਹਣ ਦਾ ਸਿਹਰਾ ਭਾਈ ਵੀਰ ਸਿੰਘ ਦੇ ਸਿਰ ਹੈ। ਇਨ੍ਹਾਂ ਦੀ ਵਾਰਤਕ ਦਾ ਆਧਾਰ ਸਿੱਖ ਇਤਿਹਾਸ, ਸਿੱਖ ਦਰਜਨ, ਖੋਜ ਅਤੇ ਵਿਆਖਿਆ ਹੈ। ਉਨ੍ਹਾਂ ਦੁਆਰਾ ਰਚੀ ਗਈ ਵਾਰਤਕ 'ਗੁਰੂ ਨਾਨਕ ਚਮਤਕਾਰ', 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਤੇ 'ਅਸ਼ਟ ਗੁਰੂ ਚਮਤਕਾਰ' ਨਾਂ ਦੀਆਂ ਪੁਸਤਕਾਂ ਵਿਚ ਸੰਕਲਿਤ ਹੈ। ਭਾਈ ਸਾਹਿਬ ਵੀ ਵਾਰਤਕ ਵਿਚ ਕਲਪਨਾ

ਦੀ ਅਥਾਹ ਉਡਾਰੀ ਜਜ਼ਬੇ ਦੀ ਅਤਿ ਤੀਬਰਤਾ ਤੇ ਭਾਵਾਂ ਦੀ ਕੋਮਲਤਾ ਹੈ। ਭਗਤੀ ਭਾਗ ਵਿਚ ਲੱਦੇ ਮਨ ਦੀਆਂ ਸੋਚਾਂ, ਡੋਬਾਂ, ਉਮੰਗਾਂ, ਤਰੰਗਾਂ ਦੇ ਉਦਗਾਰਾਂ ਨੂੰ ਵੇਖਣਾ ਹੋਵੇ ਤਾਂ ਇਸ ਵਰਗੀ ਹੋਰ ਕੋਈ ਰਚਨਾ ਨਹੀਂ। ਅਧਿਆਤਮਕ ਰਮਜ਼ਾਂ ਨੂੰ ਖੋਲ੍ਹਣ ਲਈ ਇਹ ਬੜੀ ਅਦਭੁਤ ਕੁੰਜੀ ਹੈ। ਭਾਈ ਸਾਹਿਬ ਕਿਉਂਕਿ ਬੁਨਿਆਦੀ ਤੌਰ ਤੇ ਕਵੀ ਸਨ ਇਸ ਲਈ ਉਨ੍ਹਾਂ ਦੀ ਵਾਰਤਕ ਵਿਚ ਕਾਵਿਕਤਾ ਆ ਗਈ ਹੈ। ਚਿੱਤਰਾਂ ਤੇ ਦ੍ਰਿਸ਼ਾਂ ਦੇ ਵਰਣਨ ਵਿਚ ਭਾਈ ਸਾਹਿਬ ਕਵੀ ਹੋ ਨਿਬੜੇ ਹਨ। ਅੰਤਰੀਵ ਰਮਜ਼ਾਂ ਖੋਲ੍ਹਣ ਲਈ ਭਾਈ ਸਾਹਿਬ ਅਕਸਰ ਰੂਪਕ, ਉਪਮਾ, ਦ੍ਰਿਸ਼ਟਾਂਤ ਆਦਿ ਦਾ ਆਸਰਾ ਲੈਂਦੇ ਹਨ, ਪਰ ਇਹ ਅਲੰਕਾਰ ਸਪੱਸ਼ਟਤਾ ਉਤੇ ਸੱਟ ਨਹੀਂ ਮਾਰਦੇ। ਪੱਕੀ ਸ਼ੈਲੀ ਇਕ ਸਥਿਰ ਰੂਪ ਵਿਚ ਤੁਰਦੀ ਜਾਂਦੀ ਹੈ, ਕਿਧਰੇ ਨਿਰਛਲ, ਰਸਹੀਨ ਤੇ ਫਿਕੀ ਨਹੀਂ ਪੈਂਦੀ। ਭਾਈ ਸਾਹਿਬ ਦਾ ਅਸਲ ਮਨੋਰਥ ਪਾਠਕਾਂ ਨੂੰ ਇਤਿਹਾਸ ਬਾਰੇ ਕੇਵਲ ਵਾਕਫੀ ਦੇਣਾ ਹੀ ਨਹੀਂ, ਪ੍ਰਭਾਵਿਤ ਕਰਨਾ ਤੇ ਸਿੱਖਿਆ ਦੇਣਾ ਵੀ ਹੈ। ਇਸ ਲਈ ਉਨ੍ਹਾਂ ਦੀ ਗੱਦ ਵਿਚ ਵਿਸਥਾਰ ਬਹੁਤ ਹੈ।

### 4.1 ਖਾਲਸਾ ਟਰੈਕਟ ਸੁਸਾਇਟੀ ਦੀ ਦੇਣ

ਭਾਈ ਵੀਰ ਸਿੰਘ ਦੇ ਪ੍ਰਸੰਗ ਵਿਚ ਖਾਲਸਾ ਟਰੈਕਟ ਸੁਸਾਇਟੀ ਦਾ ਉਲੇਖ ਕਰਨਾ ਬੜਾ ਜ਼ਰੂਰੀ ਭਾਸਦਾ ਹੈ। ਨਵੀਂ ਜਾਗ੍ਰਤੀ ਤੇ ਸਿੱਖਾਂ ਵਿਚ ਚਲ ਰਹੀ ਸਿੰਘ ਸਭਾ ਲਹਿਰ ਦੇ ਪ੍ਰਭਾਵਾਂ ਅਧੀਨ ਭਾਈ ਵੀਰ ਸਿੰਘ ਨੇ 1894 ਈ. ਵਿਚ ਇਸ ਸੁਸਾਇਟੀ ਦੀ ਨੀਂਹ ਰੱਖੀ। ਕਿਸੇ ਇਕ ਵਿਅਕਤੀ ਨਾਲੋਂ ਵਾਰਤਕ ਰੂਪ ਤੇ ਸਾਹਿਤ ਦੀ ਉਸਾਰੀ ਵਿਚ ਇਸ ਸੰਸਥਾ ਨੇ ਸਭ ਤੋਂ ਵਧੀਕ ਹਿੱਸਾ ਪਾਇਆ। ਭਾਈ ਵੀਰ ਸਿੰਘ ਤੋਂ ਬਿਨਾਂ ਇਸ ਵਿਚ ਡਾ. ਚਰਨ ਸਿੰਘ, ਗਿ. ਹਜ਼ਾਰਾ ਸਿੰਘ, ਮੋਹਨ ਸਿੰਘ ਵੈਦ, ਜੀ.ਬੀ. ਸਿੰਘ, ਪ੍ਰੋ. ਪੂਰਨ ਸਿੰਘ ਤੇ ਹੋਰਨਾਂ ਵਿਦਵਾਨਾਂ ਦੇ ਲੇਖ ਵੀ ਛਪਦੇ ਰਹੇ। ਇਨ੍ਹਾਂ ਲੇਖਕਾਂ ਦਾ ਆਸ਼ਾ ਪੱਛਮੀ ਵਿਦਿਆ ਰਾਹੀਂ ਪ੍ਰਾਪਤ ਹੋਇਆ ਗਿਆਨ ਆਪਣੇ ਦੇਸ਼ ਵਾਸੀਆਂ ਤੱਕ ਉਨ੍ਹਾਂ ਦੀ ਬੋਲੀ ਵਿਚ ਪਹੁੰਚਾਉਣਾ ਸੀ। ਇਕ ਟਰੈਕਟ ਇਸ ਸੁਸਾਇਟੀ ਵਲੋਂ ਜਾਰੀ ਕੀਤਾ ਜਾਂਦਾ ਸੀ। ਇਸ ਵਿਚ ਹਰ ਪ੍ਰਕਾਰ ਦੇ ਲੇਖ ਛਪਦੇ ਸਨ, ਜਿਨ੍ਹਾਂ ਵਿਚੋਂ ਕੁਝ ਵਿਸ਼ੇ ਵੰਨਗੀ ਵਜੋਂ ਦੇਣੇ ਕੁਥਾਂ ਨਹੀਂ ਹੋਣਗੇ – ਸਿੱਖ ਧਰਮ ਦੀ ਬਹੁ-ਪੱਖੀ ਵਿਆਖਿਆ, ਗੁਰਬਾਣੀ ਦੇ ਟੀਕੇ, ਸਮਾਜ-ਸੁਧਾਰ, ਸਿਹਤ-ਸਫਾਈ, ਖੋਜ, ਇਤਿਹਾਸ, ਸਕੂਲਾਂ ਦੀਆਂ ਪਾਠ-ਪੁਸਤਕਾਂ, ਜੀਵਨੀਆਂ, ਉਲੱਥੇ, ਸਾਹਿਤ ਸਮੀਖਿਆ, ਸ਼ਰਧਾਂਜਲੀਆਂ, ਜੀਵਨ-ਨੀਤੀ ਆਦਿ। ਇਨ੍ਹਾਂ ਟਰੈਕਟਾਂ ਵਿਚ ਵਿਸ਼ੇਸ਼ ਗੁਣ ਹੁੰਦੇ ਸਨ, ਮਸਲਨ ਵਾਰਤਕ ਦੀ ਬੋਲੀ ਸਰਲ ਤੇ ਸਪੱਸ਼ਟ ਹੁੰਦੀ ਸੀ ਤਾਂ ਜੋ ਜਨ ਸਾਧਾਰਨ ਇਨ੍ਹਾਂ ਵਿਚਲੀ ਕਹੀ ਗੱਲ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਲਵੇ। ਮੌਲਿਕਤਾ ਇਨ੍ਹਾਂ ਵਿਚ ਜ਼ਰੂਰੀ ਸੀ ਜੋ ਪਾਠਕਾਂ ਦਾ ਧਿਆਨ ਖਿਚ-ਸਕੇ। ਭਾਵੁਕਤਾ ਵੀ ਇਨ੍ਹਾਂ ਦਾ ਜ਼ਰੂਰੀ ਅੰਗ ਸੀ। ਸਭ ਤੋਂ ਵੱਡੀ ਦੇਣ ਇਨ੍ਹਾਂ ਟਰੈਕਟਾਂ ਦੀ ਇਹ ਹੈ ਕਿ ਇਨ੍ਹਾਂ ਨੇ ਆਧੁਨਿਕ ਲੇਖੇ ਦੇ ਰੂਪ ਨੂੰ ਨਿਖਾਰਨ ਅਤੇ ਸਥਿਰ ਕਰਨ ਵਿਚ ਬਹੁਤ ਹਿੱਸਾ ਪਾਇਆ ਇਸ ਤੋਂ ਪਿਛੋਂ ਜਿੰਨੇ ਵੀ ਸਾਹਿਤਕਾਰ ਵਾਰਤਕ ਦੇ ਖੇਤਰ ਵਿਚ ਹੋਏ ਉਨ੍ਹਾਂ ਨੇ ਧਾਰਮਿਕ ਸੰਕੀਰਣਤਾ ਨੂੰ ਉਕਾ ਹੀ ਤਿਆਗ ਦਿੱਤਾ ਤੇ ਵਾਰਤਕ ਨੂੰ ਨਿਰੋਲ ਨਿੱਜੀ ਅਭਿਵਿਅਕਤੀ, ਸਮਾਜਕ ਤਜ਼ਰਬੇ ਅਤੇ ਬੌਧਿਕਤਾ ਦੀ ਚੀਜ਼ ਬਣਾਇਆ।

### 5. ਪ੍ਰੋ. ਪੂਰਨ ਸਿੰਘ

ਸ਼ੁਧ ਵਾਰਤਕ ਦਾ ਪ੍ਰਮੁੱਖ ਨਿਬੰਧ ਰੂਪ ਮੰਨਿਆ ਗਿਆ ਹੈ। ਇਹ ਰੂਪ ਇਸੇ ਕਾਲ ਵਿਚ ਵਿਕਸਿਤ ਹੋਇਆ। ਇਸ ਨੂੰ ਪੰਜਾਬੀ ਪੱਤਰਕਾਰੀ ਨੇ ਜਨਮ ਦਿੱਤਾ ਪਰੰਤੂ ਇਸ ਦਾ ਪਿਤਾਮਾ ਸਹੀ ਅਰਥਾਂ ਵਿਚ ਪ੍ਰੋ. ਪੂਰਨ ਸਿੰਘ ਹੈ। ਉਸ ਨੇ ਮੌਲਿਕ ਨਿਬੰਧਾਂ ਦੀ ਇਕ ਪੁਸਤਕ 'ਖੁਲ੍ਹੇ ਲੇਖ' ਦਿੱਤੀ ਅਤੇ ਦੋ ਅੰਗਰੇਜ਼ੀ ਦੇ ਵਾਰਤਕਕਾਰਾਂ ਕਾਰਲਾਇਲ ਅਤੇ ਐਮਰਸਨ ਦੀਆਂ ਰਚਨਾਵਾਂ ਦੇ ਪੰਜਾਬੀ ਵਾਰਤਕ ਵਿਚ ਅਨੁਵਾਦ ਕੀਤੇ। ਪੂਰਨ ਸਿੰਘ ਦੀ ਵਾਰਤਕ ਬੜੀ ਓਜ ਭਰੀ ਤੇ ਪ੍ਰਭਾਵਸ਼ਾਲੀ ਹੈ। ਇਹ ਕਿਸੇ ਵਿਸ਼ੇਸ਼ ਸਮੱਸਿਆ ਦੇ ਸਮਾਧਾਨ ਲਈ ਲਿਖੀ ਗਈ ਗੱਦ ਨਹੀਂ, ਸਗੋਂ ਲੇਖਕ ਦੀ ਸ਼ਖਸ਼ੀਅਤ ਤੇ ਆਤਮ-ਪ੍ਰਕਾਸ਼ ਦਾ ਵਾਹਨ ਹੈ। ਇਸ ਲਈ ਸੁਭਾ ਵਿਚ ਕਾਵਿਕ ਹੈ। ਉਂਜ ਮਸਲੇ ਬੜੇ ਬਾਰੀਕ ਛੋਹੇ ਗਏ ਹਨ। ਵਾਰਤਕ ਖੇਤਰ ਵਿਚ ਸਾਹਿਤਕ ਸੁਹਜ ਦੀ ਪ੍ਰਾਪਤੀ ਲਈ ਪੂਰਨ ਸਿੰਘ ਦੁਆਰਾ ਲਿਖੇ ਇਹ ਨਿਬੰਧ ਪਹਿਲਾ ਯਤਨ ਹੈ।

ਉਹ ਨਿੱਜੀ ਸ਼ਖਸ਼ੀਅਤ ਨੂੰ ਉਜਾਗਰ ਕਰਦਿਆਂ ਕਾਵਿਕਤਾ ਦਾ ਪ੍ਰਯੋਗ ਕਰਕੇ ਇਕ ਅਦਭੁਤ ਸਮਾਂ

ਬੰਨ੍ਹਦਾ ਹੈ। ਸ਼ਬਦਾਵਲੀ ਦੇ ਸੰਬੰਧ ਵਿਚ ਪੂਰਨ ਸਿੰਘ ਕਿਸੇ ਪੱਖਪਾਤ ਦਾ ਸ਼ਿਕਾਰ ਨਹੀਂ। ਫਾਰਸੀ ਸੰਸਕ੍ਰਿਤ, ਅੰਗਰੇਜ਼ੀ, ਗੱਲ ਕੀ ਜਿਹੜਾ ਸ਼ਬਦ ਉਸ ਨੂੰ ਜਚਦਾ ਹੈ, ਨਿਰਸੰਕੋਚ ਵਰਤ ਲੈਂਦਾ ਹੈ। ਉਸ ਦੀ ਪੰਜਾਬੀ ਵੀ ਟਕਸਾਲੀ ਜਾਂ ਸ਼ੁੱਧ ਮਾਝੀ ਨਹੀਂ ਸਗੋਂ ਪੋਠੋਹਾਰੀ ਮਿਸ਼ਰਤ ਪੰਜਾਬੀ ਹੈ। ਸ਼ੈਲੀ ਪੂਰਨ ਸਿੰਘ ਦੀ ਆਪਣੀ ਹੀ ਕਿਸਮ ਦੀ ਹੈ।

**6. ਪ੍ਰਿੰਸੀਪਲ ਤੇਜਾ ਸਿੰਘ**

ਪੰਜਾਬੀ ਦਾ ਦੂਜਾ ਉੱਘਾ ਨਿਬੰਧਕਾਰ, ਅਲੋਚਕ ਤੇ ਟੀਕਾਕਾਰ ਤੇਜਾ ਸਿੰਘ ਹੈ, ਜਿਸ ਨੇ ਵਾਰਤਕ ਨੂੰ ਆਧੁਨਿਕ ਬਣਾਉਣ ਵਿਚ ਅਤੇ ਇਸ ਦੀ ਉਸਾਰੀ ਕਰਨ ਵਿਚ ਵਿਸ਼ੇਸ਼ ਹਿੱਸਾ ਪਾਇਆ। ਲੇਖਾਂ ਦੇ ਚਾਰ ਸੰਗ੍ਰਹਿ 'ਸਹਿਜ ਸੁਭਾ', 'ਸਾਹਿਤ ਦਰਸ਼ਨ', 'ਨਵੀਆਂ ਸੋਚਾਂ', 'ਸਭਿਆਚਾਰਾਂ ਦੇ ਮੇਲ', ਉਸ ਦੀ ਦੇਣ ਹਨ। ਇਨ੍ਹਾਂ ਵਿਚ ਆਏ ਬਹੁਤੇ ਲੇਖਕ ਅੰਗਰੇਜ਼ੀ ਲੇਖਾ ਦੇ ਅਨੁਕਰਣ ਵਿਚ ਲਿਖੇ ਹਨ ਜਾਂ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਥੋਂ ਪ੍ਰਭਾਵਿਤ ਹੋ ਕੇ ਲਿਖੇ ਗਏ ਹਨ। ਇਨ੍ਹਾਂ ਦੇ ਵਿਸ਼ੇ ਬਹੁਭਾਂਤੀ ਹਨ। ਇਨ੍ਹਾਂ ਵਿਚ ਇਤਿਹਾਸ ਹੈ, ਸਭਿਆਚਾਰ ਹੈ, ਮਨੁੱਖੀ ਸੁਭਾਅ ਦਾ ਚਿਤਰਣ ਹੈ। ਹਲਕੇ ਫੁਲਕੇ ਲੇਖਾ ਦੀ ਪਰਿਪਾਟੀ ਇਕ ਤਰ੍ਹਾਂ ਇਨ੍ਹਾਂ ਨੇ ਆਰੰਭੀ ਹੈ।

ਲੇਖਾਂ ਤੋਂ ਬਿਨਾਂ ਪ੍ਰਿੰਸੀਪਲ ਤੇਜਾ ਸਿੰਘ ਨੇ ਕਿੰਨੇ ਹੀ ਨੌਜਵਾਨ ਲਿਖਾਰੀਆਂ ਨੂੰ ਉਤਸ਼ਾਹ ਅਤੇ ਪ੍ਰੇਰਣਾ ਦੇ ਕੇ ਅਤੇ ਉਨ੍ਹਾਂ ਦੀ ਸੁਚੱਜੀ ਅਗਵਾਈ ਕਰਕੇ ਪੰਜਾਬੀ ਵਿਚ ਲਿਖਣ ਵਾਲੇ ਪਾਸੇ ਲਾਇਆ। ਅਨੇਕਾਂ ਨਵੇਂ ਲਿਖਾਰੀਆ ਦੀਆਂ ਕਿਤਾਬਾਂ ਦੇ ਰੀਵਿਊ ਅਤੇ ਮੁੱਖ ਬੰਧ ਲਿਖ ਕੇ ਹੌਂਸਲਾ ਵਧਾਇਆ। ਪੰਜਾਬੀ ਵਾਰਤਕ ਨੂੰ ਅੰਗਰੇਜ਼ੀ ਵਾਰਤਕ ਦੀਆਂ ਲੀਹਾਂ ਉੱਤੇ ਤੋਰਨ ਤੇ ਇਸ ਨੂੰ ਉਸੇ ਪੱਧਰ ਦੀ ਬਣਾਉਣ ਲਈ ਅਸੀਂ ਸ. ਤੇਜਾ ਸਿੰਘ ਦੇ ਸਦਾ ਹੀ ਰਿਣੀ ਰਹਾਂਗੇ। ਉਸ ਨੇ ਇਸ ਪੱਖੋਂ ਨਮੂਨੇ ਦੀ ਵਾਰਤਕ ਲਿਖ ਕੇ ਮਿਸਾਲ ਕਾਇਮ ਕੀਤੀ।

ਲਿਖਣ-ਢੰਗ ਵਿਚ ਤੇਜਾ ਸਿੰਘ ਨੇ ਕਿਸੇ ਇਕ ਵਿਸ਼ੇ ਨੂੰ ਲੈ ਕੇ ਉਸ ਸੰਬੰਧੀ ਆਪਣੇ ਨਿੱਜੀ ਵਿਚਾਰਾਂ ਨੂੰ ਪ੍ਰਗਟਾਇਆ ਹੁੰਦਾ ਹੈ ਤੇ ਮਜਮੂਨ ਨੂੰ ਰੋਚਕ ਬਣਾਉਣ ਲਈ ਨਿੱਜੀ ਛੋਹਾਂ ਤੇ ਨਿੱਜੀ ਗਿਆਨ ਦੀ ਰੰਗਣ ਚਾੜ੍ਹੀ ਹੋਈ ਹੁੰਦੀ ਹੈ।

ਤੇਜਾ ਸਿੰਘ ਦੀ ਸ਼ੈਲੀ ਦਾ ਸਭ ਤੋਂ ਵੱਡਾ ਗੁਣ ਇਹੋ ਹੈ ਕਿ ਉਹ ਜੋ ਕੁਝ ਕਹਿਣਾ ਚਾਹੁੰਦਾ ਹੈ, ਬੜੇ ਸਾਦਾ, ਸਫਲ ਤੇ ਸਪੱਸ਼ਟ ਢੰਗ ਨਾਲ ਕਹਿ ਦਿੰਦਾ ਹੈ। ਜਿਸ ਕਰਕੇ ਉਹ ਪੰਜਾਬੀ ਦਾ ਪ੍ਰਸਿੱਧ ਸ਼ੈਲੀਕਾਰ ਮੰਨਿਆ ਜਾਂਦਾ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਹ ਗੁਰਬਾਣੀ ਤੇ ਹੋਰ ਸੰਸਾਰ-ਸਾਹਿਤ ਵਿਚ ਉੱਘੇ ਮਹਾਂਪੁਰਸ਼ ਦੀਆਂ ਟੂਕਾਂ ਵਰਤਦਾ ਹੈ। ਬੋਲੀ ਬੜੀ ਨੁੱਕਦਾਰ, ਟਕਸਾਲੀ ਅਤੇ ਬਾ-ਮੁਹਾਵਰਾ ਹੈ। ਕੋਈ ਗੱਲ, ਵਿਚਾਰ ਜਾਂ ਭਾਵ ਅਸਪਸ਼ਟ ਨਹੀਂ ਰਹਿੰਦਾ।

**7. ਗੁਰਬਖਸ਼ ਸਿੰਘ**

ਗੁਰਬਖਸ਼ ਸਿੰਘ ਪੰਜਾਬੀ ਵਾਰਤਕ ਦਾ ਸਭ ਤੋਂ ਵੱਡਾ ਮਹਾਰਥੀ ਹੈ ਜੋ ਸੰਨ 1893 ਤੋਂ ਲੈ ਕੇ 1978 ਵਿਚ ਸੁਰਗਵਾਸ ਹੋਣ ਤੱਕ ਲਿਖਦਾ ਰਿਹਾ ਹੈ। ਇਹ ਉਹ ਲੇਖਕ ਹੈ ਜਿਸ ਨੇ ਪੰਜਾਬੀ ਗੋਦ ਨੂੰ ਭਾਈ ਵੀਰ ਸਿੰਘ ਵਾਲੀਆ ਅਧਿਆਤਮਕ ਲੀਹਾਂ ਵਿਚੋਂ ਕੱਢ ਕੇ ਦੁਨਿਆਵੀ ਪੱਧਰ ਤੇ ਲਿਆਂਦਾ। ਜੇ ਇਹ ਕਹਿ ਲਿਆ ਜਾਵੇ ਕਿ ਇਸ ਨੇ ਪਹਿਲੀ ਵਾਰ ਭਾਈ ਵੀਰ ਸਿੰਘ ਦੇ 30 ਸਾਲਾ ਤਲਿਸਮ ਨੂੰ ਤੋੜਿਆ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰਬਖਸ਼ ਸਿੰਘ ਨੇ ਹੁਣ ਤੱਕ 'ਪਰਮ ਮਨੁੱਖ', 'ਸਾਵੀਂ ਪੱਧਰੀ ਜ਼ਿੰਦਗੀ, 'ਸੁਖਾਵੀ ਸੁਧਰੀ ਜ਼ਿੰਦਗੀ', 'ਮੇਰੀਆ ਅਭੁਲ ਯਾਦਾਂ', 'ਖੁਲ੍ਹਾ ਦਰ', 'ਨਵਾਂ ਸ਼ਿਵਾਲਾ', 'ਸਵੈ ਪੂਰਨਤਾ ਦੀ ਲਗਨ', 'ਰੀਝਾਂ ਦੀ ਖੱਡੀ', 'ਨਵੀਂ ਤਕੜੀ ਦੁਨੀਆਂ', 'ਭਖਦੀ ਜੀਵਨ ਚੰਗਿਆੜੀ', 'ਚੰਗੇਰੀ ਦੁਨੀਆਂ', 'ਜ਼ਿੰਦਗੀ ਦੀ ਰਾਸ', 'ਇਸ਼ਕ ਜਿਨ੍ਹਾਂ ਦੀ ਹੱਡੀ ਰਚਿਆ', ਆਦਿ ਅਨੇਕ ਵਾਰਤਕ ਸੰਗ੍ਰਹਿ ਦਿੱਤੇ ਹਨ। ਗੁਰਬਖਸ਼ ਸਿੰਘ ਨੇ ਵਾਰਤਕ ਨੂੰ ਮਾਂਜਿਆ, ਲਿਸ਼ਕਾਇਆ, ਉਭਾਰਿਆ ਤੇ ਇਸ ਦੇ ਘੇਰੇ ਨੂੰ ਵਿਸ਼ਾਲ ਕਰਕੇ ਨਾ ਸਿਰਫ ਇਸ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ, ਸਗੋਂ ਨਵੀਆਂ ਉਚਾਈਆਂ ਉੱਤੇ ਵੀ ਪਹੁੰਚਾਇਆ ਹੈ। ਉਸ ਨੇ ਪੰਜਾਬੀ ਵਾਰਤਕ ਨੂੰ ਧਰਮ ਦੀਆਂ ਛੋਹਾਂ ਲਾਈਆਂ ਹਨ ਅਤੇ ਪਿਆਰ ਲਿੰਗ ਸੰਬੰਧ, ਸੋਹਣੀ ਸ਼ਖਸ਼ੀਅਤ, ਸੋਹਣਾ ਸਮਾਜ, ਸੁਖਾਵੀ ਪੱਧਰੀ ਜ਼ਿੰਦਗੀ ਦੇ ਰਾਂਗਲੇ ਸੁਪਨੇ

ਪਾਠਕਾਂ ਦੀਆਂ ਅੱਖਾਂ ਵਿਚ ਲਟਕਾ ਕੇ ਗਲਤ ਰਸਮਾ, ਰਿਵਾਜ਼ਾ ਤੇ ਵਹਿਮਾ ਭਰਮਾ ਦਾ ਖੰਡਨ ਕਰਕੇ ਨਵੇਂ ਸਮਾਜ ਦੀ ਉਸਾਰੀ ਲਈ ਪੂਰੀ ਦ੍ਰਿੜ੍ਹਤਾ ਤੇ ਸੁਹਿਰਦਤਾ ਨਾਲ ਕਲਮ ਚਲਾਈ ਹੈ। ਗੁਰਬਖਸ਼ ਸਿੰਘ ਇਕੋ ਇਕ ਲਿਖਾਰੀ ਹੈ ਜਿਸ ਦੀਆਂ ਰਚਨਾਵਾ ਨੇ ਥੋੜ੍ਹੇ ਜਿਹੇ ਵਰ੍ਹਿਆ ਵਿਚ ਹੀ ਪੰਜਾਬੀ ਸਮਾਜ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ ਕਿਉਂਕਿ ਉਸ ਦੇ ਵਿਚਾਰਾ ਵਿਚ ਨਵੀਨਤਾ ਤੇ ਨਰੋਆਪਣ ਹੈ ਅਤੇ ਉਸ ਦੇ ਆਪਣੇ ਵਿਚ ਜ਼ੋਰ ਦਲੀਲ ਅਤੇ ਸਵੈ-ਵਿਸ਼ਵਾਸ ਹੈ।

ਇਹ ਬਹੁਪੱਖੀ ਲੇਖਕ ਨੇ ਜ਼ਿੰਦਗੀ ਦੇ ਕਈ ਪੱਖਾਂ ਤੇ ਕਲਮ ਚਲਾਈ ਹੈ। ਜਿਨ੍ਹਾਂ ਵਿਚ ਧਰਮ, ਰਾਜਨੀਤੀ ਅਤੇ ਸਭਿਆਚਾਰ ਸ਼ਾਮਲ ਹਨ।

**8. ਪ੍ਰਿੰ. ਨਿਰੰਜਨ ਸਿੰਘ**

ਪ੍ਰਿੰ. ਨਿਰੰਜਨ ਸਿੰਘ ਦੀ ਵਾਰਤਕ ਉਨ੍ਹਾਂ ਦੇ ਰਸਾਲੇ 'ਨਵੀਆ ਕੀਮਤਾ' ਦੀ ਉਪਜ ਹੈ। ਪਰ ਆਧੁਨਿਕ ਵਾਰਤਕ ਖੇਤਰ ਵਿਚ ਉਨ੍ਹਾਂ ਦੀਆਂ ਲਿਖਤਾਂ ਨੂੰ ਵਿਸ਼ੇਸ਼ ਨਾਮਣਾ ਮਿਲਿਆ ਹੈ। ਉਨ੍ਹਾਂ ਦੀਆਂ ਪ੍ਰਸਿੱਧ ਲਿਖਤਾਂ 'ਨਵਾ ਜੁਗ', 'ਨਵਾਂ ਸਮਾਜ', 'ਜੀਵਨ ਜੁਗਤੀ', 'ਸ਼ਕਰ ਰੋਗ ਦੀ ਕਹਾਣੀ' ਅਤੇ 'ਜੀਵਨ ਵਿਕਾਸ' ਹਨ। ਇਨ੍ਹਾਂ ਵਿਚੋਂ 'ਨਵਾਂ ਜੁਗ', 'ਨਵਾਂ ਸਮਾਜ', 'ਜੀਵਨ ਜੁਗਤੀ' ਮਨੁੱਖੀ ਆਚਰਣ ਉਸਾਰੀ ਲਈ ਲਿਖੀਆਂ ਬੜੀਆਂ ਅਦਭੁਤ ਪੁਸਤਕਾਂ ਹਨ। 'ਜੀਵ ਵਿਕਾਸ' ਪ੍ਰਿੰਸੀਪਲ ਸਾਹਿਬ ਦੀ ਆਤਮਕਥਾ ਹੈ। 'ਸ਼ੱਕਰ ਰੋਗ ਦੀ ਕਹਾਣੀ' ਚਕਿਤਸਾ ਸੰਬੰਧੀ ਪੁਸਤਕ ਹੈ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਨਾਵਲ ਵਰਗੀ ਰੋਚਕਤਾ ਦੇ ਨਾਲ ਅਮਲੀ ਜੀਵਨ ਲਈ ਬਹੁਤ ਲਾਭਦਾਇਕ ਜਾਣਕਾਰੀ ਵੀ ਹੈ। ਪ੍ਰਿੰਸੀਪਲ ਸਾਹਿਬ ਦੀ ਸ਼ੈਲੀ ਬੜੀ ਸਾਂਜੀ ਸੁਆਰੀ ਤੇ ਸਾਧੀ ਹੋਈ ਹੈ। ਭਾਸ਼ਾ ਲੋਕ-ਮੁਹਾਵਰੇ ਦੇ ਨੇੜੇ ਦੀ ਵਰਤਦੇ ਹਨ। ਇਸ ਪਖੋਂ ਇਨ੍ਹਾਂ ਦੀ ਲਿਖਤ ਸਲਾਹੁਣ ਯੋਗ ਹੈ।

**9. ਡਾ. ਬਲਬੀਰ ਸਿੰਘ**

ਭਾਈ ਵੀਰ ਸਿੰਘ ਦੇ ਛੋਟੇ ਭਰਾਤਾ ਡਾ. ਬਲਬੀਰ ਸਿੰਘ ਪੰਜਾਬੀ ਦੇ ਚੰਗੇ ਗੱਦਕਾਰਾਂ ਵਿਚੋਂ ਸਨ। ਉਹ ਜਿਥੇ ਗੁਰਮਤਿ ਸਾਹਿਤ ਦੇ ਗੰਭੀਰ ਚਿੰਤਕ ਅਤੇ ਵਿਆਖਿਆਕਾਰ ਹੋਏ ਹਨ, ਉਥੇ ਪ੍ਰਮੁੱਖ ਬੁਧੀਮਾਨ ਤੇ ਆਧੁਨਿਕ ਗਿਆਨ ਵਿਗਿਆਨ ਦੇ ਵਿਸ਼ੇਸ਼ ਜਾਣਕਾਰ ਵੀ ਹਨ। 'ਚਰਨ ਹਰੀ ਵਿਸਥਾਰ', 'ਕਲਮ ਦੀ ਕਰਾਮਾਤ', 'ਲੰਮੀ ਨਦਰ ਤੇ ਸ਼ੁਧ ਸਰੂਪ' ਆਪ ਦੇ ਲੇਖਾਂ ਦੇ ਛਪੇ ਹੋਏ ਸੰਗ੍ਰਹਿ ਹਨ। ਡਾ. ਸਾਹਿਬ ਦੇ ਲੇਖਾਂ ਵਿਚ ਪੱਛਮੀ ਤੇ ਪੂਰਬੀ ਦਰਸ਼ਨ, ਇਤਿਹਾਸ ਤੇ ਸ਼ਾਹਿਤ ਦੇ ਪ੍ਰਮਾਣ ਥਾਂ ਥਾਂ ਮਿਲਦੇ ਹਨ। ਜਿਨ੍ਹਾਂ ਤੋਂ ਉਨ੍ਹਾਂ ਦੇ ਵਿਸ਼ਾਲ ਅਧਿਐਨ ਦਾ ਗਿਆਨ ਹੁੰਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਸੰਬੰਧੀ ਉਨ੍ਹਾਂ ਦੀ 'ਕਲਮ ਦੀ ਕਰਾਮਾਤ' ਨਾਂ ਦਾ ਨਿਬੰਧ ਭਾਈ ਵੀਰ ਸਿੰਘ ਸੰਬੰਧੀ 'ਕਾਵਿ-ਆਲੋਚਨਾ' ਆਲੋਚਨਾ ਵਿਚ ਇਕ ਮੀਲ ਪੱਥਰ ਹੈ। ਡਾ. ਬਲਬੀਰ ਸਿੰਘ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਸੂਖਮ ਤੇ ਰਸਿਕ ਢੰਗ ਨਾਲ ਕਰਦੇ ਹਨ। ਉਨ੍ਹਾਂ ਦੀ ਰਚਨਾ ਉੱਪਰ ਭਾਵੇਂ ਵਿਦਵਤਾ ਦੀ ਛਾਪ ਪ੍ਰਤੱਖ ਦਿਸਦੀ ਹੈ, ਪਰ ਰਚਨਾ ਦੇ ਅਕਾਊ ਤੇ ਪੰਡਤਾਊ ਹੋਣ ਦਾ ਭੁਲੇਖਾ ਨਹੀਂ ਪੈਂਦਾ ਸਭ ਕੁਝ ਸੁਭਾਵਿਕ ਹੀ ਝਰਨੇ ਦੀ ਨਿਆਈ ਵਹਿੰਦਾ ਤੁਰਿਆ ਜਾਂਦਾ ਹੈ। ਸੰਪਾਦਨਾ ਅਤੇ ਕੋਸ਼ਕਾਰੀ ਦੇ ਖੇਤਰ ਵਿਚ ਇਨ੍ਹਾਂ ਦੀ ਮਹਾਨ ਸੇਵਾ 'ਨਿਰੁਕਤ' ਨਾਂ ਦੇ ਕੋਸ਼ ਵਿਚ ਉਘੜੀ ਹੈ।

**10. ਕਪੂਰ ਸਿੰਘ**

ਦਾਰਸ਼ਨਕ ਗੱਦ-ਪੱਤਰ ਦਾ ਇਕ ਹੋਰ ਧਨੀ, ਕਪੂਰ ਸਿੰਘ ਕਰਤਾ 'ਪੁੰਦ੍ਰੀਕ', 'ਬਹੁ-ਵਿਸਥਾਰ' ਅਤੇ 'ਸਪਤ ਸ੍ਰਿੰਗ' ਹੈ। ਪਿਛਲੀ ਪੁਸਤਕ ਵਿਚ ਸਤ ਪ੍ਰਸਿੱਧ ਵਿਅਕਤੀਆਂ ਦਾ ਜੀਵਨ ਹੈ। ਕਪੂਰ ਸਿੰਘ ਨੂੰ ਦਰਸ਼ਨ, ਵਿਗਿਆਨ ਤੇ ਸਾਹਿਤ ਆਦਿ ਸੰਬੰਧੀ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੈ। ਇਸ ਸਾਰੀ ਸਾਮਗ੍ਰੀ ਨੂੰ ਉਹ ਆਪਣੇ ਲੇਖਾਂ ਵਿਚ ਬੌਧਿਕ ਤੇ ਵਿਦਵਤਾ-ਪੂਰਣ ਸ਼ੈਲੀ ਗੁੰਦ ਦੇ ਮੌਲਿਕ ਰੰਗ ਵਿਚ ਪੇਸ਼ ਕਰਦਾ ਹੈ। ਉਸ ਦਾ ਦ੍ਰਿਸ਼ਟੀਕੋਣ ਨਾ ਸੰਕੀਰਣ, ਸਗੋਂ ਵਿਸ਼ਾਲ ਤੇ ਪਰਿੱਪਕ ਹੈ। ਗੱਲ ਨੂੰ ਤਾਰਕਿਕ ਰੂਪ ਵਿਚ ਬੰਨ੍ਹਣਾ ਤੇ ਵਿਸ਼ੇ ਪ੍ਰਮਾਣਾ ਰਾਹੀਂ ਸਿੱਧ ਕਰਨਾ ਉਸ ਦੀ ਲੇਖਣੀ ਦੇ ਦੋ ਵੱਡੇ ਗੁਣ ਹਨ। ਸੰਸਕ੍ਰਿਤ ਦਾ ਜਾਣਕਾਰ ਹੋਣ ਕਾਰਣ ਉਸ ਦੀ ਭਾਸ਼ਾ ਵਿਚ ਇਸ ਦੇ ਸ਼ਬਦਾਂ ਦੀ ਵਰਤੋਂ ਕਾਫੀ ਹੈ, ਜਿਸ ਕਰਕੇ ਪੰਡਤਾਊਪੁਣਾ ਆ ਗਿਆ ਹੈ। ਫਿਰ ਵੀ ਉਸ ਦੀ ਪ੍ਰਾਪਤੀ ਸੰਤੋਖਜਨਕ ਹੈ।

**11. ਹਰਿੰਦਰ ਸਿੰਘ ਰੂਪ**

ਸੰਨ 1947 ਦੇ ਪਿਛੋਂ ਹਰਿੰਦਰ ਸਿੰਘ ਰੂਪ ਨੇ ਪੰਜਾਬੀ ਨਿਬੰਧ ਕਲਾ ਵਿਚ ਸੂਖਮ ਹਾਸ ਰਸ ਤੇ ਬੌਧਿਕ ਵਿਅੰਗ ਲਿਆ ਕੇ ਇਸੇ ਰੂਪ ਦੀ ਇਕ ਨਵੀਂ ਸੰਭਾਵਨਾ ਨੂੰ ਉਜਾਗਰ ਕੀਤਾ ਹੈ। ਰੂਪ ਦੀਆਂ ਵਾਰਤਕ ਖੇਤਰ ਵਿਚ 'ਸਿੱਖ ਤੇ ਸਿੱਖੀ' 'ਚੁੰਝਾ ਪੌਹਚੇ', 'ਰੂਪ ਰੰਗ' ਤੇ 'ਭਾਈ ਗੁਰਦਾਸ' ਆਦਿ ਪ੍ਰਾਪਤੀਆਂ ਹਨ। ਉਸ ਨੇ ਕਾ, ਬਾਂਦਰ, ਸਿਓਕ, ਕਿਰਲੀ ਆਦਿ ਵਿਸ਼ਿਆਂ ਤੋਂ ਲੈ ਕੇ ਰਸਗੁੱਲੇ, ਲੂਣ ਵਾਲੀਆ ਸੇਵੀਆਂ ਆਦਿ ਵਿਸ਼ਿਆਂ ਉੱਪਰ ਬੜੇ ਰਸਦਾਇਕ ਨਿਬੰਧ ਲਿਖੇ ਹਨ। ਇਨ੍ਹਾਂ ਵਿਚ ਲੋੜੀਂਦੀ ਜਾਣਕਾਰੀ ਤੋਂ ਛੁੱਟ ਵਿਅੰਗਾਤਮਕ ਢੰਗ ਨਾਲ ਆਧੁਨਿਕ ਕਦਰਾਂ ਕੀਮਤਾਂ ਉੱਤੇ ਟੀਕਾ-ਟਿੱਪਣੀ ਵੀ ਕੀਤੀ ਹੋਈ ਹੈ। ਵਿਅੰਗ ਸਮੇਂ ਉਸ ਦੀ ਲਿਖਤ ਵਿਚ ਕਿਧਰੇ ਕਿਧਰੇ ਖਰ੍ਵਾਪਣ ਆ ਜਾਂਦਾ ਹੈ ਜੋ ਉਸ ਦੇ ਸਰਲ ਤੇ ਜਟਕੇ ਸੁਭਾਅ ਦਾ ਸੂਚਕ ਹੈ।

**12. ਡਾ. ਤਾਰਨ ਸਿੰਘ**

ਡਾ. ਤਾਰਨ ਸਿੰਘ ਜਗਤ ਦਾ ਉੱਘਾ ਚਿੰਤਕ ਹੈ। ਉਸ ਨੇ ਜਿੱਥੇ ਗੁਰਮਤਿ ਸਾਹਿਤ ਦੀ ਸਿੱਧਾਂਤਕ ਵਿਆਖਿਆ ਕੀਤੀ ਹੈ, ਉਥੇ ਸਿੱਖ ਧਰਮ ਨਾਲ ਸੰਬੰਧਤ ਵਿਸ਼ਿਆਂ ਉੱਪਰ ਨਿਬੰਧ ਵੀ ਲਿਖੇ ਹਨ। 'ਸਿੱਖ ਧਰਮ ਰਹਸ ਤੇ ਰਮਜ਼' 'ਭਗਤੀ ਤੇ ਸ਼ਕਤੀ', 'ਨਾਮ ਨਿਧਾਨਾ', 'ਨੇਮ ਤੇ ਪ੍ਰੇਮ', 'ਬਾਰੀ ਬਾਂਹ ਦਰਪਣ', 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, 'ਗੁਰੂ ਨਾਨਕ ਚਿੰਤਨ ਤੇ ਕਲਾ' ਆਦਿ ਪੁਸਤਕਾਂ ਇਨ੍ਹਾਂ ਦੀ ਵਾਰਤਕ ਦੇ ਵਰਣਨਯੋਗ ਨਮੂਨੇ ਹਨ। ਡਾ. ਤਾਰਨ ਸਿੰਘ ਦਾ ਲਿਖਣ ਢੰਗ ਆਮ ਫਹਿਮ ਦੇ ਸਰਲ ਹੈ।

**13. ਜੀਵਨੀ ਸਾਹਿਤ**

ਸੰਨ 1947 ਤੋਂ ਪਹਿਲਾਂ ਉੱਘੇ ਨੇਤਾਵਾਂ ਅਤੇ ਇਤਿਹਾਸਕ ਵਿਅਕਤੀਆਂ ਦੀਆਂ ਜੀਵਨੀਆਂ ਕੁਝ ਲੇਖਕਾਂ ਨੇ ਲਿਖੀਆਂ ਸਨ ਜਿਨ੍ਹਾਂ ਵਿਚੋਂ 'ਮਾਸਟਰ ਤਾਰਾ ਸਿੰਘ' 'ਬਾਗੀ ਜਰਨੈਲ' ਤੇ 'ਮੌਲਾਣਾ ਅਬੁਲ ਕਲਾਮ ਆਜ਼ਾਦ' ਨਾਂ ਹੇਠ ਛਪੀਆਂ। ਸੁਰਜੀਤ ਸਿੰਘ ਸੇਠੀ ਨੇ 'ਇਤਿਹਾਸ ਨੇਤਾ ਜੀ' ਤੇ 'ਜੀਵਨ ਜਰਨੈਲ ਮੋਹਨ ਸਿੰਘ' ਛਾਪੀਆਂ। ਇਨ੍ਹਾਂ ਤੋਂ ਬਿਨਾਂ ਕੁਝ ਇਤਿਹਾਸਕ ਸਮਿਆਂ ਦੀਆਂ ਜੀਵਨੀਆਂ ਵੀ, ਜਿਨ੍ਹਾਂ ਵਿਚ ਪ੍ਰੇਮ ਸਿੰਘ ਹੋਤੀ ਦੀ 'ਮਹਾਰਾਜਾ ਰਣਜੀਤ ਸਿੰਘ', 'ਕੰਵਰ ਨੌਨਿਹਾਲ ਸਿੰਘ', 'ਹਰੀ ਸਿੰਘ ਨਲੂਆ', ਡਾ. ਗੰਡਾ ਸਿੰਘ ਰਚਿਤ 'ਬੰਦਾ ਸਿੰਘ ਬਹਾਦਰ' ਆਦਿ ਪ੍ਰਸਿੱਧ ਹਨ। ਇਨ੍ਹਾਂ ਜੀਵਨੀਆਂ ਦਾ ਆਧਾਰ ਇਤਿਹਾਸ ਹੈ ਕਲਾ ਜਾਂ ਸਾਹਿਤ ਨਹੀਂ।

1947 ਈ. ਤੋਂ ਪਿਛੋਂ ਦੇ ਜੀਵਨੀ ਸਾਹਿਤ ਨੂੰ ਦੋ ਪ੍ਰਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਸਵੈ-ਜੀਵਨੀਆਂ ਜਾਂ ਆਤਮ ਕਥਾਵਾਂ ਅਤੇ ਸਾਧਾਰਨ ਜੀਵਨੀਆਂ।

**14. ਸਵੈ-ਜੀਵਨੀਆਂ**

1947 ਈ. ਤੋਂ ਪਿਛੋਂ ਸਾਡੇ ਲੇਖਕਾਂ ਨੇ ਸਵੈ-ਜੀਵਨੀ ਵੱਲ ਉਚੇਰਾ ਧਿਆਨ ਦਿੱਤਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ 'ਆਰਸੀ', ਨਾਨਕ ਸਿੰਘ ਦੀ 'ਮੇਰੀ ਦੁਨੀਆਂ' ਗੁਰਬਖਸ਼ ਸਿੰਘ ਦੀ 'ਮੇਰੀ ਜੀਵਨ ਕਹਾਣੀ', ਅਰਜਨ ਸਿੰਘ ਗੜਗੱਜ ਦੀ 'ਮੇਰਾ ਆਪਣਾ ਆਪ', ਪ੍ਰਿੰਸੀਪਲ ਨਿਰੰਜਨ ਸਿੰਘ ਦੀ 'ਜੀਵਨ ਵਿਕਾਸ' ਮਾਸਟਰ ਤਾਰਾ ਸਿੰਘ ਦੀ 'ਮੇਰੀ ਯਾਦ' ਪ੍ਰਤਿਨਿਧ ਸਵੈ-ਜੀਵਨੀਆਂ ਹਨ। ਤੇਜਾ ਸਿੰਘ ਆਦਰਸ਼ਕ ਗੱਦ ਲੇਖਕ ਹੈ। ਉਸ ਦੇ ਨਿਬੰਧਾਂ ਬਾਰੇ ਚਰਚਾ ਪਹਿਲਾਂ ਕੀਤੀ ਜਾ ਚੁੱਕੀ ਹੈ, ਇਥੇ ਕੇਵਲ 'ਆਰਸੀ' ਬਾਰੇ ਹੀ ਸੰਕੇਤ ਕੀਤਾ ਜਾਵੇਗਾ। ਆਰਸੀ ਬ੍ਰਿਤਾਂਤਕ ਰਚਨਾ ਹੈ ਜਿਸ ਵਿਚ ਲੇਖਕ ਨੇ ਆਪਣਾ ਆਪਾ ਬਿਆਨ ਕਰ ਦਿੱਤਾ ਹੈ, ਕੋਈ ਉਹਲਾ ਤਾਂ ਭੇਦ ਨਹੀਂ ਰਹਿਣ ਦਿੱਤਾ। ਇਹ ਰਚਨਾ ਕੇਵਲ ਤੇਜਾ ਸਿੰਘ ਦੇ ਜੀਵਨ ਦੀ ਹੀ 'ਆਰਸੀ' ਨਹੀਂ ਸਗੋਂ ਸਮਕਾਲੀ ਅਤੇ ਤਤਕਾਲੀਨ, ਯਥਾਰਥ ਦੀ ਮੂੰਹ ਬੋਲਦੀ ਤਸਵੀਰ ਵੀ ਹੈ।

'ਮੇਰੀ ਦੁਨੀਆਂ' ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੀ ਕਲਮ ਦੀ ਦੇਣ ਹੈ ਜਿਸ ਕਰਕੇ ਉਸ ਦੀ ਉਪਨਿਆਸਕਾਰੀ ਇਥੇ ਵੀ ਚਮਤਕਾਰ ਦਿਖਾਉਣੋਂ ਨਹੀਂ ਰਹਿ ਸਕੀ। ਲੇਖਕ ਨੇ ਆਪਣੀ ਜ਼ਿੰਦਗੀ ਅਤੇ ਇਤਿਹਾਸ ਨਾਲ ਸੰਬੰਧਤ ਸਭ ਘਟਨਾਵਾਂ ਨੂੰ ਛੋਟੀਆਂ ਛੋਟੀਆਂ ਕਹਾਣੀਆਂ ਵਿਚ ਵੰਡ ਕੇ ਬੜੀ

ਸੁਚੱਜਤਾ ਨਾਲ ਗੁੰਦਿਆ ਹੈ। ਸਵੈ-ਜੀਵਨੀ ਵਿਚ ਲੇਖਕ ਦੇ ਜੀਵਨ ਦੇ ਬਹੁਤ ਸਾਰੇ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ ਜੋ ਉਸ ਦੀ ਰਚਨਾ ਦੇ ਮੁਲਾਂਕਣ ਵਿਚ ਬੜੇ ਸਹਾਈ ਸਿੱਧ ਹੋ ਸਕਦੇ ਹਨ। ਗੁਰਬਖਸ਼ ਸਿੰਘ ਦੀ 'ਮੇਰੀ ਜੀਵਨ ਕਹਾਣੀ' ਵੀ ਸਵੈ-ਜੀਵਨੀ ਦੇ ਉਪਰ-ਲਿਖਤ ਗੁਣਾਂ ਨਾਲ ਸਰਸ਼ਾਰ ਹੈ। ਇਸ ਵਿਚ ਉਸ ਨੇ ਆਪਣੇ ਅੰਦਰਲੇ ਸੂਖ਼ਮ ਆਪੇ ਦੀ ਪਹਿਲੀ ਵਾਰੀ ਸੁਹਿਰਦ ਹੋ ਕੇ ਸੁੰਦਰ ਕਲਾਤਮਕ ਰੂਪ ਵਿਚ ਝਲਕ ਵਿਖਾਈ ਹੈ। ਉਸ ਨੇ ਪਹਿਲਾਂ ਆਪਣੇ ਨਿੱਜੀ ਜੀਵਨ ਨਾਲ ਸੰਬੰਧਤ ਅਨੇਕ ਘਟਨਾਵਾਂ ਨੂੰ ਆਪਣੀਆਂ ਕਹਾਣੀਆਂ ਅਤੇ ਲਿਖਤਾਂ ਦਾ ਆਧਾਰ ਬਣਾਇਆ ਸੀ। ਪਰ ਉਥੇ ਉਨ੍ਹਾਂ ਦੀ ਅਸਲੀਅਤ ਬਾਰੇ ਮਨ ਸ਼ੰਕਿਆਂ ਨਾਲ ਭਰਿਆ ਰਹਿੰਦਾ ਸੀ, ਪਰ 'ਮੇਰੀ ਜੀਵਨੀ ਕਹਾਣੀ' ਛੱਪਣ ਨਾਲ ਇਨ੍ਹਾਂ ਸ਼ੰਕਿਆਂ ਦੀ ਨਿਵਿਰਤੀ ਹੋ ਗਈ ਜਾਪਦੀ ਹੈ ਅਤੇ ਉਹ ਸਾਰੀਆਂ ਘਟਨਾਵਾਂ ਵਾਸਤਵਿਕ ਜਾਪਣ ਲੱਗ ਪਈਆਂ ਹਨ। 'ਮੇਰੀ ਯਾਦ' ਕ੍ਰਿਤ ਮਾਸਟਰ ਤਾਰਾ ਸਿੰਘ, 'ਜੀਵਨ ਸੰਗ੍ਰਾਮ' ਕ੍ਰਿਤ ਬਾਬਾ ਸੋਹਣ ਸਿੰਘ ਭਕਨਾ, 'ਜੀਵਨ ਵਿਕਾਸ' ਕ੍ਰਿਤ ਪ੍ਰਿੰਸੀਪਲ ਨਿਰੰਜਨ ਸਿੰਘ ਤੇ 'ਮੇਰਾ ਆਪਣਾ ਆਪ' ਕ੍ਰਿਤ ਕਾਮਰੇਡ ਅਰਜਨ ਸਿੰਘ ਗੜਗਜ ਸਵੈ-ਜੀਵਨੀ ਸਾਹਿਤ ਵਿਚ ਇਸ ਕਰਕੇ ਆਦਰਯੋਗ ਥਾਂ ਬਣਾ ਸਕੀਆਂ ਹਨ ਕਿ ਇਨ੍ਹਾਂ ਵਿਚ ਪੰਜਾਬ ਦੀ ਸਿਆਸਤ ਅਤੇ ਰਾਜਨੀਤਿਕ ਸਥਿਤੀ ਬੜੀ ਖੂਬੀ ਨਾਲ ਬਿਆਨੀ ਹੋਈ ਹੈ। ਅਸਲ ਵਿਚ ਗੱਲ ਇਸ ਤਰ੍ਹਾਂ ਹੈ ਕਿ ਇਨ੍ਹਾਂ ਤਿੰਨਾਂ ਰਚਨਾਵਾਂ ਦੇ ਰਚਨਹਾਰਿਆਂ ਦਾ ਵਾਸਤਾ ਸਿੱਧੇ ਤੌਰ ਤੇ ਵਕਤ ਦੀ ਸਰਕਾਰ ਤੇ ਸਿਆਸਤ ਨਾਲ ਰਿਹਾ ਹੈ। ਇਹ ਸਵੈ-ਜੀਵਨੀਆਂ ਰਾਜਸੀ ਖੇਤਰ ਦੇ ਵੀਰ-ਸੰਗ੍ਰਾਮੀਆਂ ਤੇ ਦੇਸ਼ ਭਗਤਾਂ ਵਲੋਂ ਰਚਿਤ ਹੋਣ ਕਰਕੇ ਉਸ ਵੇਲੇ ਦੇ ਮਹੱਤਵਪੂਰਨ ਇਤਿਹਾਸਕ ਤੱਥਾਂ ਨੂੰ ਸੁਰੱਖਿਅਤ ਰੱਖਣ ਵਿਚ ਬਹੁਤ ਸਹਾਈ ਹੋਈਆਂ ਹਨ।

ਮੌਲਕ ਸਵੈ-ਜੀਵਨੀਆਂ ਦੇ ਨਾਲ ਨਾਲ ਕੁਝ ਅਨੁਵਾਦਿਤ ਜੀਵਨੀਆਂ ਵੀ ਮਿਲਦੀਆਂ ਹਨ, ਇਨ੍ਹਾਂ ਵਿਚ ਨਹਿਰੂ ਦੀ 'ਆਪ ਬੀਤੀ', ਡਾ. ਰਾਜਿੰਦਰ ਪ੍ਰਸ਼ਾਦ ਦੀ 'ਆਤਮ ਕਥਾ', ਰੂਸੋ ਦੀ 'ਆਪ ਬੀਤੀਆਂ' ਵਿਸ਼ੇਸ਼ ਤੌਰ ਤੇ ਧਿਆਨ ਦੇਣ ਯੋਗ ਹਨ।

ਰਾਜਸੀ ਖੇਤਰ ਦੇ ਯੋਧਿਆਂ ਤੇ ਸੰਗ੍ਰਾਮੀਆਂ ਸੰਬੰਧੀ ਕੁਝ ਜੀਵਨੀਆਂ ਖਾਸ ਤੌਰ ਤੇ ਵਰਣਨਯੋਗ ਹਨ। ਜਸਵੰਤ ਸਿੰਘ 'ਜਸ' ਦੀ 'ਬਾਬਾ ਰਾਮ ਸਿੰਘ', ਸੁਰਿੰਦਰ ਸਿੰਘ ਜੌਹਰ ਦੀ 'ਲਾਲਾ ਲਾਜਪਤ ਰਾਏ', ਇੰਦਰ ਸਿੰਘ ਚਕਰਵਰਤੀ ਦੀ 'ਅਟਲ ਪ੍ਰਤਾਪੀ', ਡਾ. ਕਰਮ ਸਿੰਘ ਕਪੂਰ ਦੀ 'ਸਤਿਗੁਰ ਪ੍ਰਤਾਪ ਸਿੰਘ' ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਕੁਝ ਸਾਹਿਤਕਾਰਾਂ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ ਹਨ। ਪ੍ਰੋ. ਹਰਦਿਆਲ ਸਿੰਘ ਦੀ 'ਇਕ ਸੁਨਹਿਰੀ ਦਿਲ', ਦੀਵਾਨ ਸਿੰਘ ਕਾਲੇਪਾਣੀ ਬਾਰੇ ਹੈ। ਗੁਰਦਿਆਲ ਸਿੰਘ ਫੁੱਲ ਦੀ 'ਭਾਈ ਜੋਧ ਸਿੰਘ ਦੁਖੀ ਦੀ' 'ਜੀਵਨ ਭਾਈ ਮੋਹਨ ਸਿੰਘ ਵੈਦ', ਪ੍ਰੋ. ਕਿਰਪਾਲ ਸਿੰਘ ਕਸੇਲ ਦੀ 'ਰਾਜ ਹੰਸ', ਇਸ ਪਾਸੇ ਕੀਤੇ ਕੁਝ ਹੋਰ ਯਤਨ ਹਨ।

### 15. ਸਫ਼ਰਨਾਮਾ ਸਾਹਿਤ

ਪੰਜਾਬੀ ਵਾਰਤਕ ਖੇਤਰ ਵਿਚ ਇਹ ਬਿਲਕੁਲ ਨਵੀਂ ਚੀਜ਼ ਹੈ ਜਿਸ ਨੇ ਕੇਵਲ ਵੀਹਵੀਂ ਸਦੀ ਵਿਚ ਹੀ ਪ੍ਰਵੇਸ਼ ਕੀਤਾ ਹੈ। ਇਸ ਉੱਤਮ ਸਾਹਿਤ ਰੂਪ ਨੇ ਬਹੁਤ ਸਾਰੇ ਲੇਖਕਾਂ ਦਾ ਧਿਆਨ ਆਪਣੇ ਵੱਲ ਨਹੀਂ ਖਿਚਿਆ ਭਾਵੇਂ ਇਹ ਆਧੁਨਿਕ ਮਨੁੱਖ ਦੀ ਜਿਗਿਆਸਾ ਦੀ ਤ੍ਰਿਪਤੀ ਤੇ ਵਿਚਿਤਰ ਸੰਸਾਰ ਦੀ ਜਾਣਕਾਰੀ ਲਈ ਉਤਸੁਕਤਾ ਨੂੰ ਸੰਤੁਸ਼ਟ ਕਰਨ ਹਿੱਤ ਬਹੁਤ ਉਪਯੋਗੀ ਸਿੱਧ ਹੋ ਸਕਦਾ ਹੈ। ਭਾਵੇਂ ਸਾਡੇ ਲੇਖਕਾਂ ਨੂੰ ਵਿਦੇਸ਼ਾਂ ਵਿਚ ਫਿਰਨ ਤੁਰਨ ਦਾ ਕਾਫੀ ਮੌਕਾ ਮਿਲਿਆ ਹੈ, ਫਿਰ ਵੀ ਉਨ੍ਹਾਂ ਦਾ ਇਸ ਬੰਨੇ ਧਿਆਨ ਘਟ ਹੀ ਗਿਆ ਹੈ। ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋਂ ਪਿਛੋਂ ਹੁਣ ਕੁਝ ਪ੍ਰਗਤੀ ਇਸ ਪਾਸੇ ਹੋਈ ਹੈ। ਹੀਰਾ ਸਿੰਘ ਦਰਦ ਦੀ 'ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ', 'ਅਮੋਲ ਦੀ ਯਾਤਰਾ', ਨਰਿੰਦਰਪਾਲ ਸਿੰਘ ਦੀ 'ਰੂਸ ਯਾਤਰਾ', ਡਾ. ਗੰਡਾ ਸਿੰਘ ਦੀ 'ਕਾਬਲ ਦੀ ਯਾਤਰਾ', ਬਲਰਾਜ ਸਾਹਨੀ ਦੀ ਦੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਅਤੇ 'ਮੇਰਾ ਰੂਸੀ ਸਫਰਨਾਮਾ', ਬਲਵੰਤ ਗਾਰਗੀ ਦਾ 'ਪਾਤਾਲ ਦਾ ਬੰਦਾ', ਹੁਕਮ ਸਿੰਘ ਦੀ 'ਕਈ ਦੇਸ਼ ਤੇ ਕਈ ਲੋਕ', ਜਗਜੀਤ ਸਿੰਘ ਆਨੰਦ ਦਾ 'ਨਵਾਂ ਨਿਆਰਾ ਜਰਮਨੀ', ਆਤਮਾ ਸਿੰਘ ਦਾ 'ਮੇਰਾ ਸੰਸਾਰ ਚੱਕਰ' ਅਤੇ ਜੋਗਿੰਦਰ ਸਿੰਘ ਸ਼ਮਸ਼ੇਰ ਦੇ ਸਫ਼ਰਨਾਮੇ ਇਸ ਦੇ ਚੰਗੇ ਭਵਿੱਖ ਦੀ ਆਸ ਬਣਾਉਂਦੇ ਹਨ।

ਯਾਤਰਾ ਸਾਹਿਤ ਵਿਚ ਲਾਲ ਸਿੰਘ ਕਮਲਾ ਅਕਾਲੀ ਦਾ ਸਥਾਨ ਮੋਢੀਆਂ ਵਾਲਾ ਹੈ। ਉਸ ਦੀ ਰਚਨਾ 'ਮੇਰਾ ਵਲਾਇਤੀ ਸਫ਼ਰਨਾਮਾ' ਸਮੁੱਚੇ ਪੰਜਾਬੀ ਸਾਹਿਤ ਵਿਚ ਅਦੁਤੀ ਸਥਾਨ ਰੱਖਦੀ ਹੈ। ਅਮੋਲ, ਗਿਆਨੀ ਹੀਰਾ ਸਿੰਘ ਦਰਦ ਸਰਲ ਤੇ ਸ਼ੁਧ ਲਿਖਣ ਵਾਲੇ ਵਾਰਤਾਕਾਰ ਹਨ। ਅਮੋਲ ਦੀ ਯਾਤਰਾ ਵਿਚ ਮਲਾਇਆ ਦੇ ਪ੍ਰਸਿੱਧ ਇਤਿਹਾਸਕ ਸਥਾਨਾਂ ਦਾ ਵਰਨਣ ਬੜੀ ਰਸਿਕ ਤੇ ਮਨ ਲੁਭਾਊ ਸ਼ੈਲੀ ਵਿਚ ਕੀਤਾ ਗਿਆ ਹੈ। ਯਾਤਰੂ ਦੀ ਡਾਇਰੀ ਵਿਚ ਭਾਰਤ ਤੇ ਮਲੇਸ਼ੀਆ ਦੇ ਪ੍ਰਸਿੱਧ ਯਾਤਰਾ ਸਥਾਨਾਂ ਬਾਰੇ ਭਰਪੂਰ ਵਾਕਫੀਅਤ ਹੈ। 'ਕੁੱਲੂ ਤੇ ਕਸ਼ਮੀਰ ਦੀ ਯਾਤਰਾ' ਪ੍ਰੋ. ਰਾਮ ਸਿੰਘ ਨੇ ਬੜੀ ਬਾਰੀਕੀ ਨਾਲ ਅੰਕਿਤ ਕੀਤੀ ਹੈ। ਅਮਰਨਾਥ ਦੀ ਯਾਤਰਾ ਵਾਲਾ ਕਾਂਡ ਬੜਾ ਆਕਰਸ਼ਕ ਤੇ ਉਤਸੁਕਤਾ ਭਰਪੂਰ ਹੈ। ਪਹਾੜੀ ਸੰਸਕ੍ਰਿਤੀ ਦੀ ਇਹ ਮੂੰਹ ਬੋਲਦੀ ਤਸਵੀਰ ਹੈ। ਰੂਸ ਨਾਲ ਸੰਬੰਧਤ ਸਫਰਨਾਮਿਆਂ ਵਿਚ ਜਿਥੇ ਇਸ ਦੇ ਪ੍ਰਸਿੱਧ ਨਾਵਾਂ ਥਾਵਾਂ ਦਾ ਪਤਾ ਚਲਦਾ ਹੈ, ਉਥੇ ਰੂਸ ਦੀ ਸਮਾਜਵਾਦੀ ਨਿਜ਼ਾਮ ਕਰਕੇ ਕੀਤੀ ਗਈ ਤਰੱਕੀ ਦਾ ਹਾਲ ਵੀ ਸਫਰਨਾਮਾ ਲੇਖਕਾਂ ਨੇ ਬੜੀ ਰੀਝ ਨਾਲ ਵਿਚਾਰਧਾਰਕ ਸਾਂਝ ਹੋਣ ਕਰਕੇ ਬਿਆਨ ਕੀਤਾ ਹੈ। ਪਾਕਿਸਤਾਨ ਬਾਰੇ ਲਿਖਿਆ ਗਿਆ ਬਲਰਾਜ ਸਾਹਨੀ ਦਾ ਸਫਰਨਾਮਾ ਪੰਜਾਬੀ ਆਲੋਚਕਾਂ ਵਲੋਂ ਕਾਫੀ ਸਲਾਹਿਆਂ ਤੇ ਸਤਿਕਾਰਿਆ ਗਿਆ ਹੈ। ਪਾਕਿਸਤਾਨ ਨਾਲ ਬਲਰਾਜ ਦੀ ਜਜ਼ਬਾਤੀ ਸਾਂਝ ਹੈ ਅਤੇ ਉਸ ਦੇ ਬਚਪਨ, ਜੁਆਨੀ ਤੇ ਮਾਤਭੂਮੀ ਨਾਲ ਸੰਬੰਧਤ ਕਈ ਥਾਵਾਂ ਅਤੇ ਸੱਧਰਾਂ ਦਾ ਜ਼ਿਕਰ ਉਹ ਅਤਿ ਭਾਵੁਕ ਹੋ ਕੇ ਕਰਦਾ ਹੈ। ਜਿਸ ਦੀ ਪਾਠਕ ਦੀ ਪਾਕਿਸਤਾਨ ਜਾਂ ਉੱਧਰ ਰਹਿ ਗਈ ਮਾਤਭੂਮੀ ਨਾਲ ਜਜ਼ਬਾਤੀ ਸਾਂਝ ਹੈ ਉਹ ਇਹ ਸਫਰਨਾਮਾ ਪੜ੍ਹਦੇ ਵਕਤ ਅੱਥਰੂ ਕੇਰੇ ਬਿਨਾਂ ਨਹੀਂ ਰਹਿ ਸਕਦਾ।

**16. ਰੇਖਾ ਚਿੱਤਰ**

ਪੰਜਾਬੀ ਵਿਚ ਰੇਖਾ ਚਿੱਤਰ ਲਿਖਣੇ ਅਸਲੋਂ ਹੀ ਇਕ ਨਵਾਂ ਤਜ਼ਰਬਾ ਹੈ। ਵਾਰਤਕ ਵਿਚ ਦੋ ਗੱਦਕਾਰ ਅਜਿਹੇ ਹਨ ਜਿਨ੍ਹਾਂ ਨੇ ਇਸ ਪਾਸੇ ਵੱਲ ਬੜੇ ਜ਼ੋਰ ਨਾਲ ਕਲਮ ਚਲਾਈ ਹੈ, ਪਹਿਲਾ ਹੈ ਬਲਵੰਤ ਗਾਰਗੀ ਤੇ ਦੂਜਾ ਹੈ ਕੁਲਬੀਰ ਸਿੰਘ ਕਾਂਗ। ਬਲਵੰਤ ਗਾਰਗੀ ਰਚਿਤ ਰੇਖਾ-ਚਿੱਤਰਾਂ ਦੀਆਂ ਤਿੰਨ ਪੁਸਤਕਾਂ ਵਿਸ਼ੇਸ਼ ਹਨ - 'ਨਿੰਮ ਦੇ ਪੱਤੇ', 'ਸੁਰਮੇ ਵਾਲੀ ਅੱਖ' ਤੇ 'ਕੌਡੀਆਂ ਵਾਲਾ ਸੱਪ'। ਇਨ੍ਹਾਂ ਵਿਚ ਸਮਕਾਲੀ ਲੇਖਕਾਂ ਦੇ ਚਰਿੱਤਰ ਵਿਅੰਗ, ਹਾਸ ਅਤੇ ਕਟਾਖ ਨਾਲ ਲਿਖੇ ਹੋਏ ਹਨ। ਇਨ੍ਹਾਂ ਰੇਖਾ-ਚਿੱਤਰਾਂ ਦੀਆਂ ਪੁਸਤਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ, ਗਾਰਗੀ ਇਕ ਪ੍ਰਭਾਵਸ਼ਾਲੀ ਨਾਟਕਕਾਰ ਹੀ ਨਹੀਂ ਨਿਪੁੰਨ ਵਾਰਤਕਕਾਰ ਵੀ ਹੈ। ਉਸ ਦੀ ਸ਼ੈਲੀ ਬੜੀ ਰਸਿਕ, ਮਨੋਰੰਜਕ ਅਤੇ ਹੁਲਾਸ-ਉਪਜਾਊ ਹੈ। ਪਰਿਚਿਤ ਲੇਖਕਾਂ ਦੇ ਰੇਖਾ-ਚਿੱਤਰ ਪੜ੍ਹ ਕੇ ਪਾਠਕ ਹੋਰ ਵੀ ਆਨੰਦ ਮਾਣਨ ਲਗ ਪੈਂਦਾ ਹੈ।

ਕੁਲਬੀਰ ਸਿੰਘ ਕਾਂਗ ਨੇ ਵੀ ਚਿੱਤਰਾਂ ਦੀਆਂ ਤਿੰਨ ਪੁਸਤਕਾਂ 'ਪੱਥਰ ਲੀਕਾਂ', 'ਬੱਦਲਾਂ ਦੇ ਰੰਗ' ਅਤੇ 'ਪੱਕੀਆਂ ਇੱਟਾਂ' ਪੰਜਾਬੀ ਜਗਤ ਨੂੰ ਦਿੱਤੀਆਂ ਹਨ। ਕਾਂਗ ਆਲੋਚਨਾ ਅਤੇ ਲਲਿਤ ਨਿਬੰਧਾਂ ਦੇ ਖੇਤਰ ਵਿਚ ਕਾਫੀ ਨਾਂ ਪੈਦਾ ਕਰ ਚੁੱਕਾ ਹੈ। ਇਨ੍ਹਾਂ ਰੇਖਾ ਚਿੱਤਰਾਂ ਨੇ ਉਸ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਚੰਗਾ ਉਘਾੜਿਆ ਹੈ। ਇਨ੍ਹਾਂ ਵਿਚ ਵੀ ਸਮਕਾਲੀ ਸਾਹਿਤਕਾਰਾਂ ਦੀਆਂ ਰੁਚੀਆਂ, ਸੁਭਾਅ, ਲੇਖਕ ਉੱਪਰ ਉਨ੍ਹਾਂ ਦੇ ਪ੍ਰਭਾਵ ਅਤੇ ਹੋਰ ਸਖ਼ਸ਼ੀ ਗੁਣਾਂ ਔਗੁਣਾਂ ਨੂੰ ਉੱਜਲ ਅਤੇ ਰੋਚਕ ਵਾਰਤਕ ਵਿਚ ਬੰਨ੍ਹਿਆਂ ਹੈ।

ਪੰਜਾਬੀ ਗੱਦ ਨੂੰ ਵਿਕਸਿਤ ਕਰਨ ਲਈ ਉਪਨਿਆਸਕਾਰਾਂ ਤੇ ਨਾਟਕਕਾਰਾਂ ਨੇ ਵੀ ਹਿੱਸਾ ਪਾਇਆ ਹੈ। ਪਹਿਲੀ ਸ਼੍ਰੇਣੀ ਵਿਚ ਵਰਣਨਯੋਗ ਮੋਹਨ ਸਿੰਘ ਵੈਦ, ਐਸ.ਐਸ. ਚਰਨ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਨਰਿੰਦਰ ਪਾਲ ਸਿੰਘ ਤੇ ਸੋਹਨ ਸਿੰਘ ਸੀਤਲ ਹਨ। ਅਗਲੀ ਸ਼੍ਰੇਣੀ ਦੇ ਮਹਾਰਥੀ ਈਸ਼ਵਰ ਚੰਦਰ ਨੰਦਾ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਗੁਰਦਿਆਲ ਸਿੰਘ ਖੋਸਲਾ ਅਤੇ ਸੁਰਜੀਤ ਸਿੰਘ ਸੇਠੀ ਹਨ। ਇਨ੍ਹਾਂ ਲੇਖਕਾਂ ਨੇ ਜਨ ਸਾਧਾਰਣ ਦੇ ਨੇੜੇ ਰਹਿ ਕੇ ਰੋਚਕ ਗੱਦ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਕੇਵਲ ਸੰਤ ਸਿੰਘ ਸੇਖੋਂ ਦੀ ਵਾਰਤਕ ਬੌਧਿਕ ਅੰਸ਼ਾਂ ਦੀ ਧਾਰਣੀ ਹੈ। ਠੇਠ ਬੋਲੀ ਲਿਖਣ ਵਿਚ ਨੰਦਾ ਦਾ ਮੁਕਾਬਲਾ ਨਹੀਂ ਹੈ। ਨਾਨਕ ਸਿੰਘ ਦੀ ਭਾਸ਼ਾ ਵਿਚ ਸੰਜਮ, ਸੋਚ ਤੇ ਸੁਹੱਪਣ ਨਹੀਂ ਹੈ, ਜੋ ਮਹਾਨ ਗਲਪਕਾਰਾਂ ਵਿਚ ਵੇਖਣ ਵਿਚ ਆਉਂਦਾ ਹੈ। ਕਈ ਵਾਰ ਉਹ ਆਪਣੇ ਪੈਦਾ ਕੀਤੇ ਵਾਤਾਵਰਣ ਨੂੰ ਆਪ ਹੀ ਕਿਸੇ ਅਸ਼ੁੱਧ ਸ਼ਬਦ ਨਾਲ ਨਾਸ ਕਰ ਲੈਂਦਾ ਹੈ,

ਤਾਂ ਵੀ ਉਸ ਦੀ ਅਪੀਲ ਜਨਸਾਧਾਰਣ ਨੂੰ ਬਹੁਤ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਪ੍ਰਕਰਣ ਨੂੰ ਛੱਡੀਏ ਇਸ ਕਾਲ ਵਿਚ ਵਿਕਸਿਤ ਹੋਈ ਗੱਦ ਸ਼ੈਲੀ ਦਾ ਜਾਇਜਾ ਸਮੁੱਚੇ ਰੂਪ ਵਿਚ ਲੈਣਾ ਬਣਦਾ ਹੈ। ਇਸ ਪੱਖੋਂ ਵਿਚਾਰਿਆ ਇਸ ਕਾਲ ਵਿਚ ਮੁੱਖ ਰੂਪ ਵਿਚ ਚਾਰ ਸ਼ੈਲੀ-ਪ੍ਰਣਾਲੀਆ ਦ੍ਰਿਸ਼ਟੀਗੋਚਰ ਹੁੰਦੀਆਂ ਹਨ : ਇਕ ਹੈ ਰਹੱਸਮਈ-ਕਾਵਿਮਈ ਸ਼ੈਲੀ ਜਿਸ ਦੇ ਸੰਦਰਭ ਵਿਚ ਭਾਈ ਵੀਰ ਸਿੰਘ ਅਤੇ ਪ੍ਰੋਫੈਸਰ ਪੂਰਨ ਸਿੰਘ ਹਨ। ਦੂਜੀ ਸ਼ੈਲੀ ਭਾਵੁਕਤਾ ਅਤੇ ਸੂਖਮ ਵਿਚਾਰਾ ਦੀ ਧਾਰਣੀ ਹੈ। ਇਸ ਦੀ ਵਧੀਆ ਮਿਸਾਲ ਸ. ਗੁਰਬਖਸ਼ ਸਿੰਘ (ਪ੍ਰੀਤਲੜੀ ਹੈ)। ਤੀਜੀ ਹਲਕੇ ਫੁਲਕੇ ਪਰ ਭਾਵ ਪੂਰਿਤ ਵਿਸ਼ਿਆਂ ਦੀ ਧਾਰਣੀ ਹੈ। ਇਸ ਦੇ ਪ੍ਰਤਿਪਾਦਕ ਹਰਿੰਦਰ ਸਿੰਘ, ਗੁਰਨਾਮ ਸਿੰਘ ਤੀਰ ਤੇ ਸੂਬਾ ਸਿੰਘ ਹਨ, ਭਾਵੇਂ ਨੀਂਹ ਇਸ ਦੀ ਚਰਨ ਸਿੰਘ ਸ਼ਹੀਦ ਦੇ ਹਥੋਂ ਰਖੀ ਗਈ ਸੀ। ਚੌਥੀ ਸ਼ੈਲੀ ਵਿਅਕਤਿਤਵ ਰਹਿਤ ਪ੍ਰਗਟਾਅ ਵਾਲੀ ਹੈ। ਇਸ ਪਿਛਲੀ ਵੰਨਗੀ ਵਿਚ ਵਿਗਿਆਨਕ ਵਿਸ਼ੇ, ਆਲੋਚਨਾ ਆਦਿ ਦਾ ਨਿਰੂਪਣ ਹੁੰਦਾ ਹੈ। ਇਸ ਦੇ ਲਿਖਣਹਾਰਿਆਂ ਦੀ ਗਿਣਤੀ ਚੋਖੀ ਹੈ। ਇਸ ਗੱਦ ਵੰਨਗੀ ਦੇ ਉੱਘੇ ਲੇਖਕ ਹਨ ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ, ਸੰਤ ਸਿੰਘ ਸੇਖੋਂ ਆਦਿ ਹਨ।

ਪਹਿਲੀ ਸ਼ੈਲੀ ਦੇ ਪ੍ਰਤਿਪਾਦਕ ਲੇਖਕਾਂ ਵਿਚੋਂ ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਦੀ ਵਾਰਤਕ ਵਿਚ ਅੰਤਰੀਵ ਰਹੱਸ, ਆਨੰਦ ਅਤੇ ਆਤਮਿਕ ਵਿਸਮਾਦ ਦਾ ਉਲੇਖ ਹੈ। ਇਸ ਵਿਚ ਰੂਪ ਦੇ ਹਲਕੇ ਝਾਵਲੇ ਹਨ। ਇਹ ਰੰਗ ਨਿਤ ਦੇ ਤਜ਼ਰਬਿਆਂ ਨੂੰ ਉਲੀਕਣ ਲਈ ਨਹੀਂ ਵਰਤਿਆ ਜਾ ਸਕਦਾ ਕੇਵਲ ਵਿਅਕਤੀਤਵ ਪ੍ਰਧਾਨ ਗੱਲਾਂ ਦੇ ਨਿਰੂਪਣ ਲਈ ਹੀ ਵਰਤਿਆ ਜਾਂਦਾ ਹੈ। ਇਸ ਵਿਚ ਸੁਹਜ ਅਤੇ ਕਲਾ ਦੇ ਗੁਣ ਲੇਖਕ ਦੀ ਕਲਪਨਾ ਕਾਰਣ ਆ ਜਾਂਦੇ ਹਨ। ਇਸ ਵੰਨਗੀ ਦੀ ਲਸਰ ਵਿਚ ਚੂੰਕਿ ਅੰਤਰੀਵ ਨਾਲ ਸਾਂਝ ਪਾਈ ਜਾਂਦੀ ਹੈ, ਇਸ ਲਈ ਇਸ ਦੀ ਸ਼ਬਦਾਵਲੀ ਰਹੱਸਮਈ, ਕਿਸੇ ਸਵਪਨ ਦੇਸ਼ ਦੀ ਪ੍ਰਗਟਾਉ ਹੋ ਜਾਂਦੀ ਹੈ। ਕਈ ਵਾਰ ਜਜ਼ਬੇ ਦੇ ਹੜ੍ਹ ਕਾਰਨ ਲਿਖਤ ਵਿਚ ਇੰਨਾ ਵੇਗ ਆ ਜਾਂਦਾ ਹੈ ਕਿ ਉਸ ਦੀ ਪਕੜ ਕਰਨੀ ਸੰਭਵ ਹੀ ਨਹੀਂ ਹੁੰਦੀ। ਸੁਹਜਾਤਮਕ ਗੱਦ ਇਥੇ ਆ ਕੇ ਉਘੜਦੀ ਹੈ।

ਪਾਠ ਨੰਬਰ : 1.10

## ਪੰਜਾਬੀ ਵਿਚ ਜੀਵਨੀ ਸਾਹਿਤ ਅਤੇ ਸਫ਼ਰਨਾਮਾ ਸਾਹਿਤ

1. **ਪਾਠ ਦਾ ਮੰਤਵ :**

ਅਜੋਕੇ ਸਮੇਂ ਵਿਚ ਪੰਜਾਬੀ ਵਿਚ ਵਾਰਤਕ ਸਾਹਿਤ ਦੀ ਰਚਨਾ ਗੁਣਾਤਮਕ ਤੇ ਗਿਣਾਤਮਕ ਪੱਖ ਤੋਂ ਬਹੁਤ ਵਧੇਰੇ ਹੋ ਰਹੀ ਹੈ। ਸਾਹਿਤਕਾਰਾਂ ਦੇ ਅਨੁਭਵ ਦੀ ਵਿਸ਼ਾਲਤਾ ਤੇ ਅਸੀਮਤਾ ਨੇ ਅਨੇਕਾਂ ਨਵੇਂ ਵਾਰਤਕ ਰੂਪਾਂ ਨੂੰ ਜਨਮ ਦਿੱਤਾ ਹੈ। ਪ੍ਰਾਚੀਨ ਕਾਲ ਵਿਚ ਸਾਹਿਤਕਾਰ ਮਹਾਂ ਪੁਰਸ਼ ਦੀ ਜੀਵਨ-ਗਾਥਾ ਬਿਆਨ ਕਰਨ ਲਈ ਜਨਮ-ਸਾਖੀ ਦੀ ਰਚਨਾ ਕਰਦਾ ਸੀ। ਵਰਤਮਾਨ ਸਮੇਂ ਵਿਚ ਇਸ ਦੀ ਥਾਂ ਜੀਵਨ ਸਾਹਿਤ ਨੇ ਲੈ ਲਈ ਹੈ। ਇਸ ਦੇ ਨਾਲ ਹੀ ਬਦੇਸ਼ ਯਾਤਰਾ ਕਰਨ ਵਾਲੇ ਸਾਹਿਤਕਾਰਾਂ ਨੇ ਆਪਣੀਆਂ ਯਾਤਰਾਵਾਂ ਦਾ ਹਾਲ ਸਫ਼ਰਨਾਮਿਆਂ ਦੇ ਰੂਪ ਵਿਚ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ। ਇਸੇ ਪਾਠ ਵਿਚ ਇਨ੍ਹਾਂ ਦੋਹਾਂ ਸਾਹਿਤ ਰੂਪਾਂ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਜਾਵੇਗਾ।

2. **ਰੂਪ ਰੇਖਾ** : ਜੀਵਨ ਸਾਹਿਤ ਦੀ ਪਰਿਭਾਸ਼ਾ – ਪ੍ਰਸਿੱਧ ਲਿਖਾਰੀਆਂ ਦੇ ਵਿਚਾਰ – ਜੀਵਨੀ ਤੇ ਇਤਿਹਾਸ ਵਿਚ ਅੰਤਰ – ਸਫ਼ਰਨਾਮੇ ਦੀ ਪਰਿਭਾਸ਼ਾ – ਜੀਵਨੀ ਤੇ ਸਫ਼ਰਨਾਮਾ ਸਾਹਿਤ ਦੇ ਮੁੱਢਲੇ ਰੂਪ – ਪ੍ਰਸਿੱਧ ਜੀਵਨੀਆਂ ਤੇ ਸਫ਼ਰਨਾਮਿਆਂ ਬਾਰੇ ਵਿਚਾਰ – ਭਵਿੱਖ ਸੰਭਾਵਨਾਵਾਂ।

3. **ਮੂਲ ਪਾਠ** : ਬਰਤਾਨਵੀ ਮਹਾਨ ਕੋਸ਼ (Encyclopaed of Britannica) ਅਨੁਸਾਰ ''ਜੀਵਨੀ ਇਤਿਹਾਸ ਦਾ ਉਹ ਰੂਪ ਹੈ ਜਿਸ ਵਿਚ ਜਾਤੀਆਂ ਜਾਂ ਕੌਮਾਂ ਦੀ ਥਾਂ ਕਿਸੇ ਇਕ ਵਿਅਕਤੀ ਦੇ ਜੀਵਨ ਸਮਾਚਾਰ ਦਰਜ ਹੁੰਦੇ ਹਨ।'' ਪੁਰਾਤਨ ਸਮੇਂ ਵਿਚ ਜੇਕਰ ਕਿਸੇ ਲਿਖਾਰੀ ਨੇ ਕਿਸੇ ਵਿਅਕਤੀ ਬਾਰੇ ਕੁਝ ਲਿਖਿਆ ਤਾਂ ਕੇਵਲ ਉਸ ਦੇ ਨੈਤਿਕ ਗੁਣਾਂ ਨੂੰ ਪ੍ਰਗਟ ਕੀਤਾ। ਉਸ ਦੇ ਜੀਵਨ ਦੇ ਸਾਰੇ ਪੱਖਾਂ ਉੱਤੇ ਚਾਨਣਾ ਪਾਉਣ ਦਾ ਖਿਆਲ ਕਰਨਾ ਹੀ (ਉਸ ਸਮੇਂ) ਇਕ ਅਸੰਭਵ ਜਿਹੀ ਗੱਲ ਜਾਪਦੀ ਸੀ।

ਅਜੋਕੇ ਸਮੇਂ ਵਿਚ ਜੀਵਨੀ ਸਾਹਿਤ ਦਾ ਇਕ ਰੂਪ ਹੈ, ਇਹ ਵਿਗਿਆਨ ਦੀ ਸ਼ਾਖਾ ਨਹੀਂ। ਸਾਹਿਤ ਦਾ ਇਕ ਰੂਪ ਹੋਣ ਕਰਕੇ ਇਸ ਨੂੰ ਸਾਹਿਤ ਦੇ ਮਾਪ-ਦੰਡਾਂ ਉੱਤੇ ਪੂਰਿਆਂ ਉਤਾਰਨਾ ਪੈਂਦਾ ਹੈ। ਕਿਸੇ ਜੀਵਨੀ ਨੂੰ ਪੜ੍ਹ ਕੇ ਸਾਨੂੰ ਉਸੇ ਪ੍ਰਕਾਰ ਸੁਹਜ ਸੁਆਦ ਦਾ ਅਨੁਭਵ ਹੋਣਾ ਚਾਹੀਦਾ ਹੈ, ਜਿਵੇਂ ਕਿ ਕੋਈ ਨਾਵਲ, ਨਿੱਕੀ ਕਹਾਣੀ, ਗੀਤ ਜਾਂ ਕਵਿਤਾ ਪੜ੍ਹ ਕੇ ਹੁੰਦਾ ਹੈ। ਜੀਵਨੀਕਾਰ ਆਪਣੇ ਵਿਸ਼ੇ ਦੇ ਪ੍ਰਗਟਾਅ ਸਮੇਂ ਵਿਅਕਤੀ ਨੂੰ ਪਾਤਰ ਜਾਂ ਨਮੂਨੇ ਦੇ ਤੌਰ ਤੇ ਪੇਸ਼ ਨਹੀਂ ਕਰਦਾ ਸਗੋਂ ਇਕ ਜਿਊਂਦੇ ਜਾਗਦੇ ਮਨੁੱਖ ਦੇ ਰੂਪ ਵਿਚ ਪੇਸ਼ ਕਰਦਾ ਹੈ।

ਜੇਕਰ ਕੋਈ ਲੇਖਕ ਕਿਸੇ ਵਿਅਕਤੀ ਦੇ ਜੀਵਨ ਨਾਲ ਸੰਬੰਧਤ ਯਥਾਰਥਕ ਘਟਨਾਵਾਂ ਨੂੰ ਇਕੱਠਿਆਂ ਕਰਕੇ ਜੀਵਨੀ ਲਿਖੇ ਤਾਂ ਅਜਿਹੀ ਜੀਵਨੀ ਇਤਿਹਾਸਕ ਜੀਵਨੀ ਦਾ ਰੂਪ ਧਾਰਨ ਕਰ ਲਵੇਗੀ, ਹੋ ਸਕਦਾ ਹੈ ਕਿ ਇਸ ਵਿਚ ਅੰਕਿਤ ਇਤਿਹਾਸਕ ਸਮੱਗਰੀ ਅਜਿਹੀ ਰਚਨਾ ਨੂੰ ਜੀਵਨੀ ਨਾਲੋਂ ਇਤਿਹਾਸ ਦੇ ਨੇੜੇ ਲੈ ਜਾਵੇ।

ਇਸੇ ਤਰ੍ਹਾਂ ਕਈ ਵਰਤਮਾਨ ਲੇਖਕ ਕਿਸੇ ਵਿਅਕਤੀ ਦਾ ਪੂਰੇ ਦਾ ਪੂਰਾ ਜੀਵਨ ਲਿਖਣ ਦੀ ਥਾਂ ਉਸ ਦੇ ਜੀਵਨ ਦੇ ਕਿਸੇ ਮਹੱਤਵਪੂਰਨ ਪੱਖ ਨੂੰ ਹੀ ਪੇਸ਼ ਕਰਨ ਵਿਚ ਸੰਤੁਸ਼ਟ ਰਹਿੰਦੇ ਹਨ। ਇਸ ਤਰ੍ਹਾਂ ਆਂਸ਼ਕ ਜੀਵਨੀ ਹੋਂਦ ਵਿਚ ਆਉਂਦੀ ਹੈ।

ਰੇਖਾ-ਚਿੱਤਰ ਵੀ ਆਂਸ਼ਕ 'ਜੀਵਨੀ' ਦੇ ਅਧੀਨ ਹੀ ਵਿਚਾਰੇ ਜਾ ਸਕਦੇ ਹਨ। ਇਨ੍ਹਾਂ ਵਿਚ ਕਿਸੇ ਮਿੱਤਰ ਜਾਂ ਵਿਅਕਤੀ ਨਾਲ ਕਿਸੇ ਮੁਲਾਕਾਤ ਰਾਹੀਂ ਹੀ ਪ੍ਰਾਪਤ ਕੀਤੀ ਜਾਣਕਾਰੀ ਦੇ ਆਧਾਰ ਤੇ ਉਸਦੇ ਜੀਵਨ ਦੇ ਕਿਸੇ ਇਕ ਪੱਖ ਨੂੰ ਉਘਾੜਨ ਦਾ ਯਤਨ ਕੀਤਾ ਹੁੰਦਾ ਹੈ।

ਸੰਮੂ ਅਲ ਜਾਨਸਨ ਦੇ ਕਥਨ ਅਨੁਸਾਰ ''ਜੀਵਨੀ ਇਹ ਨਹੀਂ ਦੱਸਦੀ ਕਿ ਕੋਈ ਵਿਅਕਤੀ ਕਿਵੇਂ ਮਹਾਨ ਬਣਿਆ ਸਗੋਂ ਇਹ ਦੱਸਦੀ ਹੈ ਕਿ ਉਸ ਨੂੰ ਖੁਸ਼ੀ ਕਿਵੇਂ ਪ੍ਰਾਪਤ ਹੋਈ। ਜੀਵਨੀ ਇਹ ਨਹੀਂ ਦੱਸਦੀ ਕਿ ਫਲਾਂ ਆਦਮਾ ਨੂੰ ਰਾਜ ਦਰਬਾਰ ਵਿਚੋਂ ਕਿਵੇਂ ਦੁਰਕਾਰਿਆ ਗਿਆ ਸਗੋਂ ਇਹ ਦੱਸਦੀ ਹੈ ਕਿ ਉਹ ਆਪਣੇ ਜੀਵਨ ਨਾਲ ਕਿਵੇਂ ਅਸੰਤੁਸ਼ਟ ਹੋਇਆ।''

ਜੀਵਨੀ ਇਤਿਹਾਸ ਦੇ ਉਲਟ, ਵਿਅਕਤੀ ਨਾਲ ਸੰਬੰਧ ਰੱਖਦੀ ਹੈ। ਗਲਪ ਦੇ ਵਿਪਰੀਤ ਇਹ ਅਜਿਹੇ ਜੀਵਨ ਨੂੰ ਬਿਆਨ ਕਰਦਲੀ ਹੈ ਜੋ ਇਸ ਦੁਨੀਆਂ ਵਿਚ ਸੱਚੀ-ਮੁੱਚੀ ਜੀਵਿਆ ਗਿਆ ਸੀ, ਪਰ ਇਸ ਵਿਚ ਇਤਿਹਾਸ ਵਾਂਗ ਸੱਚ ਵੀ ਹੁੰਦਾ ਹੈ ਤੇ ਗਲਪ ਵਾਂਗ ਕਲਾ ਦਾ ਅੰਸ਼ ਵੀ ਹੁੰਦਾ ਹੈ। ਜੀਵਨੀ ਪੜ੍ਹਨ ਯੋਗ ਹੁੰਦੀ ਹੈ ਕਿਉਂਕਿ ਇਹ ਪ੍ਰਸਿੱਧ, ਬਦਨਾਮ ਜਾਂ ਅਜਿਹੇ ਬੰਦਿਆਂ ਬਾਰੇ ਹੁੰਦੀ ਹੈ ਜਿਨ੍ਹਾਂ ਦੇ ਜੀਵਨ ਜਨ-ਸਾਧਾਰਣ ਨੂੰ ਰੋਚਕ ਜਾਪਦੇ ਹਨ। ਜੀਵਨੀ ਮਨੁੱਖ ਸੁਭਾ (human nature) ਨੂੰ ਰੂਪਮਾਨ ਕਰਦੀ ਹੈ। ਇਸ ਦਾ ਮਤਲਬ ਹੈ ਕਿ ਜੀਵਨੀ ਮਨੁੱਖੀ ਭਾਵਾਂ ਅਤੇ ਮਨੋਭਾਵਾਂ ਨੂੰ ਪੇਸ਼ ਕਰਦੀ ਹੈ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਜੀਵਨੀ ਇਕ ਅਜਿਹੀ ਰਚਨਾ ਹੁੰਦੀ ਹੈ ਜਿਹੀ ਬੌਧਿਕ ਅਤੇ ਕਲਾਮਈ ਢੰਗ ਨਾਲ ਕਿਸੇ ਵਿਅਕਤੀ ਦੇ ਜੀਵਨ ਦੇ ਕਾਰਜਾਂ ਨੂੰ ਅੰਕਿਤ ਕਰਦੀ ਹੈ ਤੇ ਉਸ ਦੀ ਸ਼ਖਸ਼ੀਅਤ ਨੂੰ ਰੂਪਮਾਨ ਕਰਦੀ ਹੈ।

ਆਧੁਨਿਕ ਯੁਗ ਵਿਚ ਕਈ ਪ੍ਰਸਿੱਧ ਆਗੂ ਜਾਂ ਲੇਖਕ ਆਪਣੀਆਂ ਜੀਵਨੀਆਂ ਆਪ ਵੀ ਲਿਖਦੇ ਹਨ। ਅਜਿਹੀ ਜੀਵਨੀ ਨੂੰ ਆਤਮ-ਕਥਾ ਜਾਂ ਸਵੈ ਜੀਵਨੀ ਆਖਿਆ ਜਾਂਦਾ ਹੈ।

ਸਫ਼ਰਨਾਮਾ, ਸਾਹਿਤ ਦਾ ਉਹ ਰੂਪ ਜਿਸ ਵਿਚ ਕਿਸੇ ਵਿਅਕਤੀ ਦੇ ਆਪਣੇ ਦੇਸ਼ ਜਾਂ ਪਰਦੇਸ ਵਿਚ ਕੀਤੇ ਗਏ ਸਫ਼ਰ ਦੇ ਹਾਲਾਤ ਦਰਜ ਹੁੰਦੇ ਹਨ। ਸਾਹਿਤ ਦਾ ਰੂਪ ਹੋਣ ਕਰਕੇ ਇਸ ਪ੍ਰਕਾਰ ਦੀ ਰਚਨਾ ਦਾ ਰੋਚਕ ਹੋਣਾ ਵੀ ਆਵਸ਼ੱਕ ਹੈ। ਸਫ਼ਰਨਾਮਾ ਲਿਖਣ ਵਾਲੇ ਸਾਹਿਤਕਾਰ ਲਈ ਜ਼ਰੂਰੀ ਹੈ ਕਿ ਉਹ ਜਿਸ ਦੇਸ਼ ਜਾਂ ਇਲਾਕੇ ਬਾਰੇ ਰਚਨਾ ਕਰੇ ਉਥੋਂ ਦੀਆਂ ਦੇਖਣਯੋਗ ਇਮਾਰਤਾਂ, ਅਦਭੁਤ ਵੇਸ਼ਾਂ, ਕੁਦਰਤੀ ਨਜ਼ਾਰਿਆਂ, ਪਹਾੜਾਂ, ਝੀਲਾਂ, ਦਰਿਆਵਾਂ, ਲੋਕਾਂ ਦੀ ਰਹਿਣੀ ਬਹਿਣੀ, ਰਸਮ ਰਿਵਾਜ, ਉਨ੍ਹਾਂ ਦੇ ਖਾਣ ਪੀਣ, ਪਹਿਨਣ ਪ੍ਰਾਹੁਣਾਚਾਰੀ ਆਦਿ ਦੇ ਢੰਗਾਂ ਦਾ ਵਰਨਣ ਕਰੇ। ਇਹ ਵੀ ਸੰਭਵ ਹੈ ਕਿ ਸਫ਼ਰਨਾਮਾ ਲੇਖਕ ਆਪਣੀ ਰਚਨਾ ਵਿਚ ਦੂਜੇ ਦੇਸ਼ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪ੍ਰਬੰਧ ਬਾਰੇ ਵਾਕਫੀਅਤ ਗ੍ਰਹਿਣ ਕਰਕੇ ਉਸ ਨੂੰ ਬਿਨਾਂ ਕਿਸੇ ਟਿੱਪਣੀ ਦੇ ਜਾਂ ਟਿੱਪਣੀ ਸਹਿਤ ਪੇਸ਼ ਕਰੇ। ਸਾਹਿਤ ਦਾ ਇਹ ਰੂਪ ਆਧੁਨਿਕ ਹੋਣ ਕਰਕੇ ਗੱਦ ਵਿਚ ਹੀ ਲਿਖਿਆ ਜਾਂਦਾ ਹੈ।

ਜੀਵਨੀ ਦੇ ਸਫ਼ਰਨਾਮਾ ਭਾਵੇਂ ਆਧੁਨਿਕ ਸਮੇਂ ਦੇ ਸਾਹਿਤ ਦਾ ਅੰਗ ਹਨ ਪਰ ਇਨ੍ਹਾਂ ਦੀਆਂ ਜੜ੍ਹਾਂ ਕਾਫੀ ਪੁਰਾਤਨ ਸਾਹਿਤ ਵਿਚ ਲੱਭੀਆਂ ਜਾ ਸਕਦੀਆਂ ਹਨ। ਇਹ ਠੀਕ ਹੈ ਕਿ ਹਰ ਸਾਹਿਤ ਵਿਚ ਆਮ ਤੌਰ ਤੇ ਪਹਿਲਾਂ ਕਵਿਤਾ ਦਾ ਆਰੰਭ ਹੋਇਆ ਤੇ ਉਹ ਕਵਿਤਾ ਵੀ ਵਧੇਰੇ ਕਰਕੇ ਧਾਰਮਿਕ ਕਵਿਤਾ ਹੀ ਸੀ। ਛਾਪੇਖਾਨੇ ਦੀ ਅਣਹੋਂਦ ਤੇ ਕਾਗਜ਼ ਦੇ ਪੂਰਨ ਅਭਾਵ ਜਾਂ ਔਖ ਨਾਲ ਪ੍ਰਾਪਤ ਹੋਣ ਕਰਕੇ ਉਨ੍ਹਾਂ ਸਮਿਆਂ ਵਿਚ ਵਾਰਤਕ ਦਾ ਸ੍ਰੀ ਗਣੇਸ਼ ਨਹੀਂ ਸੀ ਹੋਇਆ। ਜਿਸ ਤਰ੍ਹਾਂ ਨਾਵਲ, ਨਿੱਕੀ ਕਹਾਣੀ, ਨਾਟਕ ਤੇ ਇਕਾਂਗੀ ਆਧੁਨਿਕ ਕਾਲ ਵਿਚ ਉਪਜੇ ਹਨ, ਉਸੇ ਤਰ੍ਹਾਂ ਹੀ ਜੀਵਨੀ ਤੇ ਸਫ਼ਰਨਾਮਾ ਵੀ ਇਸ ਯੁੱਗ ਦੀ ਪੈਦਾਵਾਰ ਹਨ ਪਰ ਜਿਵੇਂ ਕਿ ਅਸੀਂ ਦਸ ਆਏ ਹਾਂ ਇਨ੍ਹਾਂ ਸਾਹਿਤ ਰੂਪਾਂ ਦੀ ਨੀਂਹ ਸਾਨੂੰ ਪੁਰਾਤਨ ਸਾਹਿਤ ਵਿਚ ਲੱਭ ਪੈਂਦੀ ਹੈ।

**4. ਪੰਜਾਬੀ ਸਾਹਿਤ ਵਿਚ ਜੀਵਨੀ ਅਤੇ ਸਫ਼ਰਨਾਮਾ**

ਪੰਜਾਬੀ ਸਾਹਿਤ ਵਿਚ ਜੀਵਨੀ ਤੇ ਸਫ਼ਰਨਾਮਾ ਬੀਜ ਰੂਪ ਵਿਚ ਜਨਮ ਸਾਖੀ ਸਾਹਿਤ ਵਿਚ ਮੌਜੂਦ ਹਨ। ਗੁਰੂ ਨਾਨਕ ਦੇਵ ਦੀਆਂ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਦਾ ਜੀਵਨ ਤੇ ਉਨ੍ਹਾਂ ਦੀਆਂ ਯਾਤਰਾਵਾਂ ਤੇ ਸਮਾਚਾਰ ਲਿਖੇ ਹੋਏ ਮਿਲਦੇ ਹਨ। ਗੁਰੂ ਸਾਹਿਬ ਦੇ ਜੀਵਨ ਬਾਰੇ ਜਿਹੜੀ ਵੀ ਜਾਣਕਾਰੀ ਜਨਮ ਸਾਖੀਆਂ ਤੋਂ ਪ੍ਰਾਪਤ ਹੁੰਦੀ ਹੈ। ਉਸ ਦੇ ਆਧਾਰ ਤੇ ਅਜੋਕੇ ਬਹੁਤ ਸਾਰੇ ਲੇਖਕਾਂ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖੀ ਹੈ। ਇਨ੍ਹਾਂ ਜਨਮ ਸਾਖੀਆਂ ਦੇ ਕਈ ਸਮਾਚਾਰਾਂ ਬਾਰੇ ਆਪਣੀ ਅਸੰਮਤੀ ਦੇ ਬਾਵਜੂਦ ਇਨ੍ਹਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਦਾ ਜਨਮ ਰਾਇ ਭੋਇੰ

ਦੀ ਤਲਵੰਡੀ ਵਿਚ ਸੰਮਤ 1525 ਬਿਕ੍ਰਮੀ ਨੂੰ ਮਹਿਤਾ ਕਾਲੂ ਦੇ ਗ੍ਰਹਿ ਵਿਖੇ ਤ੍ਰਿਪਤਾ ਦੀ ਕੁਖੋਂ ਹੋਇਆ ਸੀ। ਸਾਰੀਆਂ ਜਨਮ ਸਾਖੀਆ ਨੇ ਗੁਰੂ ਸਾਹਿਬ ਦੇ ਪਾਂਧੇ ਪਾਸ ਪੜ੍ਹਨ ਜਾਣ, ਮੱਝਾਂ ਚਾਰਨ, ਇਕਾਂਤਵਾਸ ਤੇ ਖਰਾ ਸੌਦਾ ਕਰਨ ਦੇ ਸਮਾਚਾਰ ਲਿਖ ਕੇ ਉਨ੍ਹਾਂ ਦੇ ਤਲਵੰਡੀ ਨਿਵਾਸ ਸਮੇਂ ਦੀ ਜੀਵਨ ਦੀਆਂ ਘਟਨਾਵਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਸਾਰੀਆਂ ਜਨਮ ਸਾਖੀਆ ਗੁਰੂ ਸਾਹਿਬ ਦੇ ਸੁਲਤਾਨਪੁਰ ਜਾਣ ਤੇ ਮੋਦੀਖਾਨੇ ਦਾ ਕੰਮ ਸੰਭਾਲਣ, ਵੇਈਂ ਪ੍ਰਵੇਸ਼ ਤੇ ਨੌਕਰੀ ਛੱਡ ਕੇ ਉਦਾਸੀਆਂ (ਯਾਤਰਾਵਾਂ) ਤੇ ਜਾਣ ਦਾ ਵਰਨਣ ਕਰਦੀਆਂ ਹਨ। ਇਸ ਪ੍ਰਕਾਰ ਇਨ੍ਹਾਂ ਰਚਨਾਵਾਂ ਵਿਚ ਜੀਵਨੀ ਤੇ ਸਫ਼ਰਨਾਮਾ ਬੀਜ ਰੂਪ ਵਿਚ ਪ੍ਰਤੱਖ ਦਿਖਾਈ ਦਿੰਦਾ ਹੈ।

ਮਿਹਰਬਾਨ ਰਚਿਤ ਜਨਮ ਸਾਖੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਦੋ ਮਹਾਨ ਯਾਤਰਾਵਾਂ ਦਾ ਵਰਨਣ ਕੀਤਾ ਹੈ। ਉਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਮਹਾਨ ਯਾਤਰਾ ਵਿਚ ਭਾਰਤ ਦੇ ਪੂਰਬ ਤੇ ਦੱਖਣ ਦੀਆਂ ਪ੍ਰਸਿੱਧ ਥਾਵਾਂ ਦੀ ਯਾਤਰਾ ਕੀਤੀ। ਉਹ ਹਰਿਦੁਆਰ, ਪ੍ਰਯਾਗ, ਅਯੁੱਧਿਆ, ਬਨਾਰਸ, ਗਯਾ, ਜਗਨਨਾਥ ਪੁਰੀ, ਰਾਮੇਸ਼ਵਰਮ, ਉਜੈਨ, ਸੋਰਾਸ਼ਟਰ, ਦੇਸ਼, ਬੀਕਾਨੇਰ, ਮਥੁਰਾ, ਦਿੱਲੀ, ਕੁਰੂਕਸ਼ੇਤਰ ਆਦਿ ਸਥਾਨਾਂ ਤੇ ਗਏ ਅਤੇ ਉਥੇ ਆਪਣੇ ਵਿਚਾਰਾਂ ਦਾ ਪ੍ਰਸਾਰ ਕਰਕੇ ਸੁਲਤਾਨਪੁਰ ਮੁੜ ਆਏ। ਦੂਜੀ ਮਹਾਨ ਯਾਤਰਾ ਵਿਚ ਉਹ ਸੁਮੇਰ ਪਰਬਤ, ਮੁਲਤਾਨ, ਮੱਕੇ ਸ਼ਾਮ, ਕਾਬਲ, ਪਿਸ਼ਾਵਰ ਆਦਿ ਸਥਾਨਾਂ ਤੇ ਗਏ ਤੇ ਵਾਪਿਸ ਪਰਤ ਕੇ ਕਰਤਾਰਪੁਰ ਆ ਟਿਕੇ। ਇਸੇ ਪ੍ਰਕਾਰ ਪੁਰਾਤਨ ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਯਾਤਰਾਵਾਂ ਪੂਰਬ, ਦੱਖਣ, ਉੱਤਰ ਪੱਛਮ ਤੇ ਫੁਟਕਲ ਦਾ ਉਲੇਖ ਹੈ। ਬਾਲੇ ਵਾਲੀ ਜਨਮ ਸਾਖੀ ਵਿਚ ਭਾਵੇਂ ਯਾਤਰਾਵਾਂ ਵਿਉਂਤ-ਬੱਧ ਤਰੀਕੇ ਨਾਲ ਬਿਆਨ ਨਹੀਂ ਕੀਤੀਆਂ ਗਈਆਂ ਪਰ ਲਿਖਾਰੀ ਨੇ ਗੁਰੂ ਨਾਨਕ ਦੇਵ ਜੀ ਦੀ ਭਿੰਨ ਭਿੰਨ ਸਥਾਨਾਂ ਦੀ ਯਾਤਰਾ ਦੇ ਨਾਲ ਉਨ੍ਹਾਂ ਦੀ ਪੁਲਾੜ ਯਾਤਰਾ ਦਾ ਉਲੇਖ ਵੀ ਕੀਤਾ ਹੈ। ਇਸ ਯਾਤਰਾ ਦੇ ਦੌਰਾਨ ਉਸ ਨੇ ਬਹੁਤ ਸਾਰੇ ਕਾਲਪਨਿਕ ਪਰਬਤਾਂ ਦੇ ਨਾਂ ਤੇ ਉਨ੍ਹਾਂ ਦੀਆਂ ਕਾਲਪਨਿਕ ਉਡਾਰੀਆਂ ਲਿਖ ਕੇ ਯਾਤਰਾ ਨੂੰ ਬੜਾ ਹੀ ਰੌਚਕ ਬਣਾ ਦਿੱਤਾ ਹੈ। ਗਿਆਨ ਰਤਨਾਵਲੀ ਨੇ ਬਾਕੀ ਦੀਆਂ ਤਿੰਨ ਜਨਮਸਾਖੀਆਂ ਵਿਚ ਵਰਨਣ ਕੀਤੇ ਸਥਾਨਾਂ ਤੋਂ ਛੁੱਟ ਜਾਪਾਪਟਨ (ਜਾਫਨਾ, ਲੰਕਾ) ਤੇ ਬਗਦਾਦ ਦੀ ਯਾਤਰਾ ਦਾ ਵੀ ਵਰਣਨ ਕੀਤਾ ਹੈ।

ਉਪਰੋਕਤ ਜਨਮਸਾਖੀਆਂ ਤੋਂ ਛੁੱਟ ਭਾਈ ਗੁਰਦਾਸ ਦੀ ਪਹਿਲੀ ਤੇ ਗਿਆਰ੍ਹਵੀਂ ਵਾਰ ਵਿਚ ਵੀ ਜੀਵਨੀ ਦੇ ਅੰਸ਼ ਮਿਲਦੇ ਹਨ। ਪਹਿਲੀ ਵਾਰ ਦੇ ਆਧਾਰ 'ਤੇ 'ਗਿਆਨ ਰਤਨਾਵਲੀ' ਤੇ ਗਿਆਰ੍ਹਵੀਂ ਵਾਰ ਦੇ ਆਧਾਰ ਤੇ 'ਭਗਤ ਰਤਨਾਵਲੀ' ਦੀ ਰਚਨਾ ਕੀਤੀ ਗਈ ਹੈ। ਗਿਆਨ ਰਤਨਾਵਲੀ ਦਾ ਜ਼ਿਕਰ ਪਿਛੇ ਕੀਤਾ ਜਾ ਚੁੱਕਾ ਹੈ। ਭਗਤ ਰਤਨਾਵਲੀ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਵੇਲੇ ਹੋਏ ਪ੍ਰਸਿੱਧ ਸਿੱਖਾਂ ਦੇ ਪ੍ਰਸੰਗ ਹਨ। ਇਹ ਪ੍ਰਸੰਗ ਬੜੇ ਸੰਖਿਪਤ ਤੇ ਉਨ੍ਹਾਂ ਸਿੱਖਾਂ ਦੇ ਆਤਮਕ ਜੀਵਨ ਦੇ ਸੰਬੰਧ ਵਿਚ ਕੁਝ ਜਾਣਕਾਰੀ ਹੀ ਸਾਨੂੰ ਦਿੰਦੇ ਹਨ। ਜਨਮ ਸਾਖੀ ਪਰੰਪਰਾ ਵਿਚ ਹੀ 'ਪਰਚੀਆਂ ਸੇਵਾਦਾਸ' ਨਾਂ ਦੀ ਰਚਨਾ ਆਉਂਦੀ ਹੈ, ਜਿਹੜੀ 1708 ਈਸਵੀਂ ਵਿਚ ਲਿਖੀ ਗਈ। ਇਸ ਵਿਚ ਬਹੁਤੇ ਪ੍ਰਸੰਗ ਤਾਂ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਹਨ ਪਰ ਪਹਿਲੇ ਨੌਂ ਗੁਰੂ ਸਾਹਿਬਾਨ ਬਾਰੇ ਵੀ ਸੰਖਿਪਤ ਜਾਣਕਾਰੀ ਦਿੱਤੀ ਗਈ ਹੈ।

ਅਠਾਰ੍ਹਵੀਂ ਸਦੀ ਦੇ ਮੱਧ ਦੇ ਨੇੜੇ ਹੀ 1741 ਵਿਚ 'ਮਹਿਮਾ ਪ੍ਰਕਾਸ਼' ਨਾਂ ਦੀ ਵਾਰਤਕ ਰਚਨਾ ਕੀਤੀ ਗਈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ 20 ਸਾਖੀਆਂ ਦਰਜ ਹਨ। 1706 ਈ. ਵਿਚ ਬਾਵਾ ਸਰੂਪ ਦਾਸ ਭੱਲੇ ਨੇ ਕਵਿਤਾ ਵਿਚ 'ਮਹਿਮਾ ਪ੍ਰਕਾਸ਼' ਨਾਂ ਦਾ ਗ੍ਰੰਥ ਰਚਿਆ ਜਿਸ ਵਿਚ ਦਸਾਂ ਗੁਰੂ ਸਾਹਿਬਾਨਾਂ ਦੇ ਜੀਵਨ ਸਮਾਚਾਰ ਅੰਕਿਤ ਹਨ। ਮਹਾਂ ਕਵੀ ਸੰਤੋਖ ਸਿੰਘ ਨੇ 'ਨਾਨਕ ਪ੍ਰਕਾਸ਼' ਤੇ 'ਸੂਰਜ ਪ੍ਰਕਾਸ਼' ਨਾਂ ਦੇ ਗ੍ਰੰਥ ਰਚੇ ਜਿਹੜੇ ਕ੍ਰਮਵਾਰ ਗੁਰੂ ਨਾਨਕ ਦੇਵ ਤੇ ਬਾਕੀ ਨੌਂ ਗੁਰੂ ਸਾਹਿਬਾਨ ਬਾਰੇ ਹਨ। ਭਾਵੇਂ ਇਹ ਗ੍ਰੰਥ ਬ੍ਰਜ ਭਾਸ਼ਾ ਵਿਚ ਹਨ ਪਰ ਕਿਉਂਕਿ ਇਨ੍ਹਾਂ ਵਿਚ ਅੰਕਿਤ ਪ੍ਰਸੰਗ ਦੀ ਕਥਾ ਆਮ ਹੁੰਦੀ ਰਹੀ ਹੈ, ਜਿਸ ਦੇ ਰਚਨਹਾਰੇ ਸਾਧੂ ਸੰਤਰੇਣ ਹਨ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨੀ, ਭਾਈ ਬਾਲੇ ਦੀ ਜਨਮ ਸਾਖੀ ਦੇ ਆਧਾਰ ਤੇ ਲਿਖੀ ਹੋਈ ਮਿਲਦੀ ਹੈ। ਇਹ ਸਾਰੀਆਂ ਰਚਨਾਵਾਂ ਜੀਵਨੀ ਸਾਹਿਤ ਦੀ ਭੂਮਿਕਾ ਦੇ ਤੌਰ ਤੇ ਵਿਚਾਰੀਆਂ ਜਾ ਸਕਦੀਆਂ ਹਨ।

ਅੰਗਰੇਜ਼ੀ ਕਾਲ ਵਿਚ 'ਸਿੱਖਾਂ ਦੇ ਰਾਜ ਵਿਥਿਆ' (ਕ੍ਰਿਤ ਸ਼ਰਧਾ ਰਾਮ ਫਿਲੌਰੀ) ਵਿਚ ਵੀ ਗੁਰੂ

ਨਾਨਕ ਦੇਵ ਤੇ ਬਾਕੀ ਗੁਰੂ ਸਾਹਿਬਾਨ ਦੇ ਸੰਖਿਪਤ ਜੀਵਨ ਦਰਜ ਕੀਤੇ ਗਏ ਹਨ। ਇਸ ਦੌਰ ਦੀ ਇਕ ਹੋਰ ਰਚਨਾ 'ਪੰਥ ਪ੍ਰਕਾਸ਼' ਕ੍ਰਿਤ ਰਤਨ ਸਿੰਘ ਭੰਗੂ ਹੈ ਜਿਸ ਵਿਚ ਅੰਕਿਤ ਪ੍ਰਸੰਗ ਪਹਿਲੀਆਂ ਜਨਮ ਸਾਖੀਆਂ ਤੇ ਰਚਨਾਵਾਂ ਨਾਲੋਂ ਵਧੇਰੇ ਇਤਿਹਾਸਕ ਤੇ ਵਿਗਿਆਨਕ ਹਨ। ਗਿਆਨੀ ਗਿਆਨ ਸਿੰਘ ਦੁਆਰਾ ਰਚਿਤ 'ਪੰਥ ਪ੍ਰਕਾਸ਼' ਪਹਿਲੇ ਪੰਥ ਪ੍ਰਕਾਸ਼ ਨਾਲੋਂ ਵਧੇਰੇ ਇਤਿਹਾਸਕ ਤੇ ਵਿਗਿਆਨਕ ਹਨ। ਗਿਆਨੀ ਗਿਆਨ ਸਿੰਘ ਦੁਆਰਾ ਰਚਿਤ 'ਪੰਥ ਪ੍ਰਕਾਸ਼' ਪਹਿਲੇ ਪੰਥ ਪ੍ਰਕਾਸ਼ ਨਾਲੋਂ ਵਧੇਰੇ ਵਿਸਤ੍ਰਿਤ ਰਚਨਾ ਹੈ। ਇਸ ਵਿਚ ਨਾ ਕੇਵਲ ਗੁਰੂ ਸਾਹਿਬ ਦੀ ਜੀਵਨੀ ਹੀ ਮਿਲਦੀ ਹੈ ਸਗੋਂ ਉਨ੍ਹਾਂ ਦੀਆਂ ਯਾਤਰਾਵਾਂ ਸੰਬੰਧੀ ਬਹੁਤ ਭਰਪੂਰ ਵੇਰਵੇ ਵੀ ਉਪਲਬਧ ਹਨ। ਭਾਈ ਵੀਰ ਸਿੰਘ ਦੁਆਰਾ ਰਚੇ ਗਏ 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ' ਤੇ ਅਸ਼ਟ ਗੁਰੂ ਚਮਤਕਾਰ' ਵੀ ਜਨਮ ਸਾਖੀ ਪਰੰਪਰਾ ਨੂੰ ਹੀ ਵੀਹਵੀਂ ਸਦੀ ਵਿਚ ਅੱਗੇ ਤੋਰਦੇ ਹਨ ਭਾਵੇਂ ਇਨ੍ਹਾਂ ਵਿਚ ਕਿਤੇ ਕਿਤੇ ਇਤਿਹਾਸਕ ਤੌਰ 'ਤੇ ਤੱਥ ਦੇਣ ਦਾ ਯਤਨ ਪ੍ਰਤੱਖ ਹੈ। ਭਾਈ ਵੀਰ ਸਿੰਘ ਤੇ ਇਹ 'ਚਮਤਕਾਰ' ਸਿੰਘ ਸਭਾ ਲਹਿਰ ਦੇ ਉਥਾਨ ਸਮੇਂ ਰਚੇ ਗਏ ਸਨ ਜਿਸ ਕਰਕੇ ਇਨ੍ਹਾਂ ਵਿਚ ਸਿੱਖ ਪਰੰਪਰਾ ਨਾਲ ਸੰਬੰਧਿਤ ਸਾਰੀਆਂ ਗੱਲਾਂ ਜਿਉਂ ਦੀਆਂ ਤਿਉਂ ਹੀ ਰੱਖ ਲਈਆਂ ਗਈਆਂ ਹਨ। ਇਨ੍ਹਾਂ ਨੂੰ ਆਧੁਨਿਕ ਜੀਵਨੀ ਲਈ ਆਧਾਰ ਮੰਨਿਆ ਜਾ ਸਕਦਾ ਹੈ, ਨਿਰੋਲ ਜੀਵਨੀਆਂ ਨਹੀਂ। ਭਾਈ ਵੀਰ ਸਿੰਘ ਨੇ ਬੱਚਿਆਂ ਲਈ ਗੁਰੂ ਬਾਲਮ ਸਾਖੀਆਂ ਗੁਰੂ ਨਾਨਕ ਦੇਵ, ਗੁਰੂ ਬਾਲਮ ਸਾਖੀਆਂ, ਗੁਰੂ ਗੋਬਿੰਦ ਸਿੰਘ ਵੀ ਰਚੀਆਂ ਹਨ। ਇਸ ਤੋਂ ਛੁਟ ਉਨ੍ਹਾਂ ਨੇ 'ਸੰਤ ਗਾਥਾ' ਨਾਂ ਦੀ ਪੁਸਤਕ ਵੀ ਲਿਖੀ ਹੈ। ਜਿਸ ਵਿਚ ਸੰਤ ਸੁਭਾਅ ਸਿੱਖਾਂ ਦੇ ਜੀਵਨ ਪ੍ਰਸੰਗ ਦਿੱਤੇ ਹਨ।

ਭਾਈ ਵੀਰ ਸਿੰਘ ਨੇ 'ਚਮਤਕਾਰਾਂ' ਦੀ ਰਚਨਾ ਹੇਠ ਲਿਖੇ ਮੰਤਵ ਨੂੰ ਮੁੱਖ ਰੱਖ ਕੇ ਕੀਤੀ। ''ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂਬਹੂ ਮਿਲਦੀਆਂ-ਜੁਲਦੀਆਂ, ਕੰਮ ਕਰਦੀਆਂ ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ-ਫਿਸਲਦੀਆਂ, ਉਸਰਦੀਆਂ, ਹੰਬਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਕੰਬਦੀਆਂ, ਥਰਥਰਾਉਂਦੀਆਂ, ਅੱਖਾਂ ਅੱਗੇ ਆਉਣ, ਸਾਹਿਬਾਂ ਦੀ ਮਹਿਰ ਦੀ ਚੋਜ ਨੈਣਾਂ ਸਾਹਮਣੇ ਫਿਰ ਜਾਣੇ, ਜਿਨ੍ਹਾਂ ਤੋਂ ਆਦਮੀ ਮੁਅਸਰ ਹੋਵੇ, ਆਪਣੇ ਦਿਲ ਦੇ ਛੋੜ ਕੱਟੇ ਜਾਣ, ਦਿਲ ਕੁਝ ਵੈਰਾਗ ਵਿਚ ਆਵੇ, ਆਪਣੇ ਆਪ ਉਸ ਚਾਨਣੇ ਵਿਚ ਦਿਸੇ, ਉਸ ਦੇ ਹੋਣ ਦਾ ਪ੍ਰੇਮ ਜਾਗ ਉਠੇ, ਫਿਰ ਉਚ ਜੀਵਨ ਲਈ ਰਸਤਾ ਲੱਭੇ ਤੇ ਉਥੋਂ ਹੀ ਸਿੱਖਿਆ ਦੇ ਰਸਤੇ ਟੁਰਨ ਦਾ ਤਰੀਕਾ ਮਿਲ ਪਵੇ, ਉਹ ਪੜ੍ਹਿਆ ਜੀਵਨ ਹੀ ਮਾਨੋ ਇਕ ਤਰ੍ਹਾਂ ਦਾ ਕੁਝ ਰਹਿਬਰ ਹੋ ਖਲੋਵੇ।''

ਉਪਰੋਕਤ ਟੂਕ ਸਿੱਧ ਕਰਦੀ ਹੈ ਕਿ ਭਾਈ ਵੀਰ ਸਿੰਘ ਨੂੰ ਜੀਵਨ ਦੇ ਆਧੁਨਿਕ ਤੱਤਾਂ ਨਾਲ ਪੂਰੀ ਜਾਣਕਾਰੀ ਸੀ ਤੇ ਉਹ ਕਿਸੇ ਵਿਅਕਤੀ ਜੀਵਨ ਨੂੰ ਇਸ ਪ੍ਰਕਾਰ ਬਿਆਨ ਕਰਨ ਦੇ ਹੱਕ ਵਿਚ ਸਨ ਜਿਵੇਂ ਇੰਨ ਬਿੰਨ ਉਸ ਨੇ ਬਤੀਤ ਕੀਤਾ ਹੋਵੇ, ਜਿਵੇਂ ਉਸ ਨੇ ਸੁਖ-ਦੁਖ ਝੱਲੇ ਹੋਣ, ਜਿਵੇਂ ਉਹ ਕਿਤੇ ਨਾਕਾਮਯਾਬ ਹੋਇਆ ਹੋਵੇ, ਜਿਵੇਂ ਉਸ ਨੇ ਹਿੰਮਤ ਨਾ ਛੱਡੀ ਹੋਵੇ, ਤੇ ਫੇਰ ਹੰਭਲਾ ਮਾਰਨਾ ਸ਼ੁਰੂ ਕਰ ਦਿੱਤਾ ਹੋਵੇ। ਅਜਿਹੇ ਜੀਵਨ ਤੋਂ ਪਾਠਕ ਉਤਸ਼ਾਹ ਪ੍ਰਾਪਤ ਕਰ ਸਕਦਾ ਹੈ ਤੇ ਅਜਿਹਾ ਜੀਵਨ ਉਸ ਲਈ ਇਕ ਆਦਰਸ਼ ਹੋ ਸਕਦਾ ਹੈ।

ਇਸ ਮੁੱਢਲੇ ਸਮੇਂ ਵਿਚ ਗਿਆਨੀ ਦਿੱਤ ਸਿੰਘ ਨੇ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ', 'ਤਾਰਾ ਸਿੰਘ ਸ਼ਹੀਦ', ਅਤੇ 'ਜੀਵਨ ਕਥਾ ਗੁਰੂ ਤੇਗ ਬਹਾਦਰ ਜੀ' ਲਿਖਕੇ ਧਾਰਮਿਕ ਜੀਵਨੀਆਂ ਦੇ ਭੰਡਾਰ ਵਿਚ ਵਾਧਾ ਕੀਤਾ। ਕਰਮ ਸਿੰਘ ਹਿਸਟੋਰੀਅਨ ਨੇ 'ਬੰਦਾ ਬਹਾਦਰ' ਤੇ 'ਆਲਾ ਸਿੰਘ' ਜੀਵਨ ਬਿਰਤਾਂਤ ਲਿਖੇ ਅਤੇ 'ਕੱਤਕ ਕੀ ਵਿਸਾਖ' ਨਾਂ ਦੀ ਖੋਜ ਪੁਸਤਕ ਲਿਖ ਕੇ ਪੰਜਾਬੀ ਸਾਹਿਤ ਵਿਚ ਇਤਿਹਾਸ ਪੱਖੋਂ ਸ਼ੁੱਧ ਜੀਵਨੀ ਲਿਖਣ ਲਈ ਰਾਹ ਤਿਆਰ ਕੀਤਾ। ਉਨ੍ਹਾਂ ਨੇ ਸਾਬਤ ਕੀਤਾ ਕਿ ਗੁਰੂ ਨਾਨਕ ਦੇਵ ਦਾ ਜਨਮ ਕੱਤਕ ਵਿਚ ਨਹੀਂ ਸਗੋਂ ਵਿਸਾਖ ਵਿਚ ਹੋਇਆ ਸੀ। ਇਹ ਖੋਜ ਪੁਸਤਕ ਜੀਵਨੀ ਸਾਹਿਤ ਦੇ ਖੇਤਰ ਵਿਚ ਇਸ ਕਰਕੇ ਮਹਾਨਤਾ ਦੀ ਹੱਕਦਾਰ ਹੈ ਕਿ ਇਸ ਵਿਚ ਮਿਥਿਹਾਸਕ ਤੇ ਅਣ-ਇਤਿਹਾਸਕ ਪ੍ਰਸੰਗਾਂ ਨੂੰ ਨਿਰੋਲ ਕਲਪਨਾ ਦੀ ਉਪਜ ਦੱਸ ਕੇ ਜੀਵਨੀ ਲਿਖਣ ਵਾਲੇ ਲੇਖਕਾਂ ਨੂੰ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਰਚਨਾਵਾਂ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਅਗਸਤ 1947 ਵਿਚ ਹੋਈ ਦੇਸ਼ ਦੀ ਵੰਡ ਤੋਂ ਪੂਰਵ ਪੰਜਾਬੀ ਵਿਚ ਕੁਝ ਕੁ ਜੀਵਨੀਆਂ

ਲਿਖੀਆਂ ਮਿਲਦੀਆਂ ਹਨ। ਇਹ ਮੁੱਢਲੇ ਯਤਨ ਸਨ ਜਿਨ੍ਹਾਂ ਵਿਚ ਇਨ੍ਹਾਂ ਸਾਹਿਤਕ ਮਾਪਦੰਡਾਂ ਦਾ ਧਿਆਨ ਨਹੀਂ ਰੱਖਿਆ ਗਿਆ, ਜਿੰਨਾ ਵਿਅਕਤੀ ਵਿਸ਼ੇਸ਼ ਦੇ ਜੀਵਨ ਸਮਾਚਾਰ ਦੇਣ ਦਾ ਉਪਰਾਲਾ ਕੀਤਾ ਗਿਆ। ਇਨ੍ਹਾਂ ਮੁੱਢਲੇ ਯਤਨਾਂ ਵਿਚ ਸ੍ਰ. ਦੁਰਲੱਭ ਸਿੰਘ ਦੁਆਰਾ ਰਚਿਤ 'ਨਿਰਭੈ ਯੋਧਾ' 'ਬਾਗੀ ਜਰਨੈਲ' ਤੇ 'ਅਬੁਲ ਕਲਾਮ ਆਜ਼ਾਦ' ਹਨ ਜਿਹੜੀਆਂ ਰਾਜਨੀਤਿਕ ਖੇਤਰ ਦੇ ਪ੍ਰਸਿੱਧ ਨੇਤਾਵਾਂ ਮਾਸਟਰ ਤਾਰਾ ਸਿੰਘ, ਸੁਭਾਸ਼ ਚੰਦਰ ਬੋਸ ਤੇ ਮੌਲਾਨਾ ਆਜ਼ਾਦ ਦੀਆਂ ਜੀਵਨੀਆਂ ਹਨ। ਆਜ਼ਾਦ ਹਿੰਦ ਫੌਜ ਦੀ ਭਾਰਤ ਦੀ ਸੁਤੰਤਰਤਾ ਦੀ ਮੰਗ ਵਿਚ ਵਿਸ਼ੇਸ਼ ਦੇਣ ਹੈ। ਇਸ ਕਰਕੇ ਸਾਡੇ ਲਿਖਾਰੀਆਂ ਲਈ ਇਸ ਫੌਜ ਦੇ ਨੇਤਾਵਾਂ ਦੇ ਜੀਵਨ ਬੜੀ ਵੱਡੀ ਪ੍ਰੇਰਨਾ ਦਾ ਸੋਮਾ ਰਹੇ ਹਨ। ਸੁਰਜੀਤ ਸਿੰਘ ਸੇਠੀ ਨੇ 'ਇਤਿਹਾਸ ਨੇਤਾ ਜੀ' ਤੇ 'ਜੀਵਨ ਜਨਰਲ ਮੋਹਨ ਸਿੰਘ' ਲਿਖ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਜਨਰਲ ਮੋਹਨ ਸਿੰਘ ਦੇ ਕੁਰਬਾਨੀ ਭਰੇ ਜੀਵਨ 'ਤੇ ਸਾਡੀ ਝਾਤ ਪੁਆਈ ਹੈ। ਇਸ ਸਮੇਂ ਸਭ ਤੋਂ ਵੱਧ ਇਤਿਹਾਸਕ ਜੀਵਨੀਆਂ ਲਿਖਣ ਦਾ ਮਹੱਤਵਪੂਰਣ ਕਾਰਜ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਨੇ ਨੇਪਰੇ ਚਾੜ੍ਹਿਆ। ਉਨ੍ਹਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਪ੍ਰਸਿੱਧ ਹਸਤੀਆਂ ਦੇ ਜੀਵਨ ਲਿਖੇ ਜਿਵੇਂ 'ਮਹਾਰਾਜਾ ਰਣਜੀਤ ਸਿੰਘ', 'ਹਰੀ ਸਿੰਘ ਨਲੂਆ', 'ਅਕਾਲੀ ਫੂਲਾ ਸਿੰਘ', 'ਕੰਵਰ ਨੌਨਿਹਾਲ ਸਿੰਘ', 'ਮਹਾਰਾਜਾ ਸ਼ੇਰ ਸਿੰਘ', 'ਨਵਾਬ ਕਪੂਰ ਸਿੰਘ'। ਉਨ੍ਹਾਂ ਨੇ ਇਨ੍ਹਾਂ ਜੀਵਨੀਆਂ ਤੋਂ ਛੁਟ 'ਖਾਲਸਾ ਰਾਜ ਦੇ ਉਸਰਈਏ' (ਦੋ ਭਾਗ) ਅਤੇ 'ਖਾਲਸਾ ਰਾਜ ਦੇ ਬਦੇਸ਼ੀ ਕਰਿੰਦੇ' ਪੁਸਤਕਾਂ ਵੀ ਲਿਖੀਆਂ। ਇਹ ਪੁਸਤਕਾਂ ਵੀ ਜੀਵਨ ਸਾਹਿਤ ਅਧੀਨ ਆਉਂਦੀਆਂ ਹਨ। ਕਿਉਂ ਜੋ ਇਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਰਾਜ ਦੀ ਸਥਾਪਨਾ ਕਰਨ ਵਾਲੇ ਤੇ ਉਸ ਰਾਜ ਨੂੰ ਫੌਜੀ ਦ੍ਰਿਸ਼ਟੀ ਤੋਂ ਸ਼ਕਤੀਸ਼ਾਲੀ ਬਣਾਉਣ ਵਾਲੇ ਦੇਸੀ ਤੇ ਬਦੇਸ਼ੀ ਵਿਅਕਤੀਆਂ ਬਾਰੇ ਸੰਖਿਪਤ ਪਰ ਬੜੀ ਭਾਵਪੂਰਤ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸਾਰੀਆਂ ਪੁਸਤਕਾਂ ਵਿਚ ਭਿੰਨ ਭਿੰਨ ਵਿਅਕਤੀਆਂ ਦੇ ਰਾਜਸੀ ਫੌਜੀ ਜੀਵਨਾਂ ਤੋਂ ਛੁਟ ਉਨ੍ਹਾਂ ਦੇ ਆਚਰਣ ਦੇ ਮਹੱਤਵਪੂਰਣ ਅੰਸ਼ਾਂ ਉਤੇ ਵੀ ਬੜੀ ਸਰਲ ਤੇ ਸਪਸ਼ਟ ਭਾਸ਼ਾ ਵਿਚ ਰੌਸ਼ਨੀ ਪਾਈ ਗਈ ਹੈ। ਭਾਵੇਂ ਬਾਬਾ ਜੀ ਕੁਝ ਹੱਦ ਤੱਕ ਭਾਵੁਕ ਹੋ ਕੇ ਲਿਖਦੇ ਸਨ ਪਰ ਫੇਰ ਵੀ ਉਨ੍ਹਾਂ ਦਾ ਬਿਆਨ ਕਾਫੀ ਹੱਦ ਤੱਕ ਨਿਰਪੱਖ ਕਿਹਾ ਜਾ ਸਕਦਾ ਹੈ।

ਇਸ ਸਮੇਂ ਡਾ. ਗੰਡਾ ਸਿੰਘ ਨੇ 'ਮਹਾਰਾਜਾ ਕੌੜਾ ਮੱਲ ਬਹਾਦਰ', 'ਬੰਦਾ ਸਿੰਘ ਬਹਾਦਰ' ਅਤੇ 'ਸ਼ਾਮ ਸਿੰਘ ਅਟਾਰੀ ਵਾਲਾ ਦੇ ਨਾਂ ਦੀਆਂ ਇਤਿਹਾਸਕ ਜੀਵਨੀਆਂ ਲਿਖ ਕੇ ਇਸ ਪਾਸੇ ਮਹੱਤਵਪੂਰਨ ਕੰਮ ਕੀਤਾ। ਡਾ. ਗੰਡਾ ਸਿੰਘ ਇਤਿਹਾਸ ਦੇ ਖੋਜੀ ਵਿਦਵਾਨ ਸਨ ਤੇ ਉਹ ਸਰਲ ਤੇ ਸੌਖੀ ਭਾਸ਼ਾ ਦੀ ਵਰਤੋਂ ਕਰਦੇ ਹਨ। ਸਿੱਖ ਇਤਿਹਾਸ ਨਾਲ ਭਾਵੁਕ ਸੰਬੰਧ ਹੋਣ ਕਰਕੇ ਉਨ੍ਹਾਂ ਦੀਆਂ ਉਪਰੋਕਤ ਪੁਸਤਕਾਂ ਵਿਚ ਕਿਤੇ ਕਿਤੇ ਭਾਵੁਕਤਾ ਦਾ ਅੰਸ਼ ਵੇਖਣ ਵਿਚ ਆਉਂਦਾ ਹੈ। ਇਨ੍ਹਾਂ ਜੀਵਨੀ ਲੇਕਾਂ ਤੋਂ ਛੁੱਟ ਪ੍ਰੋ. ਕਰਤਾਰ ਸਿੰਘ ਨੇ 'ਜੀਵਨ ਗੁਰੂ ਗੋਬਿੰਦ ਸਿੰਘ', 'ਜੀਵਨ ਗੁਰੂ ਨਾਨਕ ਦੇਵ' ਦੀ ਰਚਨਾ ਕੀਤੀ ਅਤੇ ਮਹਾਤਮਾ ਗਾਂਧੀ ਦੀ ਸ੍ਵੈ-ਜੀਵਨੀ ਸਾਹਿਤ ਲਈ ਮੈਦਾਨ ਤਿਆਰ ਕੀਤਾ। ਪ੍ਰਿੰਸੀਪਲ ਤੇਜਾ ਸਿੰਘ ਦੀ ਸਪੁੱਤਰੀ ਬੀਬੀ ਇੰਦਰ ਕੌਰ ਨੇ ਬੜੇ ਸਾਦਾ ਤੇ ਸਰਲ ਢੰਗ ਨਾਲ ਇਕ ਬਦੇਸ਼ੀ ਨੇਤਾ ਦਾ ਜੀਵਨ ਪੰਜਾਬੀ ਪਾਠਕਾਂ ਨੂੰ ਭੇਟ ਕੀਤਾ। ਸੁਤੰਤਰਤਾ ਤੋਂ ਪਹਿਲੇ ਦੇ ਸਮੇਂ ਵਿਚ ਹੀ ਗੁਰਚਰਨ ਮਹਿਤਾ ਦੀ ਲਿਖੀ 'ਪੰਡਿਤ ਜਵਾਹਰ ਲਾਲ ਨਹਿਰੂ' ਜੀਵਨੀ ਵੀ ਵਰਨਣਯੋਗ ਹੈ। ਮਾਰਚ 1947 ਵਿਚ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਪੁਸਤਕ 'ਮੇਰੀਆਂ ਅਭੁੱਲ ਯਾਦਾਂ' ਪ੍ਰਕਾਸ਼ਿਤ ਹੋਈ ਜਿਸ ਨੇ ਪੰਜਾਬੀ ਵਿਚ ਸ੍ਵੈ-ਜੀਵਨੀ ਲਿਖਣ ਲਈ ਵਾਯੂਮੰਡਲ ਤਿਆਰ ਕਰਨ ਵਿਚ ਯੋਗ ਹਿੱਸਾ ਪਾਇਆ। ਇਸੇ ਲੇਖਕ ਦੁਆਰਾ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਲਿਖੀ ਪੁਸਤਕ 'ਪਰਮ ਮਨੁੱਖ' ਵੀ ਜੀਵਨੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

### 5. ਸ੍ਵੈ-ਜੀਵਨੀ ਸਾਹਿਤ

ਇਹ ਠੀਕ ਹੈ ਕਿ 1947 ਈ. ਤੋਂ ਪੂਰਵ ਰਚੇ ਗਏ ਤੇ ਸ੍ਵੈ-ਜੀਵਨੀ ਸਾਹਿਤ ਵਿਚ ਲੇਖਕਾ ਦਾ ਵਧੇਰੇ ਧਿਆਨ ਵਿਸ਼ੇਸ਼ ਵਿਅਕਤੀ ਸੰਬੰਧੀ ਵਾਕਫੀ ਦੇਣਾ ਅਤੇ ਉਸ ਦੇ ਵਿਅਕਤੀਗਤ ਤੇ ਰਾਜਸੀ ਜੀਵਨ ਬਾਰੇ ਜਾਣਕਾਰੀ ਨੂੰ ਪਾਠਕਾਂ ਨਾਲ ਸਾਂਝਾ ਕਰਨਾ ਹੁੰਦਾ ਸੀ। ਇਨ੍ਹਾਂ ਰਚਨਾਵਾਂ ਵਿਚੋਂ ਕੇਵਲ ਗਿਣਤੀ ਦੀਆਂ

ਰਚਨਾਵਾਂ ਨੂੰ ਹੀ ਸਾਹਿਤਕ ਮਾਪਦੰਡਾ ਤੱਕ ਕਬੂਲਿਆ ਗਿਆ ਹੈ। ਜਿਥੋਂ ਤਕ ਸੁਹਜ ਸੁਆਦ ਦੀ ਤ੍ਰਿਪਤੀ ਦਾ ਸੰਬੰਧ ਹੈ ਇਨ੍ਹਾਂ ਵਿਚ ਇਸ ਦਾ ਕਾਫ਼ੀ ਹੱਦ ਤਕ ਅਭਾਵ ਹੈ ਪਰ ਗੁਰਬਖਸ਼ ਸਿੰਘ ਪ੍ਰੀਤਲੜੀ ਦੁਆਰਾ ਰਚੀਆਂ ਗਈਆਂ ਪੁਸਤਕਾਂ 'ਪਰਮ ਮਨੁੱਖ' ਤੇ 'ਮੇਰੀਆਂ ਅਭੁੱਲ ਯਾਦਾਂ' ਸੁਹਜ ਸੁਆਦ ਦੀ ਤ੍ਰਿਪਤੀ ਦੀ ਦ੍ਰਿਸ਼ਟੀ ਤੋਂ ਵੀ ਕਾਫੀ ਉਚੇ ਸਾਹਿਤਕ ਪੱਧਰ ਦੀਆਂ ਰਚਨਾਵਾਂ ਹਨ।

ਸ੍ਵੈ-ਜੀਵਨੀ ਦੇ ਖੇਤਰ ਵਿਚ ਪੰਜਾਬੀ ਵਿਚ ਕੁਝ ਵਧੀਆ ਨਮੂਨੇ 1947 ਈ. ਤੋਂ ਬਾਅਦ ਹੋਂਦ ਵਿਚ ਆਏ ਹਨ। ਇਨ੍ਹਾਂ ਵਿਚੋਂ ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਲਿਖੀ ਸ੍ਵੈ-ਜੀਵਨੀ 'ਆਰਸੀ' ਵਿਚ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਤਤਕਾਲੀਨ ਸਮਾਜਕ ਤੇ ਇਤਿਹਾਸਕ ਤੱਥਾਂ ਦੇ ਪਿਛੋਕੜ ਵਿਚ ਰੱਖ ਕੇ ਬਿਆਨ ਕੀਤਾ ਹੈ। ਤੇਜਾ ਸਿੰਘ ਦੀ ਸ਼ੈਲੀ ਬੜੀ ਸੰਜਮ ਭਰਪੂਰ ਹੈ। 'ਆਰਸੀ' ਵਿਚ ਤੇਜਾ ਸਿੰਘ ਨੇ ਆਪਣੇ ਨਿੱਜੀ ਅਨੁਭਵ ਅਤੇ ਤਜ਼ਰਬੇ ਨੂੰ ਪਾਠਕਾਂ ਨਾਲ ਸਾਂਝਾ ਕਰਨ ਦਾ ਸਫ਼ਲ ਯਤਨ ਕੀਤਾ ਹੈ।

ਪੰਜਾਬੀ ਦੇ ਪ੍ਰਸਿੱਧ ਗਲਪਕਾਰ ਨਾਨਕ ਸਿੰਘ ਨੇ ਆਪਣੀ ਸ੍ਵੈ-ਜੀਵਨੀ 'ਮੇਰੀ ਦੁਨੀਆਂ' ਨਾਂ ਥੱਲੇ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚ ਲੇਖਕ ਨੇ ਆਪਣੇ ਜੀਵਨ ਨਾਲ ਸੰਬੰਧਿਤ ਅਨੇਕਾਂ ਘਟਨਾਵਾਂ ਨੂੰ ਬੜੀ ਸਾਹਿਤਕ ਸੂਝ ਤੇ ਸਿਆਣਪ ਨਾਲ ਇਕ ਸੰਗਲੀ ਵਿਚ ਪਰੋ ਕੇ ਪੇਸ਼ ਕੀਤਾ ਹੈ। ਨਾਨਕ ਸਿੰਘ ਦੀ ਇਹ ਰਚਨਾ ਪੜ੍ਹ ਕੇ ਪੰਜਾਬੀ ਪਾਠਕਾਂ ਨੂੰ ਉਸ ਦੇ ਜੀਵਨ ਦੇ ਬਹੁਤ ਸਾਰੇ ਪੱਖ ਅੱਖਾਂ ਸਾਹਮਣੇ ਆ ਗਏ ਹਨ, ਜਿਸ ਨਾਲ ਪਰਿਚਿਤ ਹੋਣ ਤੋਂ ਬਗੈਰ ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰਾਂ ਤੇ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਚੰਗੀ ਤਰ੍ਹਾਂ ਸਮਝਣਾ ਬੜਾ ਮੁਸ਼ਕਲ ਸੀ। ਲੇਖਕ ਦੀ ਜੀਵਨੀ ਦੇ ਕੁਝ ਕਾਂਡ ਇਉਂ ਪ੍ਰਤੀਤ ਹੁੰਦੇ ਹਨ ਜਿਵੇਂ ਉਹ ਸੁਤੰਤਰ ਕਹਾਣੀਆਂ ਹੋਣ। ਉਨ੍ਹਾਂ ਵਿਚ ਕਹਾਣੀ ਰਸ ਚੋਖੀ ਮਾਤਰਾ ਵਿਚ ਉਪਲਬਧ ਹੈ। ਇਸ ਪ੍ਰਕਾਰ ਨਾਨਕ ਸਿੰਘ ਦੀ ਇਹ ਸ੍ਵੈ-ਜੀਵਨੀ ਬੜੀ ਰੋਚਕ ਤੇ ਮਨੋਰੰਜਕ ਹੈ ਤੇ ਇਸ ਨੂੰ ਪੜ੍ਹ ਕੇ ਸੁਹਜ ਸੁਆਦ ਦੀ ਤ੍ਰਿਪਤੀ ਵੀ ਹੁੰਦੀ ਹੈ ਤੇ ਲੇਖਕ ਦੇ ਜੀਵਨ ਬਾਰੇ ਲੋੜੀਂਦੀ ਜਾਣਕਾਰੀ ਵੀ ਮਿਲਦੀ ਹੈ।

ਗੁਰਬਖਸ਼ ਸਿੰਘ ਨੇ 1947 ਦੀ ਵੰਡ ਤੋਂ ਥੋੜ੍ਹਾ ਚਿਰ ਪਹਿਲਾਂ 'ਮੇਰੀਆਂ ਅਭੁੱਲ ਯਾਦਾਂ' ਨਾਲ ਆਪਣੇ ਜੀਵਨ ਦੇ ਸੰਖੇਪ ਦਰਸ਼ਨ ਕਰਵਾਏ ਪਰੰਤੂ ਬਾਅਦ ਵਿਚ ਉਹ ਆਪਣੀ ਸ੍ਵੈ-ਜੀਵਨੀ 'ਮੇਰੀ ਜੀਵਨ-ਕਹਾਣੀ' ਨਾਲ ਵਿਰਾਟ ਰੂਪ ਵਿਚ ਸਾਹਮਣੇ ਆਇਆ। ਇਸ ਪੁਸਤਕ ਵਿਚ ਉਸ ਨੇ ਆਪਣੇ ਬਚਪਨ ਤੋਂ ਲੈ ਕੇ ਆਪਣੀ ਉਮਰ ਭਾਵ ਪੌਣੀ ਸਦੀ ਦੇ ਲੰਬੇ ਜੀਵਨ ਦੀ ਰਾਂਗਲੀ ਝਾਕੀ ਪੇਸ਼ ਕੀਤੀ ਹੈ। ਗੁਰਬਖਸ਼ ਸਿੰਘ ਭਾਵੇਂ ਸ਼ੁਰੂ ਤੋਂ ਹੀ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਵਿਚ ਆਪਣੇ ਨਿੱਜੀ ਜੀਵਨ ਦੇ ਅਨੁਭਵ ਬਿਆਨ ਕਰਦਾ ਹੈ ਪਰ ਉਸ ਦੀ ਕਾਵਿਮਈ ਤੇ ਅਦਭੁਤ ਸ਼ੈਲੀ ਕਰਕੇ ਇਉਂ ਪ੍ਰਤੀਤ ਹੁੰਦਾ ਰਿਹਾ ਹੈ ਕਿ ਉਸ ਦਾ ਬਿਆਨ ਵਧੇਰੇ ਕਾਲਪਨਿਕ ਹੈ। ਪਰ ਜਦੋਂ ਉਸ ਨੇ 'ਮੇਰੀ ਜੀਵਨ ਕਹਾਣੀ' ਦੁਆਰਾ ਆਪਣੇ ਸਾਰੇ ਪਿਆਰ ਤਜ਼ਰਬਿਆਂ ਦੀ ਪ੍ਰਯੋਗਸ਼ਾਲਾ ਪੰਜਾਬੀ ਪਾਠਕਾਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੀ ਹੈ ਤਾਂ ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਬਾਕੀ ਨਹੀਂ ਰਹੀ ਕਿ ਗੁਰਬਖਸ਼ ਸਿੰਘ ਦਾ ਪਿਆਰ-ਧੜਕਦਾ ਦਿਲ ਸਦਾ ਤੋਂ ਹੀ ਪ੍ਰੀਤ ਭੁੱਖਾ ਰਿਹਾ ਹੈ ਤੇ ਉਸ ਦੀ ਅਥਾਹ ਭੁੱਖ ਨੂੰ ਮੱਖਣੀ, ਭੂਆ ਜਾਂ ਬਰਕਤੇ, ਨੰਨ੍ਹੀ ਲਿਲਾਹ, ਵਰਗੀਆਂ ਪਿਆਰ-ਭੁੱਖੀਆਂ ਆਤਮਾਵਾਂ ਵੀ ਪੂਰੀਆਂ ਨਹੀਂ ਕਰ ਸਕਦੀਆਂ। ਗੁਰਬਖਸ਼ ਸਿੰਘ ਨੂੰ 'ਸ਼ਬਦਾਂ ਦਾ ਜਾਦੂਗਰ' ਤੇ 'ਅਰਥਾਂ ਦਾ ਬਾਜ਼ੀਗਰ' ਆਖਿਆ ਗਿਆ ਹੈ। ਉਸ ਦੀ ਸ੍ਵੈ-ਜੀਵਨੀ ਦੀ ਸ਼ੈਲੀ ਬਹੁਤ ਹੀ ਕਾਵਿਮਈ, ਰਸੀ ਹੋਈ ਪੱਕੇ ਫ਼ਲ ਵਰਗੀ ਤੇ ਮਾਖਿਓਂ ਮਿੱਠੀ ਹੈ। ਇਹ ਰਚਨਾ ਦੋ ਭਾਗਾਂ ਵਿਚ ਹੈ ਤੇ ਦੂਜੇ ਭਾਗ ਦਾ ਨਾਂ 'ਮੰਜ਼ਿਲ ਦਿੱਸ ਪਈ' ਹੈ।

ਗੁਰਬਖਸ਼ ਸਿੰਘ ਨੇ ਆਪਣੀ ਉਪਰੋਕਤ ਸ੍ਵੈ-ਜੀਵਨੀ ਤੋਂ ਛੁਟ ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਭਾਸ਼ਾ ਵਿਚ ਰਚੀ ਆਤਮਕਥਾ (On paths of life) ਦਾ ਅਨੁਵਾਦ ਕਰਕੇ ਪੰਜਾਬੀ ਸਾਹਿਤ ਦੇ ਇਸ ਰੂਪ ਵਿਚ ਇਕ ਹੋਰ ਨਿੱਗਰ ਵਾਧਾ ਕੀਤਾ ਹੈ। ਇਹ ਅਨੁਵਾਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਵਿਚ ਪੂਰਨ ਸਿੰਘ ਦੇ ਸਮੁੱਚੇ ਜੀਵਨ ਦੇ ਦਰਸ਼ਨ ਤਾਂ ਨਹੀਂ ਹੁੰਦੇ ਪਰ ਉਨ੍ਹਾਂ ਦੇ ਜਾਪਾਨ ਦੇਸ਼ ਦੇ ਨਿਵਾਸ ਸਮੇਂ ਪ੍ਰਾਪਤ ਕੀਤੇ ਜੀਵਨ ਅਨੁਭਵ ਦੀ ਸੁੰਦਰ ਝਾਕੀ ਜ਼ਰੂਰ ਮਿਲਦੀ ਹੈ। ਇਸ ਤੋਂ ਪੂਰਨ ਸਿੰਘ ਦੀ ਅੰਤਰ-ਰਾਸ਼ਟਰੀ ਸੂਝ-ਬੂਝ ਤੇ ਮਾਨਵਵਾਦੀ ਰੁਚੀ ਬਾਰੇ

ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਉਪਰੋਕਤ ਸਾਹਿਤਕਾਰਾਂ ਦੀਆਂ ਸ੍ਵੈ-ਜੀਵਨੀਆਂ ਤੋਂ ਸਿਆਸੀ ਤੇ ਇਨਕਲਾਬੀ ਜੀਵਨ ਖੇਤਰ ਦੇ ਸੰਗਰਾਮੀਆਂ ਵੱਲੋਂ ਲਿਖੀਆਂ ਗਈਆਂ ਰਚਨਾਵਾਂ ਵੀ ਵਰਨਣਯੋਗ ਹਨ। ਗਦਰ ਪਾਰਟੀ ਦੇ ਬਾਨੀ ਤੇ ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕਨਾ ਦੀ ਸ੍ਵੈ-ਜੀਵਨੀ 'ਜੀਵਨ ਸੰਗਰਾਮ' ਉਨ੍ਹਾਂ ਦੇ ਜੀਵਨ ਦੇ ਅੰਤਿਮ ਕਾਲ ਵਿਚ ਪ੍ਰਕਾਸ਼ਿਤ ਹੋਈ। ਭਾਵੇਂ ਇਹ ਕੋਈ ਵੱਡੇ ਆਕਾਰ ਦੀ ਰਚਨਾ ਨਹੀਂ ਪਰ ਇਸ ਵਿਚ ਬਾਬਾ ਜੀ ਦੇ ਸੰਘਰਸ਼ਮਈ ਜੀਵਨ ਦੀ ਲੂੰ-ਕੰਡੇ ਖੜੇ ਕਰਨ ਵਾਲੀ ਕਹਾਣੀ ਹੈ। ਗੁਰਬਚਨ ਸਿੰਘ ਸਹਿੰਸਰਾ ਦੀ ਰਚਨਾ 'ਉਹ ਵੀ ਦਿਨ ਸਨ' ਉਸ ਦੇ ਕਿਰਤੀ ਲਹਿਰ ਨਾਲ ਸੰਪਰਕ ਦੀਆਂ ਯਾਦਾਂ 'ਤੇ ਆਧਾਰਤ ਹੋਣ ਕਰਕੇ ਸਾਨੂੰ ਉਸ ਦੇ ਨਿੱਜੀ ਜੀਵਨ ਦੀ ਝਲਕ ਵੀ ਮਿਲਦੀ ਹੈ। ਅੰਮ੍ਰਿਤਾ ਪ੍ਰੀਤਮ ਨੇ 'ਕਾਲਾ ਗੁਲਾਬ' ਤੇ 'ਕਿਰਮਚੀ ਲਕੀਰਾਂ' ਪ੍ਰਿੰਸੀਪਲ ਨਿਰੰਜਨ ਸਿੰਘ ਨੇ 'ਜੀਵਨ ਵਿਕਾਸ', ਮਾਸਟਰ ਤਾਰਾ ਸਿੰਘ ਨੇ 'ਮੇਰੀਆਂ ਯਾਦਾਂ' ਮੇਜਰ ਜਨਰਲ ਗੁਰਬਖਸ਼ ਸਿੰਘ ਨੇ 'ਆਪ ਬੀਤੀ ਦੀਆਂ ਅਭੁੱਲ ਯਾਦਾਂ' ਲਿਖਕੇ ਸ੍ਵੈ-ਜੀਵਨੀ ਸਾਹਿਤ ਦੇ ਵਿਕਾਸ ਵਿਚ ਯੋਗ ਹਿੱਸਾ ਪਾਇਆ ਹੈ।

ਇਸ ਸਮੇਂ ਕਈ ਸ੍ਵੈ-ਜੀਵਨੀਆਂ ਦੇ ਪੰਜਾਬ ਵਿਚ ਅਨੁਵਾਦ ਵੀ ਹੋਏ ਹਨ, ਜਿਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ ਦੁਆਰਾ ਅਨੁਵਾਦਿਤ 'ਰਾਜੇਂਦਰ ਪ੍ਰਸਾਦ ਦੀ ਆਤਮਕਥਾ', ਮੈਕਸਮ ਗਰਕੀ ਦੀ ਸ੍ਵੈ-ਜੀਵਨੀ ਦੇ ਤਿੰਨ ਭਾਗਾਂ ਦਾ ਕ੍ਰਮਵਾਰ ਗੁਰਦਿਆਲ ਸਿੰਘ, ਦਰਸ਼ਨ ਸਿੰਘ ਅਤੇ ਡਾ. ਹਰਿਭਜਨ ਸਿੰਘ ਦੁਆਰਾ, ਪੰਡਿਤ ਜਵਾਹਰ ਲਾਲ ਨਹਿਰੂ ਦੀ ਸ੍ਵੈ-ਜੀਵਨੀ 'ਮੇਰੀ ਕਹਾਣੀ' ਦਾ ਰਾਜਿੰਦਰ ਸਿੰਘ ਥਾਪਰ ਦੁਆਰਾ ਅਤੇ ਰੂਸੋ ਦੀ ਸ੍ਵੈ-ਜੀਵਨੀ 'ਆਪ ਬੀਤੀਆਂ' ਦਾ ਤੇਰਾ ਸਿੰਘ ਚੰਨ ਦੁਆਰਾ ਕੀਤਾ ਅਨੁਵਾਦ ਪ੍ਰਾਪਤ ਹਨ।

ਧਾਰਮਿਕ ਮਹਾਂਪੁਰਸ਼ਾਂ ਦੀਆਂ ਪ੍ਰਕਾਸ਼ਿਤ ਹੋਈਆਂ ਜੀਵਨੀਆਂ ਵਿਚੋਂ ਗਿਆਨੀ ਤ੍ਰਿਲੋਕ ਸਿੰਘ ਦੀਆਂ ਜੀਵਨ ਕਥਾਵਾਂ ਗੁਰੂ ਅਰਜਨ ਦੇਵ, ਜੀਵਨ ਕਥਾ ਗੁਰੂ ਤੇਗ ਬਹਾਦਰ, ਸ. ਈਸ਼ਰ ਸਿੰਘ ਨਾਰਾ ਦੁਆਰਾ ਲਿਖੀ ਬਾਬਾ ਸਾਹਿਬ ਸਿੰਘ ਬੇਦੀ ਦੀ ਜੀਵਨੀ 'ਰਾਜ ਜੋਗੀ', ਸੋਹਨ ਸਿੰਘ ਸੀਤਲ ਦੀਆਂ 'ਮਨੁੱਖਤਾ ਦੇ ਗੁਰੂ-ਗੁਰੂ ਗੋਬਿੰਦ' ਅਤੇ 'ਜੀਵਨੀ ਸ੍ਰੀ ਗੁਰੂ ਨਾਨਕ ਦੇਵ', ਪ੍ਰੋ. ਸਾਹਿਬ ਸਿੰਘ ਦਾ ਜੀਵਨ ਬ੍ਰਿਤਾਂਤ 'ਸ੍ਰੀ ਗੁਰੂ ਨਾਨਕ ਦੇਵ' ਤੇ 'ਗੁਰੂ ਗੋਬਿੰਦ ਸਿੰਘ ਦੀਆਂ ਜੀਵਨੀਆਂ ਤੇ ਗੁਰਬਖਸ਼ ਸਿੰਘ 'ਪ੍ਰੀਤਲੜੀ' ਦੀ 'ਸਰਬਪੱਖੀ ਨਾਇਕਾ' ਅਤੇ ਗਿਆਨੀ ਆਤਮ ਸਿੰਘ ਦੀ 'ਸ਼ਹੀਦ ਮਨੀ ਸਿੰਘ' ਖ਼ਾਸ ਤੌਰ 'ਤੇ ਵਰਨਣਯੋਗ ਹਨ। ਇਸ ਲੜੀ ਦੀਆਂ ਕੁਝ ਹੋਰ ਧਾਰਮਿਕ ਜੀਵਨੀਆਂ 'ਸ਼ਹੀਦ ਰਣਧੀਰ ਸਿੰਘ', 'ਗੁਰੂ ਤੇਗ ਬਹਾਦਰ ਦਾ ਜੀਵਨ' ਤੇ 'ਅਟੱਲ ਪ੍ਰਤਾਪੀ ਸਤਿਗੁਰੂ' ਹਨ। ਪਹਿਲੀਆਂ ਦੋਹਾਂ ਨੂੰ ਡਾ. ਤ੍ਰਿਲੋਚਨ ਸਿੰਘ ਨੇ ਅਤੇ ਤੀਜੀ ਨੂੰ ਡਾ. ਕਰਮ ਸਿੰਘ ਕਪੂਰ ਨੇ ਰਚ ਕੇ ਪੰਜਾਬੀ ਵਿਚ ਜੀਵਨੀ ਸਾਹਿਤ ਨੂੰ ਅਮੀਰ ਬਣਾਇਆ ਹੈ।

ਰਾਜਸੀ ਖੇਤਰ ਦੇ ਪ੍ਰਸਿੱਧ ਆਗੂਆਂ ਦੀਆਂ ਜੀਵਨੀਆਂ ਦੇ ਪੱਖ ਤੋਂ ਪੰਜਾਬੀ ਵਿਚ ਵਰਨਣਯੋਗ ਕੰਮ ਹੋਇਆ ਹੈ। ਸੁਰਿੰਦਰ ਸਿੰਘ ਜੌਹਲ ਨੇ 'ਲਾਲਾ ਲਾਜਪਤ ਰਾਏ', ਜਸਵੰਤ ਸਿੰਘ ਜਸ ਨੇ 'ਬਾਬਾ ਰਾਮ ਸਿੰਘ' ਤੇ ਬਾਬਾ ਸੋਹਣ ਸਿੰਘ ਨੇ 'ਸ਼ਹੀਦ ਕਰਨੈਲ ਸਿੰਘ', ਪ੍ਰੋ. ਗੁਰਚਰਨ ਸਿੰਘ ਨੇ 'ਸਰਦਾਰ ਸੇਵਾ ਸਿੰਘ ਠੀਕਰੀਵਾਲਾ', ਵਿਸ਼ਵਨਾਥ ਤਿਵਾੜੀ ਨੇ ਸ. ਪ੍ਰਤਾਪ ਸਿੰਘ ਕੈਰੋਂ ਦੀ 'ਸਰਦਾਰ', ਗੁਰਮੁਖ ਸਿੰਘ ਮੁਸਾਫਰ ਨੇ 'ਵੇਖਿਆ ਸੁਣਿਆ ਗਾਂਧੀ', ਪ੍ਰੀਤਮ ਸਿੰਘ ਨੇ ਬਾਬਾ ਹਰਨਾਮ ਸਿੰਘ ਕਾਲਾ ਸੰਘੀਆ ਦੀ 'ਸ਼ਮ੍ਹਾ ਬਲਦੀ ਰਹੀ' ਜੀਵਨੀਆਂ ਰਚੀਆਂ ਹਨ। ਇੰਦਰਾ ਗਾਂਧੀ ਦੀ ਖਵਾਜਾ ਅਹਿਮਦ ਅਬਾਸ ਦੁਆਰਾ ਲਿਖੀ ਗਈ ਜੀਵਨੀ ਦਾ ਜਿਹੜਾ ਅਨੁਵਾਦ ਅਜੀਤ ਕੌਰ ਨੇ ਕੀਤਾ ਹੈ ਉਹ 'ਮੁੜ ਸੂਹੇ ਗੁਲਾਬ ਦੀ ਮਹਿਕ' ਨਾਂ ਅਧੀਨ ਪ੍ਰਕਾਸ਼ਿਤ ਹੋਇਆ ਹੈ।

ਪੰਜਾਬੀ ਦੇ ਕੁਝ ਪ੍ਰਸਿੱਧ ਸਾਹਿਤਕਾਰਾਂ ਦੇ ਜੀਵਨ ਬ੍ਰਿਤਾਂਤ ਵੀ ਲਿਖੇ ਗਏ ਹਨ। ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਜੀਵਨ ਪ੍ਰੋ. ਹਰਦਿਆਲ ਸਿੰਘ ਨੇ 'ਇਕ ਸੁਨਹਿਰੀ ਦਿਲ' ਨਾਂ ਦੀ ਰਚਨਾ ਵਿਚ, ਪੂਰਨ ਸਿੰਘ ਦਾ ਕ੍ਰਿਪਾਲ ਸਿੰਘ ਕਸੇਲ ਨੇ 'ਰਾਜਹੰਸ' ਨਾਂ ਦੀ ਪੁਸਤਕ ਵਿਚ ਅੰਕਿਤ ਕੀਤਾ ਹੈ। ਇਸੇ ਤਰ੍ਹਾਂ ਸ.ਸ. ਅਮੋਲ ਨੇ 'ਜੀਵਨ ਭਾਈ ਮੋਹਨ ਸਿੰਘ ਵੈਦ' ਅਤੇ ਗੁਰਦਿਆਲ ਸਿੰਘ ਫੁੱਲ ਨੇ ਡਾ. ਭਾਈ ਜੋਧ ਸਿੰਘ ਦਾ ਜੀਵਨ ਬ੍ਰਿਤਾਂਤ ਲਿਖ ਕੇ ਇਨ੍ਹਾਂ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਜੀਵਨੀ ਸਾਹਿਤ ਦੀਆਂ ਫੁਟਕਲ ਰਚਨਾਵਾਂ ਵਿਚ ਅਸੀਂ ਸੁਰਿੰਦਰ ਸਿੰਘ ਜੌਹਰ ਰਚਿਤ 'ਜੀਵਨੀ

ਰਾਬਿੰਦਰ ਨਾਥ ਟੈਗੋਰ', ਨੈਸ਼ਨਲ ਬੁੱਕ ਟਰਸਟ ਦੁਆਰਾ ਪ੍ਰਕਾਸ਼ਿਤ 'ਸਵਾਮੀ ਰਾਮ ਤੀਰਥ' ਦੀ ਜੀਵਨੀ, ਡਾ. ਸੁਰੈਣ ਸਿੰਘ ਵਿਲਖੂ ਦੁਆਰਾ ਰਚੀ 'ਸੰਤ ਨਾਮਦੇਵ ਜੀਵਨ ਤੇ ਬਾਣੀ ਪ੍ਰਕਾਸ਼', ਪਿਆਰਾ ਸਿੰਘ ਦਾਤਾ ਦੀ ਰਚਨਾ 'ਪਰਵਾਨੇ' ਜਿਸ ਵਿਚ ਅੱਠ ਵਿਅਕਤੀਆਂ ਦੇ ਸੰਖੇਪ ਜੀਵਨ ਹਨ, ਬਲਵੰਤ ਸਿੰਘ ਚਤਰਥ ਕ੍ਰਿਤ 'ਹਿੰਦੁਸਤਾਨ ਦੀਆਂ ਪ੍ਰਸਿੱਧ ਇਸਤਰੀਆਂ' ਅਤੇ ਸ. ਕਪੂਰ ਸਿੰਘ ਦੀ 'ਸਪਤਸ੍ਰਿੰਗ' ਆਦਿ ਨੂੰ ਸ਼ਾਮਲ ਕਰਦੇ ਹਾਂ। ਇਨ੍ਹਾਂ ਵਿਚੋਂ ਪਿਛਲੀਆਂ ਦੋ ਆਂਸ਼ਕ ਜੀਵਨੀ ਦੀ ਸ਼੍ਰੇਣੀ ਵਿਚ ਗਿਣੀਆਂ ਜਾ ਸਕਦੀਆ ਹਨ।

### 6. ਪੰਜਾਬੀ ਸਾਹਿਤ ਵਿਚ ਰੇਖਾ ਚਿੱਤਰ

ਪੰਜਾਬੀ ਸਾਹਿਤ ਵਿਚ ਰੇਖਾ ਚਿੱਤਰ ਲਿਖਣ ਵਾਲੇ ਦੀ ਇਕਾ-ਦੁੱਕਾ ਲਿਖਾਰੀਆਂ ਨੇ ਰੁਚੀ ਵਿਖਾਈ ਹੈ। ਇਸ ਪ੍ਰਸੰਗ ਵਿਚ ਬਲਵੰਤ ਗਾਰਗੀ ਅਤੇ ਕੁਲਬੀਰ ਕਾਂਗ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ। ਬਲਵੰਤ ਗਾਗਰੀ ਨੇ 'ਨਿੰਮ ਦੇ ਪੱਤੇ', 'ਸੁਰਮੇ ਵਾਲੀ ਅੱਖ' ਅਤੇ 'ਕੌਡੀਆਂ ਵਾਲਾ ਸੱਪ' ਵਿਚ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਦੇ ਰੇਖਾ ਚਿੱਤਰ ਬੜੀ ਸੂਖਮਤ ਨਾਲ ਪੇਸ਼ ਕੀਤੇ ਹਨ। ਉਸ ਨੇ ਇਨ੍ਹਾਂ ਵਿਚ ਸਾਹਿਤਕਾਰਾਂ ਦੀਆਂ ਨਾ ਕੇਵਲ ਆਦਤਾਂ, ਪਹਿਰਾਵਾ ਤੇ ਰਹਿਣੀ ਬਹਿਣੀ ਬਾਰੇ ਹੀ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਇਆ ਹੈ, ਸਗੋਂ ਉਨ੍ਹਾਂ ਦੇ ਸਾਹਿਤਕ ਝੁਕਾਵਾਂ ਉਤੇ ਵੀ ਝਾਤ ਪੁਆਈ ਹੈ। ਕੁਲਬੀਰ ਸਿੰਘ ਕਾਂਗ ਨੇ 'ਪੱਥਰ ਦੀ ਲੀਕ' ਅਤੇ 'ਬੱਦਲਾਂ ਦੇ ਰੰਗ' ਵਿਚ ਪੇਸ਼ ਕੀਤੇ ਰੇਖਾ-ਚਿੱਤਰਾਂ ਵਿਚ ਆਪਣੇ ਹੀ ਅੰਦਾਜ਼ ਵਿਚ ਬਹੁਤ ਸਾਰੇ ਪੰਜਾਬੀ ਸਾਹਿਤਕਾਰਾਂ ਦੇ ਸਾਹਿਤਕ ਵਿਅਕਤਿਤਵ ਸਾਡੀ ਦ੍ਰਿਸ਼ਟੀ ਵਿਚ ਲਿਆਂਦੇ ਹਨ। ਰੇਖਾ ਚਿੱਤਰਾਂ ਦੇ ਖੇਤਰ ਵਿਚ 'ਕਲਮ ਦੀ ਅੱਖ' ਨਾ ਦੀ ਪੁਸਤਕ ਵੀ ਵਰਣਨਯੋਗ ਹੈ। ਜਿਸ ਵਿਚ ਕਰਮਜੀਤ ਸਿੰਘ ਨੇ ਕੁਝ ਲੇਖਕਾਂ ਨਾਲ ਕੀਤੀਆਂ ਮੁਲਾਕਾਤਾਂ ਦੇ ਆਧਾਰ 'ਤੇ ਉਨ੍ਹਾਂ ਦੇ ਸੁਭਾਅ ਦੇ ਕਿਸੇ ਪੱਖ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ।

### 7. ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਰਚਨਾ

ਜਿਥੋਂ ਤਕ ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਦਾ ਸਵਾਲ ਹੈ, ਇਸ ਦੀ ਨੀਂਹ ਤਾਂ ਜਨਮ ਸਾਖੀਆਂ ਵਿਚ ਵਰਣਿਤ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਬੱਝ ਗਈ ਸੀ ਪਰ ਸੁਤੰਤਰ ਸਾਹਿਤਕ ਰੂਪ ਦੇ ਤੌਰ 'ਤੇ ਇਸ ਦਾ ਜਨਮ ਵੀਹਵੀਂ ਸਦੀ ਵਿਚ ਲਾਲ ਸਿੰਘ ਕਮਲਾ ਅਕਾਲੀ ਦੀ ਪ੍ਰਸਿੱਧ ਰਚਨਾ 'ਮੇਰਾ ਵਲਾਇਤੀ ਸਫ਼ਰਨਾਮਾ' ਨਾਲ ਹੋਇਆ। ਇਹ ਸਫ਼ਰਨਾਮਾ ਲਿਖਿਆ ਗਿਆ ਤਾਂ ਲੰਡਨ ਵਿਚ ਬੈਠ ਕੇ ਸੀ ਪਰ ਕਿਤਾਬੀ ਰੂਪ ਵਿਚ 1933 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਦੇ 20 ਕਾਂਡ ਹਨ। ਇਸ ਵਿਚ ਲੇਖਕ ਦੀ ਜਰਮਨੀ, ਸਵਿਟਜ਼ਰਲੈਂਡ, ਇਟਲੀ, ਫ੍ਰਾਂਸ ਅਤੇ ਇੰਗਲੈਂਡ ਦੀ ਯਾਤਰਾ ਦੇ ਹਾਲ ਦਰਜ ਹਨ। ਇਸ ਰਚਨਾ ਦੀ ਇਕ ਵਿਸ਼ੇਸ਼ਤਾ ਹੈ ਕਿ ਇਸ ਦੇ ਲੇਖਕ ਨੇ ਬਦੇਸ਼ਾਂ ਵਿਚ ਅੱਖੀਂ ਵੇਖੀਆਂ ਤੇ ਮਹਿਸੂਸ ਕੀਤੀਆਂ ਗੱਲਾਂ ਦਾ ਆਪਣੇ ਦੇਸ਼ ਨਾਲ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਉਸ ਨੇ ਬਦੇਸ਼ਾਂ ਦੇ ਰਸਮ-ਰਿਵਾਜ਼, ਰਹਿਣੀ-ਬਹਿਣੀ, ਧਰਮ-ਕਰਮ, ਦੈਨਿਕ ਵਿਹਾਰ, ਰਾਜਨੀਤਿਕ ਪ੍ਰਬੰਧ ਆਦਿ ਬਾਰੇ ਵੀ ਟਿੱਪਣੀ ਕੀਤੀ ਹੈ। ਇਸ ਰਚਨਾ ਦੀ ਭਾਸ਼ਾ ਬੜੀ ਸਰਲ, ਠੇਠ, ਖੁੱਲ੍ਹੀ, ਹਲਕੀ ਫੁਲਕੀ ਤੇ ਜਨ ਸਾਧਾਰਣ ਦੇ ਪੱਧਰ ਦੀ ਹੈ। ਇਹ ਲੇਖਕ ਦੀ ਵਰਣਾਤਮਕ ਤੇ ਬਿਆਨੀਆ ਸ਼ੈਲੀ ਦਾ ਇਕ ਸੁੰਦਰ ਨਮੂਨਾ ਹੈ।

ਲਾਲ ਸਿੰਘ ਕਮਲਾ ਅਕਾਲੀ ਦਾ ਦੂਜਾ ਸਫ਼ਰਨਾਮਾ 'ਸੈਲਾਨੀ ਦੇਸ਼ ਭਗਤ' ਹੈ। ਇਸ ਵਿਚ ਇਕ ਕਲਪਿਤ ਨਾਇਕ ਹਰਨਾਮ ਸਿੰਘ ਟੁੰਡੇ ਦੀ ਰੋਜ਼ਗਾਰ ਦੀ ਤਲਾਸ਼ ਵਿਚ ਭਿੰਨ ਭਿੰਨ ਦੇਸ਼ਾਂ ਦੀ ਯਾਤਰਾ ਦਾ ਕਾਲਪਨਿਕ ਸਮਾਚਾਰ ਹੈ। ਇਹ ਅਜਿਹੀ ਰਚਨਾ ਹੈ ਜਿਸ ਵਿਚ ਲੇਖਕ ਨੇ ਬਿਨਾਂ ਸਫ਼ਰ ਕੀਤਿਆਂ ਅਮਰੀਕਾ, ਜਾਪਾਨ, ਹਾਂਗਕਾਂਗ, ਸਿਆਮ, ਬਰਮਾ ਆਦਿ ਦੇਸ਼ਾਂ ਬਾਰੇ ਬੜੀ ਭਰਪੂਰ ਰੋਚਕ ਜਾਣਕਾਰੀ ਦਿੱਤੀ ਹੈ। ਇਸ ਵਿਚੋਂ ਗਦਰ ਪਾਰਟੀ ਲਹਿਰ ਤੇ ਕਾਮਾਗਾਟਾਮਾਰੂ ਦੀ ਘਟਨਾ ਦੀਆਂ ਗੂੰਜਾਂ ਵੀ ਸੁਣਾਈ ਦਿੰਦੀਆਂ ਹਨ। ਇਸ ਸਫ਼ਰਨਾਮੇ ਵਿਚ ਅੰਕਿਤ ਸਮਾਚਾਰ ਉਤਮ ਪੁਰਖ ਵਿਚ ਲਿਖੇ ਗਏ ਹਨ ਤੇ ਇਸ ਵਿਚ ਅਜਿਹੀ ਰਗੀਨ ਤੇ ਵਿਲੱਖਣ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ ਕਿ ਇਹ ਇਕ ਬਹੁਤ ਉਚੇ ਸਾਹਿਤਕ ਪੱਧਰ ਦੀ ਕਿਰਤ ਹੋ ਨਿਬੜਦੀ ਹੈ। ਨਿਰਸੰਦੇਹ ਕਮਲਾ ਅਕਾਲੀ ਨੇ ਸਫ਼ਰਨਾਮਾ ਸਾਹਿਤ ਦੇ ਖੇਤਰਵਿਚ ਨਾ ਕੇਵਲ ਮੋਢੀਆਂ ਵਾਲਾ ਹੀ ਕੰਮ ਕੀਤਾ ਹੈ, ਸਗੋਂ ਇਸ ਦੇ ਵਿਕਾਸ ਵਿਚ ਵੀ ਭਰਪੂਰ ਹਿੱਸਾ ਪਾਇਆ ਹੈ।

ਸਫ਼ਰਨਾਮਾ ਸਾਹਿਤ ਦੇ ਡੂੰਘੇ ਅਧਿਐਨ ਉਪਰੰਤ ਪਤਾ ਲਗਦਾ ਹੈ ਕਿ ਇਸ ਸਾਹਿਤ ਵੰਨਗੀ ਲਈ ਲੇਖਕ ਵੱਖ-ਵੱਖ ਢੰਗ ਵਰਤਦੇ ਹਨ। ਕਈ ਲੇਖਕ ਪੱਤਰ ਰਾਹੀਂ ਸਫ਼ਰਨਾਮਾ ਲਿਖਦੇ ਹਨ ਜਿਵੇਂ ਡਾਕਟਰ ਸ਼ੇਰ ਸਿੰਘ ਨੇ ਵਲਾਇਤ ਤੋਂ ਆਪਣੀ ਪਤਨੀ ਨੂੰ ਉਥੋਂ ਦੇ ਸਮਾਚਾਰ ਪੱਤਰਾਂ ਰਾਹੀਂ ਲਿਖ ਕੇ ਭੇਜੇ ਤੇ ਮਗਰੋਂ ਇਹ ਪੱਤਰ ਇਕੱਠੇ ਕਰਕੇ ਪ੍ਰਕਾਸ਼ਿਤ ਕਰ ਦਿੱਤੇ ਗਏ। ਇਸ ਤਰ੍ਹਾਂ 'ਪ੍ਰਦੇਸ਼ ਯਾਤਰਾ' ਨਾਂ ਦਾ ਸਫ਼ਰਨਾਮਾ ਹੋਂਦ ਵਿਚ ਆਇਆ। ਦੂਜਾ ਢੰਗ ਹੈ ਰੋਜ਼ਾਨਾਮਚੇ ਜਾਂ ਡਾਇਰੀ ਦਾ ਜਿਸ ਦੀ ਵਰਤੋਂ ਨਰਿੰਦਰਪਾਲ ਸਿੰਘ, ਬਲਰਾਜ ਸਾਹਨੀ ਤੇ ਅੰਮ੍ਰਿਤਾ ਪ੍ਰੀਤਮ ਨੇ ਕੀਤੀ ਹੈ। ਨਰਿੰਦਰਪਾਲ ਸਿੰਘ ਨੇ 'ਦੇਸ਼ਾਂ ਪ੍ਰਦੇਸ਼ਾਂ' ਤੋਂ ਮੇਰਾ ਰੂਸੀ ਸਫ਼ਰਨਾਮਾ ਨਾਂ ਦੀ ਰਚਨਾ ਕਿਸੇ ਢੰਗ ਦੀ ਵਰਤੋਂ ਕਰਕੇ ਕੀਤੀ ਹੈ। ਇਸ ਵਿਚ ਦਿੱਤੇ ਹੋਏ ਵਿਸਥਾਰ ਬੜੇ ਰੋਚਕ ਅਤੇ ਦਿਲਚਸਪ ਹਨ। ਬਲਰਾਜ ਸਾਹਨੀ 'ਮੇਰਾ ਰੂਸੀ ਸਫ਼ਰਨਾਮਾ' 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਸੋਵੀਅਤ ਦੇਸ਼ ਅਤੇ ਪਾਕਿਸਤਾਨ ਸੰਬੰਧੀ ਨਾ ਕੇਵਲ ਸਿਧਾਂਤਕ ਜਾਣਕਾਰੀ ਹੀ ਦਿੰਦਾ ਹੈ ਸਗੋਂ ਉਸ ਮਾਨ ਦੇਸ਼ ਦੇ ਸਮਾਜਕ ਤੇ ਆਰਥਿਕ ਜੀਵਨ ਵਿਚ ਆ ਰਹੀਆਂ ਤਬਦੀਲੀਆਂ ਪ੍ਰਤੀ ਲੇਖਕ ਦੇ ਮਨ ਵਿਚ ਉਪਜੇ ਪ੍ਰਤਿਕਰਮ ਨੂੰ ਵੀ ਪੇਸ਼ ਕਰਦਾ ਹੈ। ਪਾਕਿਸਤਾਨ ਨਾਲ ਬਲਰਾਜ ਸਾਹਨੀ ਦੀ ਭਾਵੁਕ ਸਾਂਝ ਹੈ ਤੇ ਸੋਵੀਅਤ ਦੇਸ਼ ਨਾਲ ਸਿਧਾਂਤਕ। ਭਾਵੇਂ ਦੇਸ਼ ਦੀ ਵੰਡ ਕਾਰਣ ਬਲਰਾਜ ਸਾਹਨੀ ਨੂੰ ਹਿੰਦੁਸਤਾਨ ਆਉਣਾ ਪਿਆ ਪਰ ਰਾਵਲਪਿੰਡੀ ਉਸ ਦੀ ਜਲਮ ਭੂਮੀ ਹੋਂਦ ਕਰਕੇ ਉਸ ਨੂੰ ਜਜ਼ਬਾਤੀ ਤੌਰ 'ਤੇ ਪਾਕਿਸਤਾਨੀ ਇਲਾਕੇ ਨਾਲ ਪਿਆਰ ਹੈ। ਬਲਰਾਜ ਸਾਹਨੀ ਦੇ ਦੋਵੇਂ ਸਫ਼ਰਨਾਮੇ ਆਕਾਰ ਅਤੇ ਗੁਣਾਤਮਕ ਪੱਖ ਤੋਂ ਵਡਮੁੱਲੀ ਪ੍ਰਾਪਤੀ ਹੈ। ਉਸ ਦੀ ਭਾਸ਼ਾ ਉਰਦੂ, ਫਾਰਸੀ ਤੇ ਹਿੰਦੀ ਦੇ ਗੂੜ੍ਹ ਸ਼ਬਦਾਂ ਨਾਲ ਸ਼ਿੰਗਾਰੀ ਹੋਈ ਹੁੰਦੀ ਹੈ ਤੇ ਉਸ ਦੀ ਵਾਰਤਕ ਸ਼ੈਲੀ ਬੜੀ ਸੁੰਦਰ, ਕਾਵਿਮਈ ਅਤੇ ਰੋਚਕ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਯੂਰਪ ਦੀ ਯਾਤਰਾ ਸੰਬੰਧੀ 'ਇੱਕੀ ਪੱਤੀਆਂ ਦਾ ਗੁਲਾਬ' ਨਾਂ ਦੀ ਰਚਨਾ ਕੀਤੀ ਹੈ। ਜਿਹੜੀ ਪਾਠਕ ਨੂੰ ਨਾਵਲ ਦਾ ਸੁਆਦ ਵੀ ਦਿੰਦੀ ਹੈ, ਕਾਵਿਕ ਪੁਸ਼ਪਾਂ ਦੀ ਮਹਿਕ ਵੀ ਛੱਡਦੀ ਹੈ ਅਤੇ ਸਾਹਿਤਕਾਰਾਂ ਨਾਲ ਨਿੱਘੀਆਂ ਮਿਲਣੀਆਂ ਦੇ ਸੁਆਦ ਵੀ ਦਿੰਦੀ ਹੈ, ਕਾਵਿਕ ਪੁਸ਼ਪਾਂ ਦੀ ਮਹਿਕ ਵੀ ਛੱਡਦੀ ਹੈ ਅਤੇ ਸਾਹਿਤਕਾਰਾਂ ਨਾਲ ਨਿੱਘੀਆਂ ਮਿਲਣੀਆਂ ਦੇ ਸੁਆਦ ਨੂੰ ਸਾਹਿਤਕ ਤੌਰ 'ਤੇ ਮਾਣਨ ਦਾ ਅਵਸਰ ਵੀ ਪ੍ਰਦਾਨ ਕਰਦੀ ਹੈ। ਇਸ ਵਿਚ ਸੰਸਾਰ-ਦੋਸਤੀ ਦੇ ਜਜ਼ਬਿਆਂ ਨਾਲ ਭਰਪੂਰ ਛਿਣਾ ਦੀ ਨਿੱਘ ਹੈ। ਸਾਹਿਤ ਅਤੇ ਸਾਹਿਤਕਾਰਾਂ ਦੀ ਆਤਮਾ ਵਿਚ ਝਾਤੀ ਮਾਰ ਕੇ ਦੂਜੇ ਲੋਕਾਂ ਨੂੰ ਜਾਨਣ ਪਛਾਨਣ ਦਾ ਯਤਨ ਹੈ। ਇਹ ਰਚਨਾ ਡਾਇਰੀ ਦੇ ਰੂਪ ਵਿਚ ਹੈ ਪਰ ਅੰਮ੍ਰਿਤਾ ਦੀ ਕਾਵਿਕ ਸ਼ੈਲੀ ਨੇ ਇਸ ਨੂੰ ਬਹੁਤ ਹੀ ਸੁੰਦਰ ਤੇ ਰੋਚਕ ਬਣਾ ਦਿੱਤਾ ਹੈ।

ਬਰਮਾ, ਮਲਾਇਆ, ਸਿਆਮ ਆਦਿ ਦੱਖਣ ਪੂਰਬੀ ਦੇਸ਼ਾਂ ਨਾਲ ਭਗਤ ਦੇ ਸੰਬੰਧ ਪ੍ਰਾਚੀਨ ਕਾਲ ਤੋਂ ਚਲੇ ਆ ਰਹੇ ਹਨ ਤੇ ਇਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਸਾਡੇ ਲੋਕਾਂ ਵਿਚ ਹਮੇਸ਼ਾ ਬਣੀ ਰਹਿੰਦੀ ਹੈ। ਇਸ ਇੱਛਾ ਦੀ ਪੂਰਤੀ ਇਨ੍ਹਾਂ ਦੇਸ਼ਾਂ ਸੰਬੰਧੀ ਲਿਖੇ ਗਏ ਸਫ਼ਰਨਾਮਿਆਂ ਤੋਂ ਕਾਫੀ ਹੱਦ ਤਕ ਹੋ ਜਾਂਦੀ ਹੈ। ਇਸੇ ਪਾਸੇ ਗਿਆਨੀ ਹੀਰਾ ਸਿੰਘ ਦਰਦ ਅਤੇ ਪ੍ਰੋ. ਸ.ਸ. ਅਮੋਲ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਇਨ੍ਹਾਂ ਦੋਹਾਂ ਸਾਹਿਤਕਾਰਾਂ ਨੇ ਕ੍ਰਮਵਾਰ 'ਬ੍ਰਿਜ ਤੇ ਮਲਾਇਆ ਯਾਤਰਾ' ਅਤੇ 'ਅਮੋਲ ਯਾਤਰਾ' ਨਾਂ ਦੀਆਂ ਰਚਨਾਵਾਂ ਕੀਤੀਆਂ ਹਨ। ਗਿਆਨੀ ਹੀਰਾ ਸਿੰਘ ਬੜੇ ਹੀ ਸੁਹਿਰਦ ਅਤੇ ਸੁਲਝੇ ਹੋਏ ਲੇਖਕ ਸਨ। ਭਾਸ਼ਾ ਬੜੀ ਸਰਲ ਤੇ ਸਾਦਾ ਹੈ ਮਲਾਇਆ ਦੇਸ਼ ਦੀਆਂ ਪ੍ਰਸਿੱਧ ਥਾਵਾਂ ਤੇ ਉਥੋਂ ਦੀ ਰਹਿਣੀ-ਬਹਿਣੀ ਨੂੰ ਬੜੇ ਚੰਗੇ ਢੰਗ ਨਾਲ ਚਿਤਰਿਆ ਹੈ। ਅਮੋਲ ਸਾਹਿਬ ਨੇ ਆਪਣੀ ਰਚਨਾ ਵਿਚ ਮਲਾਇਆ ਦੇ ਪ੍ਰਸਿੱਧ ਇਤਿਹਾਸਕ ਸਥਾਨਾਂ ਦਾ ਵਰਣਨ ਕੀਤਾ ਹੈ। ਉਨ੍ਹਾਂ ਨੇ ਉਥੇ ਵਸਣ ਵਾਲੇ ਪੰਜਾਬੀਆਂ ਦੇ ਸਭਿਆਚਾਰਕ ਜੀਵਨ ਨੂੰ ਵੀ ਸਾਡੇ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਇਕ ਹੋਰ ਰਚਨਾ 'ਯਾਤਰੂ ਦੀ ਡਾਇਰੀ' ਵੀ ਛਪੀ ਹੈ ਜਿਸ ਵਿਚ ਭਾਰਤੀ ਤੇ ਬਦੇਸ਼ੀ ਸਥਾਨਾਂ ਬਾਰੇ ਬੜੀ ਰੋਚਕ ਤੇ ਗਿਆਨ ਵਰਧਕ ਜਾਣਕਾਰੀ ਮਿਲਦੀ ਹੈ। ਅਮੋਲ ਦਾ ਲਿਖਣ ਢੰਗ ਬੜਾ ਸਾਦਾ ਤੇ ਭਾਸ਼ਾ ਬੜੀ ਠੇਠ ਤੇ ਟਕਸਾਲੀ ਹੈ।

ਹਿਮਾਲਾ ਪਰਬਤ ਤੇ ਇਸ ਦੇ ਦਾਮਨ ਵਿਚ ਸਥਿਤ ਪਹਾੜੀ ਸਥਾਨ ਮੈਦਾਨ ਵਿਚ ਵਸਦੇ ਲੋਕਾਂ ਲਈ ਸਦਾ ਹੀ ਅਲੌਕਿਕ ਖਿੱਚ ਦਾ ਕਾਰਣ ਰਹੇ ਹਨ। ਹਜ਼ਾਰਾਂ ਲੋਕ ਹਰ ਵਰ੍ਹੇ ਸਥਾਨਾਂ ਦੀ ਯਾਤਰਾ ਕਰਨ ਜਾਂਦੇ ਹਨ। ਪਰ ਉਹ ਕੋਈ ਵਿਰਲਾ ਸਾਹਿਤਕਾਰ ਹੀ ਹੁੰਦਾ ਹੈ ਜਿਹੜਾ ਆਪਣੀ ਯਾਤਰਾ ਦਾ

ਹਾਲ ਘਰ ਬੈਠ ਕੇ ਯਾਤਰਾ ਦਾ ਅਨੰਦ ਲੈਣ ਵਾਲਿਆਂ ਦੀ ਖਾਤਰ ਲਿਖੇ। ਅਜਿਹਾ ਉਪਕਾਰ ਤੇ ਉਦਮ ਪ੍ਰੋ. ਰਾਮ ਸਿੰਘ ਤੇ ਪਿਆਰਾ ਸਿੰਘ ਦਾਤਾ ਨੇ ਕੀਤਾ ਹੈ। ਪ੍ਰੋ. ਰਾਮ ਸਿੰਘ ਨੇ 'ਕਸ਼ਮੀਰ ਤੇ ਕੁੱਲੂ' ਅਤੇ ਪਿਆਰਾ ਸਿੰਘ ਦਾਤਾ ਨੇ 'ਮੇਰੀ ਪਰਬਤ ਯਾਤਰਾ' ਨਾਂ ਦੀਆਂ ਪੁਸਤਕਾਂ ਰਚੀਆ ਹਨ। ਪ੍ਰੋ. ਰਾਮ ਸਿੰਘ ਦੇ ਇਸ ਸਫ਼ਰਨਾਮੇ ਵਿਚ ਕਸ਼ਮੀਰ ਤੇ ਕੁੱਲੂ ਦੀਆਂ ਝੀਲਾਂ, ਚਸ਼ਮਿਆਂ ਤੇ ਹੋਰ ਵੇਖਣਯੋਗ ਸਥਾਨਾਂ ਦਾ ਵਰਨਣ ਕੀਤਾ ਹੈ। ਇਸ ਵਿਚ ਪਹਾੜੀ ਲੋਕਾਂ ਦੀ ਰਹਿਣੀ-ਬਹਿਣੀ ਦੀ ਸੁੰਦਰ ਝਾਕੀ ਵੀ ਪ੍ਰਸਤੁਤ ਕੀਤੀ ਗਈ ਹੈ। ਪੁਸਤਕ ਦਾ ਬਿਆਨ ਬੜਾ ਰੋਚਕ, ਨਾਟਕੀ ਅਤੇ ਉਤਸੁਕਤਾ ਭਰਪੂਰ ਹੈ। ਪਿਆਰਾ ਸਿੰਘ ਦਾਤਾ ਦੀ ਸ਼ੈਲੀ ਬੜੀ ਸਰਲ, ਸਾਦਾ ਤੇ ਜਨ-ਸਾਧਾਰਨ ਦੇ ਪੱਧਰ ਦੀ ਹੈ ਤੇ ਉਹ ਆਪਣੇ ਵਰਨਣ ਨੂੰ ਰੋਚਕ ਬਣਾ ਸਕਣ ਵਿਚ ਬਹੁਤ ਹੀ ਸਫ਼ਲ ਹੈ।

ਫੁਟਕਲ ਰਚਨਾਵਾਂ ਵਿਚ ਅਸੀਂ ਗੰਡਾ ਸਿੰਘ ਦੀ 'ਕਾਬਲ ਦੀ ਯਾਤਰਾ', ਸ. ਹੁਕਮ ਸਿੰਘ ਦੀ 'ਕਈ ਦੇਸ਼ ਤੇ ਕਈ ਲੋਕ' ਜਗਜੀਤ ਸਿੰਘ ਆਨੰਦ ਦੀ 'ਨਵਾਂ ਨਿਆਰਾ ਜਰਮਨੀ', ਬਲਵੰਤ ਗਾਰਗੀ ਦੀ 'ਪਤਾਲ ਦਾ ਬੰਦਾ' ਆਦਿ ਰਚਨਾਵਾਂ ਨੂੰ ਰੱਖ ਸਕਦੇ ਹਾਂ। ਭਾਵੇਂ ਅਮਰੀਕਾ ਦੀ ਯਾਤਰਾ ਬਾਰੇ ਦੋ ਤਿੰਨ ਪੁਸਤਕਾਂ ਪਹਿਲਾਂ ਵੀ ਲਿਖੀਆਂ ਜਾ ਚੁੱਕੀਆਂ ਹਨ। ਜਿਵੇਂ ਡਾਕਟਰ ਪ੍ਰਦੂਮਨ ਸਿੰਘ ਦੀ 'ਅਮਰੀਕਾ ਦਾ ਚੱਕਰ' ਪਰ ਬਲਵੰਤ ਗਾਰਗੀ ਦਾ ਸਫ਼ਰਨਾਮਾ 'ਪਤਾਲ ਦਾ ਬੰਦਾ' ਬੜੀ ਹੀ ਅਨੂਠੀ ਤੇ ਉਤਕ੍ਰਿਸ਼ਟ ਰਚਨਾ ਹੈ ਅਤੇ ਇਸ ਵਿਚ ਲੇਖਕ ਦੀ ਨਾਟਕੀ ਤੇ ਕਾਵਿਮਈ ਸ਼ੈਲੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਡਾ. ਬਲਦੇਵ ਧਾਲੀਵਾਲ ਨੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀ ਪਿਛਲੇ ਸਾਲਾਂ ਵਿਚ ਕੀਤੀ ਯਾਤਰਾ ਨੂੰ ਸਫ਼ਰਨਾਮਾ 'ਮੋਤੀਆਂ ਦੀ ਚੋਗ' ਵਿਚ ਬਹੁਤ ਰੋਚਕ ਅਤੇ ਗਲਪਮਈ ਸ਼ੈਲੀ ਵਿਚ ਪੇਸ਼ ਕੀਤਾ ਹੈ।

ਪ੍ਰੋ. ਕਪੂਰ ਸਿੰਘ ਦੀ ਸ੍ਵੈ-ਜੀਵਨੀ, ਜਿਸ ਦਾ ਅਨੁਵਾਦ 'ਜ਼ਿੰਦਗੀ ਦੇ ਰਾਹਾਂ' 'ਤੇ ਨਾਂ ਅਧੀਨ ਹੋਇਆ ਹੈ। ਸਫ਼ਰਨਾਮੇ ਦੇ ਕੁਝ ਅੰਭ ਵੀ ਆਪਣੇ ਵਿਚ ਸਮੋਈ ਬੈਠੀ ਹੈ। ਇਸ ਵਿਚ ਪ੍ਰੋ. ਪੂਰਨ ਸਿੰਘ, ਬੰਬਈ ਤੋਂ ਜਾਪਾਨ ਦੇ ਨਗਰ ਯੋਕੋਹਾਮ ਤੱਕ ਦੇ ਸਮੁੰਦਰੀ ਸਫਰ ਦਾ ਹਾਲ, ਅਤੇ ਜਾਪਾਨ ਦੇ ਪਰਬਤ ਫਿਉਜੀ-ਯਾਮਾ ਤੇ ਉਸ ਦੇਸ਼ ਦੇ ਕਈ ਪ੍ਰਸਿੱਧ ਸਥਾਨਾਂ ਦਾ ਵਰਣਨ ਬੜੀ ਹੀ ਪ੍ਰਭਾਵਸ਼ਾਲੀ ਸ਼ੈਲੀ ਵਿਚ ਕਰਦਾ ਹੈ। ਇਸੇ ਪ੍ਰਕਾਰ ਗੁਰਬਖਸ਼ ਸਿੰਘ ਦੀ ਸ੍ਵੈ-ਜੀਵਨੀ ਜਿਸ ਦਾ ਜ਼ਿਕਰ ਪਿਛੇ ਆਇਆ ਹੈ, ਵਿਚ ਵੀ ਉਸ ਦੀ ਅਮਰੀਕਾ, ਰੂਸ ਤੇ ਚੀਨ ਆਦਿ ਦੇਸ਼ਾਂ ਦੀ ਯਾਤਰਾ ਦੇ ਪ੍ਰਸੰਗ ਬੜੀ ਹੀ ਰੋਚਕ ਤੇ ਮਨੋਰੰਜਕ ਸ਼ੈਲੀ ਵਿਚ ਪ੍ਰਾਪਤ ਹਨ। ਇਨ੍ਹਾਂ ਦੋਹਾਂ ਰਚਨਾਵਾਂ ਨੂੰ ਆਂਸ਼ਕ ਤੌਰ ਤੇ ਸਫ਼ਰਨਾਮਾ ਸਾਹਿਤ ਅਧੀਨ ਵਿਚਾਰਿਆ ਜਾ ਸਕਦਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਦੇ ਇਹ ਦੋਵੇਂ ਰੂਪ ਜਿਹੜੇ ਜਨਮ ਸਾਖੀ ਸਾਹਿਤ ਦੀਆਂ ਨੀਹਾਂ ਉਤੇ ਵਿਕਸਿਤ ਹੋਏ ਹਨ, ਅਜੇ ਵੀ ਜੀਵਨੀ ਅਤੇ ਯਾਤਰਾ ਦੇ ਅੰਸ਼ਾਂ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ ਤੇ ਇਨ੍ਹਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਕਾਫੀ ਆਸ਼ਾਜਨਕ ਹਨ।

ਪਾਠ ਨੰਬਰ : 1.11

## ਪੰਜਾਬੀ ਪੱਤਰਕਾਰੀ

1. **ਪਾਠ ਦਾ ਮੰਤਵ** : ਪੰਜਾਬੀ ਵਾਰਤਕ-ਸਾਹਿਤ ਦੇ ਇਤਿਹਾਸ ਵਿਚ ਪੰਜਾਬੀ ਪੱਤਰਕਾਰੀ ਦਾ ਵਿਸ਼ੇਸ਼ ਸਥਾਨ ਹੈ। ਪੰਜਾਬੀ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਪਿੱਛੋਂ ਅੰਗਰੇਜ਼ੀ ਪ੍ਰਭਾਵ ਪੱਤਰਕਾਰੀ ਦੇ ਮਹੱਤਵ ਨੂੰ ਸਮਝਿਆ ਜਾਣ ਲੱਗ ਪਿਆ ਅਤੇ ਪੰਜਾਬ ਵਿਚ ਭਿੰਨ ਭਿੰਨ ਧਾਰਮਿਕ ਤੇ ਸਮਾਜਿਕ ਲਹਿਰਾਂ ਦੇ ਪ੍ਰਚਾਰ ਲਈ ਦੈਨਿਕ, ਸਪਤਾਹਿਕ ਤੇ ਮਾਸਿਕ ਪੱਤਰਾਂ ਦੀ ਸਹਾਇਤਾ ਲਈ ਜਾਣ ਲੱਗੀ। ਹੌਲੀ-ਹੌਲੀ ਪੱਤਰਕਾਰੀ ਦਾ ਵਿਕਾਸ ਹੁੰਦਾ ਗਿਆ ਤੇ ਸਮਾਂ ਪਾ ਕੇ ਇਸ ਨੇ ਸਾਹਿਤ ਜਗਤ ਵਿਚ ਮਹੱਤਵਪੂਰਣ ਸਥਾਨ ਬਣਾ ਲਿਆ। ਹੁਣ ਪੱਤਰਕਾਰੀ ਨੂੰ ਵਿਚਾਰ ਪ੍ਰਗਟਾਅ ਦਾ ਇਕ ਜ਼ੋਰਦਾਰ ਮਾਧਿਅਮ ਸਮਝਿਆ ਜਾਂਦਾ ਹੈ। ਇਸ ਪਾਠ ਵਿਚ ਪੰਜਾਬੀ ਪੱਤਰਕਾਰੀ ਦੇ ਜਨਮ ਅਤੇ ਵਿਕਾਸ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।

2. **ਰੂਪ ਰੇਖਾ** : ਭੂਮਿਕਾ-ਮੁੱਢਲਾ ਯੁੱਗ-ਜਾਗ੍ਰਿਤੀ ਕਾਲ-ਮੱਧ-ਪਰਿਵਰਤਨ ਕਾਲ-ਵਰਤਮਾਨ ਕਾਲ (1952 ਤੋਂ ਹੁਣ ਤੱਕ) ਪੱਤਰਕਾਰੀ ਦੇ ਸਾਹਮਣੇ ਕਠਿਨਾਈਆਂ-ਆਸ਼ਾਵਾਂ ਤੇ ਸੰਭਾਵਨਾਵਾਂ।

3. **ਭੂਮਿਕਾ** : ਪੱਤਰਕਾਰੀ ਦਾ ਆਰੰਭ ਕਿਸੇ ਭਾਸ਼ਾ ਅਤੇ ਉਸ ਦੇ ਸਾਹਿਤ ਲਈ ਸ਼ੁਭ ਆਗਮਨ ਹੁੰਦਾ ਹੈ। ਭਾਰਤ ਵਿਚ ਪੱਤਰਕਾਰੀ ਦਾ ਆਰੰਭ ਅੰਗਰੇਜ਼ੀ ਪੱਤਰਕਾਰੀ ਦੀ ਨਕਲ ਵਿੱਚ ਹੋਇਆ। ਸਭ ਤੋਂ ਪਹਿਲਾਂ ਸਮਾਚਾਰ ਪੱਤਰ 29 ਜਨਵਰੀ, 1780 ਈ: ਨੂੰ ਜੇਮਜ਼ ਆਗਸਟਸ ਹਿੱਕੀ ਨੇ 'ਬੰਗਾਲ ਗਜ਼ਟ' ਜਾਂ 'ਕਲਕੱਤਾ ਜਰਨਲ ਐਡਵਰਟਾਈਜ਼ਰ' ਨਾਂ ਹੇਠ ਜਾਰੀ ਕੀਤਾ। ਪੰਜਾਬ ਪੱਤਰਕਾਰੀ ਦਾ ਆਰੰਭ ਇਸ ਤੋਂ ਠੀਕ ਇਸ ਸਦੀ ਪਿਛੋਂ ਹੋਇਆ। ਇਸ ਦੀ ਉਮਰ ਛੁਟੇਰੀ ਹੋਣ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਇਹ ਹੈ ਕਿ; ਜਿਵੇਂ ਉੱਪਰ ਸੰਕੇਤ ਕੀਤਾ ਗਿਆ ਹੈ, ਪੰਜਾਬੀ ਪੱਤਰਕਾਰੀ ਅੰਗਰੇਜ਼ੀ ਰਾਜ ਦੀ ਦੇਣ ਹੈ ਜੋ 1849 ਈ. ਤੋਂ ਪਿਛੋਂ ਪੰਜਾਬ ਉੱਪਰ ਸਥਾਪਿਤ ਹੋਇਆ ਸੀ। 1849 ਈ: ਤੱਕ ਦਾ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਰਿਹਾ ਜਿਸ ਕਰਕੇ ਪੰਜਾਬ ਵਿਚ ਕੋਈ ਪੱਤਰ ਨਾ ਨਿਕਲ ਸਕਿਆ। ਬੇਸ਼ਕ ਸਿੱਖ ਰਾਜ ਦੇ ਖਾਤਮੇ ਪਿਛੋਂ ਸਾਰਾ ਪੰਜਾਬ ਅੰਗਰੇਜ਼ਾ ਦੇ ਅਧੀਨ ਹੋ ਗਿਆ ਪਰ ਛੇਤੀ ਕੀਤੇ ਪੰਜਾਬੀ ਅਖਬਾਰ ਦਾ ਤਸਵੱਰ ਨਾ ਤੇ ਅੰਗਰੇਜ਼ਾਂ ਦੇ ਮਨ ਵਿਚ ਆਇਆ ਤੇ ਨਾ ਦੇਸੀ ਲੋਕਾਂ ਦੇ। ਉਂਜ ਕਿਹਾ ਜਾਂਦਾ ਹੈ ਕਿ 1837 ਈ: ਵਿਚ ਜਦ ਸੀਰਾਮਪੁਰ ਵਾਲੇ ਮਿਸ਼ਨ ਦੀ ਇਕ ਸ਼ਾਖਾ ਲੁਧਿਆਣੇ ਸਥਾਪਿਤ ਕੀਤੀ ਗਈ ਤਾਂ ਉਸ ਮਿਸ਼ਨ ਦੇ ਪਾਦਰੀ ਨੇ 1850-60 ਈ. ਦੇ ਦਹਾਕੇ ਵਿਚ ਇਕ ਅਖਬਾਰ ਉਥੋਂ ਕੱਢਿਆ, ਪਰ ਇਹ ਗੱਲ ਅਜੇ ਹੋਰ ਖੋਜ ਦੀ ਮੁਥਾਜ ਹੈ। 1850-60 ਈ. ਤੋਂ ਲੈ ਕੇ ਹੁਣ ਤੱਕ ਦੀ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਬੜਾ ਵਿਸਤ੍ਰਿਤ ਤੇ ਰੋਚਕ ਹੈ। ਅਧਿਐਨ ਦੀ ਸੌਖ ਹਿਤ ਇਸ ਸਾਰੇ ਇਤਿਹਾਸ ਅਤੇ ਫੈਲਾਓ ਨੂੰ ਹੇਠ ਲਿਖੇ ਪੜਾਵਾਂ ਵਿਚ ਵੰਡ ਕੇ ਵਿਚਾਰ ਕੀਤਾ ਜਾਵੇਗਾ।

### 4. ਮੂਲ ਪਾਠ

### 4.1 ਮੁੱਢਲਾ ਯੁੱਗ (1880-1900)

ਜਿਥੋਂ ਤਕ ਇਤਿਹਾਸ ਗੁਆਹੀ ਦੇਂਦਾ ਹੈ ਪੰਜਾਬੀ ਦਾ ਪਹਿਲਾ ਅਖਬਾਰ 'ਅਖਬਾਰ ਸ੍ਰੀ ਦਰਬਾਰ ਸਾਹਿਬ' ਹੈ। ਇਸ ਦਾ ਨਿਸ਼ਾਨਾ ਸਿੱਖਾਂ ਵਿਚ ਹਿੰਦੂ ਮੱਤ ਦਾ ਪ੍ਰਚਾਰ ਕਰਨਾ ਸੀ। ਇਸ ਦੇ ਐਡੀਟਰ ਮੁਨਸ਼ੀ ਹਰੀ ਨਰਾਇਣ ਤੇ ਫਿਰਾਇਆ ਲਾਲ ਸਨ ਜੋ ਅੰਗਰੇਜ਼ਾਂ ਦੇ ਅਡੋਲ ਰਾਜ ਭਗਤ ਸਨ। ਇਸ ਅਖਬਾਰ ਦਾ ਨਾਂ ਤਾਂ ਸਿੱਖਾਂ ਵਾਲਾ ਸੀ ਪਰ ਇਸ ਦਾ ਨਜ਼ਰੀਆਂ ਸਿੱਖਾਂ ਨਾਲ ਮੇਲ ਨਹੀਂ ਖਾਂਦਾ ਸੀ।

1872 ਵਿਚ 'ਕਵੀ ਚੰਦਰੋਦਿਯ' ਅਤੇ 'ਸੁਕਾਵਿਯ ਸੰਬੋਧਨੀ' ਜਾਰੀ ਹੋਏ। ਇਨ੍ਹਾਂ ਦੀ ਭਾਵਨਾ ਵੀ ਪਹਿਲੇ ਅਖਬਾਰ ਵਾਲੀ ਹੀ ਸੀ। ਬੋਲੀ ਵਿਚ ਬ੍ਰਜੀ ਅਤੇ ਸੰਸਕ੍ਰਿਤ ਸ਼ਬਦਾਂ ਦਾ ਭਰਮਾਰ ਹੁੰਦੀ ਸੀ।

ਸਿੰਘ ਸਭਾ ਲਹਿਰ ਦੇ ਜਨਮ ਨਾਲ ਪੰਜਾਬੀ ਵਿਚ ਇਕ ਨਵਾਂ ਮੋੜ ਆਇਆ ਕਿਉਂਕਿ ਇਸ ਦੇ ਮੋਢੀਆਂ ਨੇ ਠੇਠ ਤੇ ਸ਼ੁਧ ਪੰਜਾਬੀ ਨੂੰ ਸੁਚੇਤ ਤੌਰ ਤੇ ਆਪਣੇ ਪ੍ਰਚਾਰ ਲਈ ਵਰਤਿਆ। ਸਿੰਘ ਸਭਾ ਲਹਿਰ ਮੁੱਢਲੇ ਤੌਰ ਤੇ ਇਕ ਧਾਰਮਿਕ ਲਹਿਰ ਹੀ ਸੀ ਜੋ ਈਸਾਈ ਪ੍ਰਚਾਰਕਾਂ ਦੇ ਵਧ ਰਹੇ ਪ੍ਰਚਾਰ ਨੂੰ ਰੋਕਣ ਅਤੇ ਸਿੱਖਾਂ ਵਿਚੋਂ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਚਲਾਈ ਗਈ ਸੀ। ਸਿੰਘ ਸਭਾ ਲਹਿਰ ਦੇ ਆਸ਼ਿਆਂ ਨੂੰ ਪ੍ਰਚਾਰਨ ਲਈ 10 ਨਵੰਬਰ, 1880 ਈ. ਨੂੰ 'ਗੁਰਮੁਖੀ ਅਖਬਾਰ' ਤੇ 1885 ਈ. ਵਿਚ 'ਖਾਲਸਾ ਅਖਬਾਰ' ਜਾਰੀ ਕੀਤੇ ਗਏ। ਇਸ ਸਮੇਂ ਵਿਚ ਉਪਜੇ ਤੇ ਕਾਲ ਵਸ ਹੋਏ ਪੱਤਰਾਂ ਦੀ ਸਵਿਸਥਾਰ ਸੂਚੀ ਇਸ ਪ੍ਰਕਾਰ ਹੈ।

4.1.1. **ਸਪਤਾਹਿਕ** : ਗੁਰਮੁਖੀ ਅਖਬਾਰ, ਖਾਲਸਾ ਅਖਬਾਰ, ਖਾਲਸਾ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਸਿੰਘ ਸਭਾ ਗਜ਼ਟ, ਲਾਇਲ ਖਾਲਸਾ ਗਜ਼ਟ, ਸਤ ਧਰਮ ਪ੍ਰਚਾਰਕ, ਖਾਲਸਾ ਸਮਾਚਾਰ ਆਦਿ।

4.1.2. **ਮਾਸਿਕ ਪੱਤਰ** : ਵਿਦਿਆਰਕ, ਪੰਜਾਬ ਸੁਧਾਰਕ, ਸੁਧਾਰ ਪਤ੍ਰਿਕਾ, ਸੁਧਾਸਾਗਰ, ਨਿਰਗੁਣਿਆਰਾ, ਭਾਰਤ ਸੁਧਾਰ, ਖਾਲਸਾ ਧਰਮ ਪ੍ਰਚਾਰਕ, ਅਮੋਲ ਪਤ੍ਰਿਕਾ, ਨੌਜਵਾਨ ਬਹਾਦਰ, ਧਰਮ ਪ੍ਰਚਾਰ, ਸ਼ੁੱਧੀ ਪੱਤਰ।

ਇਨ੍ਹਾਂ ਅਖਬਾਰਾਂ ਨੇ ਰਸਾਲਿਆਂ ਨੇ ਆਪਣਾ ਆਸ਼ਾ ਪੂਰੀ ਤਨਦੇਹੀ ਨਾਲ ਪ੍ਰਚਾਰਿਆ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਰੇ ਪੰਜਾਬ ਵਿਚ ਸਿੰਘ ਸਭਾਵਾਂ ਦਾ ਇਕ ਕਿਸਮ ਦਾ ਜਾਲ ਵਿਛ ਗਿਆ। ਇਨ੍ਹਾਂ ਸਾਰੀਆਂ ਸਭਾਵਾਂ ਨੂੰ ਇਕ ਸੂਤਰ ਵਿਚ ਪਰੋਣ ਲਈ ਖਾਲਸਾ ਦੀਵਾਨ ਅੰਮ੍ਰਿਤਸਰ ਤੇ ਖਾਲਸਾ ਦੀਵਾਨ ਲਾਹੌਰ 1885 ਈ. ਵਿਚ ਕਾਇਮ ਹੋਏ। ਧਾਰਮਿਕ ਪ੍ਰਚਾਰ ਨਾਲ ਇਹ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਉੱਨਤੀ ਲਈ ਵੀ ਪੂਰੇ ਜੋਸ਼ ਤੇ ਉਤਸ਼ਾਹ ਨਾਲ ਲੋਕਾਂ ਨੂੰ ਅਪੀਲਾਂ ਕਰਦੇ। ਇਨ੍ਹਾਂ ਅਖਬਾਰਾਂ ਦੀ ਟੱਕਰ ਜ਼ਿਆਦਾ ਕਰਕੇ ਆਰੀਆ ਸਮਾਜੀਆਂ ਦੇ ਹਮਲਿਆਂ ਨਾਲ ਹੁੰਦੀ ਸੀ। ਆਰੀਆ ਸਮਾਜੀਆਂ ਨੇ ਸਿੱਖਾਂ ਨੂੰ ਬੁੱਤ ਪੂਜਾ, ਹਿੰਦੂ ਧਰਮ ਦਾ ਇਕ ਅੰਗ, ਸਿੱਖ ਇਤਿਹਾਸ, ਤੇ ਗੁਰੂ ਸਾਹਿਬਾਨ ਸੰਬੰਧੀ ਜਿਹੜੀਆਂ ਗਲਤ ਬਿਆਨੀਆਂ ਕਰਕੇ ਇਲਜ਼ਾਮ ਤਰਾਸ਼ੀਆਂ ਕੀਤੀਆਂ ਸਨ ਉਨ੍ਹਾਂ ਦਾ ਜਵਾਬ ਦੇਣ ਲਈ ਗਿਆਨੀ ਦਿੱਤ ਸਿੰਘ ਨੇ ਚੰਗੀ ਕਲਮ ਚਲਾਈ। ਸਿੱਖਾਂ ਵਿਚ ਵਿਦਿਆ-ਪ੍ਰਚਾਰ ਤੇ ਖਾਸ ਕਰਕੇ ਖਾਲਸਾ ਕਾਲਜ ਦੀ ਕਾਇਮੀ ਲਈ ਇਨ੍ਹਾਂ ਅਖਬਾਰਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਇੰਜ ਪੰਜਾਬੀ ਪੱਤਰਾਂ ਤੇ ਆਰੰਭਿਕ ਦੌਰ ਦਾ ਸਰਵੇਖਣ ਸਾਨੂੰ ਇਸ ਸਿੱਟੇ ਤੇ ਪਹੁੰਚਾਉਂਦਾ ਹੈ ਕਿ ਜਿਸ ਲਹਿਰ ਦੀ ਇਹ ਪੈਦਾਵਾਰ ਸਨ, ਉਸ ਨੂੰ ਇਨ੍ਹਾਂ ਨੇ ਪੂਰੀ ਸਫਲਤਾ ਨਾਲ ਅਗਾਂਹ ਵਧਾਇਆ। ਸਿੱਖੀ ਸਿਧਾਂਤਾਂ ਦਾ ਪ੍ਰਚਾਰ ਤੇ ਸਪਸ਼ਟੀਕਰਨ, ਮਨਮਤੀ ਵਿਚਾਰਾਂ ਨੂੰ ਹੂੰਝਣਾ, ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉੱਨਤੀ ਕਰਨਾ, ਪੱਛਮੀ ਵਿਦਿਆ ਦਾ ਪ੍ਰਚਾਰ ਕਰਨਾ, ਇਸ ਦੌਰ ਦੇ ਪੱਤਰਾਂ ਦੇ ਮੁੱਖ ਆਸ਼ੇ ਹਨ।

ਉਸ ਸਮੇਂ ਦੇ ਪੱਤਰਕਾਰਾ ਵਿਚ ਪ੍ਰਮੁੱਖ ਇਹ ਹਨ। (ਪ੍ਰੋ. ਗੁਰਮੁਖ ਸਿੰਘ, ਗਿਆਨ ਦਿੱਤ ਸਿੰਘ, ਗਿਆਨੀ ਝੰਡਾ ਸਿੰਘ, ਬਾਵਾ ਖੇਮ ਸਿੰਘ ਬੇਦੀ, ਭਾਈ ਲਹਿਣਾ ਸਿੰਘ, ਭਾਈ ਅਵਤਾਰ ਸਿੰਘ, ਭਾਈ ਲਾਹੌਰਾ ਸਿੰਘ, ਬਸੰਤ ਸਿੰਘ, ਡਾ. ਚਰਨ ਸਿੰਘ, ਬਾਬੂ ਰਾਜਿੰਦਰ ਸਿੰਘ ਸਿਆਲਕੋਟ ਅਤੇ ਭਾਈ ਮੱਈਆ ਸਿੰਘ ਆਦਿ।

4.2 **ਜਾਗ੍ਰਿਤੀ ਕਾਲ (1900-1920)** : ਵੀਹਵੀਂ ਸਦੀ ਪੰਜਾਬੀ ਜਨਤਾ ਅਤੇ ਪੱਤਰਕਾਰੀ ਲਈ ਕਈ ਪੱਖੋਂ ਵਿਸ਼ੇਸ਼ ਹੈ, ਜਿਸ ਦਾ ਜਿਕਰ ਅੱਗੇ ਚਲ ਕੇ ਕੀਤਾ ਜਾਵੇਗਾ। ਹਾਲ ਦੀ ਘੜੀ ਅਸੀਂ ਉਨ੍ਹਾਂ ਅਖਬਾਰਾਂ ਤੇ ਰਸਾਲਿਆਂ ਦਾ ਸਰਵੇਖਣ ਕਰਾਂਗੇ ਜੋ ਇਸ ਸਮੇਂ ਸ਼ੁਰੂ ਹੋਏ।

4.2.1. **ਰੋਜ਼ਾਨਾ** : ਇਸ ਸਮੇਂ ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖਬਾਰ 'ਸ਼ਹੀਦ' 4 ਦਸੰਬਰ, 1911 ਈ. ਨੂੰ ਅੰਮ੍ਰਿਤਸਰ ਤੋਂ ਜਾਰੀ ਹੋਇਆ। ਸੰਪਾਦਕ ਸ. ਸ. ਚਰਨ ਸਿੰਘ ਸ਼ਹੀਦ ਸਨ। ਚੰਗਾ ਸਾਹਿਤ ਪੈਦਾ ਕਰਨ ਤੇ ਸਿੱਖ ਧਰਮ ਨੂੰ ਪ੍ਰਚਾਰਨਾ ਇਸ ਅਖਬਾਰ ਦਾ ਮੁੱਖ ਮਨੋਰਥ ਸੀ। ਸ਼ਹੀਦ ਨੂੰ ਜਾਰੀ ਹੋਇਆ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਆਰੀਆ ਸਮਾਜੀਆਂ ਬਾਰੇ ਇਕ ਲੇਖ ਲਿਖਣ ਬਦਲੇ ਇਸ ਦੇ ਸੰਪਾਦਕ ਨੂੰ ਜੁਰਮਾਨਾ ਕੀਤਾ ਗਿਆ ਜਿਸ ਪਿਛੋਂ ਇਹ ਬੰਦ ਹੋ ਗਿਆ।

4.2.2. **ਤਿੰਨ ਰੋਜ਼ਾ** : 'ਸੱਚਾ ਢੰਡੋਰਾ' 3 ਅਗਸਤ, 1909 ਨੂੰ ਲਾਇਲਪੁਰ ਤੋਂ ਆਰੰਭ ਹੋਇਆ।

ਇਹ ਥੋੜ੍ਹਾ ਚਿਰ ਹੀ ਚੱਲਿਆ ਤੇ ਪਿਛੋਂ ਬੰਦ ਹੋ ਗਿਆ। ਐਡੀਟਰ ਮਾਸਟਰ ਤਾਰਾ ਸਿੰਘ ਸਨ।

4.2.3. **ਸਪਤਾਹਿਕ** : ਪੰਜਾਬ ਕੇਸਰੀ, ਸਿਵਲ ਮਿਲਟਰੀ ਅਖਬਾਰ, ਪਰਮ, ਬੀਰ, ਪੰਜਾਬੀ ਪਟਿਆਲਾ ਗਜ਼ਟ, ਪੰਜਾਬੀ ਰਿਪੋਰਟਰ, ਪੰਥ ਸੇਵਕ, ਫੌਜੀ ਅਖਬਾਰ ਪੰਜਾਬ ਦਰਪਣ, ਸੁਤੰਤਰ ਸਿੱਖ ਸਿਪਾਹੀ, ਹੱਕ, ਪੰਥ ਮਿੱਤਰ।

4.2.4. **ਅੱਠ ਰੋਜ਼ਾ** : ਅੰਮ੍ਰਿਤਸਰ ਪਤ੍ਰਿਕਾ, ਅਰੋੜਾ ਬੰਸ ਗਜ਼ਟ, ਆਹਲੂਵਾਲੀਆ ਗਜ਼ਟ।

4.2.5. **ਮਾਸਕ ਪੱਤਰ** : ਉਪਕਾਰੀ, ਗੁਰਮਤ ਪ੍ਰਚਾਰ, ਰਾਮਗੜ੍ਹੀਆਂ, ਪਤ੍ਰਿਕਾ, ਖਾਲਸਾ ਸੇਵਕ, ਇਸਤ੍ਰੀ ਸਤਿਸੰਗ, ਖਾਲਸਾ ਯੰਗ ਮੈਨਜ਼ ਮੈਗਜ਼ੀਨ, ਪੰਜਾਬੀ, ਸੇਵਕ, ਦੁਖਨਿਵਾਰਨ, ਮੁਫੀਦ ਆਮ ਪੰਥ, ਗ੍ਰੰਥੀ, ਪੰਜਾਬੀ ਭੈਣ, ਨੌ ਰਤਨ, ਇਸਤਰੀ ਸਮਾਚਾਰ, ਬੀਰ, ਨਿਰਮਲ, ਮਹਿਮਾ ਪੱਤ੍ਰਿਕਾ, ਵਿਸ਼ਕਰਮਾ, ਦਿੱਤਾ ਸਿੰਘ ਮੈਗਜ਼ੀਨ, ਵੈਦਰਾਜ, ਪੰਜਾਬੀ ਸੂਰਮਾ, ਫੁਲਵਾੜੀ, ਨਾਮਦੇਵ ਪਤ੍ਰ, ਟੈਂਪਰੈਂਸ, ਮੈਗਜ਼ੀਨ, ਜੀਵਨ ਸੁਧਾਰ, ਸੁਖਦਾਤਾ, ਇਸਤਰੀ ਸੁਧਾਰ, ਸੱਚਖੰਡ, ਸੁਖ ਜੀਵਨ, ਪੰਥ ਹਿਤਕਾਰੀ, ਚਕਿਤਸਾ, ਦਰਪਨ, ਸੁਘੜ ਸਹੇਲੀ, ਭੁਜੰਗਣ ਪੱਤਰ, ਇਸਤਰੀ ਸੁਧਾਰ, ਗੁਰਮਤਿ ਪ੍ਰਚਾਰ ਮੈਗਜ਼ੀਨ, ਗੁਰਮਤਿ ਪ੍ਰਕਾਸ਼ਕ ਆਦਿ।

1900-1920 ਦੇ ਸਮੇਂ ਵਿਚ ਪੰਜਾਬ, ਭਾਰਤ ਅਤੇ ਅੰਤਰ-ਰਾਸ਼ਟਰੀ ਪੱਧਰ ਉੱਤੇ ਕਈ ਰਾਜਨੀਤਿਕ ਅਤੇ ਇਤਿਹਾਸਕ ਪਰਿਵਰਤਨ ਆਏ ਜਿਨ੍ਹਾਂ ਦਾ ਪੰਜਾਬੀ ਅਖਬਾਰਾਂ ਅਤੇ ਰਸਾਲਿਆਂ ਉੱਪਰ ਪ੍ਰਭਾਵ ਪਿਆ। ਇਸ ਸਮੇਂ ਦੀ ਇਕ ਹੋਰ ਗੱਲ ਹੈ। ਜਿਥੇ 1900 ਈ. ਤੱਕ ਲੋਕ ਰਾਜਨੀਤਿਕ ਸਰਗਰਮੀਆਂ ਤੋਂ ਬਿਲਕੁਲ ਕੋਰੇ ਜਾਂ ਟੁਟੇ ਹੋਏ ਸਨ ਉਥੇ ਇਸ ਸਮੇਂ ਵਿਚ ਉਹ ਇਸ ਖੇਤਰ ਵਿਚ ਯਤਨਸ਼ੀਲ ਹੋਏ। ਲੋਕਾ ਨੇ ਸੁਚੇਤ ਤੌਰ ਤੇ ਭਾਰਤ ਤੇ ਪੰਜਾਬ ਵਿਚ ਜਨਤਕ ਲਹਿਰਾਂ ਚਲਾਈਆਂ ਜਿਨ੍ਹਾਂ ਦਾ ਪ੍ਰਚਾਰ ਅਖ਼ਬਾਰਾਂ ਰਾਹੀਂ ਕੀਤਾ ਜਾਣ ਲੱਗਾ ਜਿਸ ਕਰਕੇ ਇਨ੍ਹਾਂ ਅਖਬਾਰਾਂ ਅਤੇ ਇਨ੍ਹਾਂ ਦੇ ਸੰਪਾਦਕਾਂ ਨੂੰ ਵੱਡੀ ਕੁਰਬਾਨੀ ਵੀ ਦੇਣੀ ਪਈ। ਕੁਝ ਪ੍ਰਮੁੱਖ ਘਟਨਾਵਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ : 1902 ਦੀ ਪਲੇਗ, 1903 ਵਿਚ ਐਡਰਵਡ ਸੱਤਵੇਂ ਦੀ ਤਾਜਪੋਸ਼ੀ, 1914 ਵਿਚ ਕਾਮਗਾਟਾ ਮਾਰੂ ਜਹਾਜ਼ ਦੀ ਘਟਨਾ, 1905 ਵਿਚ ਹੋਈ ਬੰਗਾਲ ਦੀ ਵੰਡ, 1907 ਵਿਚ ਬਾਰਾਂ ਦਾ ਵਸਾਉਣਾ, ਪਰ ਅਬਾਦਕਾਰਾਂ ਉੱਪਰ ਲਾਈਆਂ ਗਈਆਂ ਪਾਬੰਦੀਆਂ। 1908 ਵਿਚ ਬਾਲ ਗੰਗਾਧਰ ਤਿਲਕ ਦੀ ਹੋਈ ਗ੍ਰਿਫਤਾਰੀ, 1911 ਵਿਚ ਸ਼ਹਿਨਸ਼ਾਹ ਸੱਤਵੇਂ ਦੀ ਤਾਜਪੋਸ਼ੀ, 1 ਮਾਰਚ 1912 ਵਿਚ ਵਾਸ਼ਿੰਗਟਨ ਵਿਚ ਹੋਇਆ ਭਾਰਤੀਆਂ ਦਾ ਇਕੱਠ ਅਤੇ ਆਜ਼ਾਦੀ ਲਈ ਪ੍ਰਣ, ਗਦਰ ਪਾਰਟੀ ਲਹਿਰ, ਗੁਰਦੁਆਰਿਆ ਦਾ ਨਾਕਿਸ ਪ੍ਰਬੰਧ, 1914 ਦੀ ਪਹਿਲੀ ਵੱਡੀ ਜੰਗ ਤੇ ਪੰਜਾਬ ਉੱਪਰ ਇਸ ਦਾ ਅਸਰ, ਰੋਲਟ ਐਕਟ ਤੇ ਜਲ੍ਹਿਆਂ ਵਾਲੇ ਬਾਗ ਦਾ ਦੁਖਾਂਤ, ਅਜੀਤ ਸਿੰਘ ਨੂੰ ਦੇਸ਼ ਨਿਕਾਲਾ, ਰਕਾਬ ਗੰਜ ਦੀ ਕੰਧ ਦਾ ਢਾਹਿਆ ਜਾਣਾ ਅਤੇ ਕਿਰਪਾਨ ਉੱਪਰ ਪਾਬੰਦੀ ਆਦਿ।

ਇਨ੍ਹਾਂ ਸਭ ਘਟਨਾਵਾਂ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਅਖਬਾਰ ਤੇ ਰਸਾਲੇ ਉੱਪਰ ਪਿਆ ਵੇਖਿਆ ਜਾ ਸਕਦਾ ਪਰ ਜਿਹੜੇ ਪੱਤਰ ਸਿੰਘ ਸਭਾ ਲਹਿਰ ਦੇ ਅਸਰ ਅਧੀਨ ਚਲ ਰਹੇ ਸਨ, ਉਨ੍ਹਾਂ ਵਿਚ ਪਿਛਲੇ ਸਮੇਂ ਵਾਲਾ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਇਸ ਸਮੇਂ ਪੱਤਰਾਂ ਵਿਚ ਵੇਖਿਆ ਜਾ ਸਕਦਾ ਹੈ।

ਇਸ ਯੁਗ ਵਿਚ ਹੀ ਕੁਝ ਪਰਚੇ ਵਿਸ਼ੇਸ਼ ਜਾਤ ਬਰਾਦਰੀਆਂ ਵੱਲੋਂ ਕੱਢੇ ਗਏ ਜਿਨ੍ਹਾਂ ਵਿਚ ਬਰਾਦਰੀ ਦੇ ਲੋਕਾਂ ਨੂੰ ਇਕ ਮੁਠ ਹੋਣ, ਆਪਣੇ ਵਰਗ ਦੇ ਹਿਤਾਂ ਲਈ ਸੋਚਣ ਅਤੇ ਕੁਝ ਕਰਨ ਲਈ ਕਿਹਾ ਗਿਆ ਹੁੰਦਾ ਸੀ। ਕਿੱਤਿਆਂ ਸੰਬੰਧੀ ਪਰਚਿਆਂ ਵਿਚੋਂ ਕੁਝ ਚਕਿਤਸਾ ਅਤੇ ਇਲਾਜ ਦੇ ਪੱਤਰ ਹੁੰਦੇ ਸਨ ਜਿਨ੍ਹਾਂ ਵਿਚ ਰੋਗ, ਉਨ੍ਹਾਂ ਦੀ ਪਛਾਣ, ਸਿਹਤ ਅਤੇ ਉਨ੍ਹਾਂ ਦਾ ਅਸਰ ਅਤੇ ਦਵਾਈਆਂ ਦਾ ਜਿਕਰ ਹੀ ਹੁੰਦਾ ਸੀ। ਇਕ ਅੱਧ ਪਰਚਾ ਫੋਟੋਗ੍ਰਾਫੀ ਬਾਰੇ ਵੀ ਸੀ, ਕੁਝ ਪਰਚੇ ਨਿਰੋਲ ਇਸਤਰੀ ਸਮੱਸਿਆਵਾਂ, ਸਮਾਜ ਵਿਚ ਉਨ੍ਹਾਂ ਦਾ ਸਥਾਨ ਉਨ੍ਹਾਂ ਵਿਚ ਵਿਦਿਆ ਦਾ ਪ੍ਰਚਾਰ ਤੇ ਹੋਰ ਪ੍ਰੇਰਣਾ ਦਾਇਕ ਗੱਲਾਂ ਬਾਰੇ ਹੁੰਦੇ ਸਨ। ਜਿਥੋਂ ਤਕ ਇਨ੍ਹਾਂ ਦੀ ਛਪਣ ਗਿਣਤੀ ਦਾ ਸੰਬੰਧ ਹੈ ਉਹ ਵੀ ਹਰ ਇਥ ਦੀ ਵੱਖੋਂ ਵੱਖਰੀ ਸੀ ਕਿਉਂਕਿ ਹਰੇਕ ਅਖ਼ਬਾਰ ਜਾਂ ਰਸਾਲੇ ਦਾ ਪਾਠਕ ਵਰਗ ਸੀਮਿਤ ਹੁੰਦਾ ਸੀ। ਪਿਛਲੇ ਸਮੇਂ ਵਾਂਗ ਇਸ ਸਮੇਂ ਵੀ ਕਈ ਪਰਚੇ ਨਵੇਂ ਨਿਕਲੇ ਤੇ ਉਸੇ ਰਫ਼ਤਾਰ ਨਾਲ ਅਲੋਪ ਹੋ ਗਏ।

**4.3. ਮੱਧ ਯੁਗ (1920–1935)** : ਪੰਜਾਬੀ ਪੱਤਰਕਾਰੀ ਦਾ ਇਹ ਯੁਗ ਅਕਾਲੀ ਲਹਿਰ ਨਾਲ ਸ਼ੁਰੂ ਹੁੰਦਾ ਹੈ। ਇਸ ਯੁਗ ਵਿਚ ਨਿਕਲੇ ਦੈਨਿਕ ਪੱਤਰਾਂ ਦੀ ਗਿਣਤੀ ਨੂੰ ਦੇਖਕੇ ਇਸ ਕਾਲ ਨੂੰ ਦੈਨਿਕ ਪੱਤਰਾਂ ਦਾ ਯੁੱਗ ਆਖਿਆ ਜਾ ਸਕਦਾ ਹੈ। ਇਸ ਸਮੇਂ 23 ਰੋਜ਼ਾਨਾ ਅਖ਼ਬਾਰ ਸ਼ੁਰੂ ਹੋਏ। ਇਸ ਦਾ ਵੱਡਾ ਕਾਰਨ ਲੋਕਾਂ ਦੀ ਰਾਜਸੀ ਲਹਿਰ ਵਿਚ ਵਧ ਰਹੀ ਸਰਗਰਮੀ ਸੀ। 23 ਰੋਜ਼ਾਨਾ ਅਖ਼ਬਾਰਾਂ ਤੋਂ ਬਿਨਾਂ 8 ਪੰਜ ਰੋਜ਼ਾ, 67 ਹਫਤੇਵਾਰ, 4 ਪੰਦਰਾਂ ਰੋਜ਼ਾ, 25 ਮਾਸਿਕ ਤੇ ਛਿਮਾਹੀ ਪੱਤਰ ਜਾਰੀ ਹੋਏ। ਵੇਰਵਾ ਇਸ ਤਰ੍ਹਾਂ ਹੈ :

**4.3.1. ਰੋਜ਼ਾਨਾ** : ਅਕਾਲੀ, ਪ੍ਰਦੇਸ਼ (ਅਕਾਲੀ ਦੇ ਪ੍ਰਦੇਸੀ), ਅਕਾਲੀ ਪਤ੍ਰਿਕਾ, ਸੰਸਾਰ, ਬੀਰ ਖਾਲਸਾ, ਖਾਲਸਾ, ਜਥੇਦਾਰ, ਕੌਮੀ ਦਰਦ, ਕੂਕਾ, ਗੜਗੱਜ, ਅਕਾਲੀ, ਬੱਬਰ ਸ਼ੇਰ, ਰਣਜੀਤ, ਦੇਸ਼ ਦਰਪਣ, ਦੁਸ਼ਟ ਦਮਨ, ਨਿਰਭੈ, ਅਕਾਲੀ, ਸਿੱਖ ਸੇਵਕ, ਬੰਗਾਲ ਖਾਲਸਾ, ਸ਼ੇਰ ਖਾਲਸਾ, ਖਾਲਸਾ ਸੇਵਕ।

**4.3.2. ਪੰਜ ਰੋਜ਼ਾ** : ਕ੍ਰਿਪਾਨ ਬਹਾਦੁਰ, ਪੰਥ ਖਾਲਸਾ ਸਮਾਚਾਰ, ਬਹਾਦਰ ਖਾਲਸਾ ਪਾਰਲੀਮੈਂਟ ਗਜ਼ਟ, ਮਾਲਵਾ ਗਜ਼ਟ, ਖਾਲਸਾ, ਪੰਚਾਇਤ ਸੁਆਣੀ, ਉਪਕਾਰੀ ਮਾਤਾ।

**4.3.3. ਸਪਤਾਹਿਕ** : ਹੱਕ ਬੁਲਿਟਨ, ਪੰਚ ਗੁਰੂ ਨਾਨਕ ਦਰਸ਼ਨ, ਸੰਗਤ, ਰਾਮਗੜ੍ਹੀਆਂ ਗਜ਼ਟ ਅਕਾਲੀ ਸਤਿਜੁਗ, ਪੰਥ ਪਰੇਮੀ, ਨਾਯਕ, ਸੰਤ ਸੇਵਕ, ਸੰਤ ਸਮਾਚਾਰ, ਅਕਾਲੀ ਸੁਨੇਹਾ, ਆਜ਼ਾਦ ਅਕਾਲੀ, ਗਿਆਨੀ, ਦੇਸ਼ ਸੇਵਕ, ਖਾਲਸਾ ਤੇ ਖਾਲਸਾ ਐਡਵੋਕੇਟ, ਨਿਰੋਲ ਖਾਲਸਾ, ਰਿਆਸਤੀ ਕਹਿਰ, ਸੱਚਾ ਢੰਡੋਰਾ, ਧਰਮ, ਕੌਮੀ ਸ਼ੇਰ, ਦਲੇਰ, ਹਿੰਦੂ, ਦਲਜੀਤ, ਕੌਮੀ ਸੁਤੰਤਰ, ਬੀਰ ਅਕਾਲੀ, ਦੇਸ਼ ਦਰਦੀ, ਮਜ਼ਦੂਰ ਕਿਸਾਨ, ਮੌਜੀ, ਅਖਬਾਰ ਹੀਰ, ਫਤਹਿ, ਕੌਮ ਪੂਜਾ, ਡਾਕਟਰ ਦਸਤਕਾਰ, ਪਰਚਾਰਕ, ਪ੍ਰਦੇਸੀ, ਖਾਲਸਾ, ਸੇਵਕ, ਪੰਜਾਬ ਮੇਲ, ਕੌਮੀ ਸੇਵਕ, ਗੁਰਮਤ ਪ੍ਰਚਾਰਕ, ਨਿਰਮਲ ਪੱਤਰ, ਆਕਾਸ਼ਬਾਣੀ, ਨਵਾਂ ਯੁਗ, ਖਾਲਸਾ ਮਲਾਇਆ ਦਰਪਣ, ਬਰਮ੍ਹਾ ਦਰਪਣ, ਗੁਰਸੇਵਕ, ਨਵਾਂ ਢੰਡੋਰਾ।

**4.3.4. ਪੰਦਰਾਂ ਰੋਜ਼ਾ** : ਸੁਤੰਤਰ, ਕੰਬੋਜ, ਬਰਮ੍ਹਾ ਪੱਤਰ, ਖਾਲਸਾ ਟਰੇਨਿੰਗ ਗਜ਼ਟ, ਦਰਬਾਰ, ਛਣਕਣਾ।

**4.3.5. ਮਾਸਿਕ ਪੱਤਰ** : ਇਸਤਰੀ ਚਕਿਤਸਾ, ਚੰਨਣ, ਗਹਿਰ ਗੰਭੀਰ ਗਜ਼ਟ, ਰਾਵੀ, ਇਸਤਰੀ ਜੀਵਨ, ਆਜ਼ਾਦ ਭੈਣ, ਕੌਮੀ ਜੀਵਨ, ਰਿਪੁਦਮਨ, ਪ੍ਰੀਤਮ, ਯੂਨੀਵਰਸਿਟੀ ਓਰੀਐਂਟਲ, ਕਾਲਜ ਮੈਗਜ਼ੀਨ, ਫੁਲਵਾੜੀ, ਸੁਖੀ ਜੀਵਨ, ਕਿਰਤ ਫਲੇਰਨ, ਪੰਜਾਬੀ, ਇਸਤਰੀ ਰਤਨ, ਬ੍ਰਾਹਮਣ, ਸਿੱਖ ਸਮਾਚਾਰ, ਕੋਮਲ, ਕਵੀ ਪੰਜਾ ਸਾਹਿਬ, ਮੈਗਜ਼ੀਨ, ਬਸੰਤ, ਗੁਰਦੁਆਰਾ ਗਜ਼ਟ, ਰਣਜੀਤ ਨਰਸਰੀ ਹੰਸ, ਅੰਮ੍ਰਿਤ, ਸਾਰੰਗ, ਸਾਹਿਤ–ਸਰੋਵਰ, ਪ੍ਰੀਤਲੜੀ, ਲਿਖਾਰੀ, ਖੁਸ਼ਦਿਲ।

**4.3.6. ਤ੍ਰੈ-ਮਾਸਿਕ** : ਪੰਜਾਬੀ ਪ੍ਰਕਾਸ਼, ਰਣਧੀਰ।

ਇਸ ਲੰਮੇ ਚੌੜੇ ਵੇਰਵੇ ਤੋਂ ਦ੍ਰਿੜ੍ਹ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਏਸੇ ਸਮੇਂ ਵਿਚ ਜੀਵਨ ਦਾ ਹਰ ਪੱਖ ਅਖਬਾਰ ਵਿਚੋਂ ਲਿਖਣ ਯੋਗ ਵਿਸ਼ਾ ਸੀ ਪਰ ਜ਼ਿਆਦਾ ਕਰਕੇ ਧਰਮ ਅਤੇ ਸਿਆਸਤ ਹੀ ਇਨ੍ਹਾਂ ਦਾ ਮਰਕਜ ਰਿਹਾ। ਇਸ ਸਮੇਂ ਵਿਚ ਜੋ ਵਿਸ਼ੇਸ਼ ਘਟਨਾਵਾਂ ਘਟੀਆਂ ਉਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਹੈ : 1920 ਵਿਚ ਸਰਬ ਹਿੰਦ ਕਾਂਗਰਸ ਇਜਲਾਸ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਕਾਂਗਰਸ ਲਹਿਰ ਨੇ ਲੜਾਕੂ ਸੇਧ ਲਈ। 1920 ਵਿਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰਨ ਦੇ ਮਨੋਰਥ ਨਾਲ ਕਾਇਮ ਹੋਈ ਜਿਸ ਦੇ ਯਤਨ ਨਾਲ ਗੁਰਦੁਆਰਾ ਸੁਧਾਰ ਲਹਿਰ ਚਲੀ ਜਿਸ ਨੇ ਉਸ ਸਮੇਂ ਪ੍ਰਸਿੱਧ ਅਖਬਾਰ ਅਕਾਲੀ ਨੂੰ ਜਨਮ ਦਿੱਤਾ। ਇਹ ਅਖਬਾਰ ਕੁਝ ਮੁੱਖ ਆਸ਼ੇ ਲੈ ਕੇ ਜਨਮਿਆ : ਗੁਰਦੁਆਰਿਆਂ ਦੀ ਮਹੰਤੀ ਖਤਮ ਕਰਕੇ ਇਨ੍ਹਾਂ ਨੂੰ ਜਮਹੂਰੀ ਪ੍ਰਬੰਧ ਵਿਚ ਸਿੱਖਾਂ ਦੇ ਹੱਥ ਦੇਣਾ, ਗੁਰਦੁਆਰਾ ਰਕਾਬ ਗੰਜ ਦੀ ਢਾਹੀ ਕੰਧ ਸਰਕਾਰ ਕੋਲੋਂ ਹੀ ਉਸਰਵਾਣੀ, ਸਿੱਖਾਂ ਵਿਚ ਰਾਜਨੀਤਿਕ ਚੇਤਨਾ ਪ੍ਰਚੰਡ ਕਰਨੀ ਆਦਿ। ਇਹੋ ਹੀ ਆਸ਼ੇ ਲਗਭਗ ਹੋਰ ਅਖਬਾਰਾਂ ਦੇ ਸਨ।

'ਅਕਾਲੀ' ਤੋਂ ਪਿਛੋਂ 'ਮੌਜੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਸ ਦੇ ਸੰਪਾਦਕ ਚਰਨ ਸਿੰਘ 'ਸ਼ਹੀਦ' ਸਨ ਜਿਨ੍ਹਾਂ ਨੇ ਆਪਣੀ ਕਲਮ ਦੇ ਜ਼ੋਰ ਨਾਲ ਇਸ ਅਖਬਾਰ ਵਿਚ ਕੁਝ ਅਜਿਹੇ ਫੀਚਰ ਸ਼ੁਰੂ ਕੀਤੇ ਜੋ ਹੁਣ ਤਕ ਯਾਦਗਾਰ ਬਣੇ ਹੋਏ ਹਨ। 'ਮੌਜੀ' ਅਖਬਾਰ ਖਬਰਾਂ ਦੇ ਨਾਲ ਹਾਸਰਸੀ ਗੱਲਾਂ ਨੂੰ ਸਭ ਤੋਂ

ਵੱਧ ਮਹੱਤਤਾ ਦੇਂਦੇ ਸੀ ਜਿਸ ਦੀ ਉਪਜ 'ਬਾਬਾ ਵਰਿਆਮਾ' ਸੀ। 'ਮੌਜੀ' ਦੇ ਨਾਲ 'ਫਤਹਿ' ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਇਸ ਦੇ ਸੰਪਾਦਕ ਸ. ਲਾਭ ਸਿੰਘ ਨਾਰੰਗ ਸਨ ਜੋ ਬੜੇ ਉਤਸ਼ਾਹੀ ਦੇਸ਼ ਭਗਤ, ਸੁਲਝੇ ਹੋਏ ਖਿਆਲਾਂ ਵਾਲੇ ਅਤੇ ਸੰਜੀਦਾ ਮਿਜਾਜ਼ ਬੰਦੇ ਸਨ। ਇਸ ਵਿਚ ਜਾਣਕਾਰੀ ਵਾਲੇ ਲੇਖ ਹੁੰਦੇ ਸਨ। ਹਰ ਮਸਲੇ ਉੱਪਰ ਨਿਡਰ ਟਿੱਪਣੀਆ ਹੁੰਦੀਆਂ ਸਨ ਤੇ ਨਾਲੇ ਵੰਨ ਸੁਵੰਨੇ ਫੀਚਰ। ਗੁਰਮੁਖ ਸਿੰਘ ਮੁਸਾਫਿਰ, ਗਿ. ਸ਼ੇਰ ਸਿੰਘ ਵਰਗੇ ਲੇਖਕਾਂ ਦੀਆਂ ਇਸ ਵਿਚ ਰਚਨਾਵਾਂ ਛਪਦੀਆਂ ਸਨ 'ਰੀਵਿਊ' ਵੀ ਅਖਬਾਰ ਵਿਚ ਕੀਤੇ ਮਿਲਦੇ ਸਨ। ਸਾਫ ਜ਼ਾਹਿਰ ਹੈ ਕਿ ਅਖਬਾਰੀ ਮਸਾਲੇ ਦੀ ਭਰਤੀ ਦੇ ਨਾਲ ਨਾਲ ਸਾਹਿਤਕ ਲੋੜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ।

ਇਸ ਸਮੇਂ ਵਿਚ ਕੁਝ ਅਤਿਅੰਤ ਪ੍ਰਭਾਵਸ਼ਾਲੀ ਮਾਸਿਕ ਪੱਤਰ ਜਾਰੀ ਹੋਏ ਜਿਨ੍ਹਾਂ ਨੇ ਸਾਹਿਤਕ ਖੇਤਰ ਵਿਚ ਵੀ ਬੜਾ ਨਾਮਣਾ ਖੱਟਿਆ। ਸਭ ਤੋਂ ਪਹਿਲਾਂ, ਗਿਆਨੀ ਹੀਰਾ ਸਿੰਘ ਦਰਦ ਦੀ ਸੰਪਾਦਨਾ ਹੇਠ ਨਿਕਲਦਾ ਰਿਸਾਲਾ 'ਫੁਲਵਾੜੀ' ਹੈ। ਇਹ ਨਵੰਬਰ 1924 ਵਿਚ ਲਾਹੌਰੋਂ ਜਾਰੀ ਕੀਤਾ ਗਿਆ। 'ਫੁਲਵਾੜੀ' ਬਹੁਤ ਹੱਦ ਤੱਕ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਸਮਕਾਲੀ ਸਾਹਿਤ ਦਾ ਸ਼ੀਸ਼ਾ ਬਣੀ ਰਹੀ। ਅਕਾਲੀ ਲਹਿਰ, ਕਾਂਗਰਸ, ਸਿੱਖ ਲੀਂਗ, ਕਿਰਤੀ ਪਾਰਟੀ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ, ਕਿਰਤੀ ਅਖਬਾਰ, ਫਿਰਕੂ ਝਗੜੇ, ਕਾਂਗਰਸ ਸਤਿਆਗ੍ਰਹਿ ਤੇ ਚੋਣ ਆਦਿ ਵਿਸ਼ੇ ਹੁੰਦੇ ਸਨ। ਸਾਹਿਤਕਾਰੀ ਦੇ ਮੈਦਾਨ ਵਿਚ ਇਸ ਨੂੰ ਗਿ. ਗੁਰਮੁਖ ਸਿੰਘ ਮੁਸਾਫਿਰ, ਫੀਰੋਜ਼ਦੀਨ ਸ਼ਰਫ, ਪ੍ਰੋ. ਤੇਜਾ ਸਿੰਘ, ਬਾਵਾ ਬੁਧ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਬ੍ਰਿਜ ਲਾਲ ਸ਼ਾਸਤ੍ਰੀ, ਲਾਲ ਕਿਰਪਾ ਸਾਗਰ, ਭਾਈ ਕਾਨ੍ਹ ਸਿੰਘ ਨਾਭਾ, ਮਾ. ਤਾਰਾ ਸਿੰਘ, ਪ੍ਰੋ. ਗੁਰਮੁਖ ਨਿਹਾਲ ਸਿੰਘ ਅਤੇ ਆਈ.ਸੀ. ਨੰਦਾ ਵਰਗੇ ਵਿਦਵਾਨ ਲਿਖਾਰੀਆਂ ਦਾ ਸਹਿਯੋਗ ਪ੍ਰਾਪਤ ਰਿਹਾ। 1930 ਵਿਚ ਫਲਵਾੜੀ ਦਾ 'ਸਿੱਖ ਇਤਿਹਾਸ ਨੰਬਰ' ਕਰਮ ਸਿੰਘ ਹਿਸਟੋਰੀਅਨ ਕੋਲੋਂ ਸੰਪਾਦਿਤ ਕਰਵਾ ਕੇ ਪ੍ਰਕਾਸ਼ਿਤ ਕੀਤਾ ਗਿਆ ਜੋ ਅਜੇ ਤਕ ਸਤਿਕਾਰ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਫੁਲਵਾੜੀ ਤੋਂ ਇਲਾਵਾ ਗਿਆਨੀ ਹੀਰਾ ਸਿੰਘ ਦਰਦ ਨੇ 1920 ਵਿਚ 'ਫੁਲੇਰਨ' ਨਾਂ ਥਲੇ ਇਸਤਰੀਆਂ ਲਈ ਵੱਖਰਾ ਪਰਚਾ ਵੀ ਜਾਰੀ ਕੀਤਾ ਜੋ ਚਾਰ ਪੰਜ ਸਾਲ ਤਕ ਚਲਦਾ ਰਿਹਾ।

ਜਨਵਰੀ 1925 ਵਿਚ ਆਰੰਭ ਹੋਇਆ 'ਕਿਰਤੀ' ਵੀ ਸਮੇਂ ਦਾ ਪ੍ਰਸਿੱਧ ਪੱਤਰ ਹੈ। ਇਸ ਰਾਹੀਂ ਪਹਿਲੀ ਵਾਰ ਵਿਗਿਆਨਕ ਸਮਾਜਵਾਦ ਦਾ ਪ੍ਰਚਾਰ ਆਰੰਭ ਹੋਇਆ। 'ਕਿਰਤੀ ਪਹਿਲਾਂ ਰਸਾਲਾ ਸੀ ਜਿਸ ਨੇ ਕਿਰਤੀਆਂ ਅਤੇ ਕਿਸਾਨਾਂ ਵਿਚ ਨਵੀਂ ਚੇਤਨਾ ਜਗਾਈ ਅਤੇ ਸਰਮਾਏਦਾਰੀ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਪੂਰਾ ਜ਼ੋਰ ਲਾਇਆ। ਉਸ ਵੇਲੇ ਦੇ ਜਿੰਨੇ ਵੀ ਤਰੱਕੀ ਪਸੰਦ, ਇਨਕਲਾਬੀ ਤੇ ਭਗਤ ਕਲਮ ਧਨੀ ਸਨ ਉਨ੍ਹਾਂ ਸਾਰਿਆਂ ਦਾ ਜਮਘਟਾ ਇਸ ਦੁਆਲੇ ਲੱਗਾ ਰਹਿੰਦਾ ਸੀ। ਸਮੇਂ ਸਮੇਂ ਕਈ ਸੰਪਾਦਕ ਬਦਲੇ, ਪਰ ਸੋਹਣ ਸਿੰਘ ਜੋਸ਼, ਅਰਜਨ ਸਿੰਘ ਗੜਗੱਜ, ਅਵਤਾਰ ਸਿੰਘ ਆਜ਼ਾਦ, ਅਮਰ ਸਿੰਘ ਤੇਗ ਅਤੇ ਗੁਰਚਰਨ ਸਿੰਘ ਸਹਿੰਸਰਾ ਵਧੇਰੇ ਪ੍ਰਸਿੱਧ ਹਨ।

ਅਪਰੈਲ 1927 ਵਿਚ ਪੰਜਾਬੀ ਪੱਤਰਕਾਰੀ ਦੇ ਮੈਦਾਨ ਵਿਚ 'ਕਵੀ' ਨੇ ਪ੍ਰਵੇਸ਼ ਕੀਤਾ। ਇਸ ਦਾ ਮਨੋਰਥ ਸਿੱਟੇ ਰੂਪ ਵਿਚ ਪੰਜਾਬੀ ਸਾਹਿਤ ਦੀ ਤਰੱਕੀ ਅਤੇ ਕਵਿਤਾ ਦੀ ਪਰਖ ਪੜਚੋਲ ਕਰਨਾ ਸੀ। ਇਸ ਦੇ ਐਡੀਟਰ ਤੇ ਸੰਚਾਲਕ ਮੁਨਸ਼ਾ ਸਿੰਘ ਦੁੱਖੀ ਸਨ। ਇਸ ਵਿਚ ਦੀਵਾਨ ਸਿੰਘ ਕਾਲੇਪਾਣੀ ਅਤੇ ਕਈ ਹੋਰ ਜੂਝਾਰ ਦੇਸ਼ ਭਗਤ ਕਵੀਆਂ ਦੀਆਂ ਰਚਨਾਵਾਂ ਛਪਦੀਆਂ ਸਨ। 'ਪ੍ਰੀਤਮ' 1923 ਵਿਚ ਮਿੰਟਗੁਮਰੀ ਤੋਂ ਲਾਭ ਸਿੰਘ ਨਾਰੰਗ ਨੇ ਜਾਰੀ ਕੀਤਾ ਜਿਸ ਵਿਚ ਪੰਜਾਬੀ ਜੀਵਨ ਦੇ ਹਰ ਪਹਿਲੂ ਉੱਪਰ ਲੇਖ ਛਾਪੇ ਜਾਂਦੇ ਸਨ।

1933 ਈ: ਵਿਚ ਪੰਜਾਬੀ ਦਾ ਇਕ ਹੋਰ ਅਤਿ ਮਕਬੂਲ ਪੱਤਰ 'ਪ੍ਰੀਤ ਲੜੀ' ਨਿਕਲਿਆ ਜੋ ਅੱਜ ਵੀ ਜਾਰੀ ਹੈ। ਇਸ ਦੇ ਸੰਪਾਦਕ ਗੁਰਬਖਸ਼ ਸਿੰਘ ਸਨ। ਜਦ ਗੁਰਬਖਸ਼ ਸਿੰਘ ਨੇ ਇਸ ਪੱਤਰ ਵਿਚ ਪੈਰ ਧਰਿਆ ਤਾਂ ਉਸ ਦੇ ਖਿਆਲ ਅਨੋਖੇ, ਸੱਜਰੇ ਤੇ ਮਹਿਕਾਂ ਖਿਲਾਰਨ ਵਾਲੇ ਸਨ। ਉਹ ਇਕ ਅਜਿਹੀ ਨਿਰਾਲੀ ਪ੍ਰਤਿਭਾ ਦਾ ਮਾਲਕ ਸੀ ਜਿਸ ਦੀ ਲੇਖਣੀ ਵਿਚ ਜਾਦੂ ਸੀ, ਜੋ ਪਹਿਲੀ ਨਜ਼ਰੇ ਪਾਠਕ ਨੂੰ ਕੀਲ ਲੈਂਦਾ ਸੀ। ਗੁਰਬਖ਼ਸ਼ ਸਿੰਘ ਨੇ ਅਮਰੀਕਾ ਤੋਂ ਸਿਖਿਆ ਲਈ ਜੋ ਅੱਜ ਨਾਲੋਂ ਬਹੁਤ ਵੱਖਰੀ

ਸੀ। ਉਥੋਂ ਦੇ ਲੋਕ ਆਜ਼ਾਦੀ ਵਿਚ ਸਾਹ ਲੈਂਦੇ ਸਨ, ਫੋਕੀਆਂ ਸਮਾਜੀ ਬੰਦਸ਼ਾਂ ਉਨ੍ਹਾਂ ਦੀਆਂ ਆਤਮਾਵਾਂ ਨੂੰ ਚੀਸਾਂ ਨਹੀਂ ਸਨ ਪਾਉਂਦੀਆਂ। ਰੋਜ਼ਗਾਰ ਦੇ ਮੌਕਿਆਂ ਦਾ ਕੋਈ ਮੇਚ ਬੰਨਾ ਨਹੀਂ ਸੀ। ਅਮਰੀਕੀ ਲੋਕ ਹਰ ਪ੍ਰਕਾਰ ਦੀਆਂ ਖੁੱਲ੍ਹਾ ਮਾਣਦੇ ਸਨ। ਅਮਰੀਕੀ ਈਸਾਈ ਸਾਰੀ ਦੁਨੀਆਂ ਵਿਚ ਨਿਰਾਸਰਿਆਂ ਨੂੰ ਗਲ ਲਾਉਂਦੇ ਸਨ। ਆਪਣੇ ਧਰਮ ਦਾ ਫੈਲਾਓ ਪਿਆਰ ਨਾਲ ਕਰਦੇ ਸਨ। ਅਮਰੀਕੀ ਲੇਖਕਾਂ, ਕਵੀਆਂ, ਕਲਾਕਾਰਾਂ ਤੇ ਫਿਲਾਸਫਰਾਂ ਨੇ ਗੁਰਬਖਸ਼ ਸਿੰਘ ਦੇ ਮਨ ਉੱਪਰ ਡੂੰਘਾ ਪ੍ਰਭਾਵ ਪਾਇਆ ਸੀ। ਉਹ ਜਦੋਂ ਦੇਸ਼ ਮੁੜੇ ਤਾਂ ਰੇਲਵੇ ਵਿਚ ਅਫਸਰੀ ਕਰ ਲਈ, ਪਰ ਫਿਰ ਉਸ ਨੂੰ ਠੁਕਰਾ ਦਿੱਤਾ ਕਿਉਂਕਿ ਉਸ ਨੂੰ ਵੱਡੇ ਵੱਡੇ ਅਹੁਦਿਆਂ ਤੇ ਵੀ ਸਾਹ ਘੁਟਦਾ ਮਹਿਸੂਸ ਹੁੰਦਾ ਸੀ। ਤਬੀਅਤ ਬੇਚੈਨ ਹੋ ਗਈ ਕੁਝ ਕਰ ਗੁਜ਼ਰਨ ਲਈ, ਲੋਕ ਪੀੜਾਂ ਨੂੰ ਜਬਾਨ ਦੇਣ ਲਈ ਕਲਮ ਬੇਤਾਬ ਹੋਈ। ਅਜਿਹੀ ਸਥਿਤੀ ਵਿਚੋਂ 'ਪ੍ਰੀਤ ਲੜੀ' ਨੇ ਜਨਮ ਲਿਆ। ਸਹਿਜੇ ਸਹਿਜੇ 'ਪ੍ਰੀਤਲੜੀ' ਨੇ ਸਿਆਸੀ ਰੰਗਤ ਵੀ ਇਖਤਿਆਰ ਕਰ ਲਈ। ਪਹਿਲਾਂ ਪਹਿਲਾਂ ਤਾਂ ਗੁਰਬਖਸ਼ ਸਿੰਘ ਅਮਰੀਕਾ ਦੇ ਲੋਕ, ਉਥੋਂ ਦੀ ਹਕੂਮਤ ਦਾ ਪ੍ਰਸ਼ੰਸਕ ਸੀ, ਪਰ ਕੌਮਾਂਤਰੀ ਮੈਦਾਨ ਵਿਚ ਫ਼ਾਸ਼ਿਸਟ ਅਮਰੀਕਾ ਦੀ ਸਰਪਰਸਤੀ ਨੇ ਉਸ ਦਾ ਮਨ ਖੱਟਾ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਅੰਗਰੇਜ਼ ਹੁਕਮਰਾਨਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਤਹਿਤ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਮਜ਼ਬੀ ਖਿਚੋਤਾਣ ਅਤੇ ਤਣਾਉ ਪੈਦਾ ਕਰ ਦਿੱਤਾ ਜਿਸ ਦੇ ਫਲਸਰੂਪ ਕਈ ਥਾਵਾਂ-ਕਰਾਚੀ, ਲਾਹੌਰ, ਅੰਮ੍ਰਿਤਸਰ, ਰਾਵਲਪਿੰਡੀ ਤੇ ਕਈਆਂ ਹੋਰਨਾਂ ਥਾਵਾਂ ਤੇ ਫਿਰਕੂ ਦੰਗੇ, ਮਾਰਧਾੜ ਤੇ ਕਤਲ ਆਰੰਭ ਹੋ ਗਏ। ਇਸ ਸਮੇਂ 'ਪ੍ਰੀਤਲੜੀ' ਇਕ ਅਜਿਹਾ ਇਕੱਲਾ ਪਰਚਾ ਸੀ ਜਿਸ ਨੇ ਅਕਲ, ਹੋਸ਼ ਅਤੇ ਸਹਿਨਸ਼ੀਲਤਾ ਦਾ ਸਬੂਤ ਪੇਸ਼ ਕੀਤਾ। ਇਸ ਨਿਰਪੱਖ ਅਤੇ ਮਨੁੱਖਤਵ ਦੀ ਪੈਂਤੜੇਬਾਜ਼ੀ ਅਤੇ ਖੁਲ੍ਹ ਖਿਆਲੀ ਕਾਰਨ, ਗੁਰਬਖਸ਼ ਸਿੰਘ ਦੀ ਕੱਟੜ ਪੰਥੀਆਂ ਵੱਲੋਂ ਮੁਖਾਲਫਤ ਵੀ ਹੋਣ ਲੱਗ ਪਈ ਪਰ ਇਸ ਤੇ ਵੀ ਉਨ੍ਹਾਂ ਦੀ ਕਲਮ ਦਾ ਥਿੜਕੀ। 'ਪ੍ਰੀਤਲੜੀ' ਦੀਆਂ ਨਜ਼ਰਾਂ ਵਿਚ ਪੰਜਾਬ ਤੋਂ ਬਾਹਰ ਹਿੰਦੁਸਤਾਨ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵਾਪਰਦੀਆਂ ਸਭ ਘਟਨਾਵਾਂ ਆ ਜਾਇਆ ਕਰਦੀਆਂ ਸਨ। ਇਸ ਵਿਚ ਲੜੀਵਾਰ ਨਾਟਕ, ਕਹਾਣੀਆਂ ਅਤੇ ਛੋਟੇ ਛੋਟੇ ਨਾਵਲ ਵੀ ਦਿੱਤੇ ਜਾਂਦੇ ਸਨ। 1939 ਈ. ਨੂੰ ਜਦੋਂ ਦੂਹਰੀ ਵੱਡੀ ਲੜਾਈ ਛਿੜੀ ਤਾਂ 'ਪ੍ਰੀਤਲੜੀ' ਸੁਲਝੇ ਹੋਏ ਸਿਆਸੀ ਚਿੰਤਕ ਵਾਂਗ ਫਾਸਿਜ਼ਮ ਦੇ ਖਿਲਾਫ ਖੜਾ ਹੋ ਗਿਆ। ਜੰਗ ਤੋਂ ਮਗਰੋਂ ਅਮਨ ਲਹਿਰ, ਦੇਸ਼ ਦੀ ਵੰਡ, ਪੰਜਾਬ ਦੀ ਵੰਡ, ਪੰਜਾਬੀ ਸੂਬਾ, 1965 ਤੇ 1971 ਈ. ਦੀਆਂ ਜੰਗਾਂ, ਬੰਗਲਾ ਦੇਸ਼ ਦਾ ਮਸਾਲਾ, ਆਦਿ ਸਭ ਸਮੱਸਿਆਵਾਂ ਬਾਰੇ 'ਪ੍ਰੀਤਲੜੀ' ਨੇ ਮਨੁੱਖਤਾਵਾਦੀ ਨਜ਼ਰੀਏ ਤੋਂ ਸੋਚਿਆ ਤੇ ਦੁਨੀਆਂ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ ਕੀਤੀ।

4.4. **ਪਰਿਵਰਤਨ ਕਾਲ (1940-47 ਈ.)** : ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ ਬੜੇ ਸੰਘਰਸ਼ ਅਤੇ ਉਥਲ ਪੁਥਲ ਦਾ ਸਮਾਂ ਸੀ। ਇਹ ਸਾਲ ਸਿਆਸੀ ਹੰਗਾਮਿਆਂ, ਲੋਕਾਂ ਦੀਆਂ ਮਨੋਤਰੰਗਾਂ ਵਿਚ ਉਛਾਲਿਆਂ ਦੇ ਸਨ, ਇਸ ਲਈ ਪੱਤਰਕਾਰੀ ਦੇ ਖੇਤਰ ਵਿਚ ਤਜ਼ਰਬੇ ਹੋਣੇ ਲਾਜ਼ਮੀ ਸਨ। ਇਸ ਸਮੇਂ ਦਾ ਪੱਤਰਾਂ ਦਾ ਵਿਸਤ੍ਰਿਤ ਵੇਰਵਾ ਇਸ ਤਰ੍ਹਾਂ ਹੈ।

4.4.1. **ਰੋਜ਼ਾਨਾ** : ਸੇਵਾਦਾਰ, ਆਜ਼ਾਦ ਹਿੰਦ ਦੇ ਵਰਤਮਾਨ।

4.4.2. **ਸਪਤਾਹਿਕ** : ਜਗਤ ਸੁਧਾਰ, ਪ੍ਰਕਾਸ਼, ਦੁਖੀ ਕਿਸਾਨ, ਪੰਜਾਬੀ ਸ਼ੇਰ, ਸੁਖੀ ਜੀਵਨ, ਸਿੱਖ ਸਮਾਚਾਰ ਦੁਖੀ ਦੁਨੀਆਂ, ਗੁਰੂ ਖਾਲਸਾ, ਸੱਚਾ ਸੱਜਦ, ਪ੍ਰੇਮ ਸੰਦੇਸ਼ ਪੰਜਾਬ, ਦਲੇਰ ਖਾਲਸਾ, ਮੌਜੀ, ਠਾਕੁਰ, ਪਹਿਰੇਦਾਰ, ਸਦਾ ਵਿਗਾਸ, ਪ੍ਰੀਤ ਸੈਨਿਕ, ਜੁਗ ਪਲਟਾਉ, ਜਵਾਨ, ਰਾਮਗੜ੍ਹੀਆ, ਬੀਰ, ਜੰਗ ਨਾਭਾ ਪਤ੍ਰਿਕਾ, ਨਵਾਂ ਸੰਸਾਰ, ਖਾਲਸਾ ਗਜਟ, ਜੰਗਿ-ਆਜ਼ਾਦੀ, ਨਵਾਂ ਚਾਨਣ, ਏਕਤਾ, ਰਣਜੀਤ, ਅਕਾਲੀ ਯੋਧਾ, ਸੇਵਾਦਾਰ, ਪਰਜਾ।

4.4.3. **ਪੰਦਰਾ ਰੋਜ਼ਾ** : ਚੰਦਨ, ਸਾਰੀ ਦੁਨੀਆਂ, ਜੰਗੀ ਸਮਾਚਾਰ, ਪਟਿਆਲਾ ਸਮਾਚਾਰ।

4.4.4. **ਮਾਸਿਕ ਪੱਤਰ** : ਚਿਤ੍ਰ ਸੰਸਾਰ, ਤ੍ਰਿੱਖੀ ਰਿਸਰਚ, ਸਿੱਖ ਦੁਨੀਆਂ, ਸੁਖ-ਚੈਨ, ਰੂਹਾਨੀ ਢੰਡੋਰਾ, ਗੁਰੂ ਨਾਨਕ ਸੰਦੇਸ਼, ਨਵੀਂ ਦੁਨੀਆਂ, ਕੋਮਲ ਸੰਸਾਰ, ਗਿਆਨ ਵਿਗਿਆਨ, ਸਿੱਖ ਮਿਸ਼ਨ, ਗੁਰੂ ਚਮਤਕਾਰ, ਨਵਾਂ ਸ਼ਾਲਾਮਾਰ, ਪੰਜ ਦਰਿਆ, ਗੁਰੂ ਸੂਰਜ ਦਸਤਮਾਰ ਪੱਤਰ, ਕੇਸਰ ਕਿਆਰੀ, ਬਾਲ ਸੰਦੇਸ਼,

ਪ੍ਰੇਮ ਮਾਰਗ, ਜੀਵਨ ਪ੍ਰਤਿ ਵਿਚਾਰ, ਪੰਜਾਬੀ ਸਾਹਿਤ, ਵਿਹਾਹ ਸੁਧਾਰ, ਸੰਤ ਸਿਪਾਹੀ, ਸਿੱਖ ਸੰਦੇਸ਼, ਸਾਡੀ ਕਹਾਣੀ, ਹਿਤਕਾਰੀ, ਅੰਮ੍ਰਿਤ ਵੇਲਾ, ਮਿਲਾਪ, ਜਿਉਂਦੀ ਜਨਤਾ, ਸਿੱਖ ਸੰਗੀਤ, ਪਹੁਫਟੀ, ਜੀਵਨ ਸਾਹਿਤ, ਪੰਖੜੀਆਂ।

**4.4.5.ਤ੍ਰੈ ਮਾਸਕ** : ਸਤਿ ਵਚਨ, ਜਯੋਤੀ, ਸ਼ਿਵਾਲਾ, ਆਤਮਾ ਨੰਦ, ਬ੍ਰਿਜਿੰਦਰਾ, ਰਾਜਿੰਦਰਾ, ਬਾਰ ਆਦਿ। ਇਸ ਸਮੇਂ ਦੀਆਂ ਜਿਹੜੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਉਨਾਂ ਵਿੱਚੋਂ ਕੁਝ ਇਸ ਤਰਾਂ ਹਨ : 1936-37 ਈ: ਵਿਚ ਗੌਰਮਿੰਟ ਆਫ ਇੰਡੀਆ ਦੇ ਨਵੇਂ ਐਕਟ ਹੇਠ ਸਾਰੇ ਦੇਸ਼ ਦੀਆਂ ਹੋਈਆਂ ਚੋਣਾਂ : ਗੁਰਦੁਆਰਾ ਚੋਣਾਂ। 1939 ਈ: ਵਿਚ ਦੁਨੀਆ ਦਾ ਦੂਜਾ ਮਹਾਨ ਜੰਗ ਸ਼ੁਰੂ ਹੋਇਆ ਜਿਸ ਕਰਕੇ ਕਈਆਂ ਅਖਬਾਰਾਂ ਤੇ ਪਾਬੰਦੀਆਂ ਲੱਗੀਆਂ। ਸੰਨ 1942 ਦੀ ਕਾਂਗਰਸ ਲਹਿਰ ਸਮੇਂ ਅਖਬਾਰਾਂ ਉੱਤੇ ਹੋਰ ਵੀ ਸਖਤੀ ਹੋ ਗਈ। ਕਈਆਂ ਨੂੰ ਜੁਰਮਾਨੇ ਹੋਏ ਤੇ ਕਈ ਬੰਦ ਹੋ ਗਏ ਪਰ ਫਿਰ ਵੀ ਉਨਾਂ ਆਪਣੇ ਕੌਮੀ ਫਰਜ਼ ਤੋਂ ਮੂੰਹ ਨਾ ਮੋੜਿਆ। ਖਾਲਸਾ ਕਾਲਜ ਦਾ ਪ੍ਰਬੰਧ ਉਸ ਸਮੇਂ ਤੱਕ ਸਰਕਾਰੀ ਹੱਥਾਂ ਵਿਚ ਸੀ ਜਿਸ ਨੂੰ ਸਿੱਖਾਂ ਦੇ ਹੱਥ ਵਿਚ ਦੇਣ ਲਈ ਅਖਬਾਰਾਂ ਨੇ ਬੜੀ ਆਵਾਜ਼ ਬੁਲੰਦ ਕੀਤੀ। ਇਸ ਮਾਮਲੇ ਤੇ ਵੀ ਸਿੱਖਾਂ ਦੇ ਦੋ ਧੜੇ ਸਨ। ਇਕ ਸੀ ਸ਼ਰੋਮਣੀ ਅਕਾਲੀ ਦਲ ਦਾ ਜਿਸ ਵਿਚ ਮਾ, ਤਾਰਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਪ੍ਰਤਾਪ ਸਿੰਘ ਕੈਰੋਂ, ਗਿ. ਸ਼ੇਰ ਸਿੰਘ, ਤੇ ਬਾਬਾ ਖੜਕ ਸਿੰਘ ਸਨ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਾਲੇ ਸਨ ਜਿਨਾਂ ਦੇ ਲੀਡਰ ਸੁੰਦਰ ਸਿੰਘ ਮਜੀਠੀਆ ਸਨ। ਇਹ ਵਿਰੋਧ ਉਸ ਸਮੇਂ ਦੇ ਅਖਬਾਰਾਂ 'ਚੋਂ ਪ੍ਰਤੱਖ ਦਿਸਦਾ ਹੈ। ਇਨਾਂ ਤੋਂ ਬਿਨਾਂ ਗੋਲਮੇਜ਼ ਕਾਨਫਰੰਸ, ਪੰਡਿਤ ਨਹਿਰੂ ਵੱਲੋਂ ਪੂਰਨ ਸਵਰਾਜ ਦਾ ਜਾਂ ਮੁਕੰਮਲ ਆਜ਼ਾਦੀ ਦਾ ਨਾਅਰਾ, ਭਾਰਤ ਛੱਡ ਜਾਓ ਤਹਿਰੀਕ, 1947 ਦਾ ਬਟਵਾਰਾ ਤੇ ਉਸ ਸਮੇਂ ਦੀ ਮਾਰਧਾੜ, ਕਟਾ-ਵਾਢੀ, ਸਾੜ-ਫੂਕ ਆਦਿ।

ਕੁਝ ਸ਼ਬਦ ਇਸ ਸਮੇਂ ਦੇ ਵਿਸ਼ੇਸ਼ ਪੱਤਰਾਂ ਬਾਰੇ ਕਹਿਣੇ ਵੀ ਉਚਿਤ ਹੋਣਗੇ, ਜਿਨਾਂ ਪੰਜਾਬੀ ਪੱਤਰਕਾਰੀ ਨੂੰ ਕਿਸੇ ਨਾ ਕਿਸੇ ਖੇਤਰ ਵਿਚ ਕੋਈ ਯੋਗਦਾਨ ਦਿੱਤਾ। 'ਅਕਾਲੀ' ਤੇ 'ਅਕਾਲੀ ਪਤ੍ਰਿਕਾ' ਇਸ ਸਮੇਂ ਦੇ ਦੋ ਰੋਜ਼ਾਨਾ ਪੱਤਰ ਸਨ ਜਿਨਾਂ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਆਜ਼ਾਦੀ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਕੀਤਾ। ਇਹ ਵਢਿਆਈ ਵੀ ਇਨਾਂ ਅਖਬਾਰਾਂ ਦੀ ਹੀ ਹੈ ਕਿ ਜਿਥੇ ਮੁਸਲਮਾਨ ਅਤੇ ਹਿੰਦੂਆਂ ਦੇ ਉਰਦੂ ਅਖਬਾਰ ਫਿਰਕਾ ਪ੍ਰਸਤੀ ਅਤੇ ਧਾਰਮਿਕ ਕੱਟੜਦਿਲੀ ਦਾ ਪ੍ਰਚਾਰ ਕਰਦੇ ਸਨ ਉਥੇ ਪੰਜਾਬੀ ਅਖਬਾਰ ਇਨਾਂ ਸਭ ਦੋਸ਼ਾਂ ਤੋਂ ਮੁਕਤ ਸਨ ਅਤੇ ਪੰਜਾਬ ਜਾਂ ਸਾਰੇ ਭਾਰਤ ਬਾਰੇ ਹੱਲ ਕਰਦੇ ਹਨ।

ਇਸ ਕਾਲ ਦੇ ਮਾਸਿਕ ਪੱਤਰਾਂ ਵਿਚੋਂ ਜੋ, 'ਪ੍ਰੀਤਲੜੀ' ਤੋਂ ਇਲਾਵਾ ਜਾਰੀ ਹੋਏ, ਕੁਝ ਅਜਿਹੇ ਹਨ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਨ੍ਹਾਂ ਦਾ ਨਿਸ਼ਾਨਾ ਭਾਵੇਂ ਸਾਹਿਤਕ ਸੀ ਪਰ ਫਿਰ ਵੀ ਪੱਤਰਕਾਰੀ ਦੇ ਖੇਤਰ ਵਿਚ ਇਹ ਅੱਖੋਂ ਉਹਲੇ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਵਿਚੋਂ ਪੰਜ ਦਰਿਆ ਦਾ ਨਾਂ ਸਭ ਤੋਂ ਉੱਘਾ ਹੈ। 'ਪੰਜ ਦਰਿਆ' ਦੀ ਅਹਿਮੀਅਤ ਇਹ ਹੈ ਕਿ ਇਸ ਨੂੰ ਲਗਭਗ ਸਾਰੇ ਪ੍ਰਸਿੱਧ ਸਾਹਿਤਕਾਰਾਂ ਦਾ ਮਿਲਵਰਤਨ ਪ੍ਰਾਪਤ ਸੀ। ਇਸ ਵਿਚ ਲਿਖਣ ਵਾਲੇ ਪ੍ਰੋ. ਮੋਹਨ ਸਿੰਘ, ਤੇਜਾ ਸਿੰਘ, ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਸੇਖੋਂ, ਪ੍ਰੀਤਮ ਸਿੰਘ ਸਫੀਰ, ਸੁਰਜੀਤ ਸਿੰਘ ਸੇਠੀ, ਹਰਿੰਦਰ ਸਿੰਘ ਰੂਪ, ਇੰਦਰ ਸਿੰਘ ਚਕਰਵਰਤੀ, ਦਵਿੰਦਰ ਸਤਿਆਰਥੀ, ਕਪੂਰ ਸਿੰਘ ਜੇਠੂਵਾਲੀਆ, ਗੁਰਚਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਅਤੇ ਕਈ ਹੋਰ ਸਨ। 1939 ਈ. ਵਿਚ ਜਾਰੀ ਹੋਇਆ ਇਹ ਪੱਤਰ ਆਜ਼ਾਦੀ ਤੋਂ ਮਗਰੋਂ ਵੀ ਕੁਝ ਚਿਰ ਜਾਰੀ ਰਿਹਾ। ਇਹ ਬਦਕਿਸਮਤੀ ਦੀ ਗੱਲ ਹੈ ਕਿ ਭਾਵੇਂ ਪ੍ਰੀਤਲੜੀ ਤੇ ਪੰਜ ਦਰਿਆ ਨਿਰੋਲ ਪੰਜਾਬੀਅਤ ਦੇ ਝੰਡਾ ਬਰਦਾਰ ਸਨ, ਪਰ ਇਨ੍ਹਾਂ ਵਿਚ ਛਪਣ ਵਾਲੇ ਲੇਖਕਾਂ ਵਿਚ ਮੁਸਲਮਾਨ ਲੇਖਕਾਂ ਦੇ ਨਾਂ ਇਕ ਦਮ ਗਾਇਬ ਹਨ।

'ਲਿਖਾਰੀ' ਪਹਿਲਾਂ ਬੰਦ ਹੋ ਗਿਆ ਸੀ। ਪਰ ਅਕਤੂਬਰ 1940 ਈ. ਨੂੰ ਮੁੜ ਆਰੰਭ ਹੋਇਆ। ਇਸ ਦੇ ਐਡੀਟਰ ਪ੍ਰਸਿੱਧ ਸਾਹਿਤਕਾਰ ਸ.ਸ. ਅਮੋਲ ਸਨ। ਉਹ ਇਸ ਵਿਚ ਸਾਹਿਤ ਦੀ ਪੜਚੋਲ, ਮਹੀਨੇ ਭਰ ਦੀਆਂ ਚੋਣਵੀਆਂ, ਖ਼ਬਰਾਂ, ਲੇਖ ਅਤੇ ਕਵਿਤਾਵਾਂ ਦੀਆਂ ਟੂਕਾਂ ਦਿਆ ਕਰਦੇ ਸਨ।

ਰਿਸਾਲਾ 'ਕੰਵਲ' 1942 ਵਿਚ ਜਮੀਅਤ ਸਿੰਘ ਤੇ ਨਿਰਭੈ ਸਿੰਘ ਨੇ ਮਿਲ ਕੇ ਅੰਮ੍ਰਿਤਸਰ ਤੋਂ ਜਾਰੀ ਕੀਤਾ। ਇਸ ਵਿਚ ਹਰ ਸਾਹਿਤਕ ਪੱਖ ਉਪਰ ਲੇਖ ਹੁੰਦੇ ਸਨ।

ਅਗਸਤ 1942 ਵਿਚ ਸ. ਹਰਕਿਸ਼ਨ ਸਿੰਘ ਨੇ ਲਾਹੌਰ ਤੋਂ 'ਪੰਜਾਬੀ ਸਾਹਿਤ' ਨਾਂ ਦਾ ਇਕ ਪੱਤਰ ਜਾਰੀ ਕੀਤਾ, ਇਹ ਇਕ ਤਰ੍ਹਾਂ ਦਾ ਪੰਜਾਬੀ ਡਾਇਜੈਸਟ ਸੀ, ਹਰ ਪੱਖ ਨਾਲ ਸੰਬੰਧਿਤ ਲਿਖਾਰੀ ਇਸ ਵਿਚ ਲਿਖਦੇ ਸਨ। ਆਲੋਚਨਾਤਮਕ ਲੇਖ ਵੀ ਇਸ ਨੇ ਛਾਪਣੇ ਆਰੰਭੇ। ਪਿਛੋਂ ਜਦੋਂ ਹਰਕਿਸ਼ਨ ਸਿੰਘ ਇੰਗਲੈਂਡ ਚਲਿਆ ਗਿਆ ਤਾਂ 1955-56 ਈ. ਵਿਚ ਇਹ ਰਸਾਲਾ ਡਾ. ਹਰਚਰਨ ਸਿੰਘ ਦੀ ਸੰਪਾਦਨਾ ਹੇਠ ਦਿੱਲੀ ਤੋਂ ਜਾਰੀ ਹੋਇਆ ਪਰ ਫਿਰ ਛੇਤੀ ਬੰਦ ਹੋ ਗਿਆ। ਜਿੰਨਾ ਚਿਰ ਵੀ ਇਹ ਪੱਤਰ ਨਿਕਲਦਾ ਰਿਹਾ ਇਸ ਨੇ ਪੰਜਾਬੀ ਸਾਹਿਤ ਨੂੰ ਸਿਰਜਨਾਤਮਕ ਲੀਹਾਂ ਤੇ ਤੋਰਨ ਦੀ ਬੜੀ ਨਿਗਰ ਸੇਵਾ ਕੀਤੀ। ਫਿਰ ਡਾ. ਹਰਚਰਨ ਸਿੰਘ ਨੇ 'ਦੇਸ਼ ਪੰਜਾਬ' ਆਪ ਕਢਿਆ।

1945 ਈ. ਵਿਚ ਅੰਮ੍ਰਿਤਸਰ ਤੋਂ ਮਾਸਟਰ ਤਾਰਾ ਸਿੰਘ ਨੇ 'ਸੰਤ ਸਿਪਾਹੀ' ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ। ਇਸ ਵਿਚ ਮਾਸਟਰ ਜੀ ਆਪਣੇ ਸਿਆਸੀ ਖਿਆਲਾਂ ਦਾ ਪ੍ਰਚਾਰ ਕਰਦੇ ਸਨ। ਇਸ ਪੱਤਰ ਨੇ ਮਾਸਟਰ ਜੀ ਦੀ ਸਖਸ਼ੀਅਤ ਸਦਕਾ ਛੇਤੀ ਹੀ ਸਾਰੇ ਪੰਜਾਬ ਵਿਚ ਬੜੀ ਸ਼ੁਹਰਤ ਹਾਸਲ ਕਰ ਲਈ।

**4.5 ਵਰਤਮਾਨ ਕਾਲ (ੳ) (1947-52)** : 1947 ਦਾ ਸਾਲ ਪੰਜਾਬ ਵਿਚ ਪੁਨਰ-ਜਾਗ੍ਰਿਤੀ ਦਾ ਸਾਲ ਹੈ। ਇਸ ਸਾਲ 15 ਅਗਸਤ ਨੂੰ ਆਜ਼ਾਦੀ ਤਾਂ ਜ਼ਰੂਰ ਮਿਲੀ ਪਰ ਮਨੁੱਖਤਾ ਦਾ ਜੋ ਕਤਲੇਆਮ, ਜਾਇਦਾਦਾਂ ਦੀ ਸਾੜ ਫੂਕ ਤੇ ਹੈਵਾਨੀਅਤ ਦਾ ਜੋ ਨੰਗਾ ਨਾਚ ਹੋਇਆ ਉਸ ਨੇ ਸਭ ਜ਼ੁਲਮਾਂ ਨੂੰ ਮਾਤ ਕਰ ਦਿੱਤਾ। ਕੁਦਰਤੀ ਗੱਲ ਸੀ ਕਿ ਪੰਜਾਬੀ ਪੱਤਰਕਾਰੀ ਨੂੰ ਵੀ ਧੱਕਾ ਲਗਦਾ ਕਿਉਂਕਿ ਇਸ ਦਾ ਵੱਡਾ ਗੜ੍ਹ ਲਾਹੌਰ ਪਾਕਿਸਤਾਨ ਵਿਚ ਚਲਿਆ ਗਿਆ ਸੀ। ਪੰਜਾਬ ਦੀ ਵੰਡ ਨਾਲ ਪੰਜਾਬੀ ਪੱਤਰਕਾਰੀ ਇਸ ਤਰ੍ਹਾਂ ਜੜ੍ਹੋਂ ਪੁੱਟੀ ਗਈ, ਪਰ ਜਿੰਨੀ ਮੁੜ ਆਪਣੇ ਆਪ ਨੂੰ ਪੂਰਬੀ ਪੰਜਾਬ ਵਿਚ ਬਹਾਲ ਕੀਤਾ ਤੇ ਜਿੰਨੀ ਗਿਣਤੀ ਵਿਚ ਹੋਰ ਨਵੇਂ ਅਖਬਾਰ ਜਾਰੀ ਹੋਏ, ਉਨ੍ਹਾਂ ਤੋਂ ਸਾਫ ਪਤਾ ਲਗਦਾ ਹੈ ਕਿ ਪੰਜਾਬੀ ਪੱਤਰਕਾਰੀ ਦੀਆਂ ਜੜ੍ਹਾਂ ਕਿੰਨੀਆਂ ਪੱਕੀਆਂ ਹਨ। 1947-52 ਈ. ਦੇ ਸ਼ੁਰੂ ਤਕ ਜਿਹੜੇ ਪੰਜਾਬੀ ਪੱਤਰ ਨਿਕਲੇ ਉਨ੍ਹਾਂ ਦੀ ਤਫ਼ਸ਼ੀਲ ਇਸ ਤਰ੍ਹਾਂ ਹੈ।

**4.5.1. ਰੋਜ਼ਾਨਾ** : ਆਜ਼ ਕੀ ਬਾਤ, ਪੰਜਾਬੀ ਜ਼ਿਮੀਦਾਰ, ਸਿੱਖ, ਕੌਮੀ ਸ਼ਹੀਦ, ਨਵਾਂ ਯੁਗ, ਖਾਲਸਾ, ਗੁਰਮਤਿ ਸਮਾਚਾਰ।

**4.5.2. ਸਪਤਾਹਿਕ** : ਮੇਲ ਮਿਲਾਪ, ਰਵਿਦਾਸ ਜੈਕਾਰਾ, ਦੁਨੀਆਂਦਾਰ, ਆਸ਼ਾ, ਜਥੇਦਾਰ, ਲਹਿਰੀ, ਜੈ ਪੰਜਾਬ, ਲਲਕਾਰ, ਲੋਕਰਾਜ, ਨਿਰਮਲ ਸੰਦੇਸ਼, ਮੇਰਾ ਸੁਤੰਤਰ ਦੇਸ਼, ਪੀੜਤ ਸਮਾਚਾਰ, ਅਕਾਲ ਨਗਾਰਾ, ਸਾਂਝੀਵਾਲ, ਪੰਜਾਬੀ ਪਤ੍ਰਿਕਾ, ਜਗਤ ਸੇਵਕ, ਕੌਮੀ ਸੇਵਕ, ਸਾਡੀ ਸਰਕਾਰ, ਨਵੀਂ ਦੁਨੀਆਂ, ਬਾਬਾ ਜੀਵਨ ਸਿੰਘ ਗਜ਼ਟ, ਦੁਖੀ ਖਾਲਸਾ ਅਗੇ ਵਧੇ, ਉਜਾਲਾ, ਹਮਾਰਾ ਜੀਵਨ, ਹਰੀਜਨ ਉਧਾਰ, ਜਨਤਾ ਜੁਗ, ਖਾਲਸਾ ਬ੍ਰਾਦਰ, ਪੇਂਡੂ ਜਨਤਾ, ਅਣਖੀਲੀ ਰਾਣੀ, ਲੋਕ ਸੇਵਕ ਪਤ੍ਰਿਕਾ, ਵਿਚਾਰਵਾਨ, ਨਵੇਂ ਰਾਹ, ਕੇਸਰੀ, ਰਣਭੂਮੀ, ਖਾਲਸਾ, ਮਜ਼੍ਹਬੀ ਗਜ਼ਟ, ਨਿਹੰਗ ਸਿੰਘ ਸੰਦੇਸ਼।

**4.5.3. ਪੰਦਰਾਂ ਰੋਜਾਂ** : ਵੀਰ ਭੂਮੀ।

**4.5.4. ਮਾਸਿਕ ਪੱਤਰ** : ਲੋਕ ਸਾਹਿਤ, ਖੋਜ, ਸਵੇਰਾ, ਸੈਨਾਪਤੀ, ਪ੍ਰੇਮ ਪਟਾਰੀ, ਰੂਹਾਨੀ ਦੋਸਤ, ਬਾਲ ਸੰਸਾਰ, ਨਵੀਆਂ ਕੀਮਤਾਂ, ਸਾਡਾ ਜੁਗ, ਜੀਵਨ ਸੰਦੇਸ਼, ਨਵਾਂ ਜੁਗ, ਸਵੇਰਾ, ਬਾਲ ਸੰਦੇਸ਼, ਪੰਜਾਬੀ ਦੁਨੀਆਂ, ਅਮਰ ਕਹਾਣੀਆਂ, ਸਾਹਿਤ ਸਮਾਚਾਰ, ਕਹਾਣੀ ਕਵਿਤਾ।

**4.5.5. ਤ੍ਰੈ ਮਾਸਿਕ** : ਇਤਿਹਾਸਕ ਪੱਤਰ, ਗਵਰਨਮੈਂਟ ਟਰੇਨਿੰਗ ਕਾਲਜ ਮੈਗਜ਼ੀਨ, ਬਿਆਸ, ਪੰਜਾਬੀ ਸਾਹਿਤ ਦਰਬਾਰ, ਫਿਲਮੀ ਸੰਸਾਰ, ਪੰਜਾਬੀ ਰਿਵੀਊ, ਨਿਰੰਕਾਰੀ ਸੰਦੇਸ਼, ਫਿਲਮੀ ਬਹਾਰ, ਪੈਪਸੂ ਸਮਾਚਾਰ, ਦਿੱਲੀ ਸਮਾਚਾਰ, ਲੋਕ ਸਮਾਚਾਰ ਆਦਿ।

1947 ਈ. ਦੇ ਬਟਵਾਰੇ ਦੇ ਸਿੱਟੇ ਵਜੋਂ ਫੈਲੀ ਬਦਅਮਨੀ, ਬੀਮਾਰੀਆਂ, ਆਰਥਿਕ ਮੰਦਵਾੜਾ, ਬੇਰੋਜ਼ਗਾਰੀ, ਮੁੜ ਵਸਾਉਣ ਅਤੇ ਹੋਰ ਕਈ ਸਮੱਸਿਆਵਾਂ ਇਨ੍ਹਾਂ ਪੱਤਰਾਂ ਦੀਆਂ ਸੁਰਖੀਆਂ ਹੁੰਦੀਆਂ ਹਨ। ਇਹ ਝੱਟ ਹਾਲੇ ਮੱਠੀ ਨਹੀਂ ਸੀ ਪਈ ਕਿ 1948 ਈ. ਵਿਚ ਪਾਕਿਸਤਾਨ ਨੇ ਭਾਰਤ ਉਪਰ ਹਮਲਾ ਕੀਤਾ

ਜਿਸ ਦੇ ਵਿਰੁੱਧ ਡਟਣ ਲਈ ਅਖਬਾਰਾਂ ਵਿਚ ਜੋਸ਼ ਉਕਸਾਊ ਖਬਰਾਂ ਅਤੇ ਸਾਹਿਤ ਦਾ ਹੜ੍ਹ ਆ ਗਿਆ। ਪੂਰਬੀ ਪੰਜਾਬ ਦੀਆਂ ਰਿਆਸਤਾਂ ਨੂੰ ਇਕੱਠਿਆਂ ਕਰਕੇ ਪੈਪਸੂ ਸਰਕਾਰ ਹੋਂਦ ਵਿਚ ਆਈ ਜਿਸ ਦਾ ਕੇਂਦਰ ਪਟਿਆਲਾ ਸੀ। ਇੰਝ ਕੁਝ ਚਿਰ ਲਈ ਰਿਆਸਤੀ ਪੱਤਰਕਾਰੀ ਦਾ ਕੇਂਦਰ ਪਟਿਆਲਾ ਬਣ ਗਿਆ। ਇਨ੍ਹਾਂ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਪਰਿਸਥਿਤੀਆਂ ਨੇ ਉਸ ਸਮੇਂ ਦੇ ਪੱਤਰਾਂ ਨੂੰ ਬਹੁਤ ਮੁਤਾਸਿਰ ਕੀਤਾ। ਹੁਣ ਕੁਝ ਸ਼ਬਦ ਉਸ ਸਮੇਂ ਦੇ ਪ੍ਰਸਿੱਧ ਪੱਧਰ ਬਾਰੇ ਵੀ ਕਹਿਣੇ ਉਚਿਤ ਹੋਣਗੇ।

ਗਿਆਨੀ ਗੁਰਦਿੱਤ ਸਿੰਘ ਦਾ ਮਾਸਿਕ ਪੱਤਰ 'ਜੀਵਨ ਸੰਦੇਸ਼' ਪਟਿਆਲੇ ਤੋਂ ਜਾਰੀ ਹੋਇਆ ਇਹ ਬੜਾ ਮਿਆਰੀ ਪਰਚਾ ਸੀ। ਲੇਖਾਂ ਵਿਚ ਉਚ ਪੱਧਰੀ ਖੋਜ ਹੁੰਦੀ ਸੀ। ਇਸ ਦੇ ਜਿੰਨੇ ਵੀ ਅੰਕ ਛਪੇ ਵਿਦਵਾਨ ਖੋਜੀਆ ਲਈ ਬੜੇ ਕਾਰਆਮਦ ਸਾਬਤ ਹੋਏ। ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਗੁਰਮਤਿ ਸਾਹਿਤ ਬਾਰੇ ਇਸ ਵਿਚ ਛਪੇ ਲੇਖਾਂ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਸੀ। ਇਸ ਕਿਸਮ ਦਾ ਇਕ ਪੱਤਰ 'ਪ੍ਰਕਾਸ਼' ਵੀ ਗਿਆਨੀ ਜੀ ਨੇ ਜਾਰੀ ਕੀਤਾ ਜੋ ਅੱਜ ਵੀ ਚਲਦਾ ਹੈ।

ਦੂਜਾ ਪ੍ਰਸਿੱਧ ਪੱਤਰ 'ਪੰਜਾਬੀ ਦੁਨੀਆਂ' ਹੈ ਜਿਸ ਨੂੰ ਮਾਰਚ 1950 ਈ. ਵਿਚ ਭਾਸ਼ਾ ਵਿਭਾਗ ਵਲੋਂ ਜਾਰੀ ਕੀਤਾ ਗਿਆ। ਇਸ ਰਸਾਲੇ ਵਿਚ ਪੰਜਾਬੀ ਦੇ ਤਕਰੀਬਨ ਸਾਰੇ ਵਿਦਵਾਨਾਂ ਦੇ ਲੇਖ ਛਪਦੇ ਰਹੇ ਹਨ। ਇਹ ਰਸਾਲਾ ਤਾਂ ਹੁਣ ਪੰਜਾਬੀ ਸਾਹਿਤ, ਬੋਲੀ, ਇਤਿਹਾਸ, ਲਿਪੀ ਅਤੇ ਹੋਰ ਸੰਬੰਧਿਤ ਪੱਖਾਂ ਲਈ ਭਰੋਸੇਯੋਗ ਪਰਚਾ ਹੋ ਨਿਬੜਿਆ ਹੈ। ਇਸ ਦੇ ਵਿਸ਼ੇਸ਼ ਅੰਕਾਂ ਨੇ ਪੰਜਾਬੀ ਆਲੋਚਨਾ ਅਤੇ ਖੋਜ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਹੈ।

'ਪੰਜਾਬੀ ਪਤ੍ਰਿਕਾ' ਗੁਰਨਾਮ ਸਿੰਘ ਤੀਰ ਨੇ 1948-49 ਈ. ਵਿਚ ਲੁਧਿਆਣੇ ਤੋਂ ਜਾਰੀ ਕੀਤਾ। 'ਤੀਰ' ਅਤੇ ਉਨ੍ਹਾਂ ਦੇ ਛੋਟੇ ਭਾਈ ਸ਼ਮਸ਼ੇਰ ਸਿੰਘ ਸਰੋਜ ਨੇ ਇਸ ਵਿਚ ਕਈ ਨਵੇਂ ਮਜ਼ਾਹੀਆ (ਹਾਸ-ਭਰਪੂਰ) ਫੀਚਰ ਸ਼ੁਰੂ ਕੀਤੇ। ਉਹਨਾਂ ਵਿਚੋਂ 'ਨੂੰਗੇ' ਨੇ ਕਾਫੀ ਪ੍ਰਸਿੱਧੀ ਹਾਸਲ ਕੀਤੀ। ਪਰ ਸਰਮਾਇਆ ਬਹੁਤਾ ਨਾ ਹੋਣ ਕਰਕੇ ਛੇਤੀ ਬੰਦ ਹੋ ਗਿਆ।

ਲੁਧਿਆਣੇ ਤੋਂ ਹੀ ਜਰਨੈਲ ਸਿੰਘ ਅਰਸ਼ੀ ਨੇ 'ਲਲਕਾਰ' ਆਰੰਭ ਕੀਤਾ। ਜਰਨੈਲ ਸਿੰਘ ਅਰਸ਼ੀ ਆਪ ਵੀ ਵਿਅੰਗ-ਮਈ ਲੇਖਣੀ ਦੇ ਮਾਲਕ ਸਨ, ਇਸੇ ਕਰਕੇ ਉਨ੍ਹਾਂ ਨੇ 'ਲਲਕਾਰ' ਵਿਚ 'ਤੂੰਬੇ ਬੁੜ੍ਹਕਣ ਦੇ', 'ਝੋਕਾਂ ਹਾਣੀਆਂ ਦੀਆਂ' ਲੋਕਾਂ ਵਿਚ ਬੜੇ ਮਕਬੂਲ ਹੋਏ। 'ਲਲਕਾਰ' ਦਾ ਇਕ ਵਿਸ਼ੇਸ਼ ਸਾਲਾਨਾ ਤੇ ਦਸ਼ਮੇਸ਼ ਅੰਕ ਛਪਿਆ ਜਿਸ ਦੀ ਰਾਜਸੀ ਹਲਕਿਆਂ ਵਿਚ ਬੜੀ ਚਰਚਾ ਹੋਈ। ਸਾਹਿਤਕਾਰਾਂ ਦਾ ਚੰਗਾ ਰਸੂਖ ਹੋਣ ਕਾਰਨ ਉਸ ਵੇਲੇ ਦੇ ਸਾਰੇ ਸਿਰਮੌਰ ਲੇਖਕਾਂ ਦੀਆਂ ਰਚਨਾਵਾਂ ਇਸ ਵਿਚ ਛਪਦੀਆਂ ਸਨ। 1950 ਈ. ਤੋਂ ਹੀ ਅਮਰ ਕਹਾਣੀਆਂ ਮਾਸਿਕ ਪੱਤਰ ਜਾਰੀ ਹੋਇਆ। ਇਸ ਵਿਚ ਕੇਵਲ ਕਹਾਣੀਆਂ ਹੀ ਛਪਦੀਆ ਰਹੀਆਂ ਹਨ ਜੋ ਬੜੀਆਂ ਚੰਗੀਆਂ ਅਤੇ ਵੰਨ-ਸੁਵੰਨੀਆਂ ਹੁੰਦੀਆਂ ਹਨ।

ਅੰਮ੍ਰਿਤ ਵੇਲਾ, ਮਿਲਾਪ, ਜਿਉਂਦੀ ਜਨਤਾ, ਸਿੱਖ ਸੰਗੀਤ, ਪਹੁਫਟੀ, ਜੀਵਨ ਸਾਹਿਤ, ਪੰਖੜੀਆਂ।

**4.4.5. ਤ੍ਰੈ ਮਾਸਕ** : ਸਤਿ ਵਚਨ, ਜਯੋਤੀ, ਸ਼ਿਵਾਲਾ, ਕੋਤਹਾਸ, ਆਤਮਾ ਨੰਦ, ਬ੍ਰਿਜਿੰਦਰਾ, ਰਾਜਿੰਦਰਾ, ਬਾਰ ਆਦਿ।

ਇਸ ਸਮੇਂ ਦੀਆਂ ਜਿਹੜੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਉਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਹਨ : 1936-37 ਈ. ਵਿਚ ਗੌਰਮਿੰਟ ਆਫ ਇੰਡੀਆ ਦੇ ਨਵੇਂ ਐਕਟ ਹੇਠ ਸਾਰੇ ਦੇਸ਼ ਦੀਆਂ ਹੋਈਆਂ ਚੋਣਾਂ : ਗੁਰਦੁਆਰਾ ਚੋਣਾਂ। 1939 ਈ. ਵਿਚ ਦੁਨੀਆਂ ਦਾ ਦੂਜਾ ਮਹਾਨ ਜੰਗ ਸ਼ੁਰੂ ਹੋਇਆ ਜਿਸ ਕਰਕੇ ਕਈਆਂ ਅਖਬਾਰਾਂ ਤੇ ਪਾਬੰਦੀਆਂ ਲਗੀਆਂ। ਸੰਨ 1942 ਦੀ ਕਾਂਗਰਸ ਲਹਿਰ ਸਮੇਂ ਅਖਬਾਰਾਂ ਉੱਤੇ ਹੋਰ ਵੀ ਸਖਤੀ ਹੋ ਗਈ। ਕਈਆਂ ਨੂੰ ਜੁਰਮਾਨੇ ਹੋਏ ਤੇ ਕਈ ਬੰਦ ਹੋ ਗਏ ਪਰ ਫਿਰ ਵੀ ਉਨ੍ਹਾਂ ਆਪਣੇ ਕੌਮੀ ਫਰਜ਼ ਤੋਂ ਮੂੰਹ ਨਾ ਮੋੜਿਆ। ਖਾਲਸਾ ਕਾਲਜ ਦਾ ਪ੍ਰਬੰਧ ਉਸ ਸਮੇਂ ਤੱਕ ਸਰਕਾਰੀ ਹੱਥਾਂ ਵਿਚ ਸੀ ਜਿਸ ਨੂੰ ਸਿੱਖਾਂ ਦੇ ਹੱਥ ਵਿਚ ਦੇਣ ਲਈ ਅਖਬਾਰਾਂ ਨੇ ਬੜੀ ਆਵਾਜ਼ ਬੁਲੰਦ ਕੀਤੀ। ਇਸ ਮਾਮਲੇ ਤੇ ਵੀ ਸਿੱਖਾਂ ਦੇ ਦੋ ਧੜੇ ਸਨ। ਇਕ ਸੀ ਸ਼ਰੋਮਣੀ ਅਕਾਲੀ ਦਲ ਦਾ ਜਿਸ ਵਿਚ ਮਾ. ਤਾਰਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਪ੍ਰਤਾਪ ਸਿੰਘ ਕੈਰੋਂ, ਗਿ. ਸ਼ੇਰ ਸਿੰਘ ਤੇ ਬਾਬਾ ਖੜਕ ਸਿੰਘ ਸਨ। ਦੂਜੇ ਪਾਸੇ ਚੀਫ ਖਾਲਸਾ ਦੀਵਾਲ ਵਾਲੇ ਸਨ ਜਿਨ੍ਹਾਂ ਦੇ ਲੀਡਰ ਸੁੰਦਰ ਸਿੰਘ ਮਜੀਠੀਆਂ ਸਨ। ਇਹ ਵਿਰੋਧ ਉਸ ਸਮੇਂ ਦੇ ਅਖਬਾਰਾਂ

'ਚੋਂ ਪਰਤੱਖ ਦਿਸਦਾ ਹੈ। ਇਨ੍ਹਾਂ ਤੋਂ ਬਿਨਾਂ ਗੋਲਮੇਜ਼ ਕਾਨਫਰੰਸ, ਪੰਡਿਤ ਨਹਿਰੂ ਵੱਲੋਂ ਪੂਰਨ ਸਵਰਾਜ ਦਾ ਜਾਂ ਮੁਕੰਮਲ ਆਜ਼ਾਦੀ ਦਾ ਨਾਅਰਾ, ਭਾਰਤ ਛੱਡ ਜਾਓ ਤਹਿਰੀਕ, 1947 ਦਾ ਬਟਵਾਰਾ ਤੇ ਉਸ ਵੇਲੇ ਦੀ ਮਾਰਧਾੜ, ਕਟਾ-ਵਢੀ, ਸਾੜ-ਫੂਕ ਆਦਿ।

ਕੁਝ ਸ਼ਬਦ ਇਸ ਸਮੇਂ ਦੇ ਵਿਸ਼ੇਸ਼ ਪੱਤਰਾਂ ਬਾਰੇ ਕਹਿਣੇ ਵੀ ਉਚਿਤ ਹੋਣਗੇ, ਜਿਨ੍ਹਾਂ ਪੰਜਾਬੀ ਪੱਤਰਕਾਰੀ ਨੂੰ ਕਿਸੇ ਨਾ ਕਿਸੇ ਖੇਤਰ ਵਿਚ ਕੋਈ ਯੋਗਦਾਨ ਦਿੱਤਾ। 'ਅਕਾਲੀ' ਤੇ 'ਅਕਾਲੀ ਪਤ੍ਰਿਕਾ' ਇਸ ਸਮੇਂ ਦੇ ਦੋ ਰੋਜ਼ਾਨਾ ਪੱਤਰ ਸਨ ਜਿਨ੍ਹਾਂ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਆਜ਼ਾਦੀ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਕੀਤਾ। ਇਹ ਵਡਿਆਈ ਵੀ ਇਨ੍ਹਾਂ ਅਖਬਾਰਾਂ ਦਾ ਹੀ ਹੈ ਕਿ ਜਿਥੇ ਮੁਸਲਮਾਨ ਅਤੇ ਹਿੰਦੂਆਂ ਦੇ ਉਰਦੂ ਅਖਬਾਰ ਫਿਰਕਾ ਪ੍ਰਸਤੀ ਅਤੇ ਧਾਰਮਿਕ ਕੱਟੜਦਿਲੀ ਦਾ ਪ੍ਰਚਾਰ ਕਰਦੇ ਸਨ ਉਥੇ ਪੰਜਾਬੀ ਅਖਬਾਰ ਇਨ੍ਹਾਂ ਸਭਨਾਂ ਦੋਸ਼ਾਂ ਤੋਂ ਮੁਕਤ ਸਨ ਅਤੇ ਪੰਜਾਬ ਜਾਂ ਸਾਰੇ ਭਾਰਤ ਬਾਰੇ ਹੱਲ ਕਰਦੇ ਹਨ।

ਇਸ ਕਾਲ ਦੇ ਮਾਸਿਕ ਪੱਤਰਾਂ ਵਿਚੋਂ ਜੋ, 'ਪ੍ਰੀਤਲੜੀ' ਤੋਂ ਇਲਾਵਾ ਜਾਰੀ ਹੋਏ ਕੁਝ ਅਜਿਹੇ ਹਨ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਨ੍ਹਾਂ ਦਾ ਨਿਸ਼ਾਨਾ ਭਾਵੇਂ ਸਾਹਿਤਕ ਸੀ ਪਰ ਫਿਰ ਵੀ ਪੱਤਰਕਾਰੀ ਦੇ ਖੇਤਰ ਵਿਚ ਇਹ ਅੱਖੋਂ ਉਹਲੇ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਵਿਚੋਂ ਪੰਜ ਦਰਿਆ ਦਾ ਨਾਂ ਸਭ ਤੋਂ ਉੱਘਾ ਹੈ। 'ਪੰਜ ਦਰਿਆ' ਦੀ ਅਹਿਮੀਅਤ ਇਹ ਹੈ ਕਿ ਇਸ ਨੂੰ ਲਗਭਗ ਸਾਰੇ ਪ੍ਰਸਿੱਧ ਸਾਹਿਤਕਾਰਾਂ ਦਾ ਮਿਲਵਰਤਨ ਪ੍ਰਾਪਤ ਸੀ। ਇਸ ਵਿਚ ਲਿਖਣ ਵਾਲੇ ਪ੍ਰੋ. ਮੋਹਨ ਸਿੰਘ, ਤੇਜਾ ਸਿੰਘ, ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਸੇਖੋਂ, ਪ੍ਰੀਤਮ ਸਿੰਘ ਸਫੀਰ, ਸੁਰਜੀਤ ਸਿੰਘ ਸੇਠੀ, ਹਰਿੰਦਰ ਸਿੰਘ ਰੂਪ, ਇੰਦਰ ਸਿੰਘ ਚੱਕ੍ਰਵਰਤੀ, ਦਵਿੰਦਰ ਸਤਿਆਰਥੀ, ਕਪੂਰ ਸਿੰਘ ਜੇਠੂਵਾਲੀਆ, ਗੁਰਚਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਅਤੇ ਕਈ ਹੋਰ ਸਨ। 1939 ਈ. ਵਿਚ ਜਾਰੀ ਹੋਇਆ ਇਹ ਪੱਤਰ ਆਜ਼ਾਦੀ ਤੋਂ ਮਗਰੋਂ ਵੀ ਕੁਝ ਚਿਰ ਜਾਰੀ ਰਿਹਾ। ਇਹ ਬਦਕਿਸਮਤੀ ਦੀ ਗੱਲ ਹੈ ਕਿ ਭਾਵੇਂ ਪ੍ਰੀਤ ਲੜੀ ਤੇ ਪੰਜ ਦਰਿਆ ਨਿਰੋਲ ਪੰਜਾਬੀਅਤ ਦੇ ਝੰਡਾ ਬਰਦਾਰ ਸਨ, ਪਰ ਇਨ੍ਹਾਂ ਵਿਚ ਛਪਣ ਵਾਲੇ ਲੇਖਕਾਂ ਵਿਚ ਮੁਸਲਮਾਨ ਲੇਖਕਾਂ ਦੇ ਨਾਂ ਇਕ ਦਮ ਗਾਇਬ ਹਨ।

'ਲਿਖਾਰੀ' ਪਹਿਲਾਂ ਬੰਦ ਹੋ ਗਿਆ ਸੀ। ਪਰ ਅਕਤੂਬਰ 1940 ਈ. ਨੂੰ ਮੁੜ ਆਰੰਭ ਹੋਇਆ। ਇਸ ਦੇ ਐਡੀਟਰ ਪ੍ਰਸਿੱਧ ਸਾਹਿਤਕਾਰ ਸ.ਸ. ਅਮੋਲ ਸਨ। ਉਹ ਇਸ ਵਿਚ ਸਾਹਿਤ ਦੀ ਪੜਚੋਲ, ਮਹੀਨੇ ਭਰ ਦੀਆਂ ਚੋਣਵੀਆਂ, ਖਬਰਾਂ, ਲੇਖ ਅਤੇ ਕਵਿਤਾਵਾਂ ਦੀਆਂ ਟੂਕਾਂ ਦਿਆ ਕਰਦੇ ਸਨ।

ਰਿਸਾਲਾ 'ਕੰਵਲ' 1942 ਈ. ਵਿਚ ਜਮੀਅਤ ਸਿੰਘ ਤੇ ਨਿਰਭੈ ਸਿੰਘ ਨੇ ਮਿਲਕੇ ਅੰਮ੍ਰਿਤਸਰ ਤੋਂ ਜਾਰੀ ਕੀਤਾ। ਇਸ ਵਿਚ ਹਰ ਸਾਹਿਤਕ ਪੱਖ ਉੱਪਰ ਲੇਖ ਹੁੰਦੇ ਸਨ।

ਅਗਸਤ 1942 ਈ. ਵਿਚ ਸ. ਹਰਿਕਿਸ਼ਨ ਸਿੰਘ ਨੇ ਲਾਹੌਰ ਤੋਂ 'ਪੰਜਾਬੀ ਸਾਹਿਤ ਨਾਂ ਦਾ ਇਕ ਪੱਤਰ ਜਾਰੀ ਕੀਤਾ, ਇਹ ਇਕ ਤਰ੍ਹਾਂ ਦਾ ਪੰਜਾਬੀ ਡਾਇਜੈਸਟ ਸੀ, ਹਰ ਪੱਖ ਨਾਲ ਸੰਬੰਧਤ ਲਿਖਾਰੀ ਇਸ ਵਿਚ ਲਿਖਦੇ ਸਨ। ਆਲੋਚਨਾਤਮਕ ਲੇਖ ਵੀ ਇਸ ਨੇ ਛਾਪਣੇ ਆਰੰਭੇ। ਪਿਛੋਂ ਜਦੋਂ ਸ. ਹਰਿਕਿਸ਼ਨ ਸਿੰਘ ਇੰਗਲੈਂਡ ਚਲਿਆ ਗਿਆ ਤਾਂ 1955-56 ਈ. ਵਿਚ ਇਹ ਰਸਾਲਾ ਡਾ. ਹਰਚਰਨ ਸਿੰਘ ਦੀ ਸੰਪਾਦਨਾ ਹੇਠ ਦਿੱਲੀ ਤੋਂ ਜਾਰੀ ਹੋਇਆ ਪਰ ਫਿਰ ਛੇਤੀ ਬੰਦ ਹੋ ਗਿਆ। ਜਿੰਨਾ ਚਿਰ ਵੀ ਇਹ ਪੱਤਰ ਨਿਕਲਦਾ ਰਿਹਾ ਇਸ ਨੇ ਪੰਜਾਬੀ ਸਾਹਿਤ ਨੂੰ ਸਿਰਨਾਤਮਕ ਲੀਹਾਂ ਤੇ ਤੋਰਨ ਦੀ ਬੜੀ ਨਿਗਰ ਸੇਵਾ ਕੀਤੀ। ਫਿਰ ਡਾ. ਹਰਚਰਨ ਸਿੰਘ ਨੇ 'ਦੇਸ਼ ਪੰਜਾਬ' ਆਪ ਕਢਿਆ।

1945 ਈ. ਵਿਚ ਅੰਮ੍ਰਿਤਸਰ ਤੋਂ ਮਾਸਟਰ ਤਾਰਾ ਸਿੰਘ ਨੇ 'ਸੰਤ ਸਿਪਾਹੀ' ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ। ਇਸ ਵਿਚ ਮਾਸਟਰ ਜੀ ਆਪਣੇ ਸਿਆਸੀ ਖਿਆਲਾਂ ਦਾ ਪ੍ਰਚਾਰ ਕਰਦੇ ਸਨ। ਇਸ ਪੱਤਰ ਨੇ ਮਾਸਟਰ ਜੀ ਦੀ ਸਖਸ਼ੀਅਤ ਸਦਕਾ ਛੇਤੀ ਹੀ ਸਾਰੇ ਪੰਜਾਬ ਵਿਚ ਬੜੀ ਸ਼ੁਹਰਤ ਹਾਸਲ ਕਰ ਲਈ।

**4.5. ਵਰਤਮਾਨ ਕਾਲ (ੳ) (1947-52)** : 1947 ਦਾ ਸਾਲ ਪੰਜਾਬ ਵਿਚ ਪੁਨਰ-ਜਾਗ੍ਰਤੀ ਦਾ ਸਾਲ ਹੈ। ਇਸ ਸਾਲ 15 ਅਗਸਤ ਨੂੰ ਆਜ਼ਾਦੀ ਤਾਂ ਜ਼ਰੂਰ ਮਿਲੀ ਪਰ ਮਨੁੱਖਤਾ ਦਾ ਜੋ ਕਤਲੇਆਮ, ਜਾਇਦਾਦਾਂ ਦੀ ਸਾੜ ਫੂਕ ਤੇ ਹੈਵਾਨੀਅਤ ਦਾ ਜੋ ਨੰਗਾ ਨਾਚ ਹੋਇਆ ਉਸ ਨੇ ਸਭ ਜ਼ੁਲਮਾਂ ਨੂੰ ਮਾਤ ਕਰ ਦਿੱਤਾ। ਕੁਦਰਤੀ ਗੱਲ ਸੀ ਕਿ ਪੰਜਾਬੀ ਪੱਤਰਕਾਰੀ ਨੂੰ ਵੀ ਧੱਕਾ ਲਗਦਾ ਕਿਉਂਕਿ ਇਸ ਦਾ ਵੱਡਾ

ਗੜ੍ਹ ਲਾਹੌਰ ਪਾਕਿਸਤਾਨ ਵਿਚ ਚਲਿਆ ਗਿਆ ਸੀ। ਪੰਜਾਬ ਦੀ ਵੰਡ ਨਾਲ ਪੰਜਾਬੀ ਪੱਤਰਕਾਰੀ ਇਸ ਤਰ੍ਹਾਂ ਜੜੋਂ ਪੁੱਟੀ ਗਈ, ਪਰ ਜਿੰਨੀ ਮੁੜ ਆਪਣੇ ਆਪ ਨੂੰ ਪੂਰਬੀ ਪੰਜਾਬ ਵਿਚ ਬਹਾਲ ਕੀਤਾ ਤੇ ਜਿੰਨੀ ਗਿਣਤੀ ਵਿਚ ਹੋਰ ਨਵੇਂ ਅਖ਼ਬਾਰ ਜਾਰੀ ਹੋਏ, ਉਨ੍ਹਾਂ ਤੋਂ ਸਾਫ ਪਤਾ ਲਗਦਾ ਹੈ ਕਿ ਪੰਜਾਬੀ ਪੱਤਰਕਾਰੀ ਦੀਆਂ ਜੜ੍ਹਾਂ ਕਿੰਨੀਆਂ ਪੱਕੀਆਂ ਸਨ। 1947–52 ਈ. ਦੇ ਸ਼ੁਰੂ ਤਕ ਜਿਹੜੇ ਪੰਜਾਬੀ ਪੱਤਰ ਨਿਕਲੇ ਉਨ੍ਹਾਂ ਦੀ ਤਕਸੀਲ ਇਸ ਤਰ੍ਹਾਂ ਹੈ।

4.5.1. **ਰੋਜ਼ਾਨਾ** : ਆਜ਼ ਕੀ ਬਾਤ, ਪੰਜਾਬੀ ਜ਼ਿਮੀਦਾਰ, ਸਿੱਖ, ਕੌਮੀ ਸ਼ਹੀਦ, ਨਵਾਂ ਯੁਗ, ਖਾਲਸਾ, ਗੁਰਮਤਿ ਸਮਾਚਾਰ।

4.5.2. **ਸਪਤਾਹਿਕ** : ਮੇਲ ਮਿਲਾਪ, ਰਵਿਦਾਸ, ਜੈਕਾਰਾ, ਦੁਨੀਆਂਦਾਰ, ਆਸ਼ਾ, ਜਥੇਦਾਰ, ਲਹਿਰੀ, ਜੈ ਪੰਜਾਬ, ਲਲਕਾਰ, ਲੋਕਰਾਜ, ਨਿਰਮਲ ਸੰਦੇਸ਼, ਮੇਰਾ ਸੁਤੰਤਰ ਦੇਸ਼, ਪੀੜਤ ਸਮਾਚਾਰ, ਅਕਾਲ ਨਗਾਰਾ, ਸਾਂਝੀਵਾਲ, ਪੰਜਾਬੀ ਪਤ੍ਰਿਕਾ, ਜਗਤ ਸੇਵਕ, ਕੌਮੀ ਸੇਵਕ, ਸਾਡੀ ਸਰਕਾਰ, ਨਵੀਂ ਦੁਨੀਆਂ, ਬਾਬਾ ਜੀਵਨ ਸਿੰਘ ਗਜ਼ਟ, ਦੁਖੀ ਖਾਲਸਾ ਅਗੇ ਵਧੇ, ਉਜਾਲਾ, ਹਮਾਰਾ ਜੀਵਨ, ਹਰੀਜਨ ਉਧਾਰ, ਜਨਤਾ ਜੁਗ, ਖਾਲਸਾ ਬ੍ਰਦਰ, ਪੇਂਡੂ ਜਨਤਾ, ਅਣਖੀਲੀ ਰਾਣੀ, ਲੋਕ ਸੇਵਕ ਪਤ੍ਰਿਕਾ ਵਿਚਾਰਵਾਨ, ਨਵੇਂ ਰਾਹ, ਕੇਸਰੀ, ਰਣਭੂਮੀ, ਖਾਲਸਾ, ਮਜ਼ਬੀ ਗਜ਼ਟ, ਪ੍ਰਕਾਸ਼, ਨਿਹੰਗ ਸਿੰਘ ਸੰਦੇਸ਼।

4.5.3. **ਪੰਦਰਾਂ ਰਜ਼ਾ** : ਵੀਰ ਭੂਮੀ।

4.5.4. **ਮਾਸਿਕ ਪੱਤਰ** : ਲੋਕ ਸਾਹਿਤ, ਖੋਜ, ਸਵੇਰਾ ਸੈਨਾਪਤੀ, ਪ੍ਰੇਮ ਪਟਾਰੀ, ਰੂਹਾਨੀ ਦੋਸਤ, ਬਾਲ ਸੰਸਾਰ, ਨਵੀਆਂ ਕੀਮਤਾਂ, ਸਾਡਾ ਜੁਗ, ਜੀਵਨ ਸੰਦੇਸ਼, ਨਵਾਂ ਜੁਗ, ਸਵੇਰਾ ਬਾਲ ਸੰਦੇਸ਼, ਪੰਜਾਬੀ ਦੁਨੀਆਂ, ਅਮਰ ਕਹਾਣੀਆਂ, ਸਾਹਿਤ ਸਮਾਚਾਰ, ਕਹਾਣੀ, ਕਵਿਤਾ।

4.5.5. **ਤ੍ਰੈ ਮਾਸਿਕ** : ਇਤਿਹਾਸਕ ਪੱਤਰ, ਗਵਰਨਮੈਂਟ ਟਰੇਨਿੰਗ ਕਾਲਜ ਮੈਗਜ਼ੀਨ, ਬਿਆਸ, ਪੰਜਾਬੀ ਸਾਹਿਤ ਦਰਬਾਰ, ਫਿਲਮੀ ਸੰਸਾਰ, ਪੰਜਾਬੀ ਰਿਵੀਊ, ਨਿਰੰਕਾਰੀ ਸੰਦੇਸ਼, ਫਿਲਮੀ ਬਹਾਰ, ਪੈਪਸੂ ਸਮਾਚਾਰ, ਦਿੱਲੀ ਸਮਾਚਾਰ, ਲੋਕ ਸਮਾਚਾਰ ਆਦਿ।

1947 ਈ. ਦੇ ਬਟਵਾਰੇ ਦੇ ਸਿੱਟੇ ਵਜੋਂ ਫੈਲੀ ਬਦਅਮਨੀ, ਬੀਮਾਰੀਆਂ, ਆਰਥਿਕ ਮੰਦਵਾੜਾ, ਬੇਰੁਜ਼ਗਾਰੀ, ਮੁੜ ਵਸਾਉਣ ਅਤੇ ਹੋਰ ਕਈ ਸਮੱਸਿਆਵਾਂ ਇਨ੍ਹਾਂ ਪੱਤਰਾਂ ਦੀਆਂ ਸੁਰਖੀਆਂ ਹੁੰਦੀਆਂ ਹਨ। ਇਹ ਸੱਟ ਹਾਲੇ ਮੱਠੀ ਨਹੀਂ ਸੀ ਪਈ ਕਿ 1948 ਈ. ਵਿਚ ਪਾਕਿਸਤਾਨ ਨੇ ਭਾਰਤ ਉੱਪਰ ਹਮਲਾ ਕੀਤਾ ਜਿਸ ਦੇ ਵਿਰੁੱਧ ਡਟਣ ਲਈ ਅਖ਼ਬਾਰਾਂ ਵਿਚੋਂ ਜੋਸ਼ ਉਕਸਾਊ ਖ਼ਬਰਾਂ ਅਤੇ ਸਾਹਿਤ ਦਾ ਹੜ੍ਹ ਆ ਗਿਆ। ਪੂਰਬੀ ਪੰਜਾਬ ਦੀਆਂ ਰਿਆਸਤਾਂ ਨੂੰ ਇਕੱਠਿਆਂ ਕਰਕੇ ਪੈਪਸੂ ਸਰਕਾਰ ਹੋਂਦ ਵਿਚ ਆਈ ਜਿਸ ਦਾ ਕੇਂਦਰ ਪਟਿਆਲਾ ਸੀ। ਇੰਜ ਕੁਝ ਚਿਰ ਲਈ ਰਿਆਸਤੀ ਪੱਤਰਕਾਰੀ ਦਾ ਕੇਂਦਰ ਪਟਿਆਲਾ ਬਣ ਗਿਆ। ਇਨ੍ਹਾਂ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਪਰਿਸਥਿਤੀਆਂ ਨੇ ਉਸ ਸਮੇਂ ਦੇ ਪੱਤਰਾਂ ਨੂੰ ਬਹੁਤ ਮੁਤਾਸਿਰ ਕੀਤਾ। ਹੁਣ ਕੁਝ ਸ਼ਬਦ ਉਸ ਸਮੇਂ ਦੇ ਪ੍ਰਸਿੱਧ ਪੱਤਰ ਬਾਰੇ ਵੀ ਕਹਿਣੇ ਉਚਿਤ ਹੋਣਗੇ।

ਗਿਆਨੀ ਗੁਰਦਿੱਤ ਸਿੰਘ ਦਾ ਮਸਿਕ ਪੱਤਰ 'ਜੀਵਨ ਸੰਦੇਸ਼' ਪਟਿਆਲੇ ਤੋਂ ਜਾਰੀ ਹੋਇਆ ਇਹ ਬੜਾ ਮਿਆਰੀ ਪਰਚਾ ਸੀ। ਲੇਖਾਂ ਵਿਚ ਉੱਚ ਪੱਧਰੀ ਖੋਜ ਹੁੰਦੀ ਸੀ। ਇਸ ਦੇ ਜਿੰਨੇ ਵੀ ਅੰਕ ਛਪੇ ਵਿਦਵਾਨ ਖੋਜੀਆਂ ਲਈ ਬੜੇ ਕਾਰਆਮਦ ਸਾਬਤ ਹੋਏ। ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਗੁਰਮਤਿ ਸਾਹਿਤ ਬਾਰੇ ਇਸ ਵਿਚ ਛਪੇ ਲੇਖਾਂ ਨੂੰ ਪ੍ਰਮਾਣਿਤ ਮੰਨਿਆ ਜਾਂਦਾ ਸੀ। ਇਸ ਕਿਸਮ ਦਾ ਇਕ ਪੱਤਰ 'ਪ੍ਰਕਾਸ਼' ਵੀ ਗਿਆਨੀ ਜੀ ਨੇ ਜਾਰੀ ਕੀਤਾ ਜੋ ਅੱਜ ਵੀ ਚਲਦਾ ਹੈ।

ਦੂਜਾ ਪ੍ਰਸਿੱਧ ਪੱਤਰ 'ਪੰਜਾਬੀ ਦੁਨੀਆਂ' ਹੈ ਜਿਸ ਨੂੰ ਮਾਰਚ 1950 ਈ. ਵਿਚ ਭਾਸ਼ਾ ਵਿਭਾਗ ਵੱਲੋਂ ਜਾਰੀ ਕੀਤਾ ਗਿਆ। ਇਸ ਰਸਾਲੇ ਵਿਚ ਪੰਜਾਬੀ ਦੇ ਤਕਰੀਬਨ ਸਾਰੇ ਵਿਦਵਾਨਾਂ ਦੇ ਲੇਖ ਛਪਦੇ ਰਹੇ ਹਨ। ਇਹ ਰਸਾਲਾ ਤਾਂ ਹੁਣ ਪੰਜਾਬੀ ਸਾਹਿਤ, ਬੋਲੀ, ਇਤਿਹਾਸ, ਲਿਪੀ ਅਤੇ ਹੋਰ ਸੰਬੰਧਤ ਪੱਖਾਂ ਲਈ ਭਰੋਸੇਯੋਗ ਪਰਚਾ ਹੋ ਨਿਬੜਿਆ ਹੈ। ਇਸ ਦੇ ਵਿਸ਼ੇਸ਼ ਅੰਕਾਂ ਨੇ ਪੰਜਾਬੀ ਆਲੋਚਨਾ ਅਤੇ ਖੋਜ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਹੈ।

'ਪੰਜਾਬੀ ਪਤ੍ਰਿਕਾ' ਗੁਰਨਾਮ ਸਿੰਘ ਤੀਰ ਨੇ 1948–49 ਈ. ਵਿਚ ਲੁਧਿਆਣੇ ਤੋਂ ਜਾਰੀ ਕੀਤਾ।

'ਤੀਰ' ਅਤੇ ਉਨ੍ਹਾਂ ਦੇ ਛੋਟੇ ਭਾਈ ਸ਼ਮਸ਼ੇਰ ਸਿੰਘ ਸਰੋਜ ਨੇ ਇਸ ਵਿਚ ਕਈ ਨਵੇਂ ਮਜ਼ਾਹੀਆਂ (ਹਾਸ-ਭਰਪੂਰ) ਫੀਚਰ ਸ਼ੁਰੂ ਕੀਤੇ। ਉਹਨਾਂ ਵਿਚੋਂ ਹੀ ਜਰਨੈਲ ਸਿੰਘ ਅਰਸ਼ੀ ਨੇ 'ਲਲਕਾਰ' ਆਰੰਭ ਕੀਤਾ। ਜਰਨੈਲ ਸਿੰਘ ਅਰਸ਼ੀ ਆਪ ਵੀ ਵਿਅੰਗ-ਮਈ ਲੇਖਣੀ ਦੇ ਮਾਲਕ ਸਨ ਇਸੇ ਕਰਕੇ ਉਨ੍ਹਾਂ ਨੇ 'ਲਲਕਾਰ' ਵਿਚ 'ਤੂੰਬੇ ਬੁੜ੍ਹਕਣ ਦੇ', 'ਝੋਕਾਂ ਹਾਨੀਆਂ ਦੀਆਂ' ਲੋਕਾਂ ਵਿਚ ਬੜੇ ਮਕਬੂਲ ਹੋਏ। 'ਲਲਕਾਰ' ਦਾ ਇਕ ਵਿਸ਼ੇਸ਼ ਸਾਲਾਨਾ ਤੇ ਦਸ਼ਮੇਸ਼ ਅੰਕ ਛਪਿਆ ਜਿਸ ਦੀ ਰਾਜਸੀ ਹਲਕਿਆਂ ਵਿਚ ਬੜੀ ਚਰਚਾ ਹੋਈ। ਸਾਹਿਤਕਾਰਾਂ ਦਾ ਚੰਗਾ ਰਸੂਖ ਹੋਣ ਕਾਰਨ ਉਸ ਵੇਲੇ ਦੇ ਸਾਰੇ ਸਿਰਮੌਰ ਲੇਖਕਾਂ ਦੀਆਂ ਰਚਨਾਵਾਂ ਇਸ ਵਿਚ ਛਪਦੀਆਂ ਸਨ। 1950 ਈ. ਤੋਂ ਹੀ ਅਮਰ ਕਹਾਣੀਆਂ ਮਾਸਿਕ ਪੱਤਰ ਜਾਰੀ ਹੋਇਆ। ਇਸ ਵਿਚ ਕੇਵਲ ਕਹਾਣੀਆਂ ਹੀ ਛਪਦੀਆਂ ਰਹੀਆਂ ਹਨ ਜੋ ਬੜੀਆਂ ਚੰਗੀਆਂ ਅਤੇ ਵੰਨ-ਸੁਵੰਨੀਆਂ ਹੁੰਦੀਆਂ ਹਨ।

'ਲੋਕ ਸਾਹਿਤ' ਸਵਰਗਵਾਸੀ ਨਾਨਕ ਸਿੰਘ ਨਾਵਲਿਸਟ ਨੇ 1950 ਈ. ਵਿਚ ਆਰੰਭ ਕੀਤਾ ਜੋ ਬੜੀ ਉੱਚ ਪੱਧਰ ਦਾ ਪਰਚਾ ਸੀ ਜਿਸ ਵਿਚ ਨਵੇਂ ਕਹਾਣੀਕਾਰ ਖ਼ਾਸ ਤੌਰ ਤੇ ਹਿੱਸਾ ਪਾਉਂਦੇ ਸਨ। ਇਸ ਵਿਚ ਕਿਸੇ ਦੀ ਕਹਾਣੀ ਛਪ ਜਾਣੀ ਮਾਣ ਦੀ ਗੱਲ ਸਮਝੀ ਜਾਂਦੀ ਸੀ। 'ਕਵਿਤਾ' ਜਿਸ ਦੇ ਸੰਪਾਦਕ ਕਰਤਾਰ ਸਿੰਘ ਬਲੱਗਣ ਸਨ, ਵੀ ਇਸ ਸਮੇਂ ਦੀ ਇਕ ਹੋਰ ਚੰਗੀ ਪਤ੍ਰਿਕਾ ਸੀ। ਬਲੱਗਣ ਦੇ ਸਮੇਂ ਤਾਂ ਕਵਿਤਾ ਨੇ 'ਕਵਿਤਾ' ਦੀਆਂ ਝੰਡੀਆਂ ਲਾਈ ਰੱਖੀਆਂ। ਕਵਿਤਾ ਦੀ ਮਹਿਫਲ ਵਿਚ ਆਸੀ, ਯੁਮਨ, ਨੂਰਪੁਰੀ, ਸਮਸ਼ੇਰ, ਬਲੱਗਣ, ਮੁਸ਼ਤਾਕ, ਉਪਾਸ਼ਕ, ਕਮਾਲ, ਗੁਰਦਾਸਪੁਰੀ, ਮੁਸਾਫਿਰ, ਸਾਬਰ, ਮਾਮ, ਕੁੰਦਨ ਅਤੇ ਤੀਰ ਆਦਿ ਕਈ ਵਿਸ਼ੇਸ਼ ਹਿੱਸਾ ਪਾਉਂਦੇ ਸਨ। ਜੂਨ-ਜੁਲਾਈ 1950 ਵਿਚ ਬਲੱਗਣ ਸਿਮ੍ਰਤੀ ਅੰਕ ਅਤੇ ਉਸ ਤੋਂ ਪਹਿਲਾਂ ਨਿਕਲਿਆ ਨੰਦਾ ਅੰਕ, ਵਿਸ਼ੇਸ਼ ਸ਼ੁਹਰਤ ਦਾ ਕਾਰਣ ਬਣੇ।

ਲੁਧਿਆਣੇ ਤੋਂ ਲਾਹੌਰ ਬੁਕ ਸ਼ਾਪ ਦੇ ਮਾਲਕ ਜੀਵਨ ਸਿੰਘ ਨੇ 'ਸਾਹਿਤ ਸਮਾਚਾਰ' ਤੇ ਬਾਲ ਦਰਬਾਰ ਸ਼ੁਰੂ ਕੀਤੇ। ਸਾਹਿਤ ਸਮਾਚਾਰ ਦਾ ਮਨੋਰਥ ਉਨ੍ਹਾਂ ਲੇਖਕਾਂ ਬਾਰੇ ਲੇਖ ਛਾਪਣੇ ਹਨ ਜਿਹੜੇ ਗਿਆਨੀ, ਬੁੱਧੀਮਾਨੀ, ਐਮ.ਏ. ਅਤੇ ਹੋਰ ਇਮਤਿਹਾਨਾਂ ਦੇ ਕੋਰਸ ਵਿਚ ਪੜ੍ਹਾਏ ਜਾਂਦੇ ਹਨ। ਇਸ ਦੇ ਕਈ ਵਿਸ਼ੇਸ਼ ਅੰਕ ਛਪੇ ਹਨ ਜਿਨ੍ਹਾਂ ਨੇ ਕਈ ਵਿਦਿਆਰਥੀਆਂ ਦਾ ਪਾਰ ਉਤਾਰਾ ਕੀਤਾ ਹੈ।

ਪ੍ਰਿੰਸੀਪਲ ਨਿਰੰਜਨ ਸਿੰਘ ਵਿਗਿਆਨ ਦੇ ਆਲਿਮ ਹੋਣ ਦੇ ਨਾਲ ਪੰਜਾਬੀ ਦੇ ਚੰਗੇ ਵਾਰਤਾਕਾਰ ਵੀ ਹਨ। ਉਨ੍ਹਾ ਦਾ ਇਹ ਸ਼ੌਕ ਰਿਹਾ ਹੈ ਕਿ ਪੰਜਾਬੀ ਨੌਜਵਾਨ ਖ਼ਾਸ ਕਰਕੇ ਗਿਆਨ ਵਿਗਿਆਨ ਦੋਹਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਕੇ ਸਿੱਖ ਧਰਮ ਦੀਆਂ ਸਦਾਚਾਰਕ ਕੀਮਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ। ਇਸ ਆਸ਼ੇ ਦੀ ਪੂਰਤੀ ਲਈ ਉਨਾ ਦਸੰਬਰ 1947 ਨੂੰ ਦਿੱਲੀਓਂ 'ਨਵੀਆਂ ਕੀਮਤਾਂ' ਸ਼ੁਰੂ ਕੀਤਾ। ਇਸ ਦੇ ਪਹਿਲੇ ਪਰਚੇ ਨਾਲ ਸਾਹਿਤਕ ਸਲੀਕਿਆਂ ਅਤੇ ਵਿਚਾਰਵਾਨਾਂ ਦੀਆਂ ਮਹਿਫਲਾਂ ਵਿਚ ਧੁੰਮਾਂ ਪੈ ਗਈਆਂ।

ਸਮੱਸਿਆ ਦਿਨੋ ਦਿਨ ਘੱਟਦੀ ਜਾ ਰਹੀ ਹੈ ਜੋ ਪੰਜਾਬੀ ਪੱਤਰਕਾਰੀ ਲਈ ਚੰਗਾ ਲੱਛਣ ਹੈ। ਪਹਿਲਾਂ ਆਮ ਖ਼ਿਆਲ ਕੀਤਾ ਜਾਂਦਾ ਸੀ ਕਿ ਟਾਇਪ ਮੋਟੇ ਹੋਣ ਕਾਰਨ ਪੰਜਾਬੀ ਪੱਤਰਾਂ ਵਿਚ ਸਮੱਗਰੀ ਘੱਟ ਛਪ ਸਕਦੀ ਹੈ ਪਰ ਹੁਣ ਆਧੁਨਿਕ ਛਪਾਈ ਮਸ਼ੀਨਾਂ ਦੁਆਰਾ ਪੰਜਾਬੀ ਪੱਤਰ ਲਾਭ ਉਠਾ ਰਹੇ ਹਨ। ਇਕ ਹੋਰ ਔਕੜ ਪੰਜਾਬੀ ਦੇ ਪੱਤਰਾਂ ਦੀ ਇਹ ਹੈ ਮਾਲੀ ਸਮਰੱਥਾ ਘੱਟ ਹੋਣ ਕਰਕੇ ਇਹ ਪੀ.ਟੀ. ਆਈ., ਯੂ. ਐਨ. ਆਈ. ਹਿੰਦੁਸਤਾਨ ਸਮਾਚਾਰ, ਭਾਰਤੀ ਰਾਈਟਰ ਅਤੇ ਹੋਰ ਦੇਸ਼ੀ ਵਿਦੇਸ਼ੀ ਨਿਊਜ਼ ਏਜੰਸੀਆਂ ਦੀਆਂ ਸੇਵਾਵਾਂ ਹਾਸਲ ਨਹੀਂ ਕਰ ਸਕਦੇ।

ਇਕ ਹੋਰ ਵੱਡੀ ਮੁਸ਼ਕਲ ਯੋਗ ਸਟਾਫ ਅਥਵਾ ਕਰਮਚਾਰੀਆਂ ਦੀ ਘਾਟ ਸੀ, ਪੰਜਾਬੀ ਅਖਬਾਰਾਂ ਵਿਚ ਕੰਮ ਕਰਨ ਵਾਲਾ ਅਮਲਾ ਕੋਈ ਪ੍ਰਾਪਤ ਜਾਂ ਟਰੇਂਡ ਨਹੀਂ ਹੁੰਦਾ। ਇਹੋ ਕਾਰਣ ਹੈ ਕਿ ਕਈ ਵਾਰ ਧੱਕੇ ਨਾਲ ਕੰਮ ਚਲਾ ਲਿਆ ਜਾਂਦਾ ਹੈ। ਕੰਮ ਵੱਲੋਂ ਅਣਗਹਿਲੀ ਤੇ ਲਾਪਰਵਾਹੀ, ਮਨਮਰਜ਼ੀ ਕਰਨੀ ਵੀ ਇਸ ਨਾਲ ਸੰਬੰਧਿਤ ਇਕ ਹੋਰ ਵੱਡਾ ਮਸਲਾ ਹੈ। ਪੰਜਾਬੀ ਪੱਤਰਾਂ ਵਿਚ ਛਪਣ ਵਾਲੀਆਂ ਖਬਰਾਂ ਦੀ ਵੀ ਆਪਣੀ ਹੀ ਕਿਸਮ ਹੁੰਦੀ ਹੈ। ਜੇ ਸਮਾਜ ਭਲਾਈ ਦੀ ਕੋਈ ਖਬਰ ਭੇਜੀ ਜਾਂਦੀ ਹੈ ਤਾਂ ਉਸਨੂੰ ਅਪ੍ਰਵਾਨ ਕਰ ਦਿੱਤਾ ਜਾਂਦਾ ਹੈ। ਪਰ ਕਤਲਾਂ, ਉਧਾਲਿਆਂ, ਡਾਕਿਆਂ, ਚੋਰੀਆਂ, ਜੂਏ-ਬਾਜ਼ੀਆਂ ਅਤੇ ਜਬਰ-ਜਿਨਾਹ ਦੀਆਂ ਖਬਰਾਂ ਨੂੰ ਸੁਰਖੀਆਂ ਲਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ

ਵੇਲੇ ਸਥਿਤੀ ਇਹ ਹੈ ਕਿ ਹਫਤਾਵਾਰੀ ਤੇ ਮਾਸਿਕ ਪੱਤਰ ਬਹੁਤ ਕਰਕੇ ਉਹ ਲੋਕ ਕੱਢ ਰਹੇ ਹਨ ਜਿਨਾਂ ਦਾ ਅਦਬ ਜਾਂ ਲਿਖਣ ਨਾਲ ਦੂਰ ਦਾ ਵਾਸਤਾ ਵੀ ਨਹੀਂ, ਉਹ ਕੇਵਲ ਇਸ਼ਤਿਹਾਰ ਦੇਣ ਵਾਲਿਆਂ ਮਗਰ ਫਿਰ ਕੇ ਇਸ਼ਤਿਹਾਰ ਲੈਣਾ ਹੀ ਜਾਣਦੇ ਹਨ। ਸੰਪਾਦਕਾਂ ਦਾ ਲਿਖਣ ਦਾ ਅਭਿਆਸ ਘੱਟ ਹੋਣ ਜਾਂ ਨਾਂ ਹੋਣਾ ਵੀ ਪੰਜਾਬੀ ਪੱਤਰਕਾਰੀ ਲਈ ਨੁਕਸਾਨਦੇਹ ਸਾਬਤ ਹੋਇਆ ਹੈ। ਇਸ ਵਕਤ ਪੰਜਾਬ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਦੀ ਡਿਗਰੀ ਪ੍ਰਦਾਨ ਕੀਤੀ ਜਾਂਦੀ ਹੈ, ਪਰ ਟਰੇਨਿੰਗ ਲੈਣ ਵਾਲਿਆਂ ਨੂੰ ਵੱਡੇ-ਵੱਡੇ ਅਖਬਾਰ ਹੀ ਬੋਚ ਲੈਂਦੇ ਹਨ। ਕਿਉਂਕਿ ਉਥੇ ਉਨਾਂ ਨੂੰ ਵਧੇਰੇ ਤਨਖਾਹ ਅਤੇ ਉਜਵਲ ਭਵਿੱਖ ਦੀ ਆਸ ਰਹਿੰਦੀ ਹੈ, ਜਦ ਕਿ ਪੰਜਾਬੀ ਪੱਤਰਕਾਰੀ ਵਿਚ ਅਜਿਹਾ ਨਹੀਂ ਹੈ। ਕਈਆਂ ਪੱਤਰਾਂ ਵਿਚ ਛਾਪੀ ਜਾਣ ਵਾਲੀ ਸਾਮਗ੍ਰੀ ਦੇ ਮਿਆਰ ਕਾਂਟ ਛਾਂਟ ਅਤੇ ਸੋਧ ਸੁਧਾਈ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਬਹੁਤਿਆਂ ਪਰਚਿਆਂ ਦੀ ਆਸ਼ਾ ਕੇਵਲ ਨਿਸ਼ਚਿਤ ਕੀਤਿਆਂ ਸਫਿਆਂ ਦਾ ਢਿੱਡ ਭਰਨਾ ਹੀ ਹੁੰਦਾ ਹੈ। ਸਭ ਤੋਂ ਵੱਡੀ ਰੋਕ ਪੰਜਾਬੀ ਪੱਤਰਕਾਰੀ ਦੇ ਰਾਹ ਵਿਚ ਜਿਹੜੀ ਹੈ, ਉਹ ਹੈ ਸਰਮਾਏ ਦੀ ਘਾਟ ਪਰ ਇਸ ਘਾਟ ਨੂੰ ਦੂਰ ਕਰਨ ਲਈ 'ਕਾਰਪੋਰੇਸ਼ਨ' ਬਣਾਉਣ ਦੀ ਕਾਫੀ ਚਰਚਾ ਹੈ ਜਿਸ ਨਾਲ ਸਭ ਔਕੜਾਂ ਆਪੇ ਹੀ ਦੂਰ ਹੋ ਜਾਣਗੀਆਂ।

ਜਿਵੇਂ ਕਿ ਪਿਛਲੀ ਚਰਚਾ ਤੋਂ ਸਪਸ਼ਟ ਹੈ ਪੰਜਾਬੀ ਪੱਤਰਕਾਰੀ ਦਾ ਰਸਤਾ ਬੜਾ ਬਿਖੜਾ ਅਤੇ ਮੁਸ਼ਕਲਾਂ ਨਾਲ ਭਰਪੂਰ ਰਿਹਾ ਹੈ ਜਿਸ ਕਰਕੇ ਇਸ ਨੇ ਆਸ ਅਤੇ ਸੰਭਾਵਨਾ ਅਨੁਸਾਰ ਉੱਨਤੀ ਨਹੀਂ ਕੀਤੀ। ਇਨਾਂ ਕਾਰਨਾਂ ਦਾ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ। ਹੁਣ ਕੁਝ ਅਜਿਹੀਆਂ ਹਾਲਤਾਂ ਵੱਲ ਅਸੀਂ ਪਾਠਕਾਂ ਦਾ ਧਿਆਨ ਖਿਚਣਾ ਚਾਹੁੰਦੇ ਹਾਂ ਜੋ ਜਿਸ ਦੇ ਉੱਜਲੇ ਤੇ ਚੰਗੇਰੇ ਭਵਿੱਖ ਦੀ ਉਮੀਦ ਬਣਾਉਂਦੇ ਹਨ। ਪੰਜਾਬੀ ਨੂੰ ਸਰਕਾਰ ਦਰਬਾਰ ਅਤੇ ਵਿਦਿਅਕ ਸੰਸਥਾਵਾਂ ਤੇ ਇਸ ਕਾਰਜਾਂ ਵਿਚ ਸਤਿਕਾਰ ਯੋਗ ਪਦਵੀ ਮਿਲ ਜਾਣ ਨਾਲ ਇਸ ਦੇ ਪੱਤਰਾਂ ਅਤੇ ਸਾਹਿਤ ਦਾ ਆਦਰ ਵਧਦਾ ਜਾ ਰਿਹਾ ਹੈ। ਭਾਸ਼ਾਏ. ਤੰਗਦਿਲੀ ਵੀ ਘੱਟ ਰਹੀ ਹੈ ਜਿਸ ਕਰਕੇ ਇਹਨਾਂ ਦੀ ਲਾਗਤ ਦਾ ਘੇਰਾ ਮਹਿਦੂਦ ਤੋਂ ਵਧਕੇ ਚੋੜੇਰਾ ਹੁੰਦਾ ਜਾ ਰਿਹਾ ਹੈ। ਪੱਤਰਕਾਰੀ ਲਈ ਬਕਾਇਦਾ ਕੋਰਸ ਸ਼ੁਰੂ ਕੀਤੇ ਹਨ ਜਿਨਾਂ ਤੋਂ ਸੁਰੱਖਿਅਤ ਅਮਲਾ ਪੰਜਾਬੀ ਵਿਚ ਜਾਵੇਗਾ ਜਿਸ ਨਾਲ ਕਈ ਤਕਨੀਕੀ ਅਤੇ ਹੋਰ ਔਕੜਾਂ ਦੂਰ ਹੋ ਜਾਣਗੀਆਂ, ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੱਤਰਕਾਰੀ ਨੂੰ ਪ੍ਰੋਤਸਾਹਨ ਦੇਣ ਲਈ ਨਕਦ ਇਨਾਮ ਵੀ ਦਿੱਤਾ ਜਾਂਦਾ ਹੈ। ਹੁਣ ਪੰਜਾਬੀ ਪੱਤਰਾਂ ਨੂੰ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਇਸ਼ਤਿਹਾਰ ਵਗੈਰਾ ਦਿੱਤੇ ਜਾਂਦੇ ਹਨ ਜਿਸ ਨਾਲ ਮਾਲੀ ਹਾਲਤ ਵਿਚ ਵੀ ਢੇਰ ਸਾਰਾ ਸੁਧਾਰ ਹੋ ਰਿਹਾ ਹੈ। ਜਿਉਂ ਜਿਉਂ ਪਾਠਕਾਂ ਦਾ ਘੇਰਾ ਅਤੇ ਵਸੀਲੇ ਵਧਦੇ ਜਾ ਰਹੇ ਹਨ ਤਿਉਂ ਤਿਉਂ ਇਨਾਂ ਪੱਤਰਾਂ ਦੀ ਮਾਲੀ ਹਾਲਤ ਵਿਚ ਸੁਧਾਰ ਆਇਆ ਹੈ ਜਿਸ ਕਰਕੇ ਹੁਣ ਦੇ ਪੱਤਰ ਪ੍ਰੇਰਕਾਂ ਨੂੰ ਕੁਝ ਨਾ ਕੁਝ ਸੇਵਾ ਫਲ ਵੀ ਦੇ ਰਹੇ ਹਨ। ਸੰਪਾਦਕੀ ਅਮਲੇ ਦੀਆਂ ਤਨਖਾਹਾਂ ਵੀ ਅੱਗੇ ਨਾਲੋਂ ਚੰਗੀਆਂ ਹਨ। ਪੱਤਰਕਾਰੀ ਨਵੇਂ ਨਵੇਂ ਖੇਤਰਾਂ-ਬਾਲ ਸਾਹਿਤ, ਨਾਰੀ ਸਾਹਿਤ, ਸੰਗੀਤ, ਖੇਡਾਂ, ਫਿਲਮੀ, ਹਾਸ ਵਿਅੰਗ, ਮਨੋਵਿਗਿਆਨ, ਖੇਤੀ-ਬਾੜੀ, ਇੰਜੀਨਿਅਰਿੰਗ, ਕਾਨੂੰਨ ਅਤੇ ਹੋਰ।

**4.6 ਵਰਤਮਾਨ ਕਾਲ (ਚਲਦਾ) (1952 ਤੋਂ ਹੁਣ ਤਕ)** : !952 ਤੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਪ੍ਰਫੁਲਤਾ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਯਤਨ ਜਾਰੀ ਹੋਏ, ਕਿਉਂਕਿ ਇਹ ਭਾਸ਼ਾ ਅਤੇ ਇਸ ਦੇ ਸਾਹਿਤ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਆਦਰ ਮਿਲਣ ਲੱਗ ਪਿਆ ਹੈ। ਸੰਵਿਧਾਨ ਵਿਚ ਪੰਜਾਬੀ ਨੂੰ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਸ਼ਾਮਿਲ ਕੀਤਾ ਗਿਆ ਹੈ। 1968 ਵਿਚ ਇਸਨੂੰ ਪੰਜਾਬ ਦੀ ਰਾਜ ਭਾਸ਼ਾ ਕਰਾਰ ਦੇ ਦਿੱਤਾ ਗਿਆ। ਅਜਿਹਾ ਸੁਖਾਵਾਂ ਤੇ ਉਤਸ਼ਾਹ-ਵਰਧਕ ਵਾਤਾਵਰਣ ਮਿਲਣ ਕਰਕੇ ਨਵੇਂ ਅਖਬਾਰ ਰਸਾਲੇ ਜਾਰੀ ਹੋਏ ਜਿਨ੍ਹਾਂ ਦਾ ਵਿਸਤ੍ਰਿਤ ਵੇਰਵਾ ਇਸ ਤਰ੍ਹਾਂ ਹੈ :-

**4.6.1 ਰੋਜ਼ਾਨਾ** : ਅਜੀਤ, ਅਕਾਲੀ ਪੱਤ੍ਰਿਕਾ, ਨਵਾਂ ਜ਼ਮਾਨਾ, ਕੌਮੀ ਦਰਦ, ਲੋਕ ਲਹਿਰ, ਜੱਥੇਦਾਰ, ਰਣਜੀਤ।

**4.6.2 ਸਪਤਾਹਿਕ** : ਪੰਥ ਗਜ਼ਟ, ਪੰਥ ਪ੍ਰਕਾਸ਼, ਮਾਨ ਸਰੋਵਰ, ਲੋਕ ਰੰਗ, ਕੌਮੀ ਏਕਤਾ, ਅੰਮ੍ਰਿਤ

ਪੱਤ੍ਰਿਕਾ, ਅਭੀਤ ਕੇਸਰੀ, ਸਰਦਾਰ, ਫਤਿਹ।

**4.6.3 ਮਾਸਿਕ** : ਨਾਗਮਣੀ, ਸੈਨਾਪਤੀ, ਨਵਾਂ ਸਾਹਿਤ, ਆਰਸੀ, ਸੀਸ ਗੰਜ, ਸੇਧ, ਵਿਕੇਂਦ੍ਰਿਤ, ਸੋਵੀਅਤ ਦੇਸ਼, ਸਾਡਾ ਜੁਗ, ਚੇਤਨਾ, ਪ੍ਰੇਰਨਾ, ਪੰਜਾਬੀ ਡਾਇਜੈਸਟ, ਜਾਗ੍ਰਤੀ, ਪੰਚਾਇਤੀ ਰਾਜ, ਪੰਖੜੀਆਂ, ਸਿਹਤ ਵਿਕਾਸ, ਸਮਾਚਾਰ, ਸੈਨਿਕ ਸਮਾਚਾਰ, ਚੰਗੀ ਖੇਤੀ, ਜਨ ਸਾਹਿਤ, ਤਸਵੀਰ, ਰੂਪਤਰੀ, ਚਰਚਾ, ਸਰਦਲ, ਪੰਜ ਪਾਣੀ, ਪੰਜਦਰਿਆ (ਉਰਦੂ ਅੱਖਰ), ਪੰਜਾਬੀ ਜ਼ਬਾਨ (ਉਰਦੂ), ਇੱਕਤੀ ਫਰਵਰੀ।

**4.6.4 ਦੋ ਮਾਹੀ** : ਨਕਸ਼, ਜੀਨ ਯਾਤਰਾ।

**4.6.5 ਤ੍ਰੈ ਮਾਸਿਕ** : ਸੰਕੇਤ, ਰੂਪ ਰੇਖਾ, ਪ੍ਰਤੀਕ, ਸੁਰਤਾਲ ਸਿਰਜਣਾ, ਆਲੋਚਨਾ, ਸ਼ਬਦ, ਕਹਾਣੀ ਪੰਜਾਬ, ਕਲਾ ਸਿਰਜਕ, ਪ੍ਰਵਚਨ।

**4.6.6 ਛਿਮਾਹੀ** : ਭਾਰਤੀ ਤੇ ਵਿਦੇਸ਼ੀ ਸਾਹਿਤ, ਖੋਜ ਪੱਤ੍ਰਿਕਾ, ਨਾਨਕ ਪ੍ਰਕਾਸ਼ ਪੱਤ੍ਰਿਕਾ, ਵਿਗਿਆਨ ਦੇ ਨਕਸ਼, ਭਾਖਾ ਸੰਜਮ, ਇੰਜੀਨੀਅਰਿੰਗ ਪੱਤ੍ਰਿਕਾ, ਸਮਾਜਿਕ ਵਿਗਿਆਨ, ਪਰਖ, ਖੋਜ ਦਰਪਣ, ਸ਼ੀਰਾਜ਼ਾ।

**4.6.7 ਮਨਸ਼ਾਤਮਕ** : ਸੂਰਜਮੁਖੀ, ਹੇਮ ਜਯੋਤੀ–ਨੀਲਗਿਰੀ, ਲਕੀਰ, ਮੁਹਾਂਦਰਾ, ਵਤਨੋਂ ਦੂਰ, ਚਿੰਗਾੜੀ।

**4.6.8 ਮਿੰਨੀ ਪੱਤਰ** : ਸੰਕਲਪ, ਨੁਕਤਾ, ਤ੍ਰਿਸ਼ੰਕੂ, ਕਮਲ, ਅਕਸ, ਸਿਆੜ, ਕਲਜੁਗ, ਜਫਰ, ਅਣੂ, ਮਰੀਚਕਾ, ਅਨੁਭਵ, ਕਸੁੰਭੜਾ, ਸਿਰਜਕ, ਸਪਨਾ, ਅਪ੍ਰਸੰਗ ਹੋਕਾ, ਸੁਪਰਈਗੋ ਸੱਜਰੀ ਪੈੜ ਤੇ ਅਕਾਸ਼ ਆਦਿ।

ਅੱਜ ਦੇ ਪੰਜਾਬੀ ਵਿਚ ਦੁਨੀਆਂ ਦੇ ਹਰ ਕੋਨੇ ਦੀ ਖਬਰ–ਸੂਬਾਈ, ਇਲਾਕਾਈ, ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਛਪੀ ਹੋਈ ਮਿਲਦੀ ਹੈ। ਜੀਵ ਦੇ ਹਰ ਅੰਗ, ਵਿਗਿਆਨ, ਬਾਲ–ਸਾਹਿਤ, ਨਾਰੀ ਸਾਹਿਤ, ਸੰਗੀਤ, ਖੇਡਾਂ, ਸਿਹਤ, ਸਫਾਈ, ਫਿਲਮਾਂ, ਹਾਸ ਵਿਅੰਗ, ਮਨੋਵਿਗਿਆਨ, ਖੇਤੀਬਾੜੀ, ਸਾਹਿਤ, ਲਿਪੀ, ਭਾਸ਼ਾ, ਸਭਿਆਚਾਰ, ਇੰਜੀਨੀਅਰਿੰਗ, ਕਾਨੂੰਨ, ਆਦਿ ਬਾਰੇ ਕਈ ਪੱਤਰ ਤਾਂ ਵਿਸ਼ੇਸ਼ ਤੌਰ ਤੇ ਨਿਸ਼ਚਿਤ ਹਨ ਜਾਂ ਉਨ੍ਹਾਂ ਵਿਚ ਅਜਿਹੇ ਲੇਖ ਛਪਦੇ ਰਹਿੰਦੇ ਹਨ। ਹੁਣ ਦੇ ਅਖਬਾਰ ਨਾਂ ਤਾਂ ਥੁੜ੍ਹ ਪੂੰਜੀਏ ਹਨ ਤੇ ਨਾ ਸਰਕਾਰ ਵੱਲੋਂ ਕਿਸੇ ਨੂੰ ਜ਼ਬਤ ਜਾਂ ਬੰਦ ਕਰਨ ਦਾ ਕੋਈ ਖਦਸ਼ਾ ਹੈ ਪਰ ਇਸ ਦੇ ਬਾਵਜੂਦ ਵੀ ਪੰਜਾਬੀ ਪੱਤਰਕਾਰੀ ਵਿਚ ਕਈ ਕਿਸਮ ਦੀਆਂ ਕਠਿਨਾਈਆਂ ਇਸ ਦੇ ਵਿਕਾਸ ਵਿਚ ਬਾਧਕ ਬਣ ਰਹੀਆਂ ਹਨ, ਨਹੀਂ ਤਾਂ ਕੋਈ ਵਜ੍ਹਾ ਨਹੀਂ ਕਿ ਚਾਰ ਕਰੋੜ ਦਾ ਮਾਤਰੀ ਜ਼ਬਾਨ ਦੀ ਪੱਤਰ ਕਲਾ ਕਿਸੇ ਵਿਸ਼ੇਸ਼ ਸਿਖਰ ਨੂੰ ਨਾਂ ਛੂੰਹਦੀ। ਇਸ ਖੇਤਰ ਵਿਚ ਸਭ ਤੋਂ ਵੱਡੀ ਸਮੱਸਿਆ ਇਹੋ ਰਹੀ ਹੈ ਕਿ ਪੰਜਾਬੀ ਵਸੋਂ ਦੀ ਵੱਡੀ ਗਿਣਤੀ ਇਸ ਨੂੰ ਮਾਦਰੀ ਜ਼ਬਾਨ ਤਸਲੀਮ ਕਰਨ ਤੋਂ ਮੁਨਕਰ ਰਹੀ ਹੈ। ਪੱਤਰਕਾਰੀ ਨੇ ਵਿਸ਼ੇਸ਼ ਸੰਦਰਭ ਵਿਚ ਫਿਰਕੂ ਸੋਚਣੀ ਕਾਰਣ ਪੰਜਾਬ ਦੇ ਹਿੰਦੂ ਅਤੇ ਮੁਸਲਮਾਨ ਪੰਜਾਬੀ ਪੱਤਰਕਾਰੀ ਦੇ ਪਿੜ ਵਿਚ ਬਿਲਕੁਲ ਦਾਖ਼ਲ ਨਾ ਹੋਏ, ਇਹੋ ਕਾਰਣ ਹੈ ਕਿ ਇਸ ਦੀ ਜੋ ਨੁਹਾਰ ਹੁਣ ਤਕ ਬਣ ਸਕੀ ਹੈ ਉਹ ਕੇਵਲ ਸਿੱਖਾਂ ਕਰਕੇ ਹੀ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਪੱਤਰਕਾਰੀ ਦਾ ਘੇਰਾ ਹਮੇਸ਼ਾ ਤੋਂ ਹੀ ਸੀਮਿਤ ਰਿਹਾ ਜਿਸ ਕਰਕੇ ਇਸ ਦੇ ਸਥਾਨ ਹੀ ਸੁੰਗੜੇ ਰਹੇ। ਦੂਸਰੀ ਵੱਡੀ ਰੋਕ ਪੰਜਾਬੀਆਂ ਵਿਚ ਅਖ਼ਬਾਰਾਂ ਰਿਸਾਲੇ ਖਰੀਦ ਕੇ ਨਹੀਂ ਮੰਗ ਕੇ ਪੜ੍ਹਨ ਦੀ ਵਾਦੀ ਹੈ। ਜਿਹੜੇ ਲੋਕ ਪੜ੍ਹੇ ਲਿਖੇ ਹਨ ਤੇ ਵੱਡੇ ਸਰਕਾਰੀ ਅਹੁਦੇ ਸਾਂਭੀ ਬੈਠੇ ਹਨ ਉਹ ਵੀ ਮੁੱਲ ਲੈ ਕੇ ਪੜ੍ਹਨਗੇ ਤਾਂ ਕੇਵਲ ਅੰਗਰੇਜ਼ੀ ਦੀ ਅਖ਼ਬਾਰ, ਪੜ੍ਹਨੀ ਭਾਵੇਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਆਉਂਦੀ ਹੋਵੇ ਜਾ ਨਾ। ਪਰ ਸਮੇਂ ਦੇ ਕਰਵਟ ਬਦਲਣ ਨਾਲ ਇਹ ਵਿਗਿਆਨਾਂ ਵਿਚ ਪ੍ਰਵੇਸ਼ ਕਰ ਰਹੀ ਹੈ। ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਦਾ ਵੀ ਇਸ ਪਾਸੇ ਧਿਆਨ ਹੋਣ ਲੱਗਾ ਹੈ। ਮਿਸਾਲ ਲਈ ਪਾਕਿਸਤਾਨ ਵਿਚ ਵੀ ਪੰਜਾਬੀ ਨੂੰ ਯੂਨੀਵਰਸਿਟੀ ਪੱਧਰ ਤੱਕ ਮਾਨਤਾ, ਮਿਲ ਗਈ ਹੈ ਜਿਸ ਨਾਲ ਪੰਜਾਬੀ ਦਾ ਮਾਣ ਸਤਿਕਾਰ ਉਥੇ ਹੋਰ ਵੀ ਵਧ ਗਿਆ ਹੈ। ਪਾਕਿਸਤਾਨ ਦੇ ਅਖ਼ਬਾਰਾਂ ਵਿਚ ਇਮਰੋਜ਼ ਤੇ ਹੋਰ ਕਈ ਪੰਜਾਬੀ ਪਰਚੇ ਉਰਦੂ ਅੱਖਰਾਂ ਵਿਚ ਨਿਕਲ ਰਹੇ ਹਨ। ਕੁੱਲ ਮਿਲਾ ਕੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪੱਤਰਕਾਰੀ ਦਾ ਭਵਿੱਖ ਬੜਾ ਰੌਸ਼ਨ ਤੇ ਉਜਲ ਹੈ।

ਸ਼ੈਲੀ ਪੱਖ ਤੋਂ ਪੰਜਾਬੀ ਪੱਤਰਕਾਰੀ ਵਿਚ ਦੋ ਪ੍ਰਕਾਰ ਦੀਆਂ ਸ਼ੈਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਪਹਿਲੀ ਦਾ ਸੰਬੰਧ ਖੋਜ ਅਤੇ ਆਲੋਚਨਾ ਨਾਲ ਹੈ। ਇਨ੍ਹਾਂ ਵਿਚ ਅੰਕਿਤ ਵਿਚਾਰ ਕਿਉਂਕਿ ਬਹੁਤਾ ਕਰਕੇ ਅੰਗਰੇਜ਼ੀ ਤੋਂ ਆਉਂਦੇ ਹਨ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਦੀ ਬੜੀ ਬਾਰੀਕੀ ਹੈ, ਇਸ ਲਈ ਲੇਖਕ ਅਚੇਤ ਰੂਪ ਵਿਚ ਉਹਨਾਂ ਵਿਚਾਰਾਂ ਨੂੰ ਅਨੁਵਾਦ ਕਰਕੇ ਨਵੀਂ ਘੜੀ ਸ਼ਬਦਾਵਲੀ ਜਾਂ ਹਿੰਦੀ ਸੰਸਕ੍ਰਿਤ ਤੋਂ ਆਈ ਸ਼ਬਦਾਵਲੀ ਵਿਚ ਭੁਗਤਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਕਰਕੇ ਇਹ ਸ਼ੈਲੀ ਪੰਡਤਾਊ ਅਤੇ ਕਠਿਨ ਪ੍ਰਤੀਤ ਹੁੰਦੀ ਹੈ ਅਤੇ ਜਨਤਾ ਨੂੰ ਇਸ ਦੀ ਸਮਝ ਨਹੀਂ ਆਉਂਦੀ। ਇਹੋ ਕਾਰਨ ਹੈ ਕਿ ਆਮ ਜਨਤਾ ਇਹ ਵਾਵੇਲਾ ਕਰਦੀ ਹੈ ਕਿ ਪੰਜਾਬੀ ਔਖੀ ਹੁੰਦੀ ਜਾ ਰਹੀ ਹੈ।

ਦੂਜੀ ਸ਼ੈਲੀ ਸਿਰਜਨਤਮਕ ਸਾਹਿਤ ਦੀ ਹੈ ਜਿਸ ਵਿਚ ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਹੋਰ ਕਰਤਾਰੀ ਸਾਹਿਤ ਆ ਜਾਂਦਾ ਹੈ। ਇਨ੍ਹਾਂ ਸਾਹਿਤ ਰੂਪਾਂ ਵਿਚ ਜ਼ਿਆਦਾਤਰ ਸਮਕਾਲੀ ਯਥਾਰਥ ਦੀਆਂ ਸਮੱਸਿਆਵਾਂ ਨੂੰ ਨਿਰੂਪਣ ਕਰਨ ਦਾ ਯਤਨ ਕੀਤਾ ਹੁੰਦਾ ਹੈ ਅਤੇ ਇਹ ਹੰਦਾ ਵੀ ਜਨ-ਸਾਧਾਰਣ ਲਈ ਹੀ ਹੈ। ਇਸ ਕਰਕੇ ਇਹ ਸ਼ੈਲੀ ਸਰਲ ਤੇ ਸੌਖੀ ਹੈ। ਰੋਜ਼ਾਨਾ ਪੱਤਰਾਂ ਵਿਚ ਵੀ ਇਸੇ ਕਿਸਮ ਦੀ ਸਰਲ ਤੇ ਸੌਖੀ ਸ਼ੈਲੀ ਦਾ ਪ੍ਰਯੋਗ ਹੋਇਆ ਮਿਲਦਾ ਹੈ, ਕਿਉਂਕਿ ਅਖ਼ਬਾਰ ਬਹੁਤਾ ਕਰਕੇ ਜਨ ਸਾਧਾਰਣ ਦੇ ਪੜ੍ਹਨ ਦੀ ਚੀਜ਼ ਹੈ। ਸਾਨੂੰ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਪੱਤਰਕਾਰੀ ਨੇ ਪੰਜਾਬੀ ਨੂੰ ਬਾਰੀਕ ਗੱਲਾਂ ਕਰਨ ਦੇ ਸਮਰੱਥ ਬਣਾਇਆ ਹੈ ਅਤੇ ਪੰਜਾਬੀ ਸਾਹਿਤ ਦੇ ਪ੍ਰਕਾਸ਼ਨ ਅਤੇ ਪ੍ਰਸਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

## ਅਭਿਆਸ ਵਾਸਤੇ ਕੁਝ ਪ੍ਰਸ਼ਨ

1. ਪੰਜਾਬੀ ਦੇ ਪ੍ਰਮੁੱਖ ਵਾਰਤਕਕਾਰਾਂ ਬਾਰੇ ਲਿਖੋ।
2. ਜੀਵਨੀ ਸਾਹਿਤ ਤੋਂ ਕੀ ਭਾਵ ਹੈ ?
3. ਸ੍ਵੈ-ਜੀਵਨੀ ਅਤੇ ਜੀਵਨੀ ਵਿਚ ਕੀ ਅੰਤਰ ਹੈ ?
4. ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਦੀ ਕੀ ਹਾਲਤ ਹੈ ?
5. ਪੰਜਾਬੀ ਵਿਚ ਕਿੰਨੇ ਕੁ ਰੇਖਾ ਚਿੱਤਰ ਪ੍ਰਾਪਤ ਹਨ ?
6. ਪੰਜਾਬੀ ਪੱਤਰਕਾਰੀ ਬਾਰੇ ਲੇਖ ਲਿਖੋ।

## ਸਹਾਇਕ ਪੁਸਤਕਾ ਦੀ ਸੂਚੀ

(1) *ਪੰਜਾਬੀ ਸਾਹਿਤ ਦਾ ਇਤਿਹਾਸ* – ਡਾ. ਗੋਪਾਲ ਸਿੰਘ ਦਰਦੀ
(2) *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ*-ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ
(3) *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* – ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
(4) *ਪੰਜਾਬੀ ਵਾਰਤਕ ਲਿਖਾਰੀ* – ਪ੍ਰੋ. ਗੁਰਚਰਨ ਸਿੰਘ
(5) *ਜਨਮ ਸਾਖੀਆਂ ਦਾ ਤਾਰਕਿਕ ਅਧਿਐਨ* – ਡਾ. ਜਗਜੀਤ ਸਿੰਘ
(6) *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ* – ਡਾ. ਜੀਤ ਸਿੰਘ ਸੀਤਲ
(7) *ਪੰਜਾਬੀ ਸਾਹਿਤ ਦਾ ਇਤਿਹਾਸ*-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

Type Setting :
Department of Distance Education, Punjabi University Patiala.